Thinking Real Estate?
BUYERS we'll find the right home for you.
We have a common goal: Making you a homeowner.
SELLERS we know your local markets
Pradeep Singh
847-322-5832
iShowHomes@Yahoo.com
www.Tajhomegroup.com
20 S. Roselle Rd.,
Schaumburg, IL 60193
COLDWELL BANKER
Residential Brokerage

Blue Diamond
BANQUET HALL & CATERING
ਬਲੂ ਡਾਇਮੰਡ ਬੈਂਕੁਇਟ ਹਾਲ ਵਿਚ ਆਪਣੀਆਂ ਖੁਸ਼ੀਆਂ ਨੂੰ ਹੋਰ ਯਾਦਗਾਰੀ ਬਣਾਓ
Ph: 317-406-9924
Mela
INDIAN RESTAURANT • PUB
ਮੇਲਾ ਰੈਸਟੋਰੈਂਟ ਦਾ ਖਾਣਾ ਇਕ ਵਾਰ ਖਾਓਗੇ, ਵਾਰ ਵਾਰ ਆਓਗੇ
Baljinder S. Ben
Ph: 317-869-2400
5425 E. Thompson Rd., Indianapolis IN 46237

Buying/Selling *in Michigan*
All types of Residential & Commercial properties. Gas Stations, Liquor Stores, Hotels, Plazas, Truck Terminals etc.
All types of loans.
Landmark Realty
40600 Ann Arbor Rd., Suite# 150,
Plymouth, MI 48170
Call: 734-751-4455
Raj Shergill
rajsshergill@yahoo.com
*Associate Broker*



Twenty-Second Year of Publication
ਮਿਡਵੈਸਟ ਐਡੀਸ਼ਨ
Price 50¢
ਸ਼ਿਕਾਗੋ, ਸੈਨ ਫਰਾਂਸਿਸਕੋ ਅਤੇ ਨਿਊ ਯਾਰਕ ਤੋਂ ਇਕੋ ਸਮੇਂ ਪ੍ਰਕਾਸ਼ਿਤ ਹਫਤਾਵਾਰ
Email:punjabtimes1@gmail.com
www.punjabtimesusa.com


# ਪੰਜਾਬ ਟਾਈਮਜ਼


Punjab Times, Vol 22, Issue 40, October 2, 2021
20451 N. Plum Grove Rd., Palatine, IL 60074
Ph:847-359-0746, Fax:847-705-9388


## ਪੰਜਾਬ ਕਾਂਗਰਸ ਵਿਚ ਮੁੜ ਘਮਸਾਣ

**ਚੰਡੀਗੜ੍ਹ:** ਨਵੇਂ ਮੰਤਰੀ ਮੰਡਲ ਦੇ ਸਹੁੰ ਚੁੱਕਣ ਦੇ ਅਗਲੇ ਹੀ ਦਿਨ ਨਵਜੋਤ ਸਿੰਘ ਸਿੱਧੂ ਵੱਲੋਂ ਪੰਜਾਬ ਕਾਂਗਰਸ ਦੇ ਪ੍ਰਧਾਨ ਦੇ ਅਹੁਦੇ ਤੋਂ ਅਸਤੀਫਾ ਦੇਣ ਪਿੱਛੋਂ ਸੂਬਾ ਕਾਂਗਰਸ ਵਿਚ ਇਕ ਵਾਰ ਫਿਰ ਸਿਆਸੀ ਘਮਸਾਣ ਸ਼ੁਰੂ ਹੋ ਗਿਆ ਹੈ। ਸਿੱਧੂ ਦੇ ਅਸਤੀਫੇ ਪਿੱਛੋਂ ਕੈਬਨਿਟ ਮੰਤਰੀ ਰਜ਼ੀਆ ਸੁਲਤਾਨਾ ਸਣੇ ਉਨ੍ਹਾਂ (ਸਿੱਧੂ) ਦੇ ਕੁਝ ਹਮਾਇਤੀਆਂ ਨੇ ਵੀ ਆਪੋ-ਆਪਣੇ ਅਹੁਦੇ ਛੱਡ ਦਿੱਤੇ ਹਨ।



ਤਾਜ਼ਾ ਹਾਲਾਤ ਇਹ ਹਨ ਕਿ ਇਕ ਪਾਸੇ ਸਿੱਧੂ ਨੇ ਝਟਕਾ ਦਿੱਤਾ ਹੈ, ਦੂਜੇ ਪਾਸੇ ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੇ ਭਾਜਪਾ ਨਾਲ ਸੁਰ ਮਿਲਣ ਦੇ ਚਰਚੇ ਹਨ। ਕੈਪਟਨ ਦੇ ਦਿੱਲੀ ਗੇੜਿਆਂ ਨੇ ਹਾਈਕਮਾਨ ਦਾ ਤ੍ਰਾਹ ਕੱਢਿਆ ਹੋਇਆ ਹੈ। ਅਸਲ ਵਿਚ ਸਿੱਧੂ ਨੂੰ ਪੰਜਾਬ ਦੀ ਪ੍ਰਧਾਨਗੀ, ਕੈਪਟਨ ਦੀ ਮੁੱਖ ਮੰਤਰੀ ਵਜੋਂ ਛੁੱਟੀ ਤੋਂ ਲੈ ਕੇ ਨਵੇਂ ਮੰਤਰੀ ਮੰਡਲ ਦੇ ਗਠਨ ਤੱਕ ਹਾਈਕਮਾਨ ਨੇ ਹਰ ਕਦਮ ਫੂਕ-ਫੂਕ ਕੇ ਰੱਖਣ ਦਾ ਯਤਨ ਕੀਤਾ ਸੀ ਤੇ ਉਮੀਦ ਕੀਤੀ ਸੀ ਕਿ ਪੰਜਾਬ ਕਾਂਗਰਸ ਵਿਚਲੇ ਕਲੇਸ਼ ਨੂੰ ਬਿਲੇ ਲਾਉਣ ਵਿਚ ਸਫਲ ਹੋਵੇਗੀ ਪਰ ਮੌਜੂਦਾ ਹਾਲਾਤ ਦੱਸ ਰਹੇ ਹਨ ਕਿ ਹਾਈਕਮਾਨ ਦੀਆਂ ਕੋਸ਼ਿਸ਼ਾਂ ਧਰੀਆਂ-ਧਰਾਈਆਂ ਰਹਿ ਗਈਆਂ ਹਨ।

ਅਹੁਦੇ ਤੋਂ ਲਾਹੁਣ ਪਿੱਛੋਂ ਕੈਪਟਨ ਅਮਰਿੰਦਰ ਸਿੰਘ ਪਾਰਟੀ ਹਾਈਕਮਾਨ ਨੂੰ ਸਿੱਧਾ ਵੰਗਾਰ ਰਹੇ ਹਨ ਤੇ ਸਿੱਧੂ ਦੀਆਂ ਜੜ੍ਹਾਂ ਪੁੱਟਣ ਦੀਆਂ ਧਮਕੀਆਂ ਦੇ ਰਹੇ ਹਨ। ਸਿੱਧੂ ਵੀ ਹਾਈਕਮਾਨ ਦੀ ਰਜ਼ਾ ਵਿਚ ਰਹਿਣ ਦੇ ਮੂਡ ਵਿਚ ਨਹੀਂ। ਨਵੇਂ ਮੰਤਰੀ ਮੰਡਲ ਦੇ ਗਠਨ ਵਿਚ ਹਾਈਕਮਾਨ ਦੇ ਸਿੱਧੇ ਦਖਲ ਤੋਂ ਸਿੱਧੂ ਦਾ ਪਾਰਾ ਚੜ੍ਹਿਆ ਹੋਇਆ ਹੈ। ਯਾਦ ਰਹੇ ਕਿ ਕੈਪਟਨ ਦੇ ਅਸਤੀਫੇ ਪਿੱਛੋਂ ਕਾਂਗਰਸ ਹਾਈਕਮਾਨ ਲਈ ਨਵੇਂ ਮੁੱਖ ਮੰਤਰੀ ਦੀ ਚੋਣ, ਮੰਤਰੀ ਮੰਡਲ ਦਾ ਗਠਨ ਵੱਡੀ ਚੁਣੌਤੀ ਬਣਿਆ ਹੋਇਆ ਸੀ।

ਹਾਈਕਮਾਨ ਇਸ ਵਾਰ ਇਸ ਰਣਨੀਤੀ ਉਤੇ ਸੀ ਕਿ ਪੰਜਾਬ ਦੀ ਅਸਲ ਕਮਾਨ ਆਪਣੇ ਹੱਥ ਰੱਖੇ। ਇਸੇ ਲਈ ਕੈਪਟਨ ਦੇ ਅਸਤੀਫੇ ਪਿੱਛੋਂ ਵਿਧਾਇਕ ਦਲ ਦੀ ਮੀਟਿੰਗ ਵਿਚ ਨਵੇਂ ਮੁੱਖ ਮੰਤਰੀ ਦੀ ਚੋਣ ਦੇ ਅਧਿਕਾਰ ਆਪਣੇ ਹੱਥ ਲੈ ਲਏ। ਬੱਸ ਇਥੋਂ ਹੀ ਪੰਜਾਬ ਕਾਂਗਰਸ ਦੇ ਕਲੇਸ਼ ਦੀ ਦੂਜੀ ਪਾਰੀ ਸ਼ੁਰੂ ਹੋ ਗਈ। ਹਾਈਕਮਾਨ ਇਸ ਵਾਰ ਅਜਿਹੇ ਮੁੱਖ ਮੰਤਰੀ ਦੀ ਭਾਲ ਸੀ ਜੋ ਦਿੱਲੀ ਬੈਠੇ ਆਗੂਆਂ ਦੀ ਰਜ਼ਾ ਵਿਚ ਰਹੇ। ਇਸੇ ਲਈ ਅੰਬਿਕਾ ਸੋਨੀ ਦੇ ਨਾਮ ਨੂੰ ਪਹਿਲ ਦਿੱਤੀ ਗਈ ਪਰ ਉਨ੍ਹਾਂ ਨੇ ਖੁਦ ਹੀ ਇਹ ਅਹੁਦਾ ਲੈਣ ਤੋਂ ਨਾਂਹ ਕਰ ਦਿੱਤਾ ਤੇ ਕਿਸੇ ਸਿੱਖ ਨੂੰ ਸੂਬੇ ਦੀ ਕਮਾਨ ਦੇਣ ਦੀ ਸਲਾਹ ਦੇ ਦਿੱਤੀ। ਇਸ ਤੋਂ ਬਾਅਦ ਸੁਨੀਲ ਜਾਖੜ, ਸੁਖਜਿੰਦਰ ਰੰਧਾਵਾ ਦੇ ਨਾਵਾਂ ਦੀ ਚਰਚਾ ਹੋਈ ਤੇ ਅੰਤ ਗੱਲ ਚਰਨਜੀਤ ਸਿੰਘ ਚੰਨੀ ਦੇ ਨਾਮ ਉਤੇ ਮੁੱਕੀ।

ਇਸ ਤੋਂ ਬਾਅਦ ਨਵੇਂ ਮੰਤਰੀਆਂ ਦੀ ਚੋਣ ਵਿਚ ਹਾਈਕਮਾਨ ਨੇ ਪੰਜਾਬ ਆਗੂਆਂ ਦੇ ਦਿੱਲੀ ਗੇੜੇ ਮਰਵਾਏ। ਇਥੋਂ ਤੱਕ ਕਿ ਮੁੱਖ ਮੰਤਰੀ ਚੰਨੀ ਨੂੰ ਦੋ ਦਿਨਾਂ ਵਿਚ 4 ਵਾਰੀ ਦਿੱਲੀ ਸੱਦਿਆ। ਸਿਆਸੀ ਮਾਹਰਾਂ ਦਾ ਕਹਿਣਾ ਹੈ ਅਸਲ ਵਿਚ ਹਾਈਕਮਾਨ ਦੀ ਇੱਛਾ ਸੀ ਕਿ ਕੈਪਟਨ ਵਰਗੇ 'ਅੜਬ' ਆਗੂ ਤੋਂ ਕੁਰਸੀ ਖੋਹ ਕੇ ਕਿਸੇ ਅਜਿਹੇ ਆਗੂ ਨੂੰ ਪੰਜਾਬ ਦੀ ਕਮਾਨ ਦਿੱਤੀ ਜਾਵੇ ਜੋ ਦਿੱਲੀ ਨੂੰ ਜਵਾਬਦੇਹ ਹੋਵੇ। ਦੱਸਿਆ ਜਾ ਰਿਹਾ ਹੈ ਕਿ ਪੰਜਾਬ ਦੇ ਨਵੇਂ ਡੀ.ਜੀ.ਪੀ. ਅਤੇ ਐਡਵੋਕੇਟ ਜਨਰਲ ਦੀ ਚੋਣ ਵੀ ਦਿੱਲੀ ਵਾਲਿਆਂ ਦੀ ਰਜ਼ਾ ਵਿਚ ਰਹਿ ਕੇ ਕਰਨੀ ਪਈ।

ਨਵੇਂ ਮੰਤਰੀ ਮੰਡਲ ਦਾ ਸਾਰਾ ਅਮਲ ਇਸੇ ਰਣਨੀਤੀ ਤਹਿਤ ਸਿਰੇ ਚੜ੍ਹਿਆ ਜੋ ਸਿੱਧੂ ਧੜੇ ਨੂੰ ਬਿਲਕੁਲ ਮਨਜ਼ੂਰ ਨਹੀਂ ਸੀ। ਅਸਲ ਵਿਚ, ਕਾਂਗਰਸ ਦੇ ਸਾਬਕਾ ਪ੍ਰਧਾਨ ਰਾਹੁਲ ਗਾਂਧੀ ਨੇ ਵਿਧਾਨ ਸਭਾ ਚੋਣਾਂ ਵਾਲੇ ਸੂਬਿਆਂ ਵਿਚ ਨਵੀਂ ਲੀਡਰਸ਼ਿਪ ਦੇ ਉਭਰ ਲਈ ਵਿਸ਼ੇਸ਼ ਰਣਨੀਤੀ ਬਣਾਈ ਸੀ। ਪ੍ਰਗਟ ਸਿੰਘ, ਰਾਜ ਕੁਮਾਰ ਵੇਰਕਾ, ਸੰਗਤ ਸਿੰਘ ਗਿਲਜੀਆਂ, ਅਮਰਿੰਦਰ ਸਿੰਘ ਰਾਜਾ ਵੜਿੰਗ, ਕਾਕਾ ਰਣਦੀਪ ਸਿੰਘ ਅਤੇ ਗੁਰਕੀਰਤ ਸਿੰਘ ਕੋਟਲੀ ਦੇ ਪਹਿਲੀ ਵਾਰ ਮੰਤਰੀ ਬਣਨ ਨੂੰ ਕਾਂਗਰਸ ਵਿਚ ਨਵੀਂ ਲੀਡਰਸ਼ਿਪ ਦੇ ਉਭਰਨ ਨਾਲ ਜੋੜ ਕੇ ਦੇਖਿਆ ਜਾ ਰਿਹਾ ਹੈ। ਕੁਝ ਕਾਂਗਰਸੀ ਆਗੂਆਂ ਨੇ ਰਾਣਾ ਗੁਰਜੀਤ ਸਿੰਘ ਦੇ ਮੰਤਰੀ ਬਣਾਏ ਜਾਣ 'ਤੇ ਇਤਰਾਜ਼ ਕੀਤਾ ਪਰ ਉਸ ਨੂੰ


***(ਬਾਕੀ ਸਫਾ 6 ਉਤੇ)***


## ਮੋਦੀ ਲਈ ਕੌੜੀ ਯਾਦ ਬਣੀ ਅਮਰੀਕਾ ਫੇਰੀ

**ਨਵੀਂ ਦਿੱਲੀ:** ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਮਰੀਕਾ ਦੌਰੇ ਤੋਂ ਪਰਤ ਆਏ ਹਨ ਤੇ ਭਾਰਤ ਸਰਕਾਰ ਵੱਲੋਂ ਇਸ ਫੇਰੀ ਨੂੰ ਇਤਿਹਾਸਕ ਵੀ ਦੱਸਿਆ ਜਾ ਰਿਹਾ ਹੈ ਪਰ ਇਸ ਦੌਰੇ ਦੌਰਾਨ ਮੋਦੀ ਦੇ ਹੋਏ ਵਿਰੋਧ, ਸਥਾਨਕ ਮੀਡੀਆ ਦੀ ਉਨ੍ਹਾਂ ਤੋਂ ਦੂਰੀ ਤੇ ਪ੍ਰਸ਼ਾਸਨਿਕ ਅਧਿਕਾਰੀਆਂ ਦਾ 'ਰੁੱਖਾਪਣ' ਵੱਧ ਚਰਚਾ ਦਾ ਵਿਸ਼ਾ ਬਣੇ ਹੋਏ ਹਨ। ਇਸ ਸਬੰਧੀ ਕਈ ਵੀਡੀਓ ਸੋਸ਼ਲ ਮੀਡੀਆ ਉਤੇ ਘੁੰਮ ਰਹੀਆਂ ਹਨ। ਪਹਿਲੇ ਦਿਨ ਜਹਾਜ਼ੋਂ ਉਤਰਦੇ ਹੀ ਇਕ ਅਧਿਕਾਰੀ ਵੱਲੋਂ ਮੋਦੀ ਨੂੰ ਮਾਸਕ ਲਾਉਣ ਦੇ 'ਹੁਕਮ' ਮੋਦੀ ਦੇ ਸਵਾਗਤ ਲਈ ਪ੍ਰੋਟੋਕਾਲ ਦੀ ਪਾਲਣਾ ਨਾ ਹੋਣ ਦੀ ਵੱਧ ਚਰਚਾ ਹੈ।

ਦੌਰੇ ਦੇ ਪਹਿਲੇ ਹੀ ਦਿਨ ਉਪ ਰਾਸ਼ਟਰਪਤੀ ਕਮਲਾ ਹੈਰਿਸ ਵੱਲੋਂ ਮੋਦੀ ਨੂੰ ਜਮਹੂਰੀ ਹੱਕਾਂ ਤੇ ਲੋਕਤੰਤਰ ਦਾ ਪਾਠ ਪੜ੍ਹਾਉਣ ਦੀ ਵੀਡੀਓ ਸੋਸ਼ਲ ਮੀਡੀਆ ਉਤੇ ਵਾਇਰਲ ਹੋ ਰਹੀ ਹੈ। ਦੱਸਿਆ ਜਾ ਰਿਹਾ ਹੈ ਕਿ ਸਥਾਨਕ ਮੀਡੀਆ ਨੇ ਮੋਦੀ ਦੇ ਦੌਰੇ ਨੂੰ ਭੋਰਾ ਤਵੱਜੋ ਨਹੀਂ ਦਿੱਤੀ। ਰਾਸ਼ਟਰਪਤੀ ਜੋਅ ਬਾਇਡਨ ਨੇ ਵੀ ਮੋਦੀ ਦੀ ਉਹ ਆਓ ਭਗਤ ਨਹੀਂ ਕੀਤੀ ਜਿੰਨੀ ਉਮੀਦ ਕੀਤੀ ਜਾ ਰਹੀ ਸੀ। ਦੂਜੇ ਪਾਸੇ ਸਥਾਨਕ ਭਾਰਤੀ ਭਾਈਚਾਰੇ ਨੇ ਮੋਦੀ ਦੌਰੇ ਦਾ ਖੁੱਲ੍ਹ ਕੇ ਵਿਰੋਧ ਕੀਤਾ।



ਪ੍ਰਧਾਨ ਮੰਤਰੀ ਨਰਿੰਦਰ ਮੋਦੀ ਜਦੋਂ ਸੰਯੁਕਤ ਰਾਸ਼ਟਰ ਮਹਾਸਭਾ ਨੂੰ ਸੰਬੋਧਨ ਕਰ ਰਹੇ ਸਨ ਤਾਂ ਬਾਹਰ ਚਾਰ ਵੱਖ-ਵੱਖ ਪ੍ਰਦਰਸ਼ਨ ਹੋ ਰਹੇ ਸਨ। ਸੁਰੱਖਿਆ ਕਾਰਨਾਂ ਕਰਕੇ ਖਾਲਿਸਤਾਨ ਪੱਖੀ, ਨੈਸ਼ਨਲ ਓਵਰਸੀਜ਼ ਕਾਂਗਰਸ, ਕਿਸਾਨਾਂ ਦੀ ਹਮਾਇਤ 'ਚ ਸਥਾਨਕ ਗੁਰਦੁਆਰਾ ਕਮੇਟੀ ਅਤੇ ਹਿੰਦੂਜ ਫਾਰ ਹਿਊਮਨ ਰਾਈਟਸ ਨੂੰ ਵੱਖ-ਵੱਖ ਥਾਵਾਂ 'ਤੇ ਪ੍ਰਦਰਸ਼ਨ ਕਰਨ ਦੀ ਇਜਾਜ਼ਤ ਦਿੱਤੀ ਗਈ ਸੀ। ਵਿਰੋਧ ਕਰਨ ਵਾਲਿਆਂ 'ਚ ਖਾਲਿਸਤਾਨ ਪੱਖੀ


***(ਬਾਕੀ ਸਫਾ 6 ਉਤੇ)***



India Palace Restaurant
And Banquet Hall
*Restaurant-Fine Indian Cuisine*
4213 Lafayette Road, Indianapolis, IN
(Ph:317-298-0773)
Banquet Hall Available Up to 550 People
Amber Indian Restaurant
*Restaurant-Fine Indian Cuisine*
12510 N. Meridian St.,
Carmel, IN
Ph: 317-580-0828
We do private party's & catering at your home or business.
*Call, Lakhvir S. Johal*
Ph: 317-709-7800
www.indianpalaceindy.com
www.AmberIndianRestaurantCarmel.com

Singh Auto Group
3983 ST RD 38E
Lafayette, IN 47905
Ph: 765-607-1300
www.singhautosgroup.com
Best Buy Motors
1805 Elmwood, Lafayette, IN 47904
Ph: 765-449-0490
Www.bestbuymotorsin.com
University Motors
3312 Klondike Rd, West Lafayette, IN 47906
Ph: 765-497-1100
Serving Indian American community over 30 years in Midwest for their auto needs.
ਕੋਈ ਵੀ ਗੱਡੀ ਖਰੀਦਣ ਜਾਂ ਵੇਚਣ ਲਈ ਕਾਲ ਕਰੋ:
Jaspal S. Ghotra: 765-337-5151

BIG BAZAAR
Grocery, Sweets & Catering
5425 E. Thompson Rd.
Indianapolis IN 46237
Buffet
Mon to Sat. 11am to 3pm
Sunday 2pm to 7pm
*Fresh Vegetables Every Thursday
*Book your catering now.
Ask for, Baljinder S. Ben
Ph: 317-640-2400
Like our Facebook page:
BigBazaarIndianGrocery

ੴ Now Open 7 Days a Week
Regal Jewels
Best Jewelry Selection in the Midwest
www.RegalJewels.com
24kt Gold, 22kt Gold, & Diamonds
Store Hours:
11 am to 8 pm
Contact:
Rajveer Singh Gill
Cell: 847-907-1525
Store: 773-262-4377
ਤੁਹਾਡੇ ਆਪਣੇ ਲੋਗ, ਆਪਣੀ ਭਾਸ਼ਾ, ਆਪਣੇ ਸਟੋਰ

# ਹੋਟਲ ਵਿਕਾਊ ਹੈ

ਸਿਓਕਸ ਫਾਲਸ, ਸਾਊਥ ਡਕੋਟਾ ਵਿਚ ਵਧੀਆ ਲੋਕੇਸ਼ਨ 'ਤੇ ਸਥਿਤ 60 ਕਮਰਿਆਂ ਦਾ ਹੋਟਲ ਵਿਕਾਊ ਹੈ। ਕੀਮਤ: $5 ਮਿਲੀਅਨ

## Hotel For Sale By Owner

Comfort Suites - 60 Rooms
Sioux Falls, South Dakota
Asking $5 Million - Great Location

Contact Info.: Email: Apatel.shm@Gmail.com
Ph: 605-521-1717

38-42

## ਕਿਸੇ ਵੀ ਉਮਰ ਵਿਚ ਕਿਸੇ ਵੀ ਬਿਮਾਰੀ ਦਾ ਇਲਾਜ ਕਰਵਾਉਂਦੇ ਜੇ ਥੱਕ ਗਏ ਹੋ ਤਾਂ ਕਾਲ ਕਰੋ

ਫੋਨ (408) 687-1899


Gurdip Singh Sandhu

**Gurdip Singh Sandhu**
Homeopathic Practitioner/Consultant Since 1973
DHMS-Gold Medalist, BAMS, MDEh.- India

**Well Experienced as:**
Director, Principal, Professor and Chief Medical Officer in Medical Colleges and Hospitals of Punjab (India)
Practice Under State of California Act SB 577
**EX Member:** The California Homeopathic Society
National Center For Homeopathy- USA

**Live on Jas TV**
Saturday 9:30AM and Sunday 4PM (Pacific Time)

7021 Village Park Way, Dublin, CA 94568

Email: Homeomedicine@yahoo.com

## MEDICARE SUPPLEMENTS & ADVANTAGE PLANS
## GET YOUR MEDICARE QUESTIONS ANSWERED

# MEDICARE

Medicare coverage can be confusing and it is important to make the best decision for you and your health. There are four different parts of Medicare:

- Part A Hospital Insurance
- Part C $0 Premium Medicare Advantage Plans
- Part B Medical Insurance
- Part D Prescription Drug Coverage

Medicare Supplement Plans Offered by Various Companies at Competitive Rates


RAJ SURENDRAN

## RAJ SURENDRAN
## 708-945-3985
rsurendran007@gmail.com

Ph: 224-678-7070

# BEST FLOORING & CARPET LTD

2761 W. Algonquin Rd., Algonquin, IL 60102

## ਖੁਸ਼ਖਬਰੀ ! ਖੁਸ਼ਖਬਰੀ ! ! ਖੁਸ਼ਖਬਰੀ ! ! !

## ਅਲਗਾਨਕੁਇਨ, ਇਲੀਨਾਏ ਵਿਚ ਖੁੱਲ੍ਹ ਗਿਆ ਹੈ ਨਵਾਂ ਕਾਰਪੈਟਸ ਸਟੋਰ

ਘਰਾਂ/ਦਫਤਰਾਂ ਅਤੇ ਹਰ ਤਰ੍ਹਾਂ ਦੇ ਮਕਾਨਾਂ ਵਿਚ ਵਧੀਆ ਕੁਆਲਟੀ ਦਾ ਕਾਰਪੈਟ ਸਸਤੇ ਭਾਅ ਪੁਆਓ
ਨਵੇਂ ਡਿਜ਼ਾਈਨ ਦੇ ਰੰਗ ਹਰ ਕਵਾਲਿਟੀ ਵਿਚ



ਹਾਰਡਵੁੱਡ ਫਲੋਰ, ਹਰ ਤਰ੍ਹਾਂ ਦੇ ਫਲੋਰ ਉਪਲਬਧ



ਸਪੈਸ਼ਲ ਸੇਲ

ਆਰਡਰ ਕਰਨ ਦੇ ਅਗਲੇ ਹੀ ਦਿਨ ਕਾਰਪੈਟ ਪਾਵਾਂਗੇ
ਕਾਰਪੈਟ ਰਿਪੇਅਰ ਵੀ ਕਰਦੇ ਹਾਂ

*Carpet, Waterproof Laminate, Luxury Vinyl Plank, Solid Wood, Engineer Wood & all other kinds of Floor work.*
*Give us call for free estimate.*

## ਫਰੀ ਐਸਟੀਮੇਟ ਲਈ ਅੱਜ ਹੀ ਕਾਲ ਕਰੋ:
## ਪਰਮਵੀਰ ਸਿੰਘ, ਫੋਨ: 773-956-0718

Fax: 224-678-7131; Bestflooring13@gmail.com

LAW OFFICES OF VIVEK MALIK

Follow us on :



## ACCOMPLISHED IMMIGRATION Attorneys help FAMILIES REUNITE in the UNITED STATES

Our Global & Nationwide Services in the field of U.S. Immigration & Nationality Law

Come talk to an experienced immigration attorney
Toll Free No.
866-424-4000

OUR OFFICES
- 432 S Emerson Ave, Suite 220, Greenwood, IN 46143
Phone: 317.560.4777
- 1067 N Mason Rd., Suite 4, St Louis, Missouri 63141
Phone: 314.416.8000
- 2440 W Shaw Ave., Suite 205, Fresno, California 93711
Phone: 559.578.4344

www.usa-immigrationlaw.com

- Business Immigration & Worksite Compliance
ਬਿਜ਼ਨੈਸ ਇਮੀਗਰੇਸ਼ਨ ਐਂਡ ਵਰਕਸਾਈਟ ਕਮਪਲਾਇਸ
- Family & General Immigration
ਫੈਮਿਲੀ ਐਂਡ ਜਨਰਲ ਇਮੀਗਰੇਸ਼ਨ
- Naturalization & Citizenship
ਨੈਚੁਰਲਾਈਜ਼ੇਸ਼ਨ ਐਂਡ ਸਿਟੀਜ਼ਨਸ਼ਿਪ
- Removal Defense & Waivers
ਰੀਮੂਵਲ ਡਿਫੈਂਸ ਐਂਡ ਵੇਵਰਸ

Languages SPOKEN Punjabi | Hindi | Urdu | Spanish & English

# ਕੁਰਸੀ ਖੁੱਸਣ ਪਿੱਛੋਂ ਕੈਪਟਨ ਨੇ ਹਾਈਕਮਾਨ ਨਾਲ ਲਾਇਆ ਆਢਾ



**ਚੰਡੀਗੜ੍ਹ:** ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਪਹਿਲੀ ਦਫਾ ਖੁੱਲ੍ਹ ਕੇ ਕਾਂਗਰਸੀ ਆਗੂ ਰਾਹੁਲ ਗਾਂਧੀ ਅਤੇ ਪ੍ਰਿਯੰਕਾ ਗਾਂਧੀ ਨੂੰ ਨਿਸ਼ਾਨੇ 'ਤੇ ਲਿਆ ਹੈ। ਅਮਰਿੰਦਰ ਨੇ ਇਨ੍ਹਾਂ ਭੈਣ ਭਰਾਵਾਂ ਨੂੰ ਗੈਰ ਤਜਰਬੇਕਾਰ ਦੱਸਿਆ ਹੈ। ਅਮਰਿੰਦਰ ਨੇ ਪੰਜਾਬ ਕਾਂਗਰਸ ਦੇ ਪ੍ਰਧਾਨ ਨਵਜੋਤ ਸਿੱਧੂ ਖਿਲਾਫ ਵੀ ਬਿਗਲ ਵਜਾ ਦਿੱਤਾ ਹੈ। ਅਮਰਿੰਦਰ ਨੇ ਕਿਹਾ ਕਿ ਉਹ ਨਵਜੋਤ ਸਿੱਧੂ ਨੂੰ ਮੁੱਖ ਮੰਤਰੀ ਬਣਨ ਤੋਂ ਰੋਕਣ ਅਤੇ ਦੇਸ਼ ਨੂੰ ਸਿੱਧੂ ਤੋਂ ਬਚਾਉਣ ਲਈ ਹਰ ਕੁਰਬਾਨੀ ਦੇਣ ਨੂੰ ਤਿਆਰ ਹਨ।

ਉਨ੍ਹਾਂ ਸਿੱਧੂ ਨੂੰ ਦੇਸ਼ ਲਈ ਖਤਰਾ ਦੱਸਿਆ। ਕੈਪਟਨ ਨੇ ਦਾਅਵਾ ਕੀਤਾ ਕਿ ਉਹ ਅਗਾਮੀ ਚੋਣਾਂ ਵਿਚ ਨਵਜੋਤ ਸਿੱਧੂ ਖਿਲਾਫ ਮਜ਼ਬੂਤ ਉਮੀਦਵਾਰ ਖੜ੍ਹਾ ਕਰਨਗੇ। ਬੇਅਦਬੀ ਤੇ ਨਸ਼ੀਲੇ ਪਦਾਰਥਾਂ ਦੇ ਮਾਮਲੇ ਵਿਚ ਬਾਦਲਾਂ ਤੇ ਮਜੀਠੀਆ ਖਿਲਾਫ ਕਾਰਵਾਈ ਨਹੀਂ ਕਰ ਰਹੇ ਹੋਣ ਦੀਆਂ ਸ਼ਿਕਾਇਤਾਂ ਦੇ ਹਵਾਲੇ ਨਾਲ ਸਾਬਕਾ ਮੁੱਖ ਮੰਤਰੀ ਨੇ ਕਿਹਾ ਕਿ ਉਹ ਕਾਨੂੰਨ ਨੂੰ ਆਪਣਾ ਰਾਹ ਅਖਤਿਆਰ ਕਰਨ ਦੇਣ ਵਿਚ ਯਕੀਨ ਰੱਖਦੇ ਹਨ, ਪਰ ਜਿਹੜੇ ਲੋਕ ਇਹ ਸ਼ਿਕਾਇਤਾਂ ਕਰ ਰਹੇ ਸਨ, ਹੁਣ ਉਹ ਸੱਤਾ ਵਿਚ ਹਨ। ਸਾਬਕਾ ਮੁੱਖ ਮੰਤਰੀ ਅਮਰਿੰਦਰ ਸਿੰਘ ਨੇ ਕਿਹਾ ਕਿ ਉਨ੍ਹਾਂ ਭਵਿੱਖੀ ਰਣਨੀਤੀ ਘੜਨ ਲਈ ਆਪਣੇ ਨੇੜਲਿਆਂ ਨਾਲ ਸਲਾਹ ਮਸ਼ਵਰਾ ਸ਼ੁਰੂ ਕਰ ਦਿੱਤਾ ਹੈ।

ਕੈਪਟਨ ਨੇ ਸਾਫ ਕਰ ਦਿੱਤਾ ਕਿ ਉਨ੍ਹਾਂ ਉਮਰ ਨੂੰ ਕਦੇ ਵੀ ਰੁਕਾਵਟ ਵਜੋਂ ਨਹੀਂ ਦੇਖਿਆ। ਅਮਰਿੰਦਰ ਨੇ ਅਸਤੀਫਾ ਦੇਣ ਦੀ ਗੱਲ 'ਤੇ ਕਿਹਾ ਕਿ ਜੇਕਰ ਸੋਨੀਆ ਗਾਂਧੀ ਬੁਲਾ ਕੇ ਉਨ੍ਹਾਂ ਨੂੰ ਆਖ ਦਿੰਦੇ ਤਾਂ ਉਨ੍ਹਾਂ ਨੇ ਉਸੇ ਵੇਲੇ ਅਹੁਦਾ ਛੱਡ ਦੇਣਾ ਸੀ। ਉਨ੍ਹਾਂ ਕਿਹਾ ਕਿ ਰਾਹੁਲ ਗਾਂਧੀ ਤੇ ਪ੍ਰਿਯੰਕਾ ਉਨ੍ਹਾਂ ਦੇ ਬੱਚਿਆਂ ਵਾਂਗ ਹਨ, ਪਰ ਨਾਲ ਇਹ ਵੀ ਆਖ ਦਿੱਤਾ ਕਿ ਗਾਂਧੀ ਪਰਿਵਾਰ ਦੇ ਫਰਜ਼ੰਦ ਗੈਰ ਤਜਰਬੇਕਾਰ ਹਨ ਅਤੇ ਉਨ੍ਹਾਂ ਦੇ ਸਲਾਹਕਾਰ ਸਪੱਸ਼ਟ ਤੌਰ 'ਤੇ ਉਨ੍ਹਾਂ ਨੂੰ ਗੁੰਮਰਾਹ ਕਰ ਰਹੇ ਹਨ।

ਅਮਰਿੰਦਰ ਨੇ ਇਸ ਮੌਕੇ ਕਾਂਗਰਸ ਹਾਈਕਮਾਨ 'ਤੇ ਵੀ ਸਿੱਧੀ ਉਂਗਲ ਚੁੱਕੀ ਹੈ। ਉਨ੍ਹਾਂ ਕਿਹਾ ਕਿ ਹੁਣ ਦਿੱਲੀ ਤੋਂ ਪੰਜਾਬ ਨੂੰ ਚਲਾਇਆ ਜਾ ਰਿਹਾ ਹੈ ਜਦੋਂ ਕਿ ਉਹ ਖੁਦ ਪਹਿਲਾਂ ਸੱਤਾ ਮੌਕੇ ਯੋਗਤਾ ਦੇ ਲਿਹਾਜ਼ ਨਾਲ ਮੰਤਰੀਆਂ ਨੂੰ ਨਿਯੁਕਤ ਕਰਦੇ ਸਨ। ਉਨ੍ਹਾਂ ਸਵਾਲ ਕੀਤਾ ਕਿ ਵੇਣੂਗੋਪਾਲ ਜਾਂ ਰਣਦੀਪ ਸੁਰਜੇਵਾਲਾ ਜਿਹੇ ਕਾਂਗਰਸੀ ਆਗੂ ਕਿਵੇਂ ਫੈਸਲਾ ਕਰ ਸਕਦੇ ਹਨ ਕਿ ਕਿਸ ਮੰਤਰਾਲੇ ਲਈ ਕਿਹੜਾ ਮੰਤਰੀ ਚੰਗਾ ਹੈ। ਅਮਰਿੰਦਰ ਨੇ ਕਿਹਾ ਕਿ ਵਿਰੋਧੀ ਸੁਰਾਂ ਵਾਲੇ, ਜੋ ਖਣਨ ਮਾਫੀਏ ਨੂੰ ਲੈ ਕੇ ਮੰਤਰੀਆਂ ਵਿਰੁੱਧ ਸ਼ਿਕਾਇਤਾਂ ਕਰਦੇ ਸਨ, ਅੱਜ ਉਹੀ ਮੰਤਰੀ ਹੁਣ ਇਨ੍ਹਾਂ ਨੇਤਾਵਾਂ ਨਾਲ ਹਨ।

ਅਮਰਿੰਦਰ ਸਿੰਘ ਨੇ ਕਿਹਾ ਕਿ ਮੁੱਖ ਮੰਤਰੀ ਚਰਨਜੀਤ ਚੰਨੀ ਕੋਲ ਗ੍ਰਹਿ ਵਿਭਾਗ ਚਲਾਉਣ ਦਾ ਉਕਾ ਹੀ ਤਜਰਬਾ ਨਹੀਂ ਹੈ ਤੇ ਉਪਰੋਂ ਸਰਹੱਦੀ ਸੂਬੇ ਵਿਚ ਹਾਲਤ ਗੰਭੀਰ ਹੁੰਦੇ ਜਾ ਰਹੇ ਹਨ। ਉਨ੍ਹਾਂ ਚੰਨੀ ਦੇ ਬਿੱਲ ਮੁਆਫੀ ਦੇ ਐਲਾਨ 'ਤੇ ਕਿਹਾ ਕਿ ਮੁੱਖ ਮੰਤਰੀ ਨੂੰ ਪਹਿਲਾਂ ਸਾਬਕਾ ਵਿੱਤ ਮੰਤਰੀ ਨਾਲ ਇਸ ਸਬੰਧੀ ਸਲਾਹ ਮਸ਼ਵਰਾ ਕਰ ਲੈਣਾ ਚਾਹੀਦਾ ਸੀ। ਕੈਪਟਨ ਨੇ ਕਿਹਾ ਕਿ ਉਹ ਉਮੀਦ ਕਰਦੇ ਹਨ ਕਿ ਪੰਜਾਬ ਅੱਗੇ ਜਾ ਕੇ ਦੀਵਾਲੀਆ ਨਾ ਬਣੇ।

## ਕਾਂਗਰਸ ਦੀ ਕੈਪਟਨ ਨੂੰ ਨਸੀਹਤ...

**ਨਵੀਂ ਦਿੱਲੀ:** ਪੰਜਾਬ ਦੇ ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੀ ਨਾਰਾਜ਼ਗੀ ਨੂੰ ਦਰਕਿਨਾਰ ਕਰਦਿਆਂ ਕਾਂਗਰਸ ਨੇ ਕਿਹਾ ਹੈ ਕਿ ਜੇਕਰ ਕੋਈ ਪਾਰਟੀ ਛੱਡਣਾ ਚਾਹੁੰਦਾ ਹੈ ਤਾਂ ਉਹ ਇਸ ਬਾਰੇ ਕੀ ਕਹਿ ਸਕਦੀ ਹੈ। ਕਾਂਗਰਸ ਨੇ ਕੈਪਟਨ ਦੇ ਬੀਤੇ ਦਿਨੀਂ ਦਿੱਤੇ ਬਿਆਨ 'ਤੇ ਪ੍ਰਤੀਕਰਮ ਦਿੰਦਿਆਂ ਕਿਹਾ ਕਿ ਰਾਜਨੀਤੀ ਵਿਚ ਗੁੱਸੇ, ਈਰਖਾ, ਨਿੱਜੀ ਟਿੱਪਣੀਆਂ ਜਾਂ ਬਦਲੇ ਦੀ ਭਾਵਨਾ ਲਈ ਕੋਈ ਥਾਂ ਨਹੀਂ ਹੈ। ਪ੍ਰਿਯੰਕਾ ਵਾਡਰਾ ਦੀ ਕਰੀਬੀ ਤੇ ਕਾਂਗਰਸ ਦੀ ਤਰਜਮਾਨ ਸੁਪ੍ਰਿਆ ਸ੍ਰੀਨੇਤ ਨੇ ਉਮੀਦ ਕਿ ਕੈਪਟਨ ਕੁਝ ਕਰਨ ਤੋਂ ਪਹਿਲਾਂ ਆਪਣੀ ਪੀੜ੍ਹੀ ਹੇਠ ਸੋਟਾ ਫੇਰਨ ਕਿ ਕਾਂਗਰਸ ਨੇ ਉਨ੍ਹਾਂ ਨੂੰ 9.9 ਸਾਲਾਂ ਲਈ ਮੁੱਖ ਮੰਤਰੀ ਬਣਾਇਆ।

## ਜੇ ਸਿੱਧੂ ਦੇਸ਼ਧ੍ਰੋਹੀ ਤਾਂ ਸਰਕਾਰ ਕਾਰਵਾਈ ਕਰੇ: ਨਵਜੋਤ ਕੌਰ

**ਅੰਮ੍ਰਿਤਸਰ:** ਸਾਬਕਾ ਵਿਧਾਇਕ ਤੇ ਪੰਜਾਬ ਪ੍ਰਦੇਸ਼ ਕਾਂਗਰਸ ਕਮੇਟੀ ਦੇ ਪ੍ਰਧਾਨ ਨਵਜੋਤ ਸਿੰਘ ਸਿੱਧੂ ਦੀ ਪਤਨੀ ਡਾ. ਨਵਜੋਤ ਕੌਰ ਸਿੱਧੂ ਨੇ ਆਖਿਆ ਹੈ ਕਿ ਜੇਕਰ ਸ੍ਰੀ ਸਿੱਧੂ ਦੇਸ਼ਧ੍ਰੋਹੀ ਹਨ ਤਾਂ ਸਰਕਾਰ ਉਨ੍ਹਾਂ ਖਿਲਾਫ ਕਾਰਵਾਈ ਕਿਉਂ ਨਹੀਂ ਕਰਦੀ। ਇਹ ਪ੍ਰਤੀਕਰਮ ਉਨ੍ਹਾਂ ਕੈਪਟਨ ਅਮਰਿੰਦਰ ਸਿੰਘ ਵੱਲੋਂ ਸ੍ਰੀ ਸਿੱਧੂ ਖਿਲਾਫ ਦੇਸ਼ਧ੍ਰੋਹੀ ਹੋਣ ਦੇ ਲਾਏ ਗਏ ਦੋਸ਼ਾਂ ਦੇ ਸਬੰਧ ਵਿਚ ਪ੍ਰਗਟ ਕੀਤਾ ਹੈ।

ਉਨ੍ਹਾਂ ਕਿਹਾ ਕਿ ਸ੍ਰੀ ਸਿੱਧੂ ਨੇ ਕਰਤਾਰਪੁਰ ਲਾਂਘਾ ਖੁੱਲ੍ਹਵਾ ਕੇ ਕੋਈ ਦੇਸ਼ ਧਰੋਹ ਵਾਲਾ ਕੰਮ ਨਹੀਂ ਕੀਤਾ ਹੈ। ਜੇਕਰ ਉਨ੍ਹਾਂ ਦੁਵੱਲਾ ਵਪਾਰ ਸ਼ੁਰੂ ਕਰਨ ਲਈ ਕਿਹਾ ਤਾਂ ਆਪਣੇ ਸੂਬੇ ਦੇ ਕਿਸਾਨਾਂ ਦੀ ਬਿਹਤਰੀ ਵਾਸਤੇ ਸੁਝਾਅ ਦਿੱਤਾ ਸੀ। ਉਨ੍ਹਾਂ ਕਿਹਾ ਕਿ ਇਹ ਦੱਸਿਆ ਜਾਵੇ ਕਿ ਸ੍ਰੀ ਸਿੱਧੂ ਨੇ ਦੇਸ਼ ਖਿਲਾਫ ਕਿਹੜੀ ਗੱਲ ਆਖੀ ਹੈ।

## ਬੱਸਾਂ ਤੋਂ ਕੈਪਟਨ ਦੀਆਂ ਤਸਵੀਰਾਂ ਵਾਲੇ ਪੋਸਟਰ ਲਾਹੇ

**ਚੰਡੀਗੜ੍ਹ:** ਪੰਜਾਬ ਸਰਕਾਰ ਨੇ ਸਰਕਾਰੀ ਬੱਸਾਂ 'ਤੇ ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੇ ਚਿਹਰੇ ਵਾਲੇ ਇਸ਼ਤਿਹਾਰੀ ਪੋਸਟਰਾਂ ਨੂੰ ਹਟਾਉਣ ਲਈ ਮੁਹਿੰਮ ਵਿੱਢ ਦਿੱਤੀ ਹੈ। ਪਹਿਲੇ ਪੜਾਅ ਵਿਚ ਪੀ.ਆਰ.ਟੀ.ਸੀ. ਦੀਆਂ ਕਰੀਬ ਇਕ ਹਜ਼ਾਰ ਸਰਕਾਰੀ ਬੱਸਾਂ ਤੋਂ ਕੈਪਟਨ ਅਮਰਿੰਦਰ ਸਿੰਘ ਦੀ ਤਸਵੀਰ ਵਾਲੇ ਪੋਸਟਰ ਹਟਾ ਦਿੱਤੇ ਗਏ ਹਨ।

ਦੂਜੇ ਪੜਾਅ ਤਹਿਤ ਪੰਜਾਬ ਰੋਡਵੇਜ਼ ਦੀਆਂ ਬੱਸਾਂ ਤੋਂ ਪੋਸਟਰ ਹਟਾਏ ਜਾਣੇ ਹਨ। ਇਸੇ ਤਰ੍ਹਾਂ ਨਗਰ ਨਿਗਮਾਂ ਅਤੇ ਨਗਰ ਕੌਂਸਲਾਂ ਦੀ ਸੰਪਤੀ 'ਤੇ ਲੱਗੇ ਸਰਕਾਰੀ ਫਲੈਕਸਾਂ 'ਚੋਂ ਵੀ ਅਮਰਿੰਦਰ ਦੀ ਤਸਵੀਰ ਹਟਾਈ ਜਾਵੇਗੀ।


## Matrimonials

**ਲੜਕੇ ਦੀ ਲੋੜ ਹੈ**

Jatt Sikh family looking for a suitable match for their 30 yrs, 5'-8" born and raised in US, never married daughter. Degree in BBA & working in Oil & Gas. Vegetarian/non drinker preferred. Please send bio-data/pictures to kaurd1991@yahoo.com

39-42

**ਲੜਕੀ ਦੀ ਲੋੜ ਹੈ**

Looking for a suitable educated US Citizen/Green Card holder Punjabi Sikh woman for Punjabi Jatt Sikh Gill clean shaven Divorced man 43, 5'-7", US Citizen, belongs to educated family from Punjab, India. Please contact at: sukhkaran1978@outlook.com

38-41

Suitable match for Jatt Sikh boy, 5'-11", 1993 born, Software Engineer, Masters in Engineering from university in USA, USA green card applied and expecting Canadian PR soon, rural/urban property. Please send recent pictures and particulars to email: singhusa93@gmail.com, Ph: 248-679-6668

31-34

## ਤੰਦੂਰੀਏ ਅਤੇ ਹੈਲਪਰ ਦੀ ਲੋੜ ਹੈ

**ਇੰਡੀਆਨਾ ਵਿਚ ਵਧੀਆ ਚਲਦੇ ਭਾਰਤੀ ਰੈਸਟੋਰੈਂਟ ਲਈ ਤੰਦੂਰੀਏ ਅਤੇ ਹੈਲਪਰ ਦੀ ਫੌਰੀ ਲੋੜ ਹੈ। ਸਪਾਂਸਰਸ਼ਿਪ ਅਵੇਲੇਬਲ**

*ਚੰਗੀ ਤਨਖਾਹ ਅਤੇ ਮੁਫਤ ਰਿਹਾਇਸ਼*

**Restaurant Help**

**Immediately hiring Tandooria and Helper for Indian restaurant in Indiana. Sponsorship Available. Good Salary and free accommodation.**

*ਸੰਪਰਕ ਕਰੋ: ਟੋਨੀ*

**ਫੋਨ: 317-340-1470**

40-43

## ਕੱਰੀ ਸ਼ੈਫ ਤੇ ਤੰਦੂਰੀਏ ਦੀ ਲੋੜ ਹੈ

**ਵਿਸਕਾਨਸਿਨ ਵਿਚ 'ਮਹਾਰਾਜਾ ਰੈਸਟੋਰੈਂਟ' ਲਈ ਕੱਰੀ ਸ਼ੈਫ ਅਤੇ ਤੰਦੂਰੀਏ ਲੋੜ ਹੈ**

**ਰਿਹਾਇਸ਼ ਅਤੇ ਖਾਣਾ ਫਰੀ**

*ਸੰਪਰਕ ਕਰੋ: ਬਲਬੀਰ ਸਿੰਘ*

**ਫੋਨ: 414-581-3784**

39-40

## ਫਲੈਟ ਵਿਕਾਊ ਹੈ

**ਚੰਡੀਗੜ੍ਹ ਨੇੜੇ ਜ਼ੀਰਕਪੁਰ-ਸ਼ਿਮਲਾ ਕੌਮੀ ਮਾਰਗ 'ਤੇ ਪੰਚਕੂਲਾ ਸ਼ਹਿਰ ਦੇ ਵਿਕਸਿਤ ਸੈਕਟਰ-20 ਵਿਚ ਫਲੈਟ ਵਿਕਾਊ ਹੈ। ਰਹਿਣ ਲਈ ਤਿਆਰ, ਐਲੀਵੇਟਰ, ਕਾਰ ਪਾਰਕਿੰਗ, ਸੁਰੱਖਿਆ ਜਿਹੀਆਂ ਸਹੂਲਤਾਂ ਅਤੇ ਪੈਦਲ-ਦੂਰੀ 'ਤੇ ਸਥਿੱਤ ਮਾਰਕਿਟ।**

*ਹੋਰ ਜਾਣਕਾਰੀ ਲਈ ਸੰਪਰਕ ਕਰੋ, ਸਿੰਘ*

**ਫੋਨ: 513-884-0456 ਜਾਂ 513-759 0010**

*(ਮੈਸੇਜ ਛੱਡ ਸਕਦੇ ਹੋ)*

**Flat For Sale**

**Flat for sale in a developed Sector 20 Panchkula near Chandigarh, Close to Zirakpur-Shimla Natonal Highway, Vacant to move in, Elevator, Car parking, Security. Market nearby within walking distance.**

*For more details please contact: Singh*

**Ph: 513-884-0456 or 513-759 0010**

*(Leave Message)*

40-41

## ਦੇਖ-ਭਾਲ ਕਰਨ ਵਾਲੇ ਦੀ ਲੋੜ ਹੈ

**ਪੈਲਾਟਾਈਨ, ਇਲੀਨਾਏ ਵਿਚ ਰਹਿੰਦੇ ਬਜ਼ੁਰਗ ਮਾਤਾ ਦੀ ਦੇਖ-ਭਾਲ ਕਰਨ ਵਾਲੇ ਦੀ ਲੋੜ ਹੈ।**

*ਸੰਪਰਕ ਕਰੋ: ਪ੍ਰੀਤ*

**ਫੋਨ: 847-877-4341**

**Looking For Caregiver for my mother who lives in Palatine, IL. Please contact, Preet 847-877-4341**

# ਨਵੇਂ ਮੰਤਰੀਆਂ ਨੇ ਹਲਫ ਲਿਆ, ਸੱਤ ਨਵੇਂ ਚਿਹਰੇ ਸ਼ਾਮਲ ਤੇ ਪੰਜ ਦੀ ਛਾਂਟੀ

**ਚੰਡੀਗੜ੍ਹ:** ਪੰਜਾਬ ਦੇ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਦੀ ਕੈਬਨਿਟ 'ਚ ਸ਼ਾਮਲ 15 ਨਵੇਂ ਮੰਤਰੀਆਂ ਨੇ ਹਲਫ ਲੈ ਲਿਆ ਹੈ। ਨਵੀਂ ਕੈਬਨਿਟ 'ਚ ਸੱਤ ਨਵੇਂ ਚਿਹਰੇ ਸ਼ਾਮਲ ਹੋਏ ਹਨ ਜਦੋਂ ਕਿ ਪੰਜ ਪੁਰਾਣੇ ਵਜ਼ੀਰਾਂ ਦੀ ਛਾਂਟੀ ਹੋ ਗਈ ਹੈ। ਇਥੇ ਰਾਜ ਭਵਨ 'ਚ ਸਹੁੰ ਚੁੱਕ ਸਮਾਰੋਹ ਹੋਇਆ ਜਿਸ 'ਚ ਪੰਜਾਬ ਦੇ ਰਾਜਪਾਲ ਬਨਵਾਰੀ ਲਾਲ ਪੁਰੋਹਿਤ ਨੇ ਨਵੇਂ ਮੰਤਰੀਆਂ ਨੂੰ ਅਹੁਦੇ ਅਤੇ ਭੇਤ ਗੁਪਤ ਰੱਖਣ ਦੀ ਸਹੁੰ ਚੁਕਾਈ। ਸਾਰੇ ਵਜ਼ੀਰਾਂ ਨੇ ਮਾਂ ਬੋਲੀ 'ਚ ਹਲਫ ਲਿਆ।

ਰਾਜ ਭਵਨ 'ਚ ਤਕਰੀਬਨ ਪੌਣਾ ਘੰਟਾ ਚੱਲੇ ਇਨ੍ਹਾਂ ਸਮਾਰੋਹਾਂ 'ਚ ਸਭ ਤੋਂ ਪਹਿਲਾਂ ਬ੍ਰਹਮ ਮਹਿੰਦਰਾ ਨੇ ਹਲਫ ਲਿਆ। ਉਸ ਮਗਰੋਂ ਮਨਪ੍ਰੀਤ ਬਾਦਲ ਅਤੇ ਤ੍ਰਿਪਤ ਰਜਿੰਦਰ ਸਿੰਘ ਬਾਜਵਾ ਨੇ ਸਹੁੰ ਚੁੱਕੀ। ਅਖੀਰ ਵਿਚ ਗੁਰਕੀਰਤ ਕੋਟਲੀ ਨੇ ਹਲਫ ਲਿਆ। ਨਵੀਂ ਕੈਬਨਿਟ ਦੇ ਕਪਤਾਨ ਚੰਨੀ ਦੀ ਟੀਮ 'ਚ ਨਵੇਂ ਚਿਹਰਿਆਂ ਵਜੋਂ ਪਦਮ ਸ੍ਰੀ ਪਰਗਟ ਸਿੰਘ, ਵਿਧਾਇਕ ਰਾਜ ਕੁਮਾਰ ਵੇਰਕਾ, ਸੰਗਤ ਸਿੰਘ ਗਿਲਜ਼ੀਆਂ ਤੇ ਰਣਦੀਪ ਸਿੰਘ ਨਾਭਾ, ਰਾਣਾ ਗੁਰਜੀਤ ਸਿੰਘ, ਗੁਰਕੀਰਤ ਸਿੰਘ ਕੋਟਲੀ ਅਤੇ ਅਮਰਿੰਦਰ ਸਿੰਘ ਉਰਫ ਰਾਜਾ ਵੜਿੰਗ ਨੇ ਸਹੁੰ ਚੁੱਕੀ।

ਅਮਰਿੰਦਰ ਵਜ਼ਾਰਤ 'ਚ ਮੰਤਰੀ ਰਹੇ ਗੁਰਪ੍ਰੀਤ ਸਿੰਘ ਕਾਂਗੜ, ਬਲਬੀਰ ਸਿੰਘ ਸਿੱਧੂ, ਰਾਣਾ ਸੋਢੀ, ਸਾਧੂ ਸਿੰਘ ਧਰਮਸੋਤ ਅਤੇ ਸੁੰਦਰ ਸ਼ਾਮ ਅਰੋੜਾ, ਜਿਨ੍ਹਾਂ ਦੀ ਛਾਂਟੀ ਕਰ ਦਿੱਤੀ ਗਈ ਹੈ, ਵਿਚੋਂ ਧਰਮਸੋਤ ਤੋਂ ਇਲਾਵਾ ਬਾਕੀ ਸਾਰੇ ਸਮਾਰੋਹ 'ਚੋਂ ਗੈਰਹਾਜ਼ਰ ਰਹੇ। ਪੁਰਾਣੀ ਕੈਬਨਿਟ 'ਚ ਮੰਤਰੀ ਰਹੇ ਬ੍ਰਹਮ ਮਹਿੰਦਰਾ, ਤ੍ਰਿਪਤ ਰਜਿੰਦਰ ਸਿੰਘ ਬਾਜਵਾ, ਮਨਪ੍ਰੀਤ ਸਿੰਘ ਬਾਦਲ,



ਸੁਖਬਿੰਦਰ ਸਿੰਘ ਸਰਕਾਰੀਆ, ਅਰੁਣਾ ਚੌਧਰੀ ਤੇ ਰਜ਼ੀਆ ਸੁਲਤਾਨਾ, ਭਾਰਤ ਭੂਸ਼ਨ ਆਸ਼ੂ ਅਤੇ ਵਿਜੈਇੰਦਰ ਸਿੰਗਲਾ ਨੇ ਨਵੀਂ ਕੈਬਨਿਟ ਦੇ ਮੰਤਰੀਆਂ ਵਜੋਂ ਸਹੁੰ ਚੁੱਕੀ। ਪੁਰਾਣੀ ਕੈਬਨਿਟ ਦੇ 11 ਮੰਤਰੀ ਹੁਣ ਚੰਨੀ ਦੀ ਟੀਮ 'ਚ ਵੀ ਸ਼ਾਮਲ ਹਨ।

ਕਾਂਗਰਸੀ ਆਗੂ ਰਾਹੁਲ ਗਾਂਧੀ ਨੇ ਮੁੱਖ ਮੰਤਰੀ ਚਰਨਜੀਤ ਚੰਨੀ ਨਾਲ ਸ਼ਿਮਲਾ ਤੋਂ ਵਰਚੁਅਲ ਮੀਟਿੰਗ ਕਰਕੇ ਕੈਬਨਿਟ ਦੀ ਸੂਚੀ ਵਿਚ ਐਨ ਆਖਰੀ ਮੌਕੇ ਫੇਰਬਦਲ ਕਰਾਇਆ। ਪੰਜਾਬ ਕਾਂਗਰਸ ਦੇ ਕਾਰਜਕਾਰੀ ਪ੍ਰਧਾਨ ਕੁਲਜੀਤ ਸਿੰਘ ਨਾਗਰਾ ਨੂੰ ਸੂਚੀ 'ਚੋਂ ਬਾਹਰ ਕਰਕੇ ਹਲਕਾ ਅਮਲੋਹ ਤੋਂ ਕਾਕਾ ਰਣਦੀਪ ਸਿੰਘ ਨੂੰ ਸੀਨੀਅਰਤਾ ਦੇ ਅਧਾਰ 'ਤੇ ਕੈਬਨਿਟ ਵਿਚ ਸ਼ਾਮਲ ਕੀਤੇ ਜਾਣ ਉਤੇ ਮੋਹਰ ਲਾਈ ਗਈ। ਹਾਈਕਮਾਨ ਨੇ ਕੈਪਟਨ ਅਮਰਿੰਦਰ ਸਿੰਘ ਦੀਆਂ ਬਾਗੀ ਸੁਰਾਂ ਦੇ ਡਰੋਂ ਨਵੀਂ ਵਜ਼ਾਰਤ ਨੂੰ ਫਾਈਨਲ ਕਰਨ ਤੱਕ ਬੋਚ-ਬੋਚ ਪੈਰ ਰੱਖੇ ਹਨ। ਪੰਜਾਬ ਕਾਂਗਰਸ ਦੇ ਪ੍ਰਧਾਨ ਨਵਜੋਤ ਸਿੱਧੂ ਆਪਣੀ ਟੀਮ ਕਾਰਜਕਾਰੀ ਪ੍ਰਧਾਨ ਕੁਲਜੀਤ ਨਾਗਰਾ ਅਤੇ ਪਵਨ ਬਾਂਸਲ ਸਮੇਤ ਸਮਾਰੋਹਾਂ ਵਿਚ ਹਾਜ਼ਰ ਰਹੇ। ਪੰਜਾਬ ਮਾਮਲਿਆਂ ਦੇ ਇੰਚਾਰਜ ਹਰੀਸ਼ ਰਾਵਤ ਉਚੇਚੇ ਤੌਰ 'ਤੇ ਸਮਾਰੋਹਾਂ ਵਿਚ ਪੁੱਜੇ ਹੋਏ ਸਨ। ਕਰੀਬ ਇਕ ਹਫਤੇ ਦੇ ਸਿਆਸੀ ਜੋੜ-ਤੋੜ ਮਗਰੋਂ ਨਵੀਂ ਕੈਬਨਿਟ ਦਾ ਗਠਨ ਹੋ ਸਕਿਆ ਹੈ। ਨਵੇਂ ਮੰਤਰੀ ਰਾਣਾ ਗੁਰਜੀਤ ਦੀ ਸ਼ਮੂਲੀਅਤ ਨੂੰ ਲੈ ਕੇ ਸਿਆਸੀ ਹਲਕਿਆਂ 'ਚ ਘੁਸਰ ਮੁਸਰ ਹੁੰਦੀ ਰਹੀ।

ਅਗਲੀਆਂ ਚੋਣਾਂ ਤੋਂ ਐਨ ਪਹਿਲਾਂ ਨਵੇਂ ਮੁੱਖ ਮੰਤਰੀ ਚੰਨੀ ਦੀ ਅਗਵਾਈ ਵਿਚ ਕੈਬਨਿਟ ਦਾ ਵਿਸਥਾਰ ਹੋਇਆ ਹੈ ਜਿਸ 'ਚ ਸਮਾਜਿਕ ਤੇ ਇਲਾਕਾਈ ਤਵਾਜ਼ਨ ਦਾ ਖਿਆਲ ਰੱਖਿਆ ਗਿਆ ਹੈ। ਨਵੀਂ ਕੈਬਨਿਟ ਲਈ 18 ਨੁਕਾਤੀ ਏਜੰਡਾ, ਚੋਣ ਵਾਅਦਿਆਂ ਦੀ ਪੂਰਤੀ ਨੂੰ ਸਿਰਫ 90 ਦਿਨਾਂ ਵਿਚ ਪੂਰਾ ਕਰਨਾ ਇਕ ਵੱਡੀ ਚੁਣੌਤੀ ਹੋਵੇਗੀ। ਸਰਕਾਰ ਨੂੰ ਹੁਣ ਮੁੱਦਿਆਂ ਨੂੰ ਹਕੀਕਤ ਬਣਾਉਣ ਲਈ ਦਲੇਰਾਨਾ ਅਤੇ ਫੁਰਤੀ ਵਾਲੇ ਫੈਸਲੇ ਲੈਣੇ ਪੈਣਗੇ।

ਨਵੀਂ ਕੈਬਨਿਟ ਲਈ ਇਹ ਵੀ ਚੁਣੌਤੀ ਹੋਵੇਗਾ ਕਿ ਪੰਜਾਬ ਕਾਂਗਰਸ ਦੇ ਅੰਦਰੂਨੀ ਕਲੇਸ਼ 'ਚ ਜੋ ਵਕਤ ਅਜਾਈਂ ਚਲਾ ਗਿਆ ਹੈ, ਉਸ ਦੀ ਭਰਪਾਈ ਵੀ ਕਰਨੀ ਹੋਵੇਗੀ। ਹਾਈਕਮਾਨ ਨੇ ਅਨੁਸੂਚਿਤ ਜਾਤੀ ਵਰਗ ਦੇ ਚੰਨੀ ਨੂੰ ਪੰਜਾਬ ਦੀ ਕਮਾਨ ਸੌਂਪ ਕੇ ਵਿਰੋਧੀਆਂ ਨੂੰ ਸਿਆਸੀ ਫਰੰਟ 'ਤੇ ਤਾਂ ਨੁੱਸ ਕਰਨ ਦਾ ਯਤਨ ਕੀਤਾ ਹੈ ਪਰ ਪੰਜਾਬ ਦੇ ਲੋਕ ਅਗਲੀਆਂ ਚੋਣਾਂ ਬਾਰੇ ਫੈਸਲਾ ਲੈਣ ਤੋਂ ਪਹਿਲਾਂ ਨਵੀਂ ਵਜ਼ਾਰਤ ਦੀ ਕਾਰਗੁਜ਼ਾਰੀ ਦੀ ਪੜਚੋਲ ਕਰਨਗੇ।

ਨਵੀਂ ਕੈਬਨਿਟ 'ਚ ਐਤਕੀਂ ਪੱਛੜੀਆਂ ਜਾਤੀਆਂ ਦੇ ਨੁਮਾਇੰਦੇ ਵਜੋਂ ਸੰਗਤ ਸਿੰਘ ਗਿਲਜ਼ੀਆਂ ਨੂੰ ਥਾਂ ਦਿੱਤੀ ਗਈ ਹੈ। ਮਾਲਵਾ ਖਿੱਤੇ ਚੋਂ 9 ਵਜ਼ੀਰ ਬਣੇ ਹਨ ਜਦੋਂ ਕਿ ਮਾਝੇ ਚੋਂ ਛੇ ਅਤੇ ਦੋਆਬੇ ਚੋਂ ਤਿੰਨ ਵਜ਼ੀਰ ਬਣੇ ਹਨ। ਨਵੇਂ ਮੰਤਰੀ ਮੰਡਲ ਵਿਚ ਚਾਰ ਹਿੰਦੂ ਚਿਹਰੇ ਅਤੇ ਮੁੱਖ ਮੰਤਰੀ ਸਮੇਤ ਤਿੰਨ ਅਨੁਸੂਚਿਤ ਜਾਤੀ ਭਾਈਚਾਰੇ ਚੋਂ ਮੰਤਰੀ ਬਣਾਏ ਗਏ ਹਨ।

### ਸਾਰੇ ਵਾਅਦੇ ਪੂਰੇ ਕਰਾਂਗੇ: ਪਰਗਟ ਸਿੰਘ

ਨਵੇਂ ਮੰਤਰੀ ਪਰਗਟ ਸਿੰਘ ਨੇ ਕਿਹਾ ਕਿ ਕੇਵਲ ਇਹ ਅਹੁਦਾ ਨਹੀਂ ਹੈ ਬਲਕਿ ਇਕ ਨਵੀਂ ਜ਼ਿੰਮੇਵਾਰੀ ਮਿਲੀ ਹੈ। ਆਉਂਦੇ ਤਿੰਨ ਮਹੀਨਿਆਂ ਵਿਚ ਕਾਰਗੁਜ਼ਾਰੀ ਦਿਖਾਈ ਜਾਵੇਗੀ ਅਤੇ ਨਵੀਂ ਕੈਬਨਿਟ ਲੋਕਾਂ ਨਾਲ ਕੀਤੇ ਵਾਅਦਿਆਂ ਨੂੰ ਪੂਰਾ ਕਰੇਗੀ। ਇਸੇ ਦੌਰਾਨ ਰਾਜਾ ਵੜਿੰਗ ਨੇ ਵਿਰੋਧੀ ਧਿਰਾਂ ਵੱਲੋਂ ਲਾਏ ਇਲਜ਼ਾਮਾਂ ਦੇ ਮਾਮਲੇ 'ਚ ਚੁਣੌਤੀ ਦਿੱਤੀ ਕਿ ਕੋਈ ਵੀ ਵਿਰੋਧੀ ਆਗੂ ਅਜਿਹੇ ਇਲਜ਼ਾਮਾਂ ਬਾਰੇ ਖੁੱਲ੍ਹੀ ਬਹਿਸ ਕਰ ਲਵੇ।

### ਨਾਰਾਜ਼ ਆਗੂਆਂ ਨੂੰ ਨਵੀਂ ਜ਼ਿੰਮੇਵਾਰੀ ਸੌਂਪਣ ਦੀ ਤਿਆਰੀ

ਕਾਂਗਰਸ ਦੇ ਜਨਰਲ ਸਕੱਤਰ ਹਰੀਸ਼ ਰਾਵਤ ਨੇ ਕਿਹਾ ਕਿ ਅੱਜ ਸ਼ਾਨਦਾਰ ਸ਼ੁਰੂਆਤ ਹੋਈ ਹੈ ਅਤੇ ਨਵੀਂ ਕੈਬਨਿਟ ਵਿਚ ਸਮਾਜਿਕ ਸੰਤੁਲਨ ਕਾਇਮ ਰੱਖਿਆ ਗਿਆ ਹੈ। ਹਰ ਵਰਗ ਤੇ ਭਾਈਚਾਰੇ ਨੂੰ ਨੁਮਾਇੰਦਗੀ ਦਿੱਤੀ ਗਈ ਹੈ। ਰਾਵਤ ਨੇ ਛਾਂਟੀ ਕੀਤੇ ਵਜ਼ੀਰਾਂ ਬਾਰੇ ਕਿਹਾ ਕਿ ਉਨ੍ਹਾਂ ਨੂੰ ਪਾਰਟੀ ਤੇ ਸਰਕਾਰ ਵੱਲੋਂ ਨਵੀਂ ਜ਼ਿੰਮੇਵਾਰੀ ਸੌਂਪੀ ਜਾਵੇਗੀ ਅਤੇ ਜੋ ਕੈਬਨਿਟ ਵਿਚ ਥਾਂ ਨਹੀਂ ਪਾ ਸਕੇ, ਉਨ੍ਹਾਂ ਦੀਆਂ ਹੋਰਨਾਂ ਖੇਤਰਾਂ 'ਚ ਸੇਵਾਵਾਂ ਲਈਆਂ ਜਾਣਗੀਆਂ। ਉਨ੍ਹਾਂ ਕਿਹਾ ਕਿ ਕੈਪਟਨ ਅਮਰਿੰਦਰ ਨੂੰ ਮਨਾ ਲਿਆ ਜਾਵੇਗਾ।

## ਨਵੀਂ ਕੈਬਨਿਟ 'ਚ ਦੋਆਬੇ ਦਾ ਦਬਦਬਾ

**ਚੰਡੀਗੜ੍ਹ:** ਮੁੱਖ ਮੰਤਰੀ ਰਹਿੰਦਿਆਂ ਕੈਪਟਨ ਅਮਰਿੰਦਰ ਸਿੰਘ ਨੇ ਦੋਆਬੇ ਦਾ ਇਕ ਮੰਤਰੀ ਹੀ ਕੈਬਨਿਟ ਵਿਚ ਲਿਆ ਸੀ, ਜਦਕਿ ਹੁਣ ਚਰਨਜੀਤ ਸਿੰਘ ਚੰਨੀ ਨੇ ਦੋਆਬੇ ਵਿਚੋਂ ਪਰਗਟ ਸਿੰਘ, ਰਾਣਾ ਗੁਰਜੀਤ ਸਿੰਘ ਤੇ ਸੰਗਤ ਸਿੰਘ ਗਿਲਜ਼ੀਆਂ ਨੂੰ ਮੰਤਰੀ ਮੰਡਲ ਵਿਚ ਸ਼ਾਮਲ ਕੀਤਾ ਹੈ। ਇਸ ਮਗਰੋਂ ਹੁਣ ਪੰਜਾਬ ਸਰਕਾਰ ਵਿਚ ਤਾਂ ਦੋਆਬੇ ਦਾ ਦਬਦਬਾ ਵਧ ਗਿਆ ਹੈ, ਪਰ ਕਾਂਗਰਸੀ ਆਗੂ ਆਪਸ ਵਿਚ ਭਿੜਨ ਲੱਗ ਪਏ ਹਨ। ਰਾਣਾ ਗੁਰਜੀਤ ਸਿੰਘ ਦਾ ਰਾਹ ਰੋਕਣ ਲਈ ਪੰਜਾਬ ਕਾਂਗਰਸ ਦੇ ਇਕ ਸਾਬਕਾ ਪ੍ਰਧਾਨ ਤੇ 6 ਵਿਧਾਇਕਾਂ ਨੇ ਆਖਰੀ ਪਲਾਂ ਤੱਕ ਵੀ ਜ਼ੋਰ ਲਾਇਆ। ਉਨ੍ਹਾਂ ਪਟਿਆਲਾ 'ਚ ਨਵਜੋਤ ਸਿੰਘ ਸਿੱਧੂ ਦੇ ਘਰ ਡੇਰੇ ਵੀ ਲਾਈ ਰੱਖੇ। ਹਾਲਾਂਕਿ ਕਾਂਗਰਸੀ ਆਗੂ ਕੈਬਨਿਟ ਵਿਚ ਜਾਣ ਲਈ ਰਾਣਾ ਦਾ ਰਾਹ ਰੋਕਣ 'ਚ ਸਫਲ ਨਹੀਂ ਹੋ ਸਕੇ, ਪਰ ਇਸ ਨਾਲ ਦੋਆਬੇ ਵਿਚ ਕਾਂਗਰਸ ਅੰਦਰਲੀ ਫੁੱਟ ਜੱਗ ਜ਼ਾਹਰ ਹੋ ਗਈ ਹੈ। ਜਿਹੜੇ ਕਾਂਗਰਸੀ ਵਿਧਾਇਕਾਂ ਨੇ ਨਵਜੋਤ ਸਿੰਘ ਸਿੱਧੂ ਨੂੰ ਚਿੱਠੀ ਲਿਖੀ ਸੀ, ਉਸ 'ਤੇ ਦਸਤਖਤ ਕਰਨ ਵਾਲਿਆਂ ਵਿਚ ਸਾਬਕਾ ਸੂਬਾਈ ਪ੍ਰਧਾਨ ਤੇ ਸਾਬਕਾ ਐਮ.ਪੀ. ਮਹਿੰਦਰ ਸਿੰਘ ਕੇਪੀ, ਚੱਬੇਵਾਲ ਤੋਂ ਵਿਧਾਇਕ ਡਾ. ਰਾਜ ਕੁਮਾਰ, ਸ਼ਾਮ ਚੌਰਾਸੀ ਤੋਂ ਵਿਧਾਇਕ ਪਵਨ ਆਧੀਆ, ਭੁੱਲਥ ਤੋਂ ਸੁਖਪਾਲ ਸਿੰਘ ਖਹਿਰਾ, ਸੁਲਤਾਨਪੁਰ ਲੋਧੀ ਤੋਂ ਨਵਤੇਜ ਚੀਮਾ, ਜਲੰਧਰ ਉੱਤਰੀ ਤੋਂ ਵਿਧਾਇਕ ਬਾਵਾ ਹੈਨਰੀ ਤੇ ਫਗਵਾੜਾ ਤੋਂ ਬਲਵਿੰਦਰ ਸਿੰਘ ਧਾਲੀਵਾਲ ਸ਼ਾਮਲ ਹਨ। ਜਿਹੜੇ ਚਾਰ ਵਿਧਾਇਕ ਕਾਂਗਰਸ ਦੇ ਸੂਬਾ ਪ੍ਰਧਾਨ ਨਵਜੋਤ ਸਿੰਘ ਸਿੱਧੂ ਨੂੰ ਮਿਲੇ, ਉਨ੍ਹਾਂ ਵਿਚ ਸੁਖਪਾਲ ਸਿੰਘ ਖਹਿਰਾ, ਨਵਤੇਜ ਸਿੰਘ ਚੀਮਾ, ਬਾਵਾ ਹੈਨਰੀ ਤੇ ਬਲਵਿੰਦਰ ਸਿੰਘ ਧਾਲੀਵਾਲ ਸ਼ਾਮਲ ਸਨ। ਕਾਂਗਰਸ ਵਿਚ ਧੜੇਬੰਦੀ ਤਿੱਖੀ ਹੋਣ ਨਾਲ ਹੁਣ ਸਿਆਸੀ ਕੁੜੱਤਣ ਹੋਰ ਵਧੇਗੀ। ਸੂਤਰਾਂ ਅਨੁਸਾਰ 2017 ਦੀਆਂ ਚੋਣਾਂ ਲਈ ਜਲੰਧਰ ਪੱਛਮੀ ਤੋਂ ਮਹਿੰਦਰ ਸਿੰਘ ਕੇਪੀ ਦੀ ਟਿਕਟ ਦਾ ਵਿਰੋਧ ਕਰਕੇ ਰਾਣਾ ਗੁਰਜੀਤ ਸਿੰਘ ਨੇ ਆਪਣੇ ਕਰੀਬ ਸੁਸ਼ੀਲ ਰਿੰਕੂ ਨੂੰ ਟਿਕਟ ਦੁਆਈ ਸੀ। ਰਾਣਾ ਦੇ ਧੜੇ ਵਿਚ ਦੋ ਹੋਰ ਵਿਧਾਇਕ ਗਿਣੇ ਜਾਂਦੇ ਹਨ, ਜਿਨ੍ਹਾਂ ਵਿਚ ਸ਼ਾਹਕੋਟ ਦੇ ਵਿਧਾਇਕ ਹਰਦੇਵ ਸਿੰਘ ਲਾਡੀ ਸ਼ੇਰੋਵਾਲੀਆ ਤੇ ਖਡੂਰ ਸਾਹਿਬ ਦੇ ਵਿਧਾਇਕ ਰਮਨਦੀਪ ਸਿੰਘ ਸਿੱਕੀ ਸ਼ਾਮਲ ਹਨ।

ਸੂਤਰਾਂ ਅਨੁਸਾਰ ਇਹ ਗੱਲ ਸਾਹਮਣੇ ਆਈ ਸੀ ਕਿ ਫਗਵਾੜਾ ਦੇ ਵਿਧਾਇਕ ਬਲਵਿੰਦਰ ਸਿੰਘ ਧਾਲੀਵਾਲ ਦੇ ਵਿਰੋਧ ਵਿਚ ਰਹੇ ਸਾਬਕਾ ਕਾਂਗਰਸੀ ਮੰਤਰੀ ਜੋਗਿੰਦਰ ਸਿੰਘ ਮਾਨ ਦੀ ਹਮਾਇਤ ਰਾਣਾ ਗੁਰਜੀਤ ਹੀ ਕਰ ਰਿਹਾ ਸੀ। ਰਾਣਾ ਗੁਰਜੀਤ ਦਾ ਸਭ ਤੋਂ ਵੱਧ ਵਿਰੋਧ ਸੁਖਪਾਲ ਸਿੰਘ ਖਹਿਰਾ ਕਰਦੇ ਰਹੇ ਹਨ। ਹੁਣ ਜਦੋਂ ਖਹਿਰਾ 'ਆਪ' ਛੱਡ ਕੇ ਮੁੜ ਕਾਂਗਰਸ ਵਿਚ ਆ ਗਏ ਹਨ ਤਾਂ ਦੋਵੇਂ ਆਗੂ ਮੁੜ ਇਕ-ਦੂਜੇ ਦੇ ਕੱਟੜ ਵਿਰੋਧੀ ਬਣ ਗਏ ਹਨ।

## ਛਾਂਟੇ ਗਏ ਵਜ਼ੀਰਾਂ ਦਾ ਹਾਈਕਮਾਨ ਨਾਲ ਗਿਲਾ

**ਮੁਹਾਲੀ:** ਪੰਜਾਬ ਦੀ ਨਵੀਂ ਕੈਬਨਿਟ ਵਿਚ ਪੰਜ ਵਜ਼ੀਰਾਂ ਦੀ ਛਾਂਟੀ ਹੋਈ ਹੈ। ਮੰਤਰੀ ਦਾ ਅਹੁਦਾ ਖੁੱਸਣ ਤੋਂ ਬਾਅਦ ਇਹ ਆਗੂ ਨਾਰਾਜ਼ ਹਨ ਤੇ ਹਾਈਕਮਾਨ ਨੂੰ ਸਵਾਲ ਕਰ ਰਹੇ ਹਨ ਕਿ ਉਨ੍ਹਾਂ ਦਾ ਕਸੂਰ ਤਾਂ ਦੱਸਿਆ ਜਾਵੇ। ਪੰਜਾਬ ਦੀ ਨਵੀਂ ਕੈਬਨਿਟ 'ਚੋਂ ਬਾਹਰ ਹੋਏ ਮੁਹਾਲੀ ਦੇ ਵਿਧਾਇਕ ਤੇ ਸਾਬਕਾ ਸਿਹਤ ਮੰਤਰੀ ਬਲਬੀਰ ਸਿੰਘ ਸਿੱਧੂ ਨੇ ਪਾਰਟੀ ਹਾਈ ਕਮਾਂਡ ਨਾਲ ਸਖਤ ਗਿਲਾ ਕਰਦਿਆਂ ਕਿਹਾ ਕਿ ਹਾਈ ਕਮਾਂਡ ਉਨ੍ਹਾਂ ਦਾ ਕਸੂਰ ਤਾਂ ਦੱਸੇ ਕਿ ਕਿਸ ਵਜ੍ਹਾ ਕਰਕੇ ਉਨ੍ਹਾਂ ਨੂੰ ਦੁਬਾਰਾ ਮੰਤਰੀ ਮੰਡਲ ਵਿਚ ਨਹੀਂ ਲਿਆ ਜਾ ਰਿਹਾ ਹੈ। ਆਪਣੀ ਰਿਹਾਇਸ਼ 'ਤੇ ਮੀਡੀਆ ਦੇ ਰੂਬਰੂ ਹੋਣ ਸਮੇਂ ਬਲਬੀਰ ਸਿੰਘ ਸਿੱਧੂ ਕਾਫੀ ਭਾਵੁਕ ਹੋ ਗਏ ਤੇ ਉਨ੍ਹਾਂ ਦੀਆਂ ਅੱਖਾਂ ਭਰ ਆਈਆਂ। ਇਸ ਮੌਕੇ ਸਾਬਕਾ ਕੈਬਨਿਟ ਮੰਤਰੀ ਗੁਰਪ੍ਰੀਤ ਸਿੰਘ ਕਾਂਗੜ ਵੀ ਮੌਜੂਦ ਸਨ।

ਉਨ੍ਹਾਂ ਹਾਈ ਕਮਾਂਡ ਨੂੰ ਪੱਤਰ ਲਿਖ ਕੇ ਆਪਣੀ ਕਾਰਗੁਜ਼ਾਰੀ ਬਾਰੇ ਤੱਥਾਂ ਸਮੇਤ ਵਿਸਥਾਰ ਨਾਲ ਰਿਪੋਰਟ ਪੇਸ਼ ਕੀਤੀ। ਸ੍ਰੀ ਸਿੱਧੂ ਨੇ ਕਿਹਾ ਕਿ ਜੇਕਰ ਉਨ੍ਹਾਂ ਨੂੰ ਮੰਤਰੀ ਮੰਡਲ ਵਿਚ ਨਹੀਂ ਲੈਣਾ ਸੀ ਤਾਂ ਹਾਈ ਕਮਾਂਡ ਜਾਂ ਨਵੇਂ ਮੁੱਖ ਮੰਤਰੀ ਘੱਟੋ-ਘੱਟ ਇਕ ਵਾਰ ਕਹਿ ਕੇ ਤਾਂ ਦੇਖਦੇ, ਉਹ ਖੁਦ ਅਹੁਦੇ ਤੋਂ ਅਸਤੀਫਾ ਦੇ ਦਿੰਦੇ। ਪਰ ਜਿਸ ਤਰੀਕੇ ਉਨ੍ਹਾਂ ਨੂੰ ਮੰਤਰੀ ਮੰਡਲ 'ਚੋਂ ਬਾਹਰ ਰੱਖ ਕੇ ਜ਼ਲੀਲ ਕੀਤਾ ਗਿਆ, ਉਹ ਕਿਸੇ ਵੀ ਪੱਖੋਂ ਜਾਇਜ਼ ਨਹੀਂ ਹੈ। ਸ੍ਰੀ ਸਿੱਧੂ ਨੇ ਆਪਣੇ ਮਹਿਕਮੇ



ਦੀਆਂ ਪ੍ਰਾਪਤੀਆਂ ਦੱਸਦਿਆਂ ਕਿਹਾ ਕਿ ਕਰੋਨਾ ਮਹਾਮਾਰੀ ਦੌਰਾਨ ਉਨ੍ਹਾਂ ਸਮੇਤ ਉਨ੍ਹਾਂ ਦੀ ਸਮੁੱਚੀ ਟੀਮ ਨੇ ਦਿਨ-ਰਾਤ ਇਕ ਕਰਕੇ ਸੂਬਾ ਵਾਸੀਆਂ ਦੀ ਸੇਵਾ ਕੀਤੀ ਤੇ ਪੰਜਾਬ ਨੂੰ ਮਹਾਮਾਰੀ ਦੀ ਮਾਰ ਤੋਂ ਬਚਾਇਆ। ਕਰੋਨਾ ਮਾਮਲੇ ਵਿਚ ਦੇਸ਼ ਦੇ ਬਾਕੀ ਸੂਬਿਆਂ ਨਾਲੋਂ ਪੰਜਾਬ ਵਿਚ ਸਥਿਤੀ ਕਾਫੀ ਬਿਹਤਰ ਸੀ ਅਤੇ ਹੁਣ ਤੀਜੀ ਲਹਿਰ ਨਾਲ ਨਜਿੱਠਣ ਲਈ ਸਾਰੇ ਅਗਾਊਂ ਪ੍ਰਬੰਧ ਕੀਤੇ ਗਏ ਹਨ।

ਇਸੇ ਤਰ੍ਹਾਂ ਸਾਬਕਾ ਮਾਲ ਮੰਤਰੀ ਗੁਰਪ੍ਰੀਤ ਸਿੰਘ ਕਾਂਗੜ ਨੇ ਵੀ ਆਪਣੇ ਵਿਭਾਗਾਂ ਦੀਆਂ ਪ੍ਰਾਪਤੀਆਂ ਗਿਣਵਾਈਆਂ ਅਤੇ ਹਾਈ ਕਮਾਂਡ ਨਾਲ ਗਿਲਾ ਕੀਤਾ। ਦੋਵੇਂ ਮੰਤਰੀਆਂ ਨੇ ਹਾਈ ਕਮਾਂਡ ਨੂੰ ਪੱਤਰ ਵੀ ਲਿਖਿਆ, ਜਿਸ ਵਿਚ ਹਾਈ ਕਮਾਂਡ ਤੋਂ ਉਨ੍ਹਾਂ ਦਾ ਕਸੂਰ ਦੱਸਣ ਦੀ ਮੰਗ ਕੀਤੀ ਗਈ ਹੈ। ਉਂਜ ਉਨ੍ਹਾਂ ਕਿਹਾ ਕਿ ਉਹ ਪਹਿਲਾਂ ਵੀ ਮੁੱਖ ਮੰਤਰੀ ਨਾਲ ਸੀ ਤੇ ਹੁਣ ਵੀ ਮੁੱਖ ਮੰਤਰੀ ਅਤੇ ਪਾਰਟੀ ਨਾਲ ਖੜ੍ਹੇ ਹਨ। ਉਨ੍ਹਾਂ ਆਸ ਪ੍ਰਗਟਾਈ ਕਿ ਪਾਰਟੀ ਹਾਈ ਕਮਾਂਡ ਉਨ੍ਹਾਂ ਨਾਲ ਬੇਇਨਸਾਫੀ ਨਹੀਂ ਹੋਣ ਦੇਵੇਗੀ।

ਕੈਬਨਿਟ 'ਚੋਂ ਬਾਹਰ ਕੀਤੇ ਸਾਬਕਾ ਮੰਤਰੀ ਸੁੰਦਰ ਸ਼ਾਮ ਅਰੋੜਾ ਨੇ ਹਾਈ ਕਮਾਨ ਦੇ ਫੈਸਲੇ ਨੂੰ ਪ੍ਰਵਾਨ ਕਰ ਲਿਆ ਹੈ। ਉਨ੍ਹਾਂ ਕਿਹਾ ਕਿ ਬਤੌਰ ਮੰਤਰੀ ਉਨ੍ਹਾਂ ਬਿਹਤਰ ਕੰਮ ਕੀਤੇ ਅਤੇ ਹਲਕੇ ਦਾ ਵਿਕਾਸ ਕੀਤਾ। ਉਹ ਹੁਣ ਪਾਰਟੀ ਦੇ ਨਵੇਂ ਫੈਸਲੇ ਦਾ ਸਨਮਾਨ ਕਰਦੇ ਹਨ। ਪਤਾ ਲੱਗਾ ਹੈ ਕਿ ਉਨ੍ਹਾਂ ਆਪਣੀ ਸਰਕਾਰੀ ਰਿਹਾਇਸ਼ ਵੀ ਖਾਲੀ ਕਰ ਦਿੱਤੀ ਹੈ। ਇਸ ਤੋਂ ਇਲਾਵਾ ਕੈਬਨਿਟ 'ਚੋਂ ਬਾਹਰ ਕੀਤੇ ਸਾਬਕਾ ਮੰਤਰੀ ਰਾਣਾ ਸੋਢੀ ਤੇ ਸਾਧੂ ਸਿੰਘ ਧਰਮਸੋਤ ਦੇ ਹਾਲੇ ਇਸ ਬਾਰੇ ਕੁਝ ਖੁੱਲ੍ਹ ਕੇ ਬੋਲਣ ਦੀ ਗੱਲ ਧਿਆਨ ਵਿਚ ਨਹੀਂ ਆਈ ਹੈ।

ਸਾਬਕਾ ਮੰਤਰੀ ਗੁਰਪ੍ਰੀਤ ਸਿੰਘ ਕਾਂਗੜ ਦੇ ਸਮਰਥਕਾਂ ਵਿਚ ਹਾਈ ਕਮਾਨ ਪ੍ਰਤੀ ਨਿਰਾਸ਼ਾ ਹੈ, ਜਦਕਿ ਸੋਸ਼ਲ ਮੀਡੀਆ 'ਤੇ ਵਿਰੋਧੀ ਚਟਕਾਰੇ ਵੀ ਲੈ ਰਹੇ ਹਨ। ਇਕ ਵੀਡੀਓ ਘੁੰਮ ਰਹੀ ਹੈ ਕਿ ਕਾਂਗਰਸ ਹਾਈ ਕਮਾਨ ਨੇ ਮਾਲ ਮੰਤਰੀ ਦਾ ਅਹੁਦਾ ਖੋਹ ਕੇ ਹਲਕੇ ਦੇ ਵਿਕਾਸ ਨੂੰ ਢਾਹ ਲਾਈ ਹੈ। ਵਿਅੰਗ ਵੀ ਕੱਸੇ ਜਾ ਰਹੇ ਹਨ ਕਿ ਜੇਕਰ ਸਰਕਾਰ ਅਹੁਦਾ ਨਾ ਵਾਪਸ ਲੈਂਦੀ ਤਾਂ ਹਲਕੇ ਵਿਚ ਰੁਜ਼ਗਾਰ ਵੰਡਣਾ ਸੀ, ਜਿਸ ਦੀ ਸ਼ੁਰੂਆਤ ਇਕ ਆਬਕਾਰੀ ਇੰਸਪੈਕਟਰ ਲਗਾ ਕੇ ਕਰ ਦਿੱਤੀ ਗਈ ਸੀ।

# ਨਵੇਂ ਮੁੱਖ ਮੰਤਰੀ ਵੱਲੋਂ ਭ੍ਰਿਸ਼ਟਾਚਾਰ ਖਿਲਾਫ ਆਵਾਜ਼ ਬੁਲੰਦ

**ਜਲੰਧਰ:** ਪੰਜਾਬ ਦੇ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਨੇ ਆਖਿਆ ਕਿ ਸੂਬੇ ਵਿਚ ਜਾਂ ਤਾਂ ਭ੍ਰਿਸ਼ਟਾਚਾਰ ਰਹੇਗਾ ਜਾਂ ਫਿਰ ਉਹ ਰਹਿਣਗੇ। ਉਨ੍ਹਾਂ ਕਿਹਾ ਕਿ ਪੰਜਾਬ ਨੂੰ ਜਿਹੜੀਆਂ ਭ੍ਰਿਸ਼ਟਾਚਾਰ ਦੀਆਂ ਜੋਕਾਂ ਚਿੰਬੜੀਆਂ ਹੋਈਆਂ ਹਨ, ਉਨ੍ਹਾਂ ਨੂੰ ਲਾਹ ਕੇ ਰਹਿਣਗੇ।

ਉਹ ਇਥੇ ਪੰਜਾਬ ਟੈਕਨੀਕਲ ਯੂਨੀਵਰਸਿਟੀ ਕੈਂਪਸ ਵਿਚ ਡਾ. ਬੀ.ਆਰ. ਅੰਬੇਦਕਰ ਦੇ ਨਾਂ 'ਤੇ 150 ਕਰੋੜ ਦੀ ਲਾਗਤ ਨਾਲ ਬਣ ਰਹੇ ਅਜਾਇਬ ਘਰ ਦਾ ਨੀਂਹ ਪੱਥਰ ਰੱਖਣ ਤੋਂ ਬਾਅਦ ਨੌਜਵਾਨਾਂ ਨੂੰ ਸੰਬੋਧਨ ਕਰ ਰਹੇ ਸਨ। ਮੁੱਖ ਮੰਤਰੀ ਨੇ ਕਿਹਾ ਕਿ ਵਿਜੀਲੈਂਸ ਵਾਲੇ ਵੀ ਭ੍ਰਿਸ਼ਟਾਚਾਰੀ ਨੂੰ ਫੜਨ ਤੋਂ ਪਹਿਲਾਂ ਸਬੂਤ ਵਜੋਂ ਆਡੀਓ ਦੀ ਮੰਗ ਕਰਦੇ ਹਨ। ਉਨ੍ਹਾਂ ਪੰਜਾਬ ਦੇ ਲੋਕਾਂ ਨੂੰ ਸੱਦਾ ਦਿੱਤਾ ਕਿ ਸੂਬੇ ਵਿਚੋਂ ਉਹ ਭ੍ਰਿਸ਼ਟਾਚਾਰ ਇਕੱਲਿਆਂ ਖਤਮ ਨਹੀਂ ਕਰ ਸਕਦੇ, ਇਸ ਲਈ ਨੌਜਵਾਨਾਂ ਨੂੰ ਅੱਗੇ ਆਉਣਾ ਪਵੇਗਾ। ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਨੇ ਦਰਜਾ ਚਾਰ ਮੁਲਾਜ਼ਮਾਂ ਦੀ ਭਰਤੀ ਪੱਕੇ ਤੌਰ 'ਤੇ ਕਰਨ ਦਾ ਐਲਾਨ ਵੀ ਕੀਤਾ। ਉਨ੍ਹਾਂ ਸੂਬਾ ਪੱਧਰੀ ਮੈਗਾ ਰੁਜ਼ਗਾਰ ਮੇਲੇ ਮੌਕੇ ਨੌਜਵਾਨਾਂ ਨੂੰ ਨੌਕਰੀਆਂ ਦੇ ਸਰਟੀਫਿਕੇਟ ਵੀ ਵੰਡੇ। ਮੁੱਖ ਮੰਤਰੀ ਨੇ ਡਾ. ਅੰਬੇਡਕਰ ਦੇ ਨਾਂ 'ਤੇ ਬਣਨ ਵਾਲੇ ਅਜਾਇਬ ਘਰ ਦਾ ਨੀਂਹ ਪੱਥਰ ਰੱਖਦਿਆਂ ਕਿਹਾ ਕਿ ਡਾ. ਬੀ.ਆਰ. ਅੰਬੇਡਕਰ ਦੇ ਨਾਂ 'ਤੇ ਉਸਾਰਿਆ ਜਾਣ ਵਾਲਾ ਅਤਿ-ਆਧੁਨਿਕ ਅਜਾਇਬ ਘਰ ਆਉਣ ਵਾਲੀਆਂ ਪੀੜ੍ਹੀਆਂ ਵਾਸਤੇ ਬਾਬਾ ਸਾਹਿਬ ਦੀ ਦੇਣ ਦਾ ਪ੍ਰਚਾਰ ਕਰਨ ਵਾਲਾ ਸਿੱਧ ਹੋਵੇਗਾ।

ਉਨ੍ਹਾਂ ਕਿਹਾ ਕਿ ਇਹ ਮਿਊਜ਼ੀਅਮ ਡਾ. ਅੰਬੇਡਕਰ ਦੇ ਜੀਵਨ, ਕਾਰਜ ਤੇ ਵਿਚਾਰਧਾਰਾ ਨਾਲ ਸਬੰਧਤ ਵਿਸ਼ਿਆਂ ਦੇ ਤੱਥਾਂ ਦਾ ਇਕ ਨਿਵੇਕਲਾ ਸੁਮੇਲ ਹੋਵੇਗਾ। ਰੁਜ਼ਗਾਰ ਮੇਲੇ 'ਚ ਨੌਕਰੀਆਂ ਹਾਸਲ ਕਰਨ ਵਾਲੇ ਨੌਜਵਾਨਾਂ ਨੂੰ ਵਧਾਈ ਦਿੰਦਿਆਂ ਮੁੱਖ ਮੰਤਰੀ ਨੇ ਕਿਹਾ ਕਿ ਇਹ ਉਨ੍ਹਾਂ ਲਈ ਚੰਗੀ ਸ਼ੁਰੂਆਤ ਹੈ, ਪਰ ਉਨ੍ਹਾਂ ਨੂੰ ਐਨੇ ਨਾਲ ਹੀ ਸੰਤੁਸ਼ਟ ਨਹੀਂ ਹੋ ਜਾਣਾ ਚਾਹੀਦਾ। ਉਨ੍ਹਾਂ ਪੰਜਾਬ ਸਰਕਾਰ ਵੱਲੋਂ ਕਪੂਰਥਲਾ ਵਿਚ ਡਾ. ਬੀਆਰ ਅੰਬੇਦਕਰ ਮੈਨੇਜਮੈਂਟ ਇੰਸਟੀਚਿਊਟ ਸਥਾਪਤ ਕਰਨ ਦਾ ਐਲਾਨ ਕੀਤਾ। ਇਸ ਲਈ ਇੰਡੀਅਨ ਇੰਸਟੀਚਿਊਟ ਆਫ ਮੈਨੇਜਮੈਂਟ ਅੰਮ੍ਰਿਤਸਰ ਦੀ ਸਹਾਇਤਾ ਲਈ ਜਾਵੇਗੀ।

ਇਸ ਤੋਂ ਇਲਾਵਾ ਉਨ੍ਹਾਂ ਸਕੂਲ ਆਫ ਅੰਬੇਦਕਰ ਥਾਟਸ ਅਤੇ ਭਾਰਤ ਰਤਨ ਡਾ. ਬੀਆਰ ਅੰਬੇਡਕਰ ਸੈਂਟਰ ਫਾਰ ਰਿਸਰਚ ਦੀ ਦੁਆਬਾ ਵਿਚ ਸਥਾਪਨਾ ਦਾ ਐਲਾਨ ਕੀਤਾ। ਉਨ੍ਹਾਂ ਮੈਡੀਕਲ ਕਾਲਜ ਕਪੂਰਥਲਾ ਅਤੇ ਹੁਸ਼ਿਆਰਪੁਰ ਦਾ ਨੀਂਹ ਪੱਥਰ ਜਲਦ ਰੱਖਣ ਦਾ ਐਲਾਨ ਕਰਦਿਆਂ ਕਿਹਾ ਕਿ ਇਨ੍ਹਾਂ ਦੇ ਕੰਮ ਵਿਚ ਤੇਜ਼ੀ ਲਿਆਂਦੀ ਜਾਵੇਗੀ।

### ਚੰਨੀ ਭ੍ਰਿਸ਼ਟ ਮੰਤਰੀਆਂ ਖਿਲਾਫ ਕਾਰਵਾਈ ਕਰਨ: ਚੀਮਾ

**ਚੰਡੀਗੜ੍ਹ:** ਆਮ ਆਦਮੀ ਪਾਰਟੀ (ਆਪ) ਪੰਜਾਬ ਦੇ ਸੀਨੀਅਰ ਆਗੂ ਅਤੇ ਵਿਰੋਧੀ ਧਿਰ ਦੇ ਨੇਤਾ ਹਰਪਾਲ ਸਿੰਘ ਚੀਮਾ ਨੇ ਕਿਹਾ ਕਿ ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੇ ਮੰਤਰੀ ਮੰਡਲ ਵਿਚ ਸ਼ਾਮਲ ਕਈ ਮੰਤਰੀਆਂ 'ਤੇ ਘਪਲੇ ਦੇ ਦੋਸ਼ ਲਗਦੇ ਰਹੇ ਹਨ। ਪੰਜਾਬ ਦੇ ਨਵੇਂ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਉਨ੍ਹਾਂ ਮੰਤਰੀਆਂ ਖਿਲਾਫ ਕੇਸ ਦਰਜ ਕਰ ਕੇ ਜੇਲ੍ਹਾਂ ਵਿਚ ਸੁੱਟਣ ਅਤੇ ਅਰਬਾਂ ਰੁਪਏ ਦੀ ਵਸੂਲੀ ਕਰਨ। ਸ੍ਰੀ ਚੀਮਾ ਨੇ ਮੀਡੀਆ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਕੈਪਟਨ ਅਮਰਿੰਦਰ ਸਿੰਘ ਸਣੇ ਸਾਰੀ ਕੈਬਨਿਟ ਅਤੇ ਬਹੁਤੇ ਕਾਂਗਰਸੀ ਵਿਧਾਇਕਾਂ ਨੇ ਬਾਦਲਾਂ ਵਾਂਗ ਪੰਜਾਬ ਅਤੇ ਸੂਬੇ ਦੇ ਲੋਕਾਂ ਨੂੰ ਰੱਜ ਕੇ ਲੁੱਟਿਆ। ਇਸ ਵਿਚੋਂ ਕੈਬਨਿਟ ਮੰਤਰੀ ਸਾਧੂ ਸਿੰਘ ਧਰਮਸੋਤ, ਬਲਬੀਰ ਸਿੰਘ ਸਿੱਧੂ, ਰਾਣਾ ਗੁਰਮੀਤ ਸਿੰਘ ਸੋਢੀ, ਭਾਰਤ ਭੂਸ਼ਨ ਆਸ਼ੂ ਅਤੇ ਸ਼ਾਮ ਸੁੰਦਰ ਅਰੋੜਾ ਖਿਲਾਫ ਕਈ ਦਸਤਾਵੇਜ਼ ਜਨਤਕ ਹੋ ਚੁੱਕੇ ਹਨ।

# ਗੁਲਾਬੀ ਸੁੰਡੀ ਦੇ ਹਮਲੇ ਨੇ ਕਿਸਾਨਾਂ ਦੇ ਸੁਪਨੇ ਢਹਿ-ਢੇਰੀ ਕੀਤੇ

### ਨਰਮੇ ਦੀ ਫਸਲ ਵਾਹੁਣ ਲਈ ਮਜਬੂਰ ਹੋਏ ਕਿਸਾਨ



**ਮਾਨਸਾ:** ਨਰਮੇ ਦੀ ਫਸਲ 'ਤੇ ਗੁਲਾਬੀ ਸੁੰਡੀ ਦੇ ਹਮਲੇ ਨੇ ਕਿਸਾਨਾਂ ਦੇ ਸੁਪਨੇ ਚਕਨਾਚੂਰ ਕਰ ਦਿੱਤੇ ਹਨ। ਮਾਨਸਾ ਤੇ ਬਠਿੰਡਾ ਜ਼ਿਲ੍ਹੇ 'ਚ ਇਸ ਸੁੰਡੀ ਨੇ ਇਸ ਕਦਰ ਹਮਲਾ ਕੀਤਾ ਹੋਇਆ ਹੈ ਕਿ 65 ਫੀਸਦੀ ਤੋਂ ਵਧੇਰੇ ਚਿੱਟੇ ਸੋਨੇ ਦੀ ਇਸ ਫਸਲ ਨੂੰ ਤਬਾਹ ਕਰ ਦਿੱਤਾ ਹੈ ਜਦਕਿ ਕਈ ਪਿੰਡਾਂ ਦੇ ਕਿਸਾਨਾਂ ਨੇ ਮਜਬੂਰਨ ਫਸਲ ਨੂੰ ਵਾਹ ਵੀ ਦਿੱਤਾ ਹੈ।

ਜਾਣਕਾਰੀ ਅਨੁਸਾਰ ਇਹ ਸੁੰਡੀ ਮਾਲਵਾ ਖੇਤਰ ਦੇ ਨਰਮਾ ਪੱਟੀ ਵਾਲੇ ਦੂਸਰੇ ਜ਼ਿਲ੍ਹਿਆਂ 'ਚ ਵੀ ਦਸਤਕ ਦੇਣ ਲੱਗੀ ਹੈ ਜਦਕਿ ਗੁਆਂਢੀ ਰਾਜ ਹਰਿਆਣਾ 'ਚ ਤਾਂ ਹਮਲਾ ਹੋਰ ਵੀ ਜ਼ਿਆਦਾ ਦੱਸਿਆ ਜਾਂਦਾ ਹੈ। ਖੇਤੀਬਾੜੀ ਵਿਭਾਗ ਤੋਂ ਮਿਲੀ ਜਾਣਕਾਰੀ ਅਨੁਸਾਰ ਐਤਕੀਂ ਪੰਜਾਬ 'ਚ 3 ਲੱਖ 3 ਹਜ਼ਾਰ ਹੈਕਟੇਅਰ (7 ਲੱਖ 58 ਹਜ਼ਾਰ ਏਕੜ ਦੇ ਕਰੀਬ) ਰਕਬਾ ਨਰਮੇ ਦੀ ਫਸਲ ਹੇਠ ਹੈ। ਅੱਧ ਤੋਂ ਵਧੇਰੇ 1 ਲੱਖ 59 ਹਜ਼ਾਰ ਹੈਕਟੇਅਰ ਬਠਿੰਡਾ/ਮਾਨਸਾ ਜ਼ਿਲ੍ਹੇ 'ਚ ਹੈ। ਬਠਿੰਡਾ ਜ਼ਿਲ੍ਹੇ 'ਚ 95 ਹਜ਼ਾਰ ਅਤੇ ਮਾਨਸਾ 'ਚ 64 ਹਜ਼ਾਰ ਹੈਕਟੇਅਰ ਰਕਬੇ 'ਚ ਨਰਮਾ ਬੀਜਿਆ ਹੋਇਆ ਹੈ। ਸੁੰਡੀ ਦੇ ਹਮਲੇ ਦੀ ਸ਼ੁਰੂਆਤ ਸਤੰਬਰ ਦੇ ਪਹਿਲੇ ਹਫਤੇ ਸਾਹਮਣੇ ਆਈ ਸੀ। ਇਸ ਦੇ ਬਾਵਜੂਦ ਪੰਜਾਬ ਸਰਕਾਰ ਅਤੇ ਖੇਤੀਬਾੜੀ ਵਿਭਾਗ ਨੇ ਗੰਭੀਰਤਾ ਨਹੀਂ ਅਪਣਾਈ ਪਰ ਜਦੋਂ ਸੁੰਡੀ ਕਹਿਰ ਬਣ ਗਈ ਤਾਂ ਵਿਭਾਗ ਵੀ ਜਾਗ ਪਿਆ। ਖੇਤੀਬਾੜੀ ਵਿਭਾਗ ਵੱਲੋਂ ਪੰਜਾਬ ਸਰਕਾਰ ਨੂੰ ਜੋ ਰਿਪੋਰਟ ਭੇਜੀ ਗਈ ਹੈ, 'ਚ ਬਠਿੰਡਾ ਤੇ ਮਾਨਸਾ ਜ਼ਿਲ੍ਹੇ 'ਚ 40 ਫੀਸਦੀ ਤੋਂ ਵੱਧ ਫਸਲ ਖਰਾਬ ਹੋਣ ਦੀ ਗੱਲ ਕੀਤੀ ਗਈ ਹੈ ਜਦਕਿ ਕਿਸਾਨਾਂ ਦਾ ਕਹਿਣਾ ਹੈ ਕਿ ਫਸਲ ਲਗਭਗ ਬਰਬਾਦ ਹੋ ਗਈ ਹੈ ਅਤੇ ਨਵੇਂ ਫੁੱਲ ਲੱਗਣ ਤੋਂ ਬਾਅਦ ਵੀ ਜਦੋਂ ਟੀਂਡੇ ਬਣਨਗੇ, ਉਸ ਮੌਕੇ ਵੀ ਸੁੰਡੀ ਖਹਿੜਾ ਨਹੀਂ ਛੱਡੇਗੀ।

ਖੇਤੀ ਮਾਹਿਰਾਂ ਦੇ ਵੀ ਇਸ ਗੱਲ ਤੋਂ ਹੱਥ ਖੜ੍ਹੇ ਹਨ ਕਿ ਟੀਂਡਿਆਂ 'ਚ ਵਿਚਲੀਆਂ ਸੁੰਡੀਆਂ ਦਾ ਕੋਈ ਇਲਾਜ ਨਹੀਂ। ਉਹ ਕਿਸਾਨਾਂ ਨੂੰ ਇਹੋ ਸਲਾਹ ਦਿੰਦੇ ਹਨ ਕਿ ਨਵੀਂ ਬੂਕੀ 'ਤੇ ਸੁੰਡੀ ਤੋਂ ਬਚਾਅ ਲਈ ਮਾਹਿਰਾਂ ਵੱਲੋਂ ਸਿਫਾਰਸ਼ ਕੀਤੀ ਦਵਾਈਆਂ ਹੀ ਛਿੜਕਣ। ਕਿਸਾਨਾਂ ਦਾ ਦੋਸ਼ ਹੈ ਕਿ ਬੀਜ ਕੰਪਨੀਆਂ ਦੀ ਅਣਗਹਿਲੀ ਅਤੇ ਸਰਕਾਰ ਤੇ ਖੇਤੀਬਾੜੀ ਵਿਭਾਗ ਵੱਲੋਂ ਧਾਰੀ ਚੁੱਪ ਦਾ ਉਹ ਖਮਿਆਜ਼ਾ ਭੁਗਤ ਰਹੇ ਹਨ। ਉਨ੍ਹਾਂ ਦੱਸਿਆ ਕਿ ਪਿਛਲੇ ਵਰ੍ਹਿਆਂ ਦੌਰਾਨ ਬੀ.ਟੀ. ਨਰਮੇ ਦੇ ਪੈਕਟ 'ਚ ਵੱਖਰੇ ਤੌਰ 'ਤੇ 50 ਗ੍ਰਾਮ ਤੋਂ ਵਧੇਰੇ ਨਾਨ ਬੀ.ਟੀ. ਬੀਜ ਉਪਲਬਧ ਹੁੰਦਾ ਸੀ, ਜਿਸ ਨੂੰ ਖੇਤ ਦੇ ਚਾਰ ਚੁਫੇਰੇ ਕੁਝ ਖੁੰਡਾਂ 'ਚ ਬੀਜਣਾ ਹੁੰਦਾ ਸੀ ਤਾਂ ਕਿ ਕਿਸੇ ਵੀ ਪ੍ਰਕਾਰ ਦੇ ਪਤੰਗੇ ਦਾ ਹਮਲਾ ਬਾਹਰੀ ਬੂਟਿਆਂ ਤੱਕ ਹੀ ਸੀਮਤ ਰਹੇ। ਉਨ੍ਹਾਂ ਕਿਹਾ ਕਿ ਭਾਵੇਂ ਕੁਝ ਕਿਸਾਨ ਇਹ ਬੀਜ ਬੀਜਦੇ ਵੀ ਨਹੀਂ ਸਨ, ਪਰ ਫਿਰ ਵੀ ਸੁੰਡੀ ਆਦਿ ਦਾ ਹਮਲਾ ਨਹੀਂ ਹੋਇਆ। ਕਿਸਾਨਾਂ ਦੇ ਦੱਸਣ ਅਨੁਸਾਰ ਐਤਕੀਂ ਬੀਜ ਕੰਪਨੀਆਂ ਨੇ ਨਾਨ ਬੀ.ਟੀ. ਬੀਜ ਨੂੰ ਪੈਕਟ 'ਚ ਮਿਕਸ ਵੀ ਕਰ ਦਿੱਤਾ ਹੈ ਤੇ ਮਿਕਦਾਰ ਵੀ ਘਟਾ ਦਿੱਤੀ ਹੈ। ਉਨ੍ਹਾਂ ਦਾ ਦਾਅਵਾ ਹੈ ਕਿ ਅਜਿਹਾ ਹੋਣ ਨਾਲ ਹੀ ਸੁੰਡੀ ਦੀ ਪੈਦਾਵਾਰ ਹੋਈ ਹੈ। ਖੇਤੀ ਮਾਹਿਰ ਇਹ ਗੱਲ ਤਾਂ ਮੰਨਦੇ ਹਨ ਕਿ ਕੰਪਨੀਆਂ ਨੇ ਬੀਜ ਨੂੰ ਮਿਕਸ ਕਰ ਦਿੱਤਾ ਹੈ, ਪਰ ਉਨ੍ਹਾਂ ਦਾ ਕਹਿਣਾ ਹੈ ਕਿ ਹਮਲੇ ਦੇ ਅੰਸ਼ ਪਿਛਲੇ ਵਰ੍ਹੇ ਵੀ ਕਿਤੇ ਕਿਤੇ ਵੇਖੇ ਗਏ ਸਨ।

ਉਧਰ, ਮਹਿੰਗੀਆਂ ਕੀਟੇਮਾਰ ਦਵਾਈਆਂ ਦੇ ਛਿੜਕਾਅ ਮਗਰੋਂ ਗੁਲਾਬੀ ਸੁੰਡੀ ਖਤਮ ਨਾ ਹੋਣ 'ਤੇ ਪਿੰਡ ਭੰਮੇ ਖੁਰਦ ਦੇ ਕਿਸਾਨ ਗੁਰਚਰਨ ਸਿੰਘ ਨੇ ਅੱਕ ਕੇ ਦੋ ਏਕੜ ਨਰਮੇ ਦੀ ਫਸਲ ਤਵੀਆਂ ਨਾਲ ਵਾਹ ਦਿੱਤੀ। ਕਿਸਾਨ ਨੇ ਇਸ ਤੋਂ ਪਹਿਲਾਂ ਵੀ ਇਕ ਏਕੜ ਨਰਮਾ ਗੁਲਾਬੀ ਸੁੰਡੀ ਦੀ ਮਾਰ ਹੇਠ ਆਉਣ ਕਾਰਨ ਵਾਹ ਦਿੱਤਾ ਸੀ। ਕਿਸਾਨ ਗੁਰਚਰਨ ਸਿੰਘ ਨੇ ਦੱਸਿਆ ਕਿ ਉਹ ਗੁਲਾਬੀ ਸੁੰਡੀ ਤੋਂ ਆਪਣੀ ਫਸਲ ਨੂੰ ਬਚਾਉਣ ਲਈ ਖੇਤੀਬਾੜੀ ਮਹਿਕਮੇ ਦੀਆਂ ਦੱਸੀਆਂ ਸਾਰੀਆਂ ਸਪਰੇਆਂ ਅਤੇ ਹਰ ਹੀਲਾ-ਵਸੀਲਾ ਵਰਤ ਕੇ ਥੱਕ ਗਿਆ।

ਉਸ ਨੇ ਦੱਸਿਆ ਕਿ ਉਸ ਨੂੰ 40 ਮਣ ਪ੍ਰਤੀ ਏਕੜ ਨਰਮੇ ਦੇ ਝਾੜ ਦੀ ਆਸ ਸੀ ਪਰ ਗੁਲਾਬੀ ਸੁੰਡੀ ਨੇ ਨਰਮੇ ਨੂੰ ਫਲ ਨਹੀਂ ਪੈਣ ਦਿੱਤਾ, ਜਿਸ ਕਾਰਨ ਮਜਬੂਰੀ ਵੱਸ ਉਸ ਨੂੰ ਮੋਢਿਆਂ ਤੱਕ ਹੋਇਆ ਨਰਮਾ ਵਾਹੁਣਾ ਪਿਆ। ਮਾਲਵਾ ਖੇਤਰ ਵਿਚ ਬੇਸ਼ੱਕ ਹਜ਼ਾਰਾਂ ਏਕੜ ਨਰਮਾ ਗੁਲਾਬੀ ਸੁੰਡੀ ਦੀ ਮਾਰ ਹੇਠ ਆਇਆ ਹੈ ਪਰ ਇਹ ਪਹਿਲੀ ਵਾਰ ਹੋਇਆ ਕਿ ਇਸ ਸੁੰਡੀ ਤੋਂ ਅੱਕੇ ਕਿਸਾਨਾਂ ਨੇ ਆਸਾਂ ਢਹਿ-ਢੇਰੀ ਹੁੰਦੀਆਂ ਦੇਖ ਫਸਲ 'ਤੇ ਤਵੀਆਂ ਚਲਾ ਦਿੱਤੀਆਂ।

ਕਿਰਤੀ ਕਿਸਾਨ ਯੂਨੀਅਨ ਨੇ ਨਰਮਾ ਪੱਟੀ ਵਿਚ ਨਕਲੀ ਬੀਜ ਅਤੇ ਕੀਟਨਾਸ਼ਕਾਂ ਕਰਕੇ ਖਰਾਬ ਹੋਈ ਹਜ਼ਾਰਾਂ ਏਕੜ ਨਰਮੇ ਦੀ ਫਸਲ ਲਈ ਵਿਸ਼ੇਸ਼ ਗਿਰਦਾਵਰੀ ਕਰਕੇ ਪੰਜਾਹ ਹਜ਼ਾਰ ਪ੍ਰਤੀ ਏਕੜ ਮੁਆਵਜ਼ਾ ਦੇਣ ਅਤੇ ਨਕਲੀ ਬੀਜ ਤੇ ਕੀਟਨਾਸ਼ਕ ਦੇਣ ਵਾਲੀਆਂ ਕੰਪਨੀਆਂ ਖਿਲਾਫ ਪਰਚਾ ਦਰਜ ਕਰਨ ਦੀ ਮੰਗ ਕੀਤੀ। ਕਿਰਤੀ ਕਿਸਾਨ ਯੂਨੀਅਨ ਦੇ ਸੂਬਾ ਪ੍ਰਧਾਨ ਨਿਰਭੈ ਸਿੰਘ ਢੁੱਡੀਕੇ ਨੇ ਕਿਹਾ ਕਿ ਜਿਹੜੇ ਕਿਸਾਨਾਂ ਦੀ ਫਸਲ ਨਕਲੀ ਬੀਜਾਂ ਅਤੇ ਸਪਰੇਆਂ ਕਰਕੇ ਖਰਾਬ ਹੋਈ ਹੈ, ਉਨ੍ਹਾਂ ਨੂੰ ਪ੍ਰਤੀ ਏਕੜ ਪੰਜਾਹ ਹਜ਼ਾਰ ਦੇ ਹਿਸਾਬ ਨਾਲ ਮੁਆਵਜ਼ਾ ਦਿੱਤਾ ਜਾਵੇ ਤੇ ਜਿਨ੍ਹਾਂ ਕਿਸਾਨਾਂ ਨੇ ਜ਼ਮੀਨ ਠੇਕੇ 'ਤੇ ਲਈ ਹੈ, ਉਨ੍ਹਾਂ ਨੂੰ ਮੁਆਵਜ਼ੇ 'ਚ ਠੇਕੇ ਦੀ ਕੀਮਤ ਜੋੜ ਕੇ ਮੁਆਵਜ਼ਾ ਦਿੱਤਾ ਜਾਵੇ।

### ਸੁਖਬੀਰ ਸਿੰਘ ਬਾਦਲ ਨੇ ਸਰਕਾਰ ਨੂੰ ਘੇਰਿਆ

**ਤਲਵੰਡੀ ਸਾਬੋ:** ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਮਾਲਵਾ ਖੇਤਰ ਵਿਚ ਗੁਲਾਬੀ ਸੁੰਡੀ ਕਾਰਨ ਵੱਡੀ ਪੱਧਰ 'ਤੇ ਨੁਕਸਾਨੀ ਗਈ ਨਰਮੇ ਦੀ ਫਸਲ ਦਾ ਜਾਇਜ਼ਾ ਲਿਆ। ਇਸ ਮੌਕੇ ਉਨ੍ਹਾਂ ਕਿਹਾ ਕਿ ਪੰਜਾਬ ਦੇ ਨਵੇਂ ਬਣੇ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਭੰਗੜਾ ਪਾਉਣ ਦੀ ਥਾਂ ਇਸ ਇਲਾਕੇ ਵਿਚ ਨਰਮਾ ਕਾਸ਼ਤਕਾਰਾਂ ਦੇ ਦੁਖੜੇ ਸੁਣਨ ਅਤੇ ਉਨ੍ਹਾਂ ਲਈ ਤੁਰਤ ਮੁਆਵਜ਼ੇ ਦਾ ਐਲਾਨ ਕਰਨ। ਉਨ੍ਹਾਂ ਕਿਹਾ ਕਿ ਕਾਂਗਰਸ ਦੀ ਅਗਵਾਈ ਹੇਠਲੀ ਪੰਜਾਬ ਸਰਕਾਰ ਨੇ ਕੁਰਸੀ ਦੀ ਲੜਾਈ ਲਈ ਕਿੰਨੇ ਮਹੀਨੇ ਖਰਾਬ ਕਰ ਦਿੱਤੇ ਤੇ ਰਾਜ ਦੇ ਲੋਕਾਂ ਦੀਆਂ ਸਮੱਸਿਆਵਾਂ ਵੱਲ ਕੋਈ ਧਿਆਨ ਨਹੀਂ ਦਿੱਤਾ।

### ਚੰਨੀ ਵੱਲੋਂ ਪੀੜਤ ਕਿਸਾਨਾਂ ਨੂੰ ਪੂਰਾ ਮੁਆਵਜ਼ਾ ਦੇਣ ਦਾ ਐਲਾਨ

**ਬਠਿੰਡਾ:** ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਗੁਲਾਬੀ ਸੁੰਡੀ ਤੋਂ ਪ੍ਰਭਾਵਿਤ ਖੇਤਾਂ ਦਾ ਦੌਰਾ ਕਰਨ ਬਠਿੰਡਾ ਜ਼ਿਲ੍ਹੇ 'ਚ ਆਏ। ਉਹ ਹੈਲੀਕਾਪਟਰ 'ਤੇ ਬਠਿੰਡਾ ਪਹੁੰਚੇ ਅਤੇ ਅੱਗੇ ਕਾਰ ਰਾਹੀਂ ਪਿੰਡ ਕਟਾਰ ਸਿੰਘ ਵਾਲਾ ਵਿੱਚ ਸੁੰਡੀ ਦੇ ਹਮਲੇ ਦੀ ਜ਼ਦ 'ਚ ਆਏ ਖੇਤਾਂ ਦਾ ਨਿਰੀਖਣ ਕੀਤਾ। ਮੁੱਖ ਮੰਤਰੀ ਨੇ ਗੁਲਾਬੀ ਸੁੰਡੀ ਨਾਲ ਨੁਕਸਾਨੇ ਗਏ ਨਰਮੇ ਦਾ ਹਸ਼ਰ ਅੱਖੀਂ ਤੱਕ ਕੇ ਐਲਾਨ ਕੀਤਾ ਕਿ ਸੁੰਡੀ ਫੈਲਣ ਦੇ ਤਮਾਮ ਕਾਰਨਾਂ ਦੀ ਪੜਤਾਲ ਤੇ ਇਲਾਜ ਲਈ ਤੱਟ-ਫੱਟ ਕਾਰਵਾਈ ਅਤੇ ਮੁਆਵਜ਼ਾ ਰਾਸ਼ੀ ਸਿੱਧੀ ਕਾਸ਼ਤਕਾਰਾਂ ਤੱਕ ਅੱਪੜਦੀ ਕੀਤੀ ਜਾਵੇ। ਉਨ੍ਹਾਂ ਸੁੰਡੀ ਦੀ ਰੋਕਥਾਮ ਲਈ ਖੇਤੀ ਮਾਹਿਰਾਂ ਨੂੰ ਮਾਲਵਾ ਪੱਟੀ 'ਚ ਤੁਰਤ ਬੁਲਾਉਣ ਲਈ ਅਧਿਕਾਰੀਆਂ ਨੂੰ ਹੁਕਮ ਦਿੱਤੇ।

### ਭਾਰੀ ਮੀਂਹ ਨੇ ਕਿਸਾਨਾਂ ਦੇ ਸਾਹ ਸੂਤੇ; ਫਸਲਾਂ ਵਿਛੀਆਂ

**ਜਲੰਧਰ:** ਅੱਸੂ ਵਿਚ ਵੀ ਸਾਉਣ ਵਾਂਗ ਲੱਗੀ ਝੜੀ ਨੇ ਕਿਸਾਨਾਂ ਦੀ ਫਿਕਰਮੰਦੀ ਵਧਾ ਦਿੱਤੀ ਹੈ ਕਿਉਂਕਿ ਝੋਨੇ ਦੀ ਅਗੇਤੀ ਫਸਲ ਵਾਢੀ ਲਈ ਤਿਆਰ ਖੜ੍ਹੀ ਹੈ। ਖੇਤੀਬਾੜੀ ਵਿਭਾਗ ਦੇ ਅਧਿਕਾਰੀ ਡਾ. ਨਰੇਸ਼ ਗੁਲਾਟੀ ਨੇ ਦੱਸਿਆ ਕਿ ਝੋਨੇ ਦੀ ਅਗੇਤੀ ਕਿਸਮ ਪੀਆਰ 126 ਪੱਕਣ 'ਤੇ ਆਈ ਹੋਈ ਹੈ ਤੇ ਇਸ ਦੀ ਵਾਢੀ ਅਕਤੂਬਰ ਦੇ ਪਹਿਲੇ ਹਫਤੇ ਸ਼ੁਰੂ ਹੋ ਜਾਣੀ ਹੈ। ਹੁਣ ਜਦੋਂ ਝੋਨੇ ਦੇ ਦਾਣਿਆਂ ਦਾ ਵਿਕਾਸ ਹੋ ਰਿਹਾ ਹੈ ਤਾਂ ਅਜਿਹੇ ਵਿਚ ਮੀਂਹ ਦਾ ਪੈਣਾ ਨੁਕਸਾਨਦੇਹ ਹੈ। ਉਨ੍ਹਾਂ ਕਿਹਾ ਕਿ ਜਿਹੜੀਆਂ ਕਿਸਮਾਂ 15 ਅਕਤੂਬਰ ਤੋਂ ਬਾਅਦ ਵੱਢਣੀਆਂ ਹਨ, ਉਨ੍ਹਾਂ ਲਈ ਤਾਂ ਮੀਂਹ ਠੀਕ ਹੈ ਪਰ ਅਗੇਤੀ ਕਿਸਮ ਦੇ ਝੋਨੇ ਲਈ ਮੀਂਹ ਨੁਕਸਾਨਦੇਹ ਹੈ। ਇਸ ਨਾਲ ਪੱਕ ਰਹੇ ਦਾਣੇ ਨੂੰ ਨੁਕਸਾਨ ਹੋ ਸਕਦਾ ਹੈ ਤੇ ਉਹ ਬਦਰੰਗ ਹੋਣ ਦੀਆਂ ਵੀ ਸੰਭਾਵਨਾਵਾਂ ਹਨ।

# ਚੰਨੀ ਨੇ ਕੇਂਦਰ ਸਰਕਾਰ ਤੋਂ ਝੋਨੇ ਦੇ ਖਰੀਦ ਮਾਪਦੰਡਾਂ 'ਚ ਢਿੱਲ ਮੰਗੀ

**ਚੰਡੀਗੜ੍ਹ:** ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਨੇ ਫਸਲ ਦੀ ਨਿਰਵਿਘਨ ਖਰੀਦ ਲਈ ਕੇਂਦਰ ਸਰਕਾਰ ਨੂੰ ਅਪੀਲ ਕੀਤੀ ਹੈ ਕਿ ਜੇਕਰ ਮੀਂਹ ਕਾਰਨ ਝੋਨੇ ਦੀ ਗੁਣਵੱਤਾ ਨੂੰ ਲੈ ਕੇ ਕੁਝ ਮਸਲੇ ਪੇਸ਼ ਆਉਂਦੇ ਹਨ ਤਾਂ ਖਰੀਦ ਦੇ ਕੇਂਦਰੀ ਨਿਯਮਾਂ ਵਿਚ ਢਿੱਲ ਦਿੱਤੀ ਜਾਵੇ।

ਉਨ੍ਹਾਂ ਕਿਹਾ ਕਿ ਪੰਜਾਬ ਵਿਚ ਬੀਤੇ ਦਿਨਾਂ ਤੋਂ ਭਾਰੀ ਮੀਂਹ ਪੈ ਰਿਹਾ ਹੈ ਅਤੇ ਮੌਸਮ ਵਿਭਾਗ ਦੀ ਭਵਿੱਖਬਾਣੀ ਅਨੁਸਾਰ ਅਗਲੇ 5-7 ਦਿਨਾਂ ਤੱਕ ਮੀਂਹ ਜਾਰੀ ਰਹਿਣ ਦਾ ਅਨੁਮਾਨ ਹੈ ਜਿਸ ਕਰਕੇ ਵਾਢੀ ਦੇ ਸਮੇਂ ਝੋਨੇ ਦੀ ਗੁਣਵੱਤਾ ਨੂੰ ਲੈ ਕੇ ਕੁਝ ਮਸਲੇ ਖੜ੍ਹੇ ਹੋ ਸਕਦੇ ਹਨ।

ਮੁੱਖ ਮੰਤਰੀ ਨੇ ਇਹ ਵੀ ਕਿਹਾ ਕਿ ਸਾਉਣੀ ਦੇ ਮਾਰਕੀਟਿੰਗ ਸੀਜ਼ਨ 2021-22 ਲਈ ਨਕਦ ਕਰਜ਼ਾ ਹੱਦ (ਕੈਸ਼ ਕ੍ਰੈਡਿਟ ਲਿਮਟ) ਸਬੰਧੀ ਪੰਜਾਬ ਨੂੰ ਭਾਰਤੀ ਰਿਜ਼ਰਵ ਬੈਂਕ ਤੋਂ ਫੌਰੀ ਇਜਾਜ਼ਤ ਦਿਵਾਉਣ ਵਿਚ ਮਦਦ ਕੀਤੀ ਜਾਵੇ। ਉਨ੍ਹਾਂ ਆਪਣੇ ਦਫਤਰ 'ਚ ਕੇਂਦਰੀ ਖੁਰਾਕ ਤੇ ਜਨਤਕ ਵੰਡ ਮਾਮਲਿਆਂ ਬਾਰੇ ਸਕੱਤਰ ਸੁਧਾਂਸ਼ੂ ਪਾਂਡੇ ਨਾਲ ਡੇਢ ਘੰਟੇ ਤੱਕ ਵਿਸਥਾਰ ਨਾਲ ਗੱਲਬਾਤ ਕੀਤੀ। ਇਸ ਮੌਕੇ ਉਪ ਮੁੱਖ ਮੰਤਰੀ ਸੁਖਜਿੰਦਰ ਸਿੰਘ ਰੰਧਾਵਾ ਵੀ ਮੌਜੂਦ ਸਨ।

ਕੇਂਦਰੀ ਸਕੱਤਰ ਨੇ ਪੰਜਾਬ ਵੱਲੋਂ ਕੌਮੀ ਖੁਰਾਕ ਭੰਡਾਰ ਵਿਚ ਕਣਕ ਅਤੇ ਝੋਨੇ ਦੇ ਪਾਏ ਜਾ ਰਹੇ ਯੋਗਦਾਨ ਦੀ ਵੀ ਸ਼ਲਾਘਾ ਕੀਤੀ। ਮੁੱਖ ਮੰਤਰੀ ਵੱਲੋਂ ਝੋਨੇ ਦੀ ਮੌਜੂਦਾ ਖਰੀਦ ਨੂੰ ਪਿਛਲੇ ਨਿਯਮਾਂ ਅਨੁਸਾਰ ਨੇਪਰੇ ਚਾੜ੍ਹੇ ਜਾਣ ਦੀ ਕੀਤੀ ਬੇਨਤੀ ਨੂੰ ਮਨਜ਼ੂਰੀ ਦਿੰਦਿਆਂ ਸ੍ਰੀ ਪਾਂਡੇ ਨੇ ਦੱਸਿਆ ਕਿ ਭਾਰਤ ਸਰਕਾਰ ਵੱਲੋਂ ਪਹਿਲੀ ਅਕਤੂਬਰ ਤੋਂ ਸੂਬੇ ਵਿਚ ਮੌਜੂਦਾ ਨਿਯਮਾਂ ਅਨੁਸਾਰ ਝੋਨੇ ਦੀ ਖਰੀਦ ਦਾ ਫੈਸਲਾ ਪਹਿਲਾਂ ਹੀ ਕੀਤਾ ਜਾ ਚੁੱਕਿਆ ਹੈ।

ਸ੍ਰੀ ਚੰਨੀ ਨੇ ਕੇਂਦਰੀ ਸਕੱਤਰ ਨੂੰ ਜਾਣਕਾਰੀ ਦਿੱਤੀ ਕਿ ਭਵਿੱਖ ਵਿਚ ਵੀ ਸੋਧੇ ਗਏ ਨਿਯਮਾਂ ਨੂੰ ਅੰਤਿਮ ਰੂਪ ਦਿੱਤੇ ਜਾਣ ਤੋਂ ਪਹਿਲਾਂ ਸਾਰੀਆਂ ਸਬੰਧਤ ਧਿਰਾਂ ਨੂੰ ਵਿਸ਼ਵਾਸ ਵਿਚ ਲਿਆ ਜਾਵੇ। ਉਨ੍ਹਾਂ ਸਕੱਤਰ ਨੂੰ ਦੱਸਿਆ ਕਿ ਭਾਰਤ ਸਰਕਾਰ ਵੱਲੋਂ 170 ਲੱਖ ਮੀਟਰਿਕ ਟਨ ਝੋਨੇ ਦੀ ਖਰੀਦ ਦਾ ਟੀਚਾ ਮਿਥਿਆ ਗਿਆ ਹੈ, ਪਰ ਅਨੁਮਾਨਾਂ ਅਨੁਸਾਰ 191 ਲੱਖ ਮੀਟਰਿਕ ਟਨ ਝੋਨੇ ਦੀ ਆਮਦ ਹੋਣ ਦੀ ਆਸ ਹੈ। ਉਨ੍ਹਾਂ ਕੇਂਦਰ ਸਰਕਾਰ ਤੋਂ ਪੂਰਨ ਸਹਿਯੋਗ ਦੀ ਮੰਗ ਕੀਤੀ ਤਾਂ ਜੋ ਰਿਮੋਟ ਸੈਂਸਿੰਗ ਅੰਕੜਿਆਂ ਤੋਂ ਹਾਸਲ ਖੇਤੀਬਾੜੀ ਦੇ ਉਤਪਾਦਨ ਟੀਚੇ ਦੇ ਅਨੁਸਾਰ ਨਿਰਵਿਘਨ ਖਰੀਦ ਯਕੀਨੀ ਬਣਾਈ ਜਾ ਸਕੇ। ਮੁੱਖ ਮੰਤਰੀ ਨੇ ਕੇਂਦਰੀ ਸਕੱਤਰ ਨੂੰ ਕਿਹਾ ਕਿ ਫੌਰੀ ਤੌਰ 'ਤੇ ਰੇਲਵੇ ਅਥਾਰਿਟੀ ਨਾਲ ਸੰਪਰਕ ਕਰਕੇ ਗੋਦਾਮ ਖਾਲੀ ਕਰਵਾਏ ਜਾਣ ਤਾਂ ਜੋ ਤਾਜ਼ਾ ਝੋਨੇ/ਚੌਲ ਦੇ ਭੰਡਾਰਨ ਲਈ ਢੁਕਵੀਂ ਥਾਂ ਬਣਾਈ ਜਾ ਸਕੇ।

### ਕਿਸਾਨਾਂ ਲਈ ਨਿਆਂ ਦੀ ਲੜਾਈ ਲੜਾਂਗੇ: ਸੁਖਬੀਰ

**ਚੰਡੀਗੜ੍ਹ:** ਸ਼੍ਰੋਮਣੀ ਅਕਾਲੀ ਦਲ ਨੇ ਭਾਰਤ ਮਾਲਾ ਪ੍ਰੋਜੈਕਟ ਤਹਿਤ ਸੂਬੇ ਵਿਚ ਹਾਈਵੇਅ ਬਣਾਉਣ ਲਈ ਐਕੁਆਇਰ ਕੀਤੀ ਜਾ ਰਹੀ ਜ਼ਮੀਨ ਵਾਸਤੇ ਕਿਸਾਨਾਂ ਨੂੰ ਦਿੱਤੇ ਜਾ ਰਹੇ ਮੁਆਵਜ਼ੇ ਵਿਚ ਘੱਟ ਤੋਂ ਘੱਟ 100 ਫੀਸਦੀ ਦਾ ਵਾਧਾ ਕਰਨ ਦੀ ਮੰਗ ਕੀਤੀ ਹੈ। ਪੰਜਾਬ ਦੇ ਰਾਜਪਾਲ ਬਨਵਾਰੀ ਲਾਲ ਪੁਰੋਹਿਤ ਨੂੰ ਇਸ ਸਬੰਧੀ ਮੰਗ ਪੱਤਰ ਸੌਂਪਣ ਮਗਰੋਂ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਕਿਹਾ ਕਿ ਸੂਬਾ ਸਰਕਾਰ ਵੱਲੋਂ ਐਕੁਆਇਰ ਕੀਤੀ ਜਾ ਰਹੀ ਜ਼ਮੀਨ ਵਾਸਤੇ ਅਦਾਇਗੀ ਲਈ ਕੁਲੈਕਟਰ ਰੇਟ ਵਿਚ ਵੱਡੀ ਕਟੌਤੀ ਕਰਨ ਦੇ ਫੈਸਲੇ ਕਾਰਨ ਕਿਸਾਨਾਂ ਦਾ 25000 ਕਰੋੜ ਰੁਪਏ ਤੋਂ ਵੱਧ ਦਾ ਨੁਕਸਾਨ ਹੋਇਆ ਹੈ। ਉਨ੍ਹਾਂ ਐਲਾਨ ਕੀਤਾ ਕਿ ਅਕਾਲੀ ਦਲ ਉਦੋਂ ਤੱਕ ਕਿਸਾਨਾਂ ਲਈ ਇਨਸਾਫ ਦੀ ਲੜਾਈ ਲੜੇਗਾ, ਜਦੋਂ ਤੱਕ ਸਰਕਾਰ ਆਪਣਾ ਫੈਸਲਾ ਵਾਪਸ ਨਹੀਂ ਲੈਂਦੀ ਜਾਂ ਫਿਰ ਇਸ ਵਿਚ ਵੱਡੀ ਤਬਦੀਲੀ ਨਹੀਂ ਕਰਦੀ।

# ਅੰਦੋਲਨ ਨੂੰ ਪੂਰੇ ਯੂ.ਪੀ. ਵਿਚ ਫੈਲਾਉਣ ਲਈ ਮਹਾਪੰਚਾਇਤਾਂ ਦਾ ਦੌਰ ਜਾਰੀ

**ਨਵੀਂ ਦਿੱਲੀ:** ਕਿਸਾਨ ਅੰਦੋਲਨ ਪੂਰੇ ਯੂਪੀ ਵਿਚ ਫੈਲਾਉਣ ਦੀ ਨੀਤੀ ਤਹਿਤ ਅਲਾਹਾਬਾਦ (ਪ੍ਰਯਾਗਰਾਜ) ਵਿਚ ਕਿਸਾਨਾਂ ਤੇ ਮਜ਼ਦੂਰਾਂ ਵੱਲੋਂ ਵਿਸ਼ਾਲ ਪੰਚਾਇਤ ਕੀਤੀ ਗਈ। ਭਾਰੀ ਮੀਂਹ ਦੇ ਬਾਵਜੂਦ ਵਿਸ਼ਾਲ ਪੰਚਾਇਤ ਵਿਚ ਵੱਡੀ ਗਿਣਤੀ ਵਿਚ ਲੋਕ ਪਹੁੰਚੇ ਜਦਕਿ ਔਰਤਾਂ ਨੇ ਵੀ ਵੱਡੀ ਗਿਣਤੀ ਵਿਚ ਸ਼ਮੂਲੀਅਤ ਕੀਤੀ।



ਇਸ ਮੌਕੇ ਸੰਯੁਕਤ ਕਿਸਾਨ ਮੋਰਚੇ ਦੇ ਆਗੂ ਤੇ ਕਿਰਤੀ ਕਿਸਾਨ ਯੂਨੀਅਨ ਦੇ ਮੀਤ ਪ੍ਰਧਾਨ ਰਾਜਿੰਦਰ ਸਿੰਘ ਦੀਪ ਸਿੰਘ ਵਾਲਾ ਨੇ ਕਿਹਾ ਕਿ ਜਿਹੜੇ ਲੋਕ ਇਹ ਗੱਲ ਆਖਦੇ ਸਨ ਕਿ ਅੰਦੋਲਨ ਸਿਰਫ ਪੱਛਮੀ ਯੂਪੀ ਤੱਕ ਸੀਮਤ ਹੈ, ਉਹ ਅੱਜ ਪੂਰਬੀ ਯੂਪੀ ਵਿਚ ਇਸ ਰੈਲੀ ਨੂੰ ਦੇਖ ਲੈਣ ਤੇ ਸਮਝ ਲੈਣ ਕਿ ਅੰਦੋਲਨ ਲਗਾਤਾਰ ਫੈਲਦਾ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਇਹ ਲੜਾਈ ਕਾਰਪੋਰੇਟ ਅਤੇ ਭਾਰਤੀ ਲੋਕਾਂ ਦਰਮਿਆਨ ਬਣ ਚੁੱਕੀ ਹੈ ਤੇ ਮੌਜੂਦਾ ਆਰਥਿਕ ਮਾਡਲ ਖਿਲਾਫ ਲੋਕ ਚੇਤਨਾ ਨੂੰ ਜਨਮ ਦੇ ਰਹੀ ਹੈ ਜਿਸ ਦੇ ਸਿੱਟੇ ਵਜੋਂ ਸਾਮਰਾਜੀ ਦਿਸ਼ਾ ਨਿਰਦੇਸ਼ਿਤ ਨਿੱਜੀਕਰਨ ਦੀਆਂ ਨੀਤੀਆਂ ਦੀਆਂ ਸਮਰਥਕ ਪਾਰਟੀਆਂ ਇਸ ਅੰਦੋਲਨ ਕਾਰਨ ਪਰੇਸ਼ਾਨੀ 'ਚ ਹਨ ਤੇ ਸਿਰਫ ਉਪਰੋਂ ਹੀ ਕਿਸਾਨਾਂ ਦੀ ਹਮਾਇਤ ਕਰ ਰਹੀਆਂ ਹਨ ਨਾ ਕਿ ਖੇਤੀ ਕਾਨੂੰਨ ਰੱਦ ਕਰਵਾਉਣ ਨੂੰ ਮੁੱਖ ਕਾਰਜ ਵਜੋਂ ਲੈ ਰਹੀਆਂ ਹਨ।

ਇਸ ਮੌਕੇ ਬੀ.ਕੇ.ਯੂ. (ਟਿਕੈਤ) ਦੇ ਰਾਜੇਸ਼ ਚੌਹਾਨ ਨੇ ਕਿਹਾ, 'ਮੋਦੀ ਹਕੂਮਤ ਕਹਿ ਰਹੀ ਹੈ ਕਿ 'ਐਮ.ਐਸ.ਪੀ. ਥਾ ਔਰ ਰਹੇਗਾ', ਫਿਰ ਯੂਪੀ ਤੇ ਬਿਹਾਰ ਵਿਚ ਕਿਸਾਨ ਕਣਕ ਤੇ ਝੋਨਾ ਸਮਰਥਨ ਮੁੱਲ ਤੋਂ 900 ਤੋਂ 1000 ਰੁਪਏ ਤੱਕ ਘੱਟ ਕਿਉਂ ਵੇਚ ਰਹੇ ਹਨ? ਜੇਕਰ ਸਰਕਾਰ ਸਮਰਥਨ ਮੁੱਲ ਦੇਣਾ ਚਾਹੁੰਦੀ ਤਾਂ ਫਿਰ ਇਸ ਨੂੰ ਕਾਨੂੰਨੀ ਜਾਮਾ ਕਿਉਂ ਨਹੀਂ ਪਹਿਨਾਉਂਦੀ?'

### ਅਕਾਲੀ ਦਲ ਅੰਦੋਲਨ ਨੂੰ ਬਦਨਾਮ ਕਰਨ ਲੱਗਾ: ਮੀਤ ਹੇਅਰ

**ਚੰਡੀਗੜ੍ਹ:** ਆਮ ਆਦਮੀ ਪਾਰਟੀ ਦੇ ਵਿਧਾਇਕ ਅਤੇ ਯੂਥ ਵਿੰਗ ਦੇ ਸੂਬਾ ਪ੍ਰਧਾਨ ਮੀਤ ਹੇਅਰ ਨੇ ਅਕਾਲੀ ਦਲ ਬਾਦਲ ਵੱਲੋਂ ਕਿਸਾਨ ਮੋਰਚੇ ਨੂੰ ਬਦਨਾਮ ਕਰਨ ਦੀ ਨਿਖੇਧੀ ਕਰਦਿਆਂ ਕਿਹਾ ਕਿ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਕੇਂਦਰ ਸਰਕਾਰ ਦੇ ਇਸ਼ਾਰੇ 'ਤੇ ਕਿਸਾਨਾਂ ਖਿਲਾਫ ਮੁਹਿੰਮ ਚਲਾ ਰਹੇ ਹਨ। ਉਨ੍ਹਾਂ ਕਿਹਾ ਕਿ ਅਕਾਲੀ ਦਲ ਨੂੰ ਕਿਸਾਨਾਂ ਨਾਲ ਲੜਨ ਦੀ ਥਾਂ ਕਿਸਾਨਾਂ ਤੇ ਪੰਜਾਬ ਵਾਸੀਆਂ ਦੇ ਸਵਾਲਾਂ ਦੇ ਦਲੀਲ ਨਾਲ ਜਵਾਬ ਦੇਣੇ ਚਾਹੀਦੇ ਹਨ। ਸ੍ਰੀ ਹੇਅਰ ਨੇ ਕਿਹਾ ਕਿ ਬਾਦਲਾਂ ਨੇ ਸਿੱਧ ਕਰ ਦਿੱਤਾ ਹੈ ਕਿ ਭਾਜਪਾ ਦੇ ਨਾਲ ਉਨ੍ਹਾਂ ਦਾ ਨਹੁੰ-ਮਾਸ ਦਾ ਰਿਸ਼ਤਾ ਅੱਜ ਵੀ ਕਾਇਮ ਹੈ।

**Punjab Times**
**Established in 2000**
**22nd Year in Publication**

Published every Saturday
by **A B Publication Inc.**
20451 N Plum Grove Rd.
Palatine, IL 60074-2018
**Ph:847-359-0746**
**Fax:847-705-9388**
Email:punjabtimes1@gmail.com
www.punjabtimesusa.com

**Founder Editor:**
Amolak Singh Jammu
**Astt. Editors:**
Jaspreet Kaur
Kuljeet Singh

**Photographer**
Kamaljit Singh Virdi
Ph. 847-502-2703

**Our Columnists**
Gurbakhsh Singh Bhandal
Baljit Basi
Buta Singh
Tarlochan Singh Dupalpur
Major Kular
**Corrspondents**
**Detroit, MI**
Rajinder Syan
734-261-0936
**New York**
Iqbal S. Jabowalia
917-375-6395

Postmaster: Please send address changes to Punjab Times, 20451 N. Plum Grove Rd., Palatine, IL 60074

**Distributed in:**
California, Illinois, Indiana, Ohio, Michigan, Wisconsin, Mississippi, Iowa, Arkansas, Massachusetts, Texas, Virginia, Nevada, Washington, Oregon, Arizona, Georgia, Florida, New York, New Jersey, Connecticut, Oklahoma, Pennsylvania, Missouri, Kentucky, Kansas.

**ਡਾਕ ਰਾਹੀਂ ਪਰਚਾ ਮੰਗਵਾਉਣ ਲਈ**
**ਸਾਲਾਨਾ ਚੰਦਾ: 105 ਡਾਲਰ**
**ਪੰਜ ਸਾਲ ਲਈ: 475 ਡਾਲਰ**

**ਨੋਟ:** ਪੰਜਾਬ ਟਾਈਮਜ਼ ਵਿਚ ਛਪੇ ਲੇਖਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਪੰਜਾਬ ਟਾਈਮਜ਼ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ। ਇਹ ਪਾਠਕਾਂ ਦੀ ਮਹਿਜ ਜਾਣਕਾਰੀ ਹਿੱਤ ਛਾਪੇ ਜਾਂਦੇ ਹਨ। ਉਨ੍ਹਾਂ ਦੇ ਸਹੀ ਜਾਂ ਗਲਤ ਹੋਣ ਬਾਰੇ ਫੈਸਲਾ ਪਾਠਕਾਂ ਦੇ ਹੱਥ ਵਿਚ ਹੈ।

ਪੰਜਾਬ ਟਾਈਮਜ਼ ਵਿਚ ਛਪੇ ਇਸ਼ਤਿਹਾਰਾਂ ਵਿਚ ਕੀਤੇ ਗਏ ਦਾਅਵਿਆਂ ਦੀ ਜ਼ਰੂਰੀ ਨਹੀਂ ਕਿ ਅਦਾਰਾ ਪੰਜਾਬ ਟਾਈਮਜ਼ ਤਾਈਦ ਕਰਦਾ ਹੋਵੇ। ਪਾਠਕ ਕਿਸੇ ਵੀ ਇਸ਼ਤਿਹਾਰ ਦੇ ਦਾਅਵਿਆਂ ਦੀ ਪੁਸ਼ਟੀ ਆਪ ਕਰ ਲੈਣ।

**Disclaimer**

The views expressed in the articles published in the columns of Punjab Times are that of their writers, and it is not implied that Punjab Times endorses them.

Sameway Punjab Times does not necessarily endorses the claims made in the advertisements published in Punjab Times.

**All disputes subject to Chicago jurisdiction.**

# ਸਿੱਖ ਜਲ ਸੈਨਿਕ ਨੂੰ ਡਿਊਟੀ ਦੌਰਾਨ ਦਸਤਾਰ ਸਜਾਉਣ ਦੀ ਇਜਾਜ਼ਤ ਮਿਲੀ

**ਨਿਊ ਯਾਰਕ:** ਅਮਰੀਕਾ ਦੇ ਇਕ 26 ਸਾਲਾ ਸਿੱਖ-ਅਮਰੀਕੀ ਜਲ ਸੈਨਾ ਅਧਿਕਾਰੀ ਨੂੰ ਕੁਝ ਸ਼ਰਤਾਂ ਨਾਲ ਦਸਤਾਰ ਸਜਾਉਣ ਦੀ ਇਜਾਜ਼ਤ ਦਿੱਤੀ ਗਈ ਹੈ। ਅਮਰੀਕੀ ਜਲ ਸੈਨਾ ਦੇ 246 ਸਾਲਾਂ ਦੇ ਇਤਿਹਾਸ ਵਿਚ ਅਜਿਹੀ ਪ੍ਰਵਾਨਗੀ ਹਾਸਲ ਕਰਨ ਵਾਲੇ ਉਹ ਪਹਿਲੇ ਵਿਅਕਤੀ ਹਨ। 'ਦਿ ਨਿਊ ਯਾਰਕ ਟਾਈਮਜ਼' ਦੀ ਖਬਰ ਮੁਤਾਬਕ 'ਲਗਭਗ ਪੰਜ ਸਾਲ ਤੋਂ ਹਰ ਸਵੇਰ ਲੈਫਟੀਨੈਂਟ ਸੁਖਬੀਰ ਤੂਰ ਅਮਰੀਕੀ ਜਲ ਸੈਨਾ ਕੋਰ ਦੀ ਵਰਦੀ ਪਹਿਨਦੇ ਆਏ ਹਨ ਤੇ ਵੀਰਵਾਰ ਸਿਰ 'ਤੇ ਦਸਤਾਰ ਸਜਾਉਣ ਦੀ ਉਨ੍ਹਾਂ ਦੀ ਇੱਛਾ ਵੀ ਪੂਰੀ ਹੋ ਗਈ ਹੈ।' ਤੂਰ ਨੇ ਇਕ ਇੰਟਰਵਿਊ ਵਿਚ ਕਿਹਾ 'ਆਖਰ ਮੈਨੂੰ ਮੇਰੇ ਵਿਸ਼ਵਾਸ ਤੇ ਦੇਸ਼ ਵਿਚੋਂ ਕਿਸੇ ਇਕ ਨੂੰ ਚੁਣਨ ਦੀ ਨੌਬਤ ਨਹੀਂ ਆਈ। ਮੈਂ ਜਿਹੋ ਜਿਹਾ ਹਾਂ, ਉਸੇ ਤਰ੍ਹਾਂ ਹੀ ਰਹਿੰਦਿਆਂ ਦੋਵਾਂ ਦਾ ਸਤਿਕਾਰ ਕਰਦਾ ਹਾਂ।' ਤੂਰ ਨੇ ਇਸ ਹੱਕ ਨੂੰ ਹਾਸਲ ਕਰਨ ਲਈ ਲੰਮਾ ਸੰਘਰਸ਼ ਕੀਤਾ ਹੈ। ਇਸ ਸਾਲ ਜਦ ਉਨ੍ਹਾਂ ਨੂੰ ਤਰੱਕੀ ਮਿਲੀ ਤੇ ਉਹ ਕੈਪਟਨ ਬਣੇ ਤਾਂ ਉਨ੍ਹਾਂ ਦੀ ਅਪੀਲ ਦਾ ਫੈਸਲਾ ਕੀਤਾ ਗਿਆ।

ਖਬਰ ਅਨੁਸਾਰ ਇਹ ਐਨੇ ਲੰਮੇ ਸਮੇਂ ਤੱਕ ਚੱਲਿਆ ਇਸ ਤਰ੍ਹਾਂ ਦਾ ਪਹਿਲਾ ਮਾਮਲਾ ਸੀ। ਵਾਸ਼ਿੰਗਟਨ ਤੇ ਓਹਾਇਓ ਵਿਚ ਜੰਮੇ-ਪਲੇ ਭਾਰਤੀ ਪਰਵਾਸੀ ਦੇ ਪੁੱਤਰ ਤੂਰ ਨੂੰ ਕੁਝ ਸੀਮਾਵਾਂ ਨਾਲ ਡਿਊਟੀ ਉਤੇ ਪੱਗ ਬੰਨ੍ਹਣ ਦੀ ਇਜਾਜ਼ਤ ਮਿਲੀ ਹੈ। ਉਹ ਆਮ ਡਿਊਟੀ ਦੌਰਾਨ ਪੱਗ ਬੰਨ੍ਹ ਸਕਦੇ ਹਨ ਪਰ ਜੰਗ ਦੇ ਮੈਦਾਨ ਵਿਚ ਤਾਇਨਾਤੀ ਦੌਰਾਨ ਉਹ ਅਜਿਹਾ ਨਹੀਂ ਕਰ ਸਕਣਗੇ।

ਤੂਰ ਨੇ ਹਾਲਾਂਕਿ 'ਮੈਰੀਨ ਕੋਰ ਕਮਾਂਡੈਂਟ' ਦੇ ਇਸ ਫੈਸਲੇ ਦੇ ਖਿਲਾਫ ਅਪੀਲ ਪਾਈ ਹੈ। ਉਨ੍ਹਾਂ ਦਾ ਕਹਿਣਾ ਹੈ ਕਿ ਜੇਕਰ ਉਨ੍ਹਾਂ ਨੂੰ ਹਰ ਜਗ੍ਹਾ ਦਸਤਾਰ ਸਜਾਉਣ ਦੀ ਇਜਾਜ਼ਤ ਨਹੀਂ ਮਿਲਦੀ ਤਾਂ ਉਹ ਕੋਰ ਦੇ ਵਿਰੁੱਧ ਮੁਕੱਦਮਾ ਕਰਨਗੇ।

# ਭਾਰਤ ਬੰਦ ਨੂੰ ਭਰਵੇਂ ਹੁੰਗਾਰੇ ਪਿੱਛੋਂ ਕਿਸਾਨਾਂ ਦੇ ਹੌਸਲੇ ਬੁਲੰਦ

**ਨਵੀਂ ਦਿੱਲੀ:** ਕੇਂਦਰ ਸਰਕਾਰ ਵੱਲੋਂ ਪਾਸ ਕੀਤੇ ਗਏ ਤਿੰਨ ਖੇਤੀ ਕਾਨੂੰਨਾਂ ਖਿਲਾਫ ਜਾਰੀ ਅੰਦੋਲਨ ਨੂੰ 10 ਮਹੀਨੇ ਤੋਂ ਵੱਧ ਦਾ ਸਮਾਂ ਹੋਣ ਅਤੇ ਹੋਰ ਮੰਗਾਂ ਲਈ ਸੰਯੁਕਤ ਕਿਸਾਨ ਮੋਰਚੇ ਦੀ ਅਗਵਾਈ ਹੇਠ ਭਾਰਤ ਬੰਦ ਦੇ ਦਿੱਤੇ ਗਏ ਸੱਦੇ ਨੂੰ ਉੱਤਰ ਤੋਂ ਲੈ ਕੇ ਦੱਖਣੀ ਭਾਰਤ ਦੇ ਕਈ ਰਾਜਾਂ ਤੱਕ ਭਰਵਾਂ ਹੁੰਗਾਰਾ ਮਿਲਿਆ। ਦੇਸ਼ 'ਚ 10 ਘੰਟਿਆਂ ਦੇ ਬੰਦ ਦੌਰਾਨ ਕਿਸਾਨਾਂ ਸਮੇਤ ਹੋਰ ਲੋਕਾਂ ਨੇ ਸੜਕਾਂ ਜਾਮ ਰੱਖੀਆਂ।

ਬੰਦ ਕਾਰਨ ਸੜਕ ਅਤੇ ਰੇਲ ਆਵਾਜਾਈ ਵੱਡੇ ਪੱਧਰ 'ਤੇ ਪ੍ਰਭਾਵਿਤ ਹੋਈ। ਉਂਜ ਬੰਦ ਪੂਰੀ ਤਰ੍ਹਾਂ ਨਾਲ ਸ਼ਾਂਤਮਈ ਰਿਹਾ ਪਰ ਕਈ ਥਾਵਾਂ 'ਤੇ ਲੋਕਾਂ ਨੂੰ ਜ਼ਰੂਰ ਖੱਜਲ ਹੋਣਾ ਪਿਆ। ਸਵੇਰੇ 6 ਤੋਂ ਸ਼ਾਮ 4 ਵਜੇ ਤੱਕ ਦਿੱਤੇ ਗਏ ਬੰਦ ਦੇ ਸੱਦੇ ਨੂੰ ਪੰਜਾਬ, ਹਰਿਆਣਾ, ਦਿੱਲੀ, ਰਾਜਸਥਾਨ, ਉੱਤਰ ਪ੍ਰਦੇਸ਼ ਸਮੇਤ 23 ਤੋਂ ਵੱਧ ਰਾਜਾਂ 'ਚ ਜ਼ੋਰਦਾਰ ਹਮਾਇਤ ਮਿਲੀ। ਮੋਰਚੇ ਵੱਲੋਂ ਇਸ ਤੋਂ ਪਹਿਲਾਂ 26 ਮਾਰਚ ਨੂੰ ਭਾਰਤ ਬੰਦ ਦਾ ਸੱਦਾ ਦਿੱਤਾ ਗਿਆ ਸੀ ਅਤੇ ਇਸ ਵਾਰ ਬੰਦ ਜ਼ਿਆਦਾ ਵਿਆਪਕ ਰਿਹਾ। ਮੋਰਚੇ ਵੱਲੋਂ ਦਾਅਵਾ ਕੀਤਾ ਗਿਆ ਕਿ ਆਂਧਰਾ ਪ੍ਰਦੇਸ਼, ਅਸਾਮ, ਬਿਹਾਰ, ਛੱਤੀਸਗੜ੍ਹ, ਗੁਜਰਾਤ, ਹਿਮਾਚਲ ਪ੍ਰਦੇਸ਼, ਜੰਮੂ ਕਸ਼ਮੀਰ, ਝਾਰਖੰਡ, ਕੇਰਲਾ, ਕਰਨਾਟਕ, ਮੱਧ ਪ੍ਰਦੇਸ਼, ਮਹਾਰਾਸ਼ਟਰ, ਉੜੀਸਾ, ਪਾਂਡੀਚੇਰੀ, ਰਾਜਸਥਾਨ, ਤਾਮਿਲਨਾਡੂ, ਤਿਲੰਗਾਨਾ, ਤ੍ਰਿਪੁਰਾ, ਉੱਤਰਾਖੰਡ ਅਤੇ ਪੱਛਮੀ ਬੰਗਾਲ 'ਚ ਵੀ ਥਾਂ-ਥਾਂ 'ਤੇ ਪ੍ਰਦਰਸ਼ਨ ਕੀਤੇ ਗਏ ਅਤੇ ਕੇਂਦਰ ਸਰਕਾਰ ਨੂੰ ਖੇਤੀ ਕਾਨੂੰਨ ਰੱਦ ਕਰਨ ਲਈ ਦਬਾਅ ਬਣਾਇਆ। ਸੰਯੁਕਤ ਕਿਸਾਨ ਮੋਰਚੇ ਨੇ ਕਿਹਾ ਹੈ ਕਿ ਬੰਦ ਨੂੰ ਮਿਲੇ ਹੁੰਗਾਰੇ ਤੋਂ ਸਪੱਸ਼ਟ ਹੈ ਕਿ ਭਾਰਤ ਦੇ ਲੋਕ ਕਿਸਾਨਾਂ ਦੀਆਂ ਜਾਇਜ਼ ਮੰਗਾਂ ਅਤੇ ਕਈ ਖੇਤਰਾਂ ਵਿਚ ਲੋਕ ਵਿਰੋਧੀ ਨੀਤੀਆਂ ਪ੍ਰਤੀ ਮੋਦੀ ਸਰਕਾਰ ਦੇ ਅੜੀਅਲ, ਗੈਰਵਾਜਬ ਅਤੇ ਹਉਮੈ ਭਰੇ ਰੁਖ ਤੋਂ ਥੱਕ ਗਏ ਹਨ।

ਬੰਦ ਨੂੰ ਮੋਰਚੇ ਵਿਚ ਸ਼ਾਮਲ ਕਿਸਾਨ ਜਥੇਬੰਦੀਆਂ ਤੋਂ ਇਲਾਵਾ ਵੱਖ-ਵੱਖ ਪਾਰਟੀਆਂ, ਮੁਲਾਜ਼ਮ ਜਥੇਬੰਦੀਆਂ, ਟਰਾਂਸਪੋਰਟ, ਟੈਕਸੀ, ਆਟੋ, ਬਾਰ ਐਸੋਸੀਏਸ਼ਨਾਂ, ਮਾਰਕਿਟ ਕਮੇਟੀਆਂ/ਸੰਸਥਾਵਾਂ ਅਤੇ ਵਪਾਰੀ ਸੰਗਠਨਾਂ ਦਾ ਸਮਰਥਨ ਹਾਸਲ ਸੀ। ਕਿਸਾਨਾਂ ਤੋਂ ਇਲਾਵਾ ਭਾਰਤ ਬੰਦ ਨੂੰ ਕਈ ਰਾਜਨੀਤਕ ਪਾਰਟੀਆਂ ਤੇ ਸਮਾਜਿਕ ਸੰਗਠਨਾਂ ਦਾ ਸਮਰਥਨ ਪ੍ਰਾਪਤ ਸੀ।

ਭਾਰਤੀ ਕਿਸਾਨ ਯੂਨੀਅਨ ਦੇ ਬੁਲਾਰੇ ਰਾਕੇਸ਼ ਟਿਕੈਤ ਨੇ ਕਿਹਾ ਹੈ ਕਿ ਭਾਰਤ ਬੰਦ ਪੂਰੀ ਤਰ੍ਹਾਂ ਸਫਲ ਰਿਹਾ। ਉਨ੍ਹਾਂ ਕਿਹਾ ਕਿ ਕਿਸਾਨਾਂ ਨੂੰ ਬੰਦ ਦੌਰਾਨ ਭਰਪੂਰ ਸਮਰਥਨ ਮਿਲਿਆ ਹੈ। ਉਨ੍ਹਾਂ ਕਿਹਾ ਕਿ ਸੰਯੁਕਤ ਕਿਸਾਨ ਮੋਰਚੇ ਵੱਲੋਂ ਛੇਤੀ ਹੀ ਭਵਿੱਖ ਦੀ ਰਣਨੀਤੀ ਬਣਾਈ ਜਾਵੇਗੀ। ਸੰਯੁਕਤ ਕਿਸਾਨ ਮੋਰਚੇ ਦੇ ਮੋਢੀ ਆਗੂਆਂ ਵਿਚੋਂ ਇਕ ਯੋਗੇਂਦਰ ਯਾਦਵ ਨੇ ਕਿਹਾ ਕਿ ਕਿਸਾਨਾਂ ਨੇ ਇਕ ਵਾਰ ਫਿਰ ਉਨ੍ਹਾਂ ਲੋਕਾਂ ਦੇ ਮੂੰਹ ਬੰਦ ਕਰ ਦਿੱਤੇ ਹਨ ਜੋ ਆਖ ਰਹੇ ਸਨ ਕਿ ਇਹ ਦੇਸ਼ ਦੇ ਕੁਝ ਹਿੱਸਿਆਂ ਦੇ ਕਿਸਾਨਾਂ ਦਾ ਹੀ ਅੰਦੋਲਨ ਹੈ।

# ਪੰਜਾਬ ਦੇ ਮੰਤਰੀਆਂ ਨੂੰ ਵਿਭਾਗਾਂ ਦੀ ਵੰਡ

**ਚੰਡੀਗੜ੍ਹ:** ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਨੇ ਆਪਣੇ ਮੰਤਰੀਆਂ ਨੂੰ ਵਿਭਾਗਾਂ ਦੀ ਵੰਡ ਕਰ ਦਿੱਤੀ ਹੈ। ਉਪ ਮੁੱਖ ਮੰਤਰੀ ਸੁਖਜਿੰਦਰ ਸਿੰਘ ਰੰਧਾਵਾ ਨੂੰ ਗ੍ਰਹਿ, ਸਹਿਕਾਰਤਾ ਅਤੇ ਜੇਲ੍ਹਾਂ ਦਾ ਵਿਭਾਗ ਸੌਂਪਿਆ ਗਿਆ ਹੈ। ਉਪ ਮੁੱਖ ਮੰਤਰੀ ਓਮ ਪ੍ਰਕਾਸ਼ ਸੋਨੀ ਨੂੰ ਸਿਹਤ ਅਤੇ ਪਰਿਵਾਰ ਭਲਾਈ ਵਿਭਾਗ ਦਿੱਤਾ ਗਿਆ ਹੈ।

ਬ੍ਰਹਮ ਮਹਿੰਦਰਾ ਨੂੰ ਸਥਾਨਕ ਸਰਕਾਰਾਂ ਤੇ ਸੰਸਦੀ ਮਾਮਲਿਆਂ ਦੀ ਜ਼ਿੰਮੇਵਾਰੀ ਸੌਂਪੀ ਗਈ ਹੈ। ਮਨਪ੍ਰੀਤ ਸਿੰਘ ਬਾਦਲ ਵਿੱਤ ਮੰਤਰੀ ਹਨ। ਤ੍ਰਿਪਤ ਰਜਿੰਦਰ ਸਿੰਘ ਬਾਜਵਾ ਨੂੰ ਪੇਂਡੂ ਵਿਕਾਸ ਅਤੇ ਪੰਚਾਇਤਾਂ ਅਤੇ ਪਸ਼ੂ ਪਾਲਣ ਵਿਭਾਗ ਮਿਲੇ ਹਨ। ਅਰੁਣਾ ਚੌਧਰੀ ਨੂੰ ਮਾਲ, ਮੁੜ ਵਸੇਬਾ ਅਤੇ ਆਫਤ ਪ੍ਰਬੰਧਨ ਵਿਭਾਗ ਮਿਲਿਆ ਹੈ। ਸੁਖਬਿੰਦਰ ਸਿੰਘ ਸਰਕਾਰੀਆ ਨੂੰ ਜਲ ਸਰੋਤ ਅਤੇ ਮਕਾਨ ਅਤੇ ਸ਼ਹਿਰੀ ਵਿਕਾਸ ਵਿਭਾਗ ਮਿਲੇ ਹਨ। ਰਾਣਾ ਗੁਰਜੀਤ ਸਿੰਘ ਨੂੰ ਤਕਨੀਕੀ ਸਿੱਖਿਆ ਅਤੇ ਉਦਯੋਗਿਕ ਸਿਖਲਾਈ ਦਾ ਕਾਰਜਭਾਰ ਸੌਂਪਿਆ ਗਿਆ ਹੈ। ਵਿਜੈ ਇੰਦਰ ਸਿੰਗਲਾ ਲੋਕ ਨਿਰਮਾਣ ਅਤੇ ਪ੍ਰਸ਼ਾਸਕੀ ਸੁਧਾਰਾਂ ਦੀ ਦੇਖ ਰੇਖ ਕਰਨਗੇ। ਭਾਰਤ ਭੂਸ਼ਣ ਆਸ਼ੂ ਨੂੰ ਖੁਰਾਕ, ਸਿਵਲ ਸਪਲਾਈ ਅਤੇ ਖਪਤਕਾਰ ਮਾਮਲਿਆਂ ਦੀ ਜ਼ਿੰਮੇਵਾਰੀ ਸੌਂਪੀ ਗਈ ਹੈ। ਰਣਦੀਪ ਸਿੰਘ ਨਾਭਾ ਫੂਡ ਪ੍ਰੋਸੈਸਿੰਗ ਤੋਂ ਇਲਾਵਾ ਖੇਤੀਬਾੜੀ ਅਤੇ ਕਿਸਾਨ ਭਲਾਈ ਦੀ ਦੇਖਭਾਲ ਕਰਨਗੇ। ਰਾਜ ਕੁਮਾਰ ਵੇਰਕਾ ਨੂੰ ਸਮਾਜਿਕ ਸਿੱਖਿਆ, ਸਸ਼ਕਤੀਕਰਨ ਅਤੇ ਘੱਟ ਗਿਣਤੀਆਂ ਤੋਂ ਇਲਾਵਾ ਮੈਡੀਕਲ ਸਿੱਖਿਆ ਅਤੇ ਖੋਜ ਦਾ ਕਾਰਜਭਾਰ ਸੌਂਪਿਆ ਗਿਆ ਹੈ। ਸੰਗਤ ਸਿੰਘ ਗਿਲਜੀਆਂ ਜੰਗਲਾਤ, ਜੰਗਲੀ ਜੀਵਣ ਅਤੇ ਕਿਰਤ ਮੰਤਰੀ ਹੋਣਗੇ। ਪ੍ਰਗਟ ਸਿੰਘ ਸਕੂਲ ਸਿੱਖਿਆ, ਉਚੇਰੀ ਸਿੱਖਿਆ, ਖੇਡਾਂ ਅਤੇ ਯੁਵਕ ਸੇਵਾਵਾਂ ਅਤੇ ਪਰਵਾਸੀ ਭਾਰਤੀ ਮਾਮਲਿਆਂ ਦੀ ਦੇਖ ਰੇਖ ਕਰਨਗੇ। ਅਮਰਿੰਦਰ ਸਿੰਘ ਰਾਜਾ ਵੜਿੰਗ ਟਰਾਂਸਪੋਰਟ ਮੰਤਰੀ ਹੋਣਗੇ। ਗੁਰਕੀਰਤ ਸਿੰਘ ਕੋਟਲੀ ਉਦਯੋਗ ਅਤੇ ਵਣਜ, ਸੂਚਨਾ ਤਕਨਾਲੋਜੀ ਅਤੇ ਵਿਗਿਆਨ ਅਤੇ ਤਕਨਾਲੋਜੀ ਦੀ ਦੇਖ ਰੇਖ ਕਰਨਗੇ।

## ਪਟਿਆਲਾ ਨੂੰ ਮਿਲੀਆਂ ਤਿੰਨ ਵਜ਼ੀਰੀਆਂ

**ਪਟਿਆਲਾ:** ਪੰਜਾਬ ਵਜ਼ਾਰਤ 'ਚ ਵੱਡੇ ਫੇਰ ਬਦਲ ਦੇ ਪਟਿਆਲਾ ਸ਼ਹਿਰ ਦੇ ਹਿੱਸੇ ਤਿੰਨ ਵਜ਼ੀਰੀਆਂ ਆਈਆਂ ਹਨ। ਪਟਿਆਲਾ ਦਿਹਾਤੀ ਹਲਕੇ ਦੇ ਵਿਧਾਇਕ ਬ੍ਰਹਮ ਮਹਿੰਦਰਾ ਐਤਕੀਂ ਫੇਰ ਵਜ਼ੀਰ ਬਣਨ 'ਚ ਸਫਲ ਰਹੇ ਹਨ, ਉਥੇ ਹੀ ਸੰਗਰੂਰ ਦੇ ਵਿਧਾਇਕ ਵਿਜੈਇੰਦਰ ਸਿੰਗਲਾ ਵੀ ਪਟਿਆਲਾ ਸ਼ਹਿਰ ਦੇ ਵਸਨੀਕ ਹਨ। ਉਂਜ ਭਾਵੇਂ ਕਿ ਉਨ੍ਹਾਂ ਦਾ ਪਰਿਵਾਰ ਜ਼ਿਲ੍ਹੇ ਦੇ ਸਮਾਣਾ ਖੇਤਰ ਵਿਚਲੇ ਗਾਜੇਵਾਸ ਪਿੰਡ ਦਾ ਮੂਲ ਵਸਨੀਕ ਹੈ, ਪਰ ਕਈ ਦਹਾਕਿਆਂ ਤੋਂ ਇਹ ਪਰਿਵਾਰ ਪਟਿਆਲਾ ਸ਼ਹਿਰ ਵਿਚ ਰਹਿ ਰਿਹਾ ਹੈ।

ਉਧਰ ਅਮਲੋਹ ਦੇ ਵਿਧਾਇਕ ਵਜੋਂ ਮੰਤਰੀ ਮੰਡਲ 'ਚ ਸ਼ਾਮਲ ਕੀਤੇ ਗਏ ਕਾਕਾ ਰਣਦੀਪ ਸਿੰਘ ਵੀ ਮੂਲ ਰੂਪ 'ਚ ਪਟਿਆਲਾ ਜ਼ਿਲ੍ਹੇ ਦੇ ਨਾਭਾ ਸ਼ਹਿਰ ਨਾਲ ਸਬੰਧਤ ਹਨ। ਉਨ੍ਹਾਂ ਦੇ ਪਿਤਾ ਗੁਰਦਰਸ਼ਨ ਸਿੰਘ ਵੱਖ ਵੱਖ ਸਰਕਾਰਾਂ 'ਚ ਵਜ਼ੀਰ ਅਤੇ ਮਾਤਾ ਸਤਿੰਦਰ ਕੌਰ ਮਹਿਲਾ ਕਾਂਗਰਸ ਦੇ ਸੂਬਾਈ ਪ੍ਰਧਾਨ ਸਮੇਤ ਹੋਰ ਵੱਕਾਰੀ ਅਹੁਦਿਆਂ 'ਤੇ ਵੀ ਰਹੇ ਹਨ।

## ਅਮਰਪ੍ਰੀਤ ਦਿਓਲ ਪੰਜਾਬ ਦੇ ਨਵੇਂ ਐਡਵੋਕੇਟ ਜਨਰਲ

**ਚੰਡੀਗੜ੍ਹ:** ਪੰਜਾਬ ਸਰਕਾਰ ਨੇ ਸੀਨੀਅਰ ਵਕੀਲ ਅਮਰਪ੍ਰੀਤ ਸਿੰਘ ਦਿਓਲ ਨੂੰ ਪੰਜਾਬ ਦਾ ਐਡਵੋਕੇਟ ਜਨਰਲ ਨਿਯੁਕਤ ਕੀਤਾ ਹੈ। ਰਾਜ ਦੇ ਗ੍ਰਹਿ ਵਿਭਾਗ ਵੱਲੋਂ ਜਾਰੀ ਨੋਟੀਫਿਕੇਸ਼ਨ ਮੁਤਾਬਕ ਅਧਿਕਾਰਤ ਤੌਰ 'ਤੇ ਅਹੁਦਾ ਸੰਭਾਲਣ ਵਾਲੇ ਦਿਨ ਤੋਂ ਹੀ ਦਿਓਲ ਦੀ ਨਿਯੁਕਤੀ ਪ੍ਰਭਾਵੀ ਹੋਵੇਗੀ। ਉਹ ਪੰਜਾਬ ਤੇ ਹਰਿਆਣਾ ਹਾਈ ਕੋਰਟ ਦੇ ਸੀਨੀਅਰ ਵਕੀਲ ਹਨ ਤੇ ਸੂਬੇ ਦੇ ਸਾਬਕਾ ਡੀ. ਜੀ. ਪੀ. ਸੁਮੇਧ ਸੈਣੀ ਦੇ ਵਕੀਲ ਵੀ ਰਹਿ ਚੁੱਕੇ ਹਨ। ਉਹ ਸੈਣੀ ਖਿਲਾਫ ਚੱਲ ਰਹੇ ਕਈ ਮਾਮਲਿਆਂ 'ਚ ਉਨ੍ਹਾਂ ਦੀ ਪੈਰਵੀ ਕਰ ਚੁੱਕੇ ਹਨ।

# ਪੰਜਾਬ ਕਾਂਗਰਸ ਵਿਚ ਮੁੜ ਘਮਸਾਣ

*(ਸਫਾ ਇਕ ਦੀ ਬਾਕੀ)*

ਮੰਤਰੀ ਮੰਡਲ ਵਿਚ ਸ਼ਾਮਲ ਕਰ ਲਿਆ ਗਿਆ ਹੈ। ਆਖਰੀ ਸਮੇਂ ਕੁਲਜੀਤ ਸਿੰਘ ਨਾਗਰਾ ਦੀ ਜਗ੍ਹਾ ਕਾਕਾ ਰਣਦੀਪ ਸਿੰਘ ਨੂੰ ਮੰਤਰੀ ਬਣਾਇਆ ਗਿਆ।

ਸਿਆਸੀ ਮਾਹਿਰਾਂ ਅਨੁਸਾਰ ਇਸ ਚੋਣ 'ਤੇ ਜਿੱਥੇ ਰਾਹੁਲ ਗਾਂਧੀ ਦੀ ਅਗਵਾਈ ਵਾਲੀ ਹਾਈਕਮਾਨ ਦੀ ਛਾਪ ਸਪਸ਼ਟ ਦਿਖਾਈ ਦਿੰਦੀ ਹੈ, ਉਥੇ ਇਹ ਵੀ ਸਪਸ਼ਟ ਹੁੰਦਾ ਹੈ ਕਿ ਰਾਹੁਲ ਨੇ ਕਾਂਗਰਸ ਦੇ ਜਥੇਬੰਦਕ ਤੇ ਵਿਚਾਰਧਾਰਕ ਮਸਲਿਆਂ ਵਿਚ ਫੈਸਲਾਕੁਨ ਭੂਮਿਕਾ ਨਿਭਾਉਣ ਦਾ ਫੈਸਲਾ ਕਰ ਲਿਆ ਹੈ।

ਦੂਜੇ ਪਾਸੇ ਸਿੱਧੂ ਵੱਲੋਂ ਪੰਜਾਬ ਦੀ ਪ੍ਰਧਾਨਗੀ ਸਾਂਭਦੇ ਹੀ ਸਪਸ਼ਟ ਕਰ ਦਿੱਤਾ ਸੀ ਉਹ 'ਦਰਸ਼ਨੀ ਘੋੜਾ' ਬਣਨ ਵਾਲੇ ਨਹੀਂ, ਉਨ੍ਹਾਂ ਨੇ ਹਾਈਕਮਾਨ ਵੱਲ ਇਸ਼ਾਰਾ ਕਰਕੇ 'ਇੱਟ ਨਾਲ ਇੱਟ ਖੜਕਾਉਣ' ਦੀ ਧਮਕੀ ਵੀ ਦਿੱਤੀ ਸੀ। ਹੁਣ ਸਿੱਧੂ ਵੱਲੋਂ ਇਹ ਅਹੁਦਾ ਛੱਡਣ ਤੋਂ ਸਾਫ ਸੰਕੇਤ ਗਿਆ ਹੈ ਕਿ ਉਹ ਦਿੱਲੀ ਬੈਠੇ ਆਗੂਆਂ ਅੱਗੇ ਗੋਡੇ ਟੇਕਣ ਵਾਲੇ ਨਹੀਂ। ਜੇ ਉਨ੍ਹਾਂ ਨੂੰ ਪੰਜਾਬ ਕਾਂਗਰਸ ਦੀ ਕਮਾਨ ਸੌਂਪੀ ਗਈ ਹੈ ਤੇ ਫੈਸਲੇ ਲੈਣ ਦਾ ਹੱਕ ਵੀ ਉਨ੍ਹਾਂ ਕੋਲ ਹੋਣਾ ਚਾਹੀਦਾ ਹੈ। ਮੌਜੂਦਾ ਹਾਲਾਤ ਦੱਸਦੇ ਹਨ ਕਿ ਹਾਈਕਮਾਨ ਦੀ ਕਲੇਸ਼ ਨਿਬੇੜਨ ਦੀ ਰਣਨੀਤੀ ਪੁੱਠੀ ਪੈਂਦੀ ਜਾਪ ਰਹੀ ਹੈ। ਪਾਰਟੀ ਵਿਚ ਧੜੇਬੰਦੀ ਹੋਰ ਉਭਰ ਆਈ ਹੈ ਤੇ ਉਸ (ਹਾਈਕਮਾਨ) ਦੀ ਸੂਬਾਈ ਲੀਡਰਸ਼ਿਪ ਦੀਆਂ ਵਾਗਾਂ ਪੂਰੀ ਤਰ੍ਹਾਂ ਆਪਣੇ ਹੱਥ ਰੱਖਣ ਦੀ ਰਣਨੀਤੀ ਧਰੀ ਧਰਾਈ ਰਹਿ ਗਈ ਹੈ।

## ਮੋਦੀ ਲਈ ਕੌੜੀ ਯਾਦ ਬਣੀ ਅਮਰੀਕਾ ਫੇਰੀ

*(ਸਫਾ ਇਕ ਦੀ ਬਾਕੀ)*

ਸਿੱਖਾਂ ਦਾ ਜਥਾ ਸਭ ਤੋਂ ਵੱਡਾ ਸੀ ਅਤੇ ਉਹ ਕੇਸਰੀ ਝੰਡੇ ਝੁਲਾ ਰਹੇ ਸਨ।

ਕੌਮਾਂਤਰੀ ਮਾਮਲਿਆਂ ਨਾਲ ਜੁੜੇ ਮਾਹਰਾਂ ਦਾ ਕਹਿਣਾ ਹੈ ਕਿ ਮਨੁੱਖੀ ਹੱਕਾਂ ਦੇ ਘਾਣ, ਕਿਸਾਨ ਅੰਦੋਲਨ, ਜੰਮੂ ਕਸ਼ਮੀਰ ਵਿਚ ਪਾਬੰਦੀਆਂ, ਮੀਡੀਆ ਦੀ ਆਵਾਜ਼ ਦੱਬਣ ਤੇ ਗੁਆਂਢੀ ਮੁਲਕਾਂ ਬਾਰੇ ਭਾਜਪਾ ਸਰਕਾਰ ਦੀ ਰਣਨੀਤੀ ਤੋਂ ਕੌਮਾਂਤਰੀ ਪੱਧਰ ਉਤੇ ਰੋਹ ਫੈਲਿਆ ਹੋਇਆ ਹੈ। ਮੋਦੀ ਨਾਲ ਇਸ ਫੇਰੀ ਦੌਰਾਨ ਜੋ ਕੁਝ ਹੋਇਆ, ਉਹ ਇਸੇ ਰੋਹ ਦਾ ਹੀ ਨਤੀਜਾ ਸੀ। ਕਿਸਾਨ ਜਥੇਬੰਦੀਆਂ ਨੇ ਵੀ ਅਮਰੀਕੀ ਭਾਈਚਾਰੇ ਦੇ ਲੋਕਾਂ ਨੂੰ ਅਪੀਲ ਕੀਤੀ ਸੀ, ਉਹ ਮੋਦੀ ਦਾ ਡਟ ਕੇ ਵਿਰੋਧ ਕਰਨ।

ਯਾਦ ਰਹੇ ਕਿ ਅਮਰੀਕਾ, ਭਾਜਪਾ ਖਾਸ ਕਰਕੇ ਮੋਦੀ ਦੀਆਂ ਫਿਰਕੂ ਰਣਨੀਤੀਆਂ ਦਾ ਵਿਰੋਧ ਕਰਦਾ ਰਿਹਾ ਹੈ। ਗੁਜਰਾਤ ਦੰਗਿਆਂ ਤੋਂ ਬਾਅਦ ਮੋਦੀ ਦੇ ਅਮਰੀਕਾ ਦਾਖਲੇ ਉਤੇ ਪਾਬੰਦੀ ਲਗ ਦਿੱਤੀ ਗਈ ਸੀ ਪਰ 2014 ਵਿਚ ਮੋਦੀ ਦੇ ਪ੍ਰਧਾਨ ਮੰਤਰੀ ਬਣਨ ਪਿੱਛੋਂ ਇਹ ਪਾਬੰਦੀ ਹਟਾਉਣੀ ਪਈ। ਇਸ ਤੋਂ ਬਾਅਦ ਡੋਨਲਡ ਟਰੰਪ ਦੇ ਰਾਸ਼ਟਰਪਤੀ ਬਣਨ ਪਿੱਛੋਂ ਦੋਵਾਂ ਨੇਤਾਵਾਂ (ਮੋਦੀ-ਟਰੰਪ) ਦੀ ਯਾਰੀ ਖੂਬ ਚਰਚਾ ਵਿਚ ਰਹੀ। ਟਰੰਪ ਤੋਂ ਕੁਰਸੀ ਖੁੱਸਣ ਪਿੱਛੋਂ ਮੋਦੀ ਲਈ ਅਮਰੀਕਾ ਫੇਰੀ ਦੌਰਾਨ ਬਣੇ ਹਾਲਾਤ ਦੱਸਦੇ ਹਨ ਕਿ ਆਮ ਲੋਕਾਂ ਦੇ ਨਾਲ ਇਥੋਂ ਦੀ ਸਰਕਾਰ, ਮੀਡੀਆ, ਪ੍ਰਸ਼ਾਸਕੀ ਅਮਲਾ ਭਾਰਤ ਵਿਚ ਭਾਜਪਾ ਸਰਕਾਰ ਦੀਆਂ ਨੀਤੀਆਂ ਤੋਂ ਖਫਾ ਹੈ।

## ਚੰਨੀ ਖਿਲਾਫ ਜਾਤੀ ਸੂਚਕ ਟਿੱਪਣੀਆਂ ਕਰਨ ਵਾਲਿਆਂ 'ਤੇ ਕਾਰਵਾਈ ਦਾ ਹੁਕਮ

**ਚੰਡੀਗੜ੍ਹ:** ਪੰਜਾਬ ਅਨੁਸੂਚਿਤ ਜਾਤੀਆਂ ਸਬੰਧੀ ਕਮਿਸ਼ਨ ਨੇ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਖਿਲਾਫ ਜਾਤੀ ਸੂਚਕ ਟਿੱਪਣੀਆਂ ਦਾ ਖੁਦ ਨੋਟਿਸ ਲੈਂਦਿਆਂ ਪੁਲਿਸ ਨੂੰ ਕਾਰਵਾਈ ਦਾ ਆਦੇਸ਼ ਦਿੱਤਾ। ਉਨ੍ਹਾਂ ਇਸ ਸਬੰਧੀ 29 ਸਤੰਬਰ ਤੱਕ ਰਿਪੋਰਟ ਦਾਖਲ ਕਰਨ ਲਈ ਕਿਹਾ ਹੈ। ਕਮਿਸ਼ਨ ਦੀ ਚੇਅਰਪਰਸਨ ਤੇਜਿੰਦਰ ਕੌਰ ਨੇ ਕਿਹਾ, 'ਫੇਸਬੁੱਕ 'ਤੇ ਇਕ ਵਿਅਕਤੀ ਨੇ ਆਪਣੇ ਅਕਾਊਂਟ ਤੋਂ ਪੰਜਾਬ ਦੇ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਤੇ ਜਾਤੀ ਸੂਚਕ ਟਿੱਪਣੀਆਂ ਕੀਤੀਆਂ। ਇਹ ਪੋਸਟ ਸੋਸ਼ਲ ਮੀਡੀਆ 'ਤੇ ਵਾਇਰਲ ਹੋ ਗਈ।'

## ਪੰਜਾਬ ਟਾਈਮਜ਼ ਦਾ ਆਨਰੇਰੀ ਸਲਾਹਕਾਰ ਬੋਰਡ

| | | | |
|---|---|---|---|
| (ਡਾ.) ਨਵਦੀਪ ਕੌਰ | ਡਾ. ਗੁਰਦਿਆਲ ਸਿੰਘ ਬਸਰਾਨ | ਡਾ. ਹਰਗੁਰਮੁਖਪਾਲ ਸਿੰਘ | ਰਾਜਿੰਦਰ ਸਿੰਘ ਬੈਂਸ |
| ਬਲਵਿੰਦਰ (ਨਿੱਕੀ) ਕੌਰ ਸੇਖੋਂ | ਹਰਜੀਤ ਸਿੰਘ ਸਾਹੀ | ਡਾ. ਤੇਜਿੰਦਰ ਸਿੰਘ ਮੰਡੇਰ | ਮਨਦੀਪ ਸਿੰਘ ਭੂਰਾ |
| ਸਵਰਨਜੀਤ ਸਿੰਘ ਢਿਲੋਂ | ਸਰਵਣ ਸਿੰਘ ਟਿਵਾਣਾ | ਜਗਦੀਸ਼ਰ ਸਿੰਘ ਕਲੇਰ | ਗੁਲਜ਼ਾਰ ਸਿੰਘ ਮੁਲਤਾਨੀ |
| ਅਮੋਲਕ ਸਿੰਘ ਗਾਖਲ | ਜੈਦੇਵ ਸਿੰਘ ਭੱਠਲ | ਰਘਬੀਰ ਸਿੰਘ ਘੁੰਨ | ਅਵਤਾਰ ਸਿੰਘ ਸਪਰਿੰਗਫੀਲਡ |
| ਦਰਸ਼ਨ ਸਿੰਘ ਗਰੇਵਾਲ | ਪਰਮਿੰਦਰ ਸਿੰਘ ਵਾਲੀਆ | ਦਰਸ਼ਨ ਸਿੰਘ ਦਰੜ | ਗੁਰਵੀਰ ਸਿੰਘ ਗਿੱਲ |
| ਹਰਦਿਆਲ ਸਿੰਘ ਦਿਓਲ | ਜਸਵਿੰਦਰ ਸਿੰਘ (ਜੱਸੀ) ਗਿੱਲ | ਡਾ. ਗੁਰਚਰਨ ਸਿੰਘ ਗਰੇਵਾਲ | |


ਧੰਨ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਹਿਲੇ ਪ੍ਰਕਾਸ਼ ਪੁਰਬ ਨੂੰ ਸਮਰਪਿਤ
ਸਮੂੰਹ ਸ਼ਿਕਾਗੋ ਗੁਰਦੁਆਰਾ ਪ੍ਰਬੰਧਕ ਕਮੇਟੀਆਂ ਅਤੇ ਸਮੂੰਹ ਸਾਧ ਸੰਗਤ ਦੇ ਸਹਿਯੋਗ ਸਦਕਾ
ਗੁਰੂ ਗ੍ਰੰਥ ਸਾਹਿਬ ਜੀ ਦੇ ੩੧ ਰਾਗਾਂ ਦਾ
ਰਾਗ ਦਰਬਾਰ
RAAG DARBAR
OCTOBER 15TH to OCTOBER 17TH
ਕਰਵਾਇਆ ਜਾ ਰਿਹਾ ਹੈ ਜਿਸ ਵਿੱਚ ਪੰਥ ਪ੍ਰਸਿੱਧ ਕੀਰਤਨੀਏ ਹਾਜਰੀ ਭਰਣਗੇ
DR. GURNAM SINGH JI
BHAI KARAMJIT SINGH JI (SHANT)
BIBI GUNEET KAUR JI
BHAI HARLOVE SINGH JI
Ustaad Raghbir Singh Ji
October 15th, 2021, Friday
7pm to 10pm – Evening Raags
Sikh Religious Society (Palatine Gurdwara)
1280 Winnetka St, Palatine, IL 60067
October 16th, 2021, Saturday
8am to 10am – Asa Ki Vaar
ILCC, Wheaton Gurdwara
2131 Creekside Dr, Wheaton, IL 60189
12pm to 3pm – Afternoon Raags
Sikh Religious Society (Palatine Gurdwara)
1280 Winnetka St, Palatine, IL 60067
6pm to 9pm – Evening Raags
Sikh Temple of Wisconsin
7512 S. Howell Ave., Oak Creek, WI 53154
October 17th, 2021, Sunday
11:30am to 2:30pm – Afternoon Raags
Sikh Religious Society (Palatine Gurdwara)
1280 Winnetka St, Palatine, IL 60067
ILLINOIS SIKH COMMUNITY CENTER
AMARJIT SINGH 630-886-9191
Sikh Religious Society, Palatine
Dr Jasvir Kaur 224-545-0542
Sikh Temple of Wisconsin
Jagjitpal S. Sandhu 414-736-6072

# ਇੰਡੀਆਨਾ ਸਿੱਖ ਆਊਟਰੀਚ ਵਲੋਂ ਉੱਘੇ ਲੇਖਕ ਤੇ ਪੱਤਰਕਾਰ ਅਸ਼ੋਕ ਭੌਰਾ ਦਾ ਸਨਮਾਨ





**ਫੋਰਟ ਵੇਨ, ਇੰਡੀਆਨਾ:** ਸਥਾਨਕ ਅਮਰੀਕਨ ਕਾਰੋਬਾਰੀ ਪੰਜਾਬੀਆਂ ਵਲੋਂ ਗਠਿਤ ਕੀਤੀ ਗਈ ਇੰਡੀਆਨਾ ਸਿੱਖ ਆਊਟਰੀਚ ਮਿਸ਼ਨ ਸੰਸਥਾ ਪਿਛਲੇ ਕਰੀਬ ਦੋ ਸਾਲਾਂ ਤੋਂ ਸਮਾਜ ਭਲਾਈ ਕਾਰਜਾਂ ਤੇ ਲੋੜਵੰਦਾਂ ਦੀ ਮਦਦ ਲਈ ਪੂਰੀ ਸਰਗਰਮੀ ਨਾਲ ਕੰਮ ਕਰ ਰਹੀ ਹੈ, ਜਿਸ ਕਾਰਨ ਪੰਜਾਬੀ ਭਾਈਚਾਰੇ ਨੂੰ ਇਕ ਵੱਡਾ ਮਾਣ ਹਾਸਲ ਹੋਇਆ ਹੈ। ਕਰੋਨਾ ਮਹਾਮਾਰੀ ਦੌਰਾਨ ਲੋੜਵੰਦਾਂ ਨੂੰ ਗਰਮ ਕੱਪੜੇ, ਖਾਣਾ ਅਤੇ ਲੋੜੀਂਦੀਆਂ ਵਸਤਾਂ ਅਮਰੀਕਨ ਲੋਕਾਂ ਨੂੰ ਵੀ ਮੁਹੱਈਆ ਕਰਵਾਈਆਂ। ਸੰਸਥਾ ਵਲੋਂ ਅਯੋਜਿਤ ਵੱਖ-ਵੱਖ ਸਮਾਗਮਾਂ ਵਿਚ ਅਜਿਹੀ ਪ੍ਰਚਾਰ ਸਮੱਗਰੀ ਵੀ ਵੰਡੀ ਜਾਂਦੀ ਹੈ, ਜਿਸ ਵਿਚ ਸਿੱਖ ਕੌਮ ਦੀ ਵੱਖਰੀ ਪਛਾਣ ਬਾਰੇ ਸਥਾਨਕ ਲੋਕਾਂ ਨੂੰ ਬਹੁਤ ਪ੍ਰਭਾਵਸ਼ਾਲੀ ਢੰਗ ਨਾਲ ਦੱਸਿਆ ਗਿਆ ਹੁੰਦਾ ਹੈ।

ਇਸੇ ਕਰਕੇ ਸੰਸਥਾ ਵਲੋਂ ਪਿਛਲੇ ਦਿਨੀਂ ਆਯੋਜਿਤ 'ਸਿੱਖ ਟਰਬਨ ਫੈਸਟ 2021' ਸਮਾਗਮ ਕਰਵਾ ਕੇ ਦਸਤਾਰ ਦੀ ਮਹੱਤਤਾ ਬਾਰੇ ਅਮਰੀਕਨ ਮੂਲ ਦੇ ਭਾਈਚਾਰੇ ਨੂੰ ਦੱਸਿਆ ਗਿਆ ਤੇ ਬੱਚਿਆਂ ਤੋਂ ਲੈ ਕੇ ਵੱਡਿਆਂ ਤੱਕ ਉਨ੍ਹਾਂ ਦੇ ਸਿਰਾਂ 'ਤੇ ਦਸਤਾਰਾਂ ਵੀ ਸਜਾਈਆਂ ਗਈਆਂ। ਸ਼ਹਿਰ ਦੇ ਮੇਅਰ ਤੇ ਹੋਰ ਪ੍ਰਸ਼ਾਸਨਿਕ ਅਧਿਕਾਰੀ ਵੀ ਇਸ ਸਮਾਗਮ ਵਿਚ ਸ਼ਾਮਿਲ ਸਨ।

ਪਿਛਲੇ ਦਿਨੀਂ ਇੱਥੇ ਪੁੱਜੇ ਪੰਜਾਬੀ ਦੇ ਉੱਘੇ ਲੇਖਕ ਅਤੇ ਪੱਤਰਕਾਰ ਐੱਸ. ਅਸ਼ੋਕ ਭੌਰਾ ਦਾ ਪੰਜਾਬੀ ਜ਼ੁਬਾਨ ਲਈ ਕੀਤੇ ਅਥਾਹ ਕਾਰਜਾਂ ਕਰਕੇ ਸਿੱਖ ਕਾਰਕੁਨ ਤੇ ਸੰਸਥਾ ਦੇ ਕੋਆਰਡੀਨੇਟਰ ਸ. ਜੱਸੀ ਜਸਵੀਰ ਸਿੰਘ ਤੇ ਸ਼ਹਿਰ ਦੇ ਪਤਵੰਤਿਆਂ ਵਲੋਂ ਉਚੇਚੇ ਤੌਰ 'ਤੇ ਸਮਾਗਮ ਕਰਕੇ ਸਨਮਾਨ ਕੀਤਾ ਗਿਆ।

ਸ. ਜੱਸੀ ਸਿੰਘ ਨੇ ਜੀ ਆਇਆਂ ਕਿਹਾ ਤੇ ਸ੍ਰੀ ਭੌਰਾ ਦੇ ਜੀਵਨ ਤੇ ਪਿਛੋਕੜ ਤੋਂ ਜਾਣੂ ਕਰਵਾਇਆ। ਨਾਲ ਹੀ ਉਨ੍ਹਾਂ ਕਿਹਾ ਕਿ ਜਿੱਥੇ ਅਸੀਂ ਗਰੀਬਾਂ ਤੇ ਲੋੜਵੰਦਾਂ ਦੀ ਸੇਵਾ ਕਰਨੀ ਹੈ, ਉੱਥੇ ਹੀ ਪੰਜਾਬੀ ਜ਼ੁਬਾਨ ਦੇ ਸਿਪਾਹੀਆਂ ਦਾ ਮਾਣ-ਸਨਮਾਨ ਕਰਨਾ ਵੀ ਸਾਡਾ ਫਰਜ਼ ਬਣਦਾ ਹੈ। ਉਨ੍ਹਾਂ ਸ੍ਰੀ ਭੌਰਾ ਨੂੰ ਦੁਸ਼ਾਲਾ ਤੇ ਇੱਕ ਖ਼ੂਬਸੂਰਤ ਘੜੀ ਦੇ ਕੇ ਸਨਮਾਨ ਕੀਤਾ ਅਤੇ ਦੁਪਹਿਰ ਦੇ ਖਾਣੇ ਦੀ ਦਾਅਵਤ ਦਿੱਤੀ।

ਇਸ ਦੌਰਾਨ ਸ੍ਰੀ ਭੌਰਾ ਨੇ ਸਰੋਤਿਆਂ ਨਾਲ ਆਪਣੀਆਂ ਸਾਹਿਤਕ ਰਚਨਾਵਾਂ ਦੀ ਸਾਂਝ ਪਾਈ। ਅਖੀਰ ਵਿਚ ਸ. ਕਰਨੈਲ ਸਿੰਘ ਅਤੇ ਸ. ਰੇਸ਼ਮ ਸਿੰਘ ਨੇ ਉਨ੍ਹਾਂ ਦੇ ਸ਼ਹਿਰ ਫੋਰਟ ਵੇਨ ਆਉਣ 'ਤੇ ਧੰਨਵਾਦ ਕੀਤਾ।

ਸਮਾਗਮ 'ਚ ਹੋਰਨਾਂ ਤੋਂ ਇਲਾਵਾ ਮਨਮੋਹਨ ਸਿੰਘ, ਹਰਜਿੰਦਰ ਸਿੰਘ, ਮੋਹਿੰਦਰ ਸਿੰਘ ਚੇੜਾ, ਅਮਰੀਕ ਸਿੰਘ ਸੱਜਣ, ਸਰਦੂਲ ਸਿੰਘ, ਪਰਵਿੰਦਰ ਸਿੰਘ, ਹਰਜੀਤ ਸਿੰਘ ਬੋਲਾ, ਬਲਵੀਰ ਸਿੰਘ ਬਡਵਾਲ, ਓਂਕਾਰ ਸਿੰਘ ਮਾਨ ਤੇ ਬਲਜੀਤ ਸਿੰਘ ਸੈਣੀ ਉਚੇਚੇ ਤੌਰ 'ਤੇ ਹਾਜ਼ਰ ਹੋਏ।

## ਪੰਜਾਬ ਹੈਲਥ ਕਾਰਪੋਰੇਸ਼ਨ ਦੇ ਡਾਇਰੈਕਟਰ ਦਾ ਅਸਤੀਫਾ

**ਮੁਹਾਲੀ:** ਪੰਜਾਬ ਦੇ ਸਾਬਕਾ ਸਿਹਤ ਮੰਤਰੀ ਬਲਬੀਰ ਸਿੰਘ ਸਿੱਧੂ ਦੇ ਪੰਜਾਬ ਕੈਬਨਿਟ 'ਚੋਂ ਬਾਹਰ ਹੋਣ ਮਗਰੋਂ ਇਥੋਂ ਦੇ ਫੇਜ਼-6 ਸਥਿਤ ਪੰਜਾਬ ਹੈਲਥ ਸਿਸਟਮਜ਼ ਕਾਰਪੋਰੇਸ਼ਨ (ਪੀ.ਐਚ.ਐਸ.ਸੀ.) ਦੇ ਡਾਇਰੈਕਟਰ ਡਾ. ਮਨਜੀਤ ਸਿੰਘ ਨੇ ਵੀ ਆਪਣੇ ਅਹੁਦੇ ਤੋਂ ਅਸਤੀਫਾ ਦੇ ਦਿੱਤਾ ਹੈ। ਉਹ ਕੈਪਟਨ ਅਤੇ ਸਿੱਧੂ ਦੇ ਚਹੇਤੇ ਅਫਸਰਾਂ ਵਿੱਚ ਗਿਣੇ ਜਾਂਦੇ ਸੀ। ਮਨਜੀਤ ਸਿੰਘ ਨੇ ਸਿਹਤ ਤੇ ਪਰਿਵਾਰ ਭਲਾਈ ਵਿਭਾਗ ਦੇ ਪ੍ਰਿੰਸੀਪਲ ਸਕੱਤਰ ਨੂੰ ਭੇਜੇ ਅਸਤੀਫੇ ਵਿੱਚ ਕਿਹਾ ਹੈ ਕਿ ਉਹ ਨਿੱਜੀ ਕਾਰਨਾਂ ਕਰਕੇ ਆਪਣਾ ਤਿਆਗ ਪੱਤਰ ਦੇ ਰਹੇ ਹਨ।

# ਸਿੱਖ ਰਿਲੀਜੀਅਸ ਸੁਸਾਇਟੀ ਸ਼ਿਕਾਗੋ ਦੇ ਗੁਰਮਤਿ ਸਕੂਲ ਵਲੋਂ ਨਵਾਂ ਕਦਮ

**ਸ਼ਿਕਾਗੋ:** ਗੁਰਦੁਆਰਾ ਪੈਲਾਟਾਈਨ ਵਲੋਂ ਚਲਾਏ ਜਾ ਰਹੇ ਗੁਰਮਤਿ ਸਕੂਲ ਨੇ ਪਿਛਲੇ ਸਾਲ ਬੱਚਿਆਂ ਦੀ ਸੁਰੱਖਿਆ ਨੂੰ ਧਿਆਨ ਵਿਚ ਰੱਖਦਿਆਂ ਵਰਚੂਅਲ ਕਲਾਸਾਂ ਲਾਈਆਂ ਸਨ। ਹੁਣ ਇਹ ਸਕੂਲ ਫਿਰ ਤੋਂ ਸ਼ੁਰੂ ਹੋਇਆ ਹੈ ਅਤੇ ਕੋਵਿਡ-19 ਸਬੰਧਿਤ ਸੁਰੱਖਿਆ ਮੁੱਖ ਰੱਖਦਿਆਂ ਕਲਾਸਾਂ ਹਰ ਐਤਵਾਰ ਸਵੇਰੇ 10.30 ਤੋਂ 12 ਵਜੇ ਤੱਕ ਲਗਦੀਆਂ ਹਨ।

ਇਸ ਸਾਲ ਦੇ ਪਹਿਲੇ ਸਮਾਗਮ ਵਿਚ ਪਹਿਲੀ ਵਾਰ ਬੱਚਿਆਂ ਨੂੰ ਉਨ੍ਹਾਂ ਵਲੋਂ ਸਕੂਲ ਦੀ ਪੜ੍ਹਾਈ ਪੂਰੀ ਕਰਨ ਲਈ ਸਨਮਾਨਿਤ ਕੀਤਾ ਗਿਆ। ਇਹ ਵੀ ਪਹਿਲੀ ਵਾਰ ਹੋਇਆ ਹੈ ਕਿ ਇਥੋਂ ਦੇ ਬੱਚਿਆਂ ਨੇ ਅਧਿਆਪਕਾਂ ਅਤੇ ਮਾਪਿਆਂ ਦੀ ਸਿੱਖਿਆ ਸਦਕਾ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਪੂਰਨ ਤੌਰ 'ਤੇ ਪੜ੍ਹ ਕੇ ਇਸ ਸਬੰਧੀ ਗੁਰਦੁਆਰਾ ਸਾਹਿਬ ਵਿਖੇ ਭੋਗ ਪਾਇਆ। ਇਸ ਪ੍ਰਾਪਤੀ ਤੋਂ ਬੱਚੇ, ਅਧਿਆਪਕ, ਮਾਪੇ ਅਤੇ ਪ੍ਰਬੰਧਕ ਬਹੁਤ ਉਤਸ਼ਾਹਿਤ ਹਨ।







# ਇਕਬਾਲ ਪ੍ਰੀਤ ਸਿੰਘ ਸਹੋਤਾ ਨੂੰ ਡੀ.ਜੀ.ਪੀ. ਦੀ ਜ਼ਿੰਮੇਵਾਰੀ ਸੌਂਪੀ

**ਚੰਡੀਗੜ੍ਹ:** ਸੂਬਾ ਸਰਕਾਰ ਨੇ ਪੁਲਿਸ ਪ੍ਰਸ਼ਾਸਨ 'ਚ ਵੱਡਾ ਫੇਰਬਦਲ ਕਰਦਿਆਂ 1988 ਬੈਚ ਦੇ ਆਈ.ਪੀ.ਐਸ. ਅਧਿਕਾਰੀ ਇਕਬਾਲ ਪ੍ਰੀਤ ਸਿੰਘ ਸਹੋਤਾ ਨੂੰ ਪੰਜਾਬ ਪੁਲਿਸ ਦਾ ਡੀ.ਜੀ.ਪੀ. ਦੀ ਜ਼ਿੰਮੇਵਾਰੀ ਸੌਂਪੀ ਹੈ। ਪ੍ਰਮੁੱਖ ਸਕੱਤਰ (ਗ੍ਰਿਹ) ਅਨੁਰਾਗ ਵਰਮਾ ਵੱਲੋਂ ਜਾਰੀ ਹੁਕਮਾਂ ਮੁਤਾਬਕ ਸ੍ਰੀ ਸਹੋਤਾ ਨੂੰ ਡੀ.ਜੀ.ਪੀ. ਦਾ ਵਾਧੂ ਚਾਰਜ ਦਿੱਤਾ ਗਿਆ ਹੈ।

ਸ੍ਰੀ ਸਹੋਤਾ ਆਰਮਡ ਬਟਾਲੀਅਨ, ਪੰਜਾਬ ਦੇ ਵਿਸ਼ੇਸ਼ ਡੀ.ਜੀ.ਪੀ. ਦਾ ਚਾਰਜ ਵੀ ਨਿਭਾਉਂਦੇ ਰਹਿਣਗੇ। ਅਹੁਦਾ ਸੰਭਾਲਣ ਮਗਰੋਂ ਉਨ੍ਹਾਂ ਪੰਜਾਬ ਪੁਲਿਸ ਦੇ ਸਾਰੇ ਉਚ ਅਧਿਕਾਰੀਆਂ ਨਾਲ ਮੀਟਿੰਗ ਕੀਤੀ। ਪੰਜਾਬ ਪੁਲਿਸ ਵੱਲੋਂ ਬੀਤੇ ਸਮੇਂ ਵਿਚ ਕੀਤੀਆਂ ਗਈਆਂ ਸਾਰੀਆਂ ਪਹਿਲਕਦਮੀਆਂ ਨੂੰ ਬੇਹੱਦ ਸ਼ਲਾਘਾਯੋਗ ਦੱਸਦਿਆਂ ਉਨ੍ਹਾਂ ਕਿਹਾ ਕਿ ਉਹ ਪੁਲਿਸ ਦੀ ਹੋਰ ਬਿਹਤਰੀ ਲਈ ਕੰਮ ਕਰਦੇ ਰਹਿਣਗੇ। ਡੀ.ਜੀ.ਪੀ. ਨੇ ਕਿਹਾ, ''ਨਸ਼ਿਆਂ ਵਿਰੁੱਧ ਲੜਾਈ ਨੂੰ ਹੋਰ ਮਜ਼ਬੂਤ ਕਰਨ ਅਤੇ ਮਾੜੇ ਅਨਸਰਾਂ 'ਤੇ ਨਜ਼ਰ ਰੱਖਣ ਤੋਂ ਇਲਾਵਾ ਰਾਜ ਵਿਚ ਕਾਨੂੰਨ ਵਿਵਸਥਾ ਬਣਾਈ ਰੱਖਣਾ ਮੇਰੀ ਪ੍ਰਮੁੱਖ ਤਰਜੀਹ ਹੋਵੇਗੀ।'' ਜ਼ਿਕਰਯੋਗ ਹੈ ਕਿ ਡੀ.ਜੀ.ਪੀ. ਇਕਬਾਲ ਪ੍ਰੀਤ ਸਿੰਘ ਸਹੋਤਾ ਨੇ ਰਾਜ ਵਿਚ ਵੱਖ-ਵੱਖ ਅਹੁਦਿਆਂ 'ਤੇ ਸੇਵਾਵਾਂ ਨਿਭਾਈਆਂ ਹਨ। ਉਨ੍ਹਾਂ ਏ.ਡੀ.ਜੀ.ਪੀ. ਪੀ.ਏ.ਪੀ. ਜਲੰਧਰ, ਏ.ਡੀ.ਜੀ.ਪੀ. ਰੇਲਵੇ, ਏ.ਡੀ.ਜੀ.ਪੀ. ਜੇਲ੍ਹਾਂ, ਏ.ਡੀ.ਜੀ.ਪੀ. ਪ੍ਰਸ਼ਾਸਨ, ਡਾਇਰੈਕਟਰ ਬਿਊਰੋ ਆਫ਼ ਇਨਵੈਸਟੀਗੇਸ਼ਨ ਅਤੇ ਪੰਜਾਬ ਪੁਲਿਸ ਵਿਚ ਹੋਰ ਵੱਡੇ ਅਹੁਦਿਆਂ 'ਤੇ ਵੀ ਸੇਵਾਵਾਂ ਨਿਭਾਈਆਂ ਹਨ। ਪੰਜਾਬ 'ਚ ਕਾਂਗਰਸ ਵੱਲੋਂ ਸੱਤਾ 'ਚ ਫੇਰਬਦਲ ਕਰਨ ਤੋਂ ਬਾਅਦ ਡੀ.ਜੀ.ਪੀ. ਦੇ ਅਹੁਦੇ ਲਈ ਪਿਛਲੇ ਕਈ ਦਿਨਾਂ ਤੋਂ ਭਾਰੀ ਕਸ਼ਮਕਸ਼ ਚੱਲ ਰਹੀ ਸੀ। ਇਸ ਅਹੁਦੇ ਲਈ 1986 ਬੈਚ ਦੇ ਪੁਲਿਸ ਅਧਿਕਾਰੀ ਸਿਧਾਰਥ ਚਟੋਪਾਧਿਆਏ ਅਤੇ 1987 ਬੈਚ ਦੇ ਵੀਰੇਸ਼ ਕੁਮਾਰ ਭਾਵੜਾ ਦੇ ਨਾਮ ਵੀ ਚਰਚਾ ਵਿਚ ਸਨ। ਸਰਕਾਰ ਨੇ ਕਈ ਦਿਨਾਂ ਦੀ ਵਿਚਾਰ ਚਰਚਾ ਤੋਂ ਬਾਅਦ ਡੀ.ਜੀ.ਪੀ. ਦੀ ਨਿਯੁਕਤੀ ਦਾ ਫੈਸਲਾ ਲਿਆ। ਸੁਪਰੀਮ ਕੋਰਟ ਦੇ ਨਿਰਦੇਸ਼ਾਂ ਮੁਤਾਬਕ ਡੀ.ਜੀ.ਪੀ. ਰੈਂਕ ਦੇ ਸੀਨੀਅਰ ਅਧਿਕਾਰੀਆਂ ਦਾ ਪੈਨਲ ਯੂ.ਪੀ.ਐਸ.ਸੀ. ਨੂੰ ਭੇਜਿਆ ਜਾਣਾ ਹੈ।

ONLY FOR THOSE WHO MISS THE "PIND" OF THEIR CHILDHOOD MEMORIES

FRIENDS OF PUNJAB FOUNDATION
SERVING HUMANITY
Dedicated to the teachings of Guru Nanak Dev Ji

"SERVING HUMANITY" following Guru Nanak Jee
'Mera Pind 360' (all around human development)

NRIs your 'Pind' is waiting for your help. Join over 100 other members who have renewed their relationship with their village through one of our aid programs below.

**Family Development**
Monthly financial help and children's higher education help.

**Skill Development**
Ladies Dress Design, Dairy, Beauty Parlor, Computer Skills including basic/advanced digital design, etc

**Small Farmer Aid**
Farming machinery center for marginal farmers.

**Gov't Services/ Skill Development Schemes**
Adhar Card, PAN number, health insurance card, passport application, railway tickets, etc

**Other Services**
WiFi, Library, HD TV for Webinars / Remote Learning / Tele-health.

No middlemen. Free help from our volunteers. Volunteers will review your 'Pind' and provide appropriate aid. Don't wait. Visit our website, send an email, or call us for more details.

Contact: Bhupinder S. Hundal (USA) | 630-802-2179
www.friendsofpunjabfoundation.org | Email: hundalb@yahoo.com
Dr. Amrit Singh | 562-225-7784 | amritsinghmd@gmail.com

# ਸਾਰਾਗੜ੍ਹੀ ਦੀ ਜੰਗ ਦੇ ਸਿੰਘਾਂ ਨੂੰ ਸ਼ਰਧਾਂਜਲੀ

**ਸ਼ਿਕਾਗੋ:** ਸਾਰਾਗੜ੍ਹੀ ਦੀ ਜੰਗ 12 ਸਤੰਬਰ 1897 ਵਿਚ ਬ੍ਰਿਟਿਸ਼ ਇੰਡੀਅਨ ਆਰਮੀ ਦੀ 36ਵੀਂ ਸਿੱਖ ਰਜਮੈਂਟ (ਜੋ ਇਸ ਵਕਤ ਭਾਰਤ ਵਿਚ 4 ਸਿੱਖ ਹੈ) ਅਤੇ ਕਬਾਇਲੀ ਪਠਾਣਾਂ ਵਿਚਕਾਰ ਹੋਈ। ਸੰਸਾਰ ਦੀ ਇਹ ਜੰਗ ਸੂਰਬੀਰਤਾ ਭਰਪੂਰ ਜੰਗਾਂ ਵਿਚੋਂ ਇਕ ਹੈ। ਇਸ ਵਿਚ 21 ਸਿੱਖ ਸਿਪਾਹੀਆਂ ਨੇ ਹੌਲਦਾਰ ਈਸ਼ਰ ਸਿੰਘ ਦੀ ਕਮਾਨ ਹੇਠ ਦਸ ਹਜ਼ਾਰ ਕਬਾਇਲੀ ਪਠਾਣਾਂ ਨਾਲ ਮੁਕਾਬਲਾ ਕਰਦੇ ਹੋਏ ਸ਼ਹਾਦਤ ਦਾ ਜਾਮ ਪੀਤਾ।

ਹਰ ਸਾਲ ਵਾਂਗ 12 ਸਤੰਬਰ, ਦਿਨ ਐਤਵਾਰ ਗੁਰਦੁਆਰਾ ਪੈਲਾਟਾਈਨ ਵਿਚ ਸਾਰਾਗੜ੍ਹੀ ਦੇ ਸ਼ਹੀਦਾਂ ਨੂੰ ਯਾਦ ਕਰਦੇ ਹੋਏ ਪ੍ਰਬੰਧਕ ਕਮੇਟੀ ਅਤੇ ਸਾਧ-ਸੰਗਤ ਨੇ ਸ਼ਰਧਾਂਜਲੀ ਦਿੱਤੀ ਜਿਸ ਵਿਚ ਸਾਡੇ ਭਾਈਚਾਰੇ ਦੀ ਧੀ ਸੀਰਤ ਕੌਰ ਕਲੇਰ ਨੇ ਦੀਵਾਨ ਹਾਲ ਵਿਚ ਬਹੁਤ ਸੁਚੱਜੀ ਪੇਸ਼ਕਾਰੀ ਕੀਤੀ ਅਤੇ ਸਮੂਹ ਸੰਗਤ ਨੂੰ ਸ਼ਹੀਦਾਂ ਬਾਰੇ ਜਾਣੂ ਕਰਵਾਇਆ ਗਿਆ। ਦੀਵਾਨ ਹਾਲ ਵਿਚ ਬੈਠੀ ਸਾਧ ਸੰਗਤ ਨੇ 'ਬੋਲੇ ਸੋ ਨਿਹਾਲ, ਸਤਿ ਸ੍ਰੀ ਅਕਾਲ' ਦੇ ਜੈਕਾਰੇ ਨਾਲ ਸ਼ਹੀਦਾਂ ਦੀ ਬਹਾਦਰੀ ਅਤੇ ਕੁਰਬਾਨੀ ਨੂੰ ਯਾਦ ਕੀਤਾ।

ਗੁਰਦੁਆਰਾ ਪੈਲਾਟਾਈਨ ਦੇ ਕਾਰਸੇਵਕ ਸਤਨਾਮ ਸਿੰਘ ਔਲਖ ਨੇ ਦੱਸਿਆ ਕਿ ਹਰ ਸਾਲ ਵਾਂਗ ਐਤਕੀਂ ਵੀ ਸਿੱਖੀ ਪ੍ਰਚਾਰ ਨਾਲ ਜੁੜੇ ਕਾਰਸੇਵਕਾਂ ਨੇ ਵੱਡੀ ਡਿਉੜੀ ਵਿਚ ਪ੍ਰਦਰਸ਼ਨੀ ਲਗਾਈ ਜਿਸ ਤੋਂ ਸਭ ਸੰਗਤ ਅਤੇ ਬੱਚਿਆਂ ਨੇ ਅਨਮੋਲ ਜਾਣਕਾਰੀ ਹਾਸਲ ਕੀਤੀ। ਸਾਰਾਗੜ੍ਹੀ ਪੋਸਟ ਜੋ ਲੋਕਹਾਰਟ ਅਤੇ ਗੁਲਸਤਾਨ ਦੇ ਕਿਲ੍ਹਿਆਂ ਦੇ ਆਪਸੀ ਤਾਲਮੇਲ ਕਰਨ ਵਾਸਤੇ ਬਣਾਈ ਸੀ। ਇਹ ਤਾਲਮੇਲ ਸੂਰਜ ਦੀਆਂ ਕਿਰਨਾਂ ਤੇ ਸ਼ੀਸੇ ਦੀ ਰੈਫਲੈਕਸ਼ਨ ਰਾਹੀਂ ਮਿਲਾਪ ਕੀਤਾ ਜਾਂਦਾ ਸੀ। ਸਵੇਰ ਹੁੰਦਿਆਂ ਹੀ ਸੰਤਰੀ ਨੇ ਪੋਸਟ ਕਮਾਂਡਰ ਹਵਾਲਦਾਰ ਈਸ਼ਰ ਸਿੰਘ ਨੂੰ ਦੱਸਿਆ ਕਿ ਅਫਗਾਨ ਕਬੀਲੀਆਂ ਦੇ ਪਠਾਣਾਂ ਦਾ ਬਹੁਤ ਵੱਡਾ ਲਸ਼ਕਰ ਪੋਸਟ ਵੱਲ ਆ ਰਿਹਾ ਹੈ।



ਹਵਾਲਦਾਰ ਈਸ਼ਰ ਸਿੰਘ ਨੇ ਜੰਗ ਦੀ ਤਿਆਰੀ ਵਾਸਤੇ ਸਭ ਨੂੰ ਇਕੱਠਾ ਕੀਤਾ ਅਤੇ ਫਤਿਹ ਦੀ ਅਰਦਾਸ ਕੀਤੀ। ਉਸ ਤੋਂ ਬਾਅਦ ਸਭ ਨੂੰ ਹਦਾਇਤ ਕੀਤੀ ਕਿ ਜਿੰਨਾ ਚਿਰ ਉਹ ਹੁਕਮ ਨਹੀਂ ਦਿੰਦਾ, ਓਨਾ ਚਿਰ ਗੋਲੀ ਨਹੀਂ ਚਲਾਉਣੀ। ਯਾਦ ਰਹੇ ਕਿ .303 ਰਾਇਫਲ ਦੀ ਮਾਰ ਤਿੰਨ ਸੌ ਗਜ਼ ਤੱਕ ਹੁੰਦੀ ਹੈ, ਇਸ ਵਾਸਤੇ ਗੋਲੀ ਸਿੱਕੇ ਤੇ ਕੰਟਰੋਲ ਕਰਨਾ ਲੜਾਈ ਵਿਚ ਜ਼ਰੂਰੀ ਹੁੰਦਾ ਹੈ। ਉਸ ਵੇਲੇ ਹਵਲਦਾਰ ਈਸ਼ਰ ਸਿੰਘ ਨੇ ਆਪਣੇ ਕਮਾਂਡਰ ਨੂੰ ਇਤਲਾਹ ਦਿੱਤੀ ਕਿ ਉਨ੍ਹਾਂ ਉਪਰ ਕਬਾਇਲੀ ਪਠਾਣਾਂ ਦਾ ਬਹੁਤ ਵੱਡਾ ਲਸ਼ਕਰ ਹਮਲਾ ਕਰਨ ਆ ਰਿਹਾ ਹੈ। ਸਭ ਸਿਪਾਹੀਆਂ ਨੇ ਆਪੋ-ਆਪਣੇ ਮੋਰਚੇ ਸੰਭਾਲ ਲਏ ਅਤੇ ਜਦ ਹਮਲਾਵਰ 300 ਗਜ਼ ਦੇ ਅੰਦਰ ਆਉਣ ਤਾਂ ਸਭ ਸਿਪਾਹੀ ਇਕ ਹੀ ਸਮੇਂ ਹਮਲਾਵਰਾਂ ਤੇ ਗੋਲੀਆਂ ਦੀ ਵਾਛੜ ਕਰਦੇ ਰਹੇ ਜਿਸ ਨਾਲ ਕੁਝ ਹਮਲਾਵਰ ਮਰ ਜਾਂਦੇ ਅਤੇ ਪਿੱਛੇ ਹਟ ਜਾਂਦੇ। ਫਿਰ ਤਿਆਰੀ ਕਰਕੇ ਅੱਗੇ ਵਧਦੇ। ਇਹ ਜੰਗ ਹਵਾਲਦਾਰ ਈਸ਼ਰ ਸਿੰਘ ਅਤੇ ਪਠਾਣਾਂ ਦੇ ਆਗੂ ਗੁਲ ਬਾਦਸ਼ਾਹ ਵਿਚਕਾਰ ਸਵੇਰੇ 9 ਵਜੇ ਤੋਂ ਲੈ ਕੇ ਬਾਅਦ ਦੁਪਹਿਰ ਤਿੰਨ ਵਜੇ ਤੱਕ 6 ਘੰਟੇ ਚੱਲਦੀ ਰਹੀ।

ਗੋਲੀ ਸਿੱਕਾ ਖਤਮ ਹੋਣ 'ਤੇ ਹਾਲਾਤ ਮੁਤਾਬਿਕ ਕਮਾਂਡਰ ਨੇ ਹਦਾਇਤ ਕੀਤੀ ਕਿ ਜੋ ਕੁਝ ਸਿਪਾਹੀਆਂ ਕੋਲ ਹੈ, ਉਸ ਨਾਲ ਹੀ ਲੜੋ, ਹੋਰ ਮਦਦ ਨਹੀਂ ਪਹੁੰਚ ਸਕਦੀ। ਛੇ ਘੰਟੇ ਦੀ ਇਸ ਲੜਾਈ ਦੌਰਾਨ ਸਭ ਸਿੰਘ ਸ਼ਹੀਦੀ ਜਾਮ ਪੀ ਗਏ। ਵਾਇਰਲੈਸ ਅਪਰੇਟਰ ਸਿਪਾਹੀ ਗੁਰਮੁਖ ਸਿੰਘ ਇਕੱਲਾ ਹੀ ਰਹਿ ਗਿਆ। ਉਸ ਨੇ ਕਮਾਂਡਰ ਨੂੰ ਸੁਨੇਹਾ ਭੇਜਿਆ ਕਿ ਉਹ ਵਾਇਰਲੈਸ ਸੈੱਟ ਬੰਦ ਕਰਕੇ ਲੜਾਈ ਦੇ ਮੈਦਾਨ ਵਿਚ ਜਾ ਰਿਹਾ ਹੈ। ਫਿਰ ਉਹ ਵੀ ਲੜਾਈ ਵਿਚ ਕਈਆਂ ਨੂੰ ਮਾਰ ਕੇ ਸ਼ਹਾਦਤ ਦਾ ਜਾਮ ਪੀ ਗਿਆ। ਇਸ ਤੋਂ ਬਾਅਦ ਕਬਾਇਲੀ ਪਠਾਣਾਂ ਨੇ ਕਿਲ੍ਹੇ ਨੂੰ ਅੱਗ ਲਾ ਦਿੱਤੀ ਅਤੇ ਪੋਸਟ ਉਪਰ ਕਬਜ਼ਾ ਕਰ ਲਿਆ।

ਯਾਦ ਰਹੇ ਕਿ 21 ਸ਼ਹੀਦਾਂ ਦੀ ਸ਼ਹਾਦਤ ਦੀ ਦਾਸਤਾਨ ਪੂਰੇ ਸੰਸਾਰ ਵਿਚ ਹਰ ਸਾਲ 12 ਸਤੰਬਰ ਨੂੰ ਮਨਾਈ ਜਾਂਦੀ ਹੈ ਅਤੇ ਇਨ੍ਹਾਂ ਸ਼ਹੀਦਾਂ ਨੂੰ ਸ਼ਰਧਾਂਜਲੀ ਦਿੱਤੀ ਜਾਂਦੀ ਹੈ।

ਇਸ ਵਾਰ 124 ਸਾਲਾਂ ਬਾਅਦ ਬਰਤਾਨੀਆ ਸਰਕਾਰ ਨੇ ਹਵਾਲਦਾਰ ਈਸ਼ਰ ਸਿੰਘ ਦਾ ਬੁੱਤ ਅਤੇ 21 ਸਿੰਘਾਂ ਦੀ ਯਾਦਗਾਰ ਇੰਗਲੈਂਡ ਵਿਚ ਸਥਾਪਤ ਕੀਤੀ ਹੈ ਜੋ ਸਿੱਖ ਜਗਤ ਦੀ ਬਹੁਤ ਮਾਣ ਵਾਲੀ ਗੱਲ ਹੈ।

ਅਮਰੀਕਾ ਵਿਚ ਵਰਜੀਨੀਆ ਲੈਜਿਸਲੇਸ਼ਨ ਸਟੇਟ ਨੇ 21 ਸਿੰਘਾਂ ਦੀ ਬਹਾਦਰੀ ਅਤੇ ਕੁਰਬਾਨੀ ਦੀ ਪ੍ਰਸ਼ੰਸਾ ਕਰਦੇ ਹੋਏ 21 ਫਰਵਰੀ 2017 ਨੂੰ ਬਿਲ ਪਾਸ ਕੀਤਾ। ਹੁਣ ਵਰਜੀਨੀਆ ਦੇ ਗੁਰਦੁਆਰੇ ਵਿਚ ਇਹ ਦਿਨ ਹਰ ਸਾਲ ਮਨਾਇਆ ਜਾਂਦਾ ਹੈ।

ਪੈਲਾਟਾਈਨ ਗਰਦੁਆਰੇ ਦੇ ਸਿੱਖੀ ਪ੍ਰਚਾਰ ਦੇ ਕਾਰਸੇਵਕਾਂ ਵੱਲੋਂ ਪਿਛਲੇ ਕਈ ਸਾਲਾਂ ਤੋਂ ਸ਼ਹੀਦਾਂ ਨੂੰ ਸ਼ਰਧਾਂਜਲੀ ਦਿੱਤੀ ਜਾਂਦੀ ਹੈ ਅਤੇ ਇਸ ਬਿਲ ਨੂੰ ਦੂਸਰੇ ਸਟੇਟਾਂ ਵਿਚ ਪੇਸ਼ ਕਰਨ ਵਾਸਤੇ ਉਪਰਾਲੇ ਕੀਤੇ ਜਾ ਰਹੇ ਹਨ ਤਾਂ ਕਿ 21 ਸਿੰਘਾਂ ਦੀ ਬਹਾਦਰੀ ਅਤੇ ਕੁਰਬਾਨੀ ਦਾ ਸਮੂਹ ਅਮਰੀਕਨ ਪਬਲਿਕ ਨੂੰ ਪਤਾ ਲੱਗ ਸਕੇ।

## ਚੰਨੀ ਨੇ ਕਾਫਲਾ ਰੋਕ ਕੇ ਨਵ-ਵਿਆਹੇ ਜੋੜੇ ਨੂੰ ਪਾਇਆ ਸ਼ਗਨ

**ਚਾਉਕੇ:** ਕਿਸਾਨੀ ਸੰਘਰਸ਼ ਦੇ ਸ਼ਹੀਦ ਪਰਿਵਾਰਾਂ ਨੂੰ ਇਥੇ ਨੌਕਰੀ ਦੇ ਨਿਯੁਕਤੀ ਪੱਤਰ ਦੇਣ ਆਏ ਪੰਜਾਬ ਦੇ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਨੇ ਸੜਕ 'ਤੇ ਰੁਕ ਕੇ ਲੋੜਵੰਦ ਪਰਿਵਾਰ ਦੇ ਨਵ-ਵਿਆਹੇ ਜੋੜੇ ਨੂੰ ਆਸ਼ੀਰਵਾਦ ਦਿੱਤਾ ਤੇ ਸ਼ਗਨ ਵੀ ਪਾਇਆ। ਪਿੰਡ ਮੰਡੀ ਕਲਾਂ ਦੇ ਬੱਕਰੀਆਂ ਪਾਲ ਕੇ ਗੁਜ਼ਾਰਾ ਕਰਨ ਵਾਲੇ ਨਵ-ਵਿਆਹੇ ਨੌਜਵਾਨ ਲਵਜੀਤ ਸਿੰਘ ਨੇ ਦੱਸਿਆ ਕਿ ਜਦੋਂ ਉਹ ਵਡੇਰਿਆਂ ਦੀ ਜਗ੍ਹਾ ਤੋਂ ਮਿੱਟੀ ਕੱਢ ਕੇ ਆ ਰਹੇ ਸਨ ਤਾਂ ਅੱਗੇ ਪੰਜਾਬ ਦੇ ਮੁੱਖ ਮੰਤਰੀ ਸ. ਚੰਨੀ ਕਾਰਾਂ ਦੇ ਕਾਫਲੇ ਸਮੇਤ ਸੜਕ 'ਤੇ ਜਾ ਰਹੇ ਸਨ ਤਾਂ ਮੁੱਖ ਮੰਤਰੀ ਨੇ ਗੱਡੀ ਰੁਕਵਾ ਕਿ ਉਨ੍ਹਾਂ ਨੂੰ ਆਸ਼ੀਰਵਾਦ ਦਿੱਤਾ ਤਾਂ ਉਨ੍ਹਾਂ ਦੀ ਖੁਸ਼ੀ ਦਾ ਟਿਕਾਣਾ ਹੀ ਨਾ ਰਿਹਾ। ਉਨ੍ਹਾਂ ਨੂੰ ਯਕੀਨ ਵੀ ਨਹੀਂ ਆ ਰਹੀ ਸੀ ਕਿ ਮੁੱਖ ਮੰਤਰੀ ਉਨ੍ਹਾਂ ਨੂੰ ਆਸ਼ੀਰਵਾਦ ਦੇਣ ਲਈ ਰੁਕੇ ਹਨ।

# ਬੇਅਦਬੀ ਕਾਂਡ: ਭਗੌੜੇ ਡੇਰਾ ਕਮੇਟੀ ਮੈਂਬਰਾਂ ਖਿਲਾਫ ਕੇਸ ਦਰਜ

**ਫ਼ਰੀਦਕੋਟ:** ਗੁਰੂ ਗ੍ਰੰਥ ਸਾਹਿਬ ਦੇ ਸਰੂਪ ਚੋਰੀ ਕਰਨ ਅਤੇ ਉਨ੍ਹਾਂ ਦੇ ਪੰਨੇ ਗਲੀਆਂ ਵਿਚ ਖਿਲਾਰਨ ਮਗਰੋਂ ਇਤਰਾਜ਼ਯੋਗ ਪੋਸਟਰ ਲਾਉਣ ਦੇ ਮਾਮਲੇ 'ਚ ਅਦਾਲਤ ਵੱਲੋਂ ਭਗੌੜੇ ਐਲਾਨ ਗਏ ਡੇਰਾ ਸੱਚਾ ਸੌਦਾ ਦੀ ਕੌਮੀ ਕਮੇਟੀ ਦੇ ਤਿੰਨ ਮੈਂਬਰਾਂ ਖਿਲਾਫ ਬਾਜਾਖਾਨਾ ਪੁਲਿਸ ਨੇ ਆਈ.ਪੀ.ਸੀ. ਦੀ ਧਾਰਾ 174-ਏ (ਅਦਾਲਤ ਵਿਚ ਮੁਕੱਦਮੇ ਦਾ ਸਾਹਮਣਾ ਕਰਨ ਤੋਂ ਬਚਣਾ) ਤਹਿਤ ਦੋ ਵੱਖ-ਵੱਖ ਕੇਸ ਦਰਜ ਕਰ ਦਿੱਤੇ ਹਨ।

ਪ੍ਰਾਪਤ ਸੂਚਨਾ ਅਨੁਸਾਰ ਕੌਮੀ ਕਮੇਟੀ ਮੈਂਬਰ ਹਰਸ਼ ਧੂਰੀ, ਸੰਦੀਪ ਬਰੇਟਾ ਅਤੇ ਪ੍ਰਦੀਪ ਕਲੇਰ ਡੇਰਾ ਸੱਚਾ ਸੌਦਾ ਵਿਚ ਰਹਿੰਦੇ ਸਨ ਅਤੇ ਉਨ੍ਹਾਂ ਬੇਅਦਬੀ ਕਾਂਡ ਦੀ ਸਮੁੱਚੀ ਸਾਜ਼ਿਸ਼ ਰਚੀ ਸੀ। ਜਾਂਚ ਟੀਮ ਨੇ ਇਨ੍ਹਾਂ ਤਿੰਨਾਂ ਦੀ ਗ੍ਰਿਫਤਾਰੀ ਲਈ ਪੰਜਾਬ, ਹਰਿਆਣਾ ਅਤੇ ਹੋਰ ਸੂਬਿਆਂ ਵਿਚ ਛਾਪੇ ਮਾਰੇ ਸੀ ਪਰ ਮੁਲਜ਼ਮ ਪੁਲਿਸ ਦੇ ਹੱਥ ਨਹੀਂ ਲੱਗੇ। ਇਸ ਤੋਂ ਪਹਿਲਾਂ ਵੀ ਪੁਲਿਸ ਅੱਧੀ ਦਰਜਨ ਮੁਕੱਦਮਿਆਂ ਵਿਚ ਇਨ੍ਹਾਂ ਨੂੰ ਗ੍ਰਿਫਤਾਰ ਕਰਨ ਲਈ ਛਾਪੇ ਮਾਰਦੀ ਰਹੀ ਹੈ।

ਤਿੰਨ ਸਾਲ ਦੀ ਲੰਬੀ ਪੜਤਾਲ ਮਗਰੋਂ ਪੁਲਿਸ ਇਨ੍ਹਾਂ ਮੁਲਜ਼ਮਾਂ ਦੇ ਚਿਹਰੇ ਤੱਕ ਨਹੀਂ ਪਛਾਣ ਸਕੀ ਅਤੇ ਨਾ ਹੀ ਇਨ੍ਹਾਂ ਦਾ ਕੋਈ ਸਕੈੱਚ ਜਾਰੀ ਕੀਤਾ ਗਿਆ ਹੈ। ਜਾਂਚ ਟੀਮ ਤਿੰਨਾਂ ਮੁਲਜ਼ਮਾਂ ਨੂੰ ਗ੍ਰਿਫਤਾਰ ਕਰਨ ਦੇ ਨਾਲ-ਨਾਲ ਇਨ੍ਹਾਂ ਦੀਆਂ ਜਾਇਦਾਦਾਂ ਦੇ ਵੇਰਵੇ ਵੀ ਭਾਲ ਰਹੀ ਹੈ ਪਰ ਅਜੇ ਤੱਕ ਜਾਂਚ ਟੀਮ ਦੇ ਹੱਥ ਕੁਝ ਨਹੀਂ ਲੱਗਿਆ। ਪਤਾ ਲੱਗਾ ਹੈ ਕਿ ਇਹ ਤਿੰਨੋਂ ਕਮੇਟੀ ਮੈਂਬਰ ਵਿਵਾਦ ਸ਼ੁਰੂ ਹੋਣ ਮਗਰੋਂ ਤੁਰਤ ਦੇਸ਼ ਛੱਡ ਗਏ ਸਨ ਅਤੇ ਡੇਰਾ ਸੱਚਾ ਸੌਦਾ ਵਿਚ ਇਨ੍ਹਾਂ ਤਿੰਨਾਂ ਕਮੇਟੀ ਮੈਂਬਰਾਂ ਬਾਰੇ ਕੋਈ ਰਿਕਾਰਡ ਨਹੀਂ ਹੈ, ਜਿਸ ਕਰਕੇ ਜਾਂਚ ਟੀਮ ਨੂੰ ਇਨ੍ਹਾਂ ਮੁਲਜ਼ਮਾਂ ਦੀ ਗ੍ਰਿਫਤਾਰੀ ਲਈ ਵੱਡੀ ਚੁਣੌਤੀ ਦਾ ਸਾਹਮਣਾ ਕਰਨਾ ਪਿਆ ਹੈ।

# 'ਪੀਐਮ ਕੇਅਰਜ਼ ਫੰਡ ਭਾਰਤ ਸਰਕਾਰ ਦਾ ਫੰਡ ਨਹੀਂ'

**ਨਵੀਂ ਦਿੱਲੀ:** 'ਪੀਐੱਮ ਕੇਅਰਜ਼ ਫੰਡ ਭਾਰਤ ਸਰਕਾਰ ਦਾ ਫੰਡ ਨਹੀਂ ਹੈ ਅਤੇ ਇਸ ਵੱਲੋਂ ਇਕੱਤਰ ਕੀਤੀ ਜਾਂਦੀ ਰਕਮ ਭਾਰਤ ਦੇ ਸੰਚਿਤ ਫੰਡ (ਕੰਸੋਲੀਡੇਟਿਡ ਫੰਡ) 'ਚ ਨਹੀਂ ਜਾਂਦੀ ਹੈ।' ਇਹ ਜਾਣਕਾਰੀ ਦਿੱਲੀ ਹਾਈ ਕੋਰਟ 'ਚ ਦਿੱਤੀ ਗਈ ਹੈ। ਪੀਐੱਮ ਕੇਅਰਜ ਟਰੱਸਟ 'ਚ ਆਨਰੇਰੀ ਆਧਾਰ 'ਤੇ ਸੇਵਾਵਾਂ ਨਿਭਾ ਰਹੇ ਪ੍ਰਧਾਨ ਮੰਤਰੀ ਦਫਤਰ 'ਚ ਅਧੀਨ ਸਕੱਤਰ ਪ੍ਰਦੀਪ ਕੁਮਾਰ ਸ੍ਰੀਵਾਸਤਵ ਨੇ ਹਲਫਨਾਮਾ ਦਾਖਲ ਕਰਕੇ ਕਿਹਾ ਹੈ ਕਿ ਟਰੱਸਟ ਪਾਰਦਰਸ਼ਿਤਾ ਨਾਲ ਕੰਮ ਕਰਦਾ ਹੈ ਅਤੇ ਇਸ ਦੇ ਫੰਡਾਂ ਦੀ ਕੈਗ ਦੇ ਆਡਿਟਰਾਂ ਵੱਲੋਂ ਆਡਿਟ ਕੀਤੀ ਜਾਂਦੀ ਹੈ।


ਇਹ ਹਲਫਨਾਮਾ ਉਸ ਅਰਜ਼ੀ ਦੇ ਜਵਾਬ 'ਚ ਦਾਖਲ ਕੀਤਾ ਗਿਆ ਹੈ ਜਿਸ 'ਚ ਮੰਗ ਕੀਤੀ ਗਈ ਹੈ ਕਿ ਪੀਐੱਮ ਕੇਅਰਜ ਫੰਡ ਨੂੰ ਸੰਵਿਧਾਨ ਤਹਿਤ 'ਸਰਕਾਰੀ' ਐਲਾਨਣ ਦੇ ਨਿਰਦੇਸ਼ ਦਿੱਤੇ ਜਾਣ ਤਾਂ ਜੋ ਇਸ ਦੇ ਕੰਮਕਾਜ 'ਚ ਪਾਰਦਰਸ਼ਿਤਾ ਨੂੰ ਯਕੀਨੀ ਬਣਾਇਆ ਜਾ ਸਕੇ। ਚੀਫ ਜਸਟਿਸ ਡੀ.ਐੱਨ. ਪਟੇਲ ਅਤੇ ਜਸਟਿਸ ਅਮਿਤ ਬਾਂਸਲ ਦੇ ਬੈਂਚ ਵੱਲੋਂ ਇਸ ਮਾਮਲੇ 'ਤੇ 27 ਸਤੰਬਰ ਨੂੰ ਅੱਗੇ ਸੁਣਵਾਈ ਕੀਤੀ ਜਾਵੇਗੀ। ਸ੍ਰੀਵਾਸਤਵ ਵੱਲੋਂ ਦਾਖਲ ਹਲਫਨਾਮੇ 'ਚ ਕਿਹਾ ਗਿਆ ਹੈ,"ਪਾਰਦਰਸ਼ਿਤਾ ਯਕੀਨੀ ਬਣਾਉਣ ਲਈ ਟਰੱਸਟ ਨੂੰ ਮਿਲੀ ਰਕਮ ਦੀ ਵਰਤੋਂ ਦੇ ਵੇਰਵਿਆਂ ਦੇ ਨਾਲ ਆਡਿਟ ਰਿਪੋਰਟ ਉਸ ਦੀ ਅਧਿਕਾਰਤ ਵੈੱਬਸਾਈਟ 'ਤੇ ਪਾਈ ਜਾਂਦੀ ਹੈ। ਮੈਂ ਆਖਦਾ ਹਾਂ ਕਿ ਜਦੋਂ ਅਰਜ਼ੀਕਾਰ ਜਨ ਕਲਿਆਣ ਲਈ ਕੰਮ ਕਰਨ ਵਾਲਾ ਵਿਅਕਤੀ ਹੋਣ ਦਾ ਦਾਅਵਾ ਕਰ ਰਿਹਾ ਹੈ ਅਤੇ ਸਿਰਫ ਪਾਰਦਰਸ਼ਿਤਾ ਲਈ ਵੱਖ-ਵੱਖ ਰਾਹਤਾਂ ਲਈ ਬੇਨਤੀ ਕਰਨਾ ਚਾਹੁੰਦਾ ਹੈ ਤਾਂ ਇਸ ਨਾਲ ਕੋਈ ਫਰਕ ਨਹੀਂ ਪੈਂਦਾ ਹੈ ਕਿ ਪੀਐੱਮ ਕੇਅਰਜ ਭਾਰਤ ਦੇ ਸੰਵਿਧਾਨ ਦੀ ਧਾਰਾ 12 ਦੀ ਪਰਿਭਾਸ਼ਾ ਦੇ ਘੇਰੇ 'ਚ 'ਸਰਕਾਰੀ' ਹੈ ਜਾਂ ਨਹੀਂ।"

ਇਸ 'ਚ ਕਿਹਾ ਗਿਆ ਹੈ ਕਿ ਭਾਵੇਂ ਟਰੱਸਟ ਸੰਵਿਧਾਨ ਦੀ ਧਾਰਾ 12 'ਚ ਦਿੱਤੀ ਗਈ ਪਰਿਭਾਸ਼ਾ ਤਹਿਤ 'ਸਰਕਾਰੀ' ਹੋਵੇ ਜਾਂ ਹੋਰ ਅਥਾਰਿਟੀ ਹੋਵੇ ਜਾਂ ਸੂਚਨਾ ਅਧਿਕਾਰ ਐਕਟ ਤਹਿਤ ਕੋਈ 'ਜਨਤਕ ਅਥਾਰਿਟੀ' ਹੋਵੇ, ਤਾਂ ਵੀ ਤੀਜੀ ਧਿਰ ਨੂੰ ਜਾਣਕਾਰੀ ਦੇਣ ਦੀ ਇਜਾਜ਼ਤ ਨਹੀਂ ਹੈ। ਅਧਿਕਾਰੀ ਨੇ ਦੱਸਿਆ ਕਿ ਉਹ ਪੀਐੱਮ ਕੇਅਰਜ ਫੰਡ 'ਚ ਆਨਰੇਰੀ ਆਧਾਰ 'ਤੇ ਕੰਮ ਕਰ ਰਿਹਾ ਹੈ ਜੋ ਇਕ ਚੈਰੀਟੇਬਲ ਟਰੱਸਟ ਹੈ ਅਤੇ ਜਿਸ ਨੂੰ ਸੰਵਿਧਾਨ, ਸੰਸਦ ਜਾਂ ਪ੍ਰਦੇਸ਼ ਵਿਧਾਨ ਸਭਾ ਵੱਲੋਂ ਬਣਾਏ ਗਏ ਕਿਸੇ ਵੀ ਕਾਨੂੰਨ ਜਰੀਏ ਨਹੀਂ ਬਣਾਇਆ ਗਿਆ ਹੈ। ਅਰਜ਼ੀਕਾਰ ਸਮਿਅਕ ਗੰਗਵਾਲ ਨੇ ਆਪਣੀ ਅਰਜ਼ੀ 'ਚ ਕਿਹਾ ਹੈ ਕਿ ਪੀਐੱਮ ਕੇਅਰਜ ਫੰਡ 'ਸਰਕਾਰੀ' ਹੈ ਕਿਉਂਕਿ ਇਸ ਨੂੰ 27 ਮਾਰਚ, 2020 'ਚ ਪ੍ਰਧਾਨ ਮੰਤਰੀ ਨੇ ਕੋਵਿਡ-19 ਕਾਰਨ ਲੋਕਾਂ ਨੂੰ ਸਹਾਇਤਾ ਪ੍ਰਦਾਨ ਕਰਨ ਦੇ ਮਕਸਦ ਨਾਲ ਬਣਾਇਆ ਗਿਆ ਸੀ। ਉਨ੍ਹਾਂ ਦੇ ਵਕੀਲ ਨੇ ਅਦਾਲਤ ਨੂੰ ਕਿਹਾ ਸੀ ਕਿ ਜੇਕਰ ਪੀਐੱਮ ਕੇਅਰਜ ਫੰਡ ਸੰਵਿਧਾਨ ਤਹਿਤ 'ਸਰਕਾਰੀ' ਨਹੀਂ ਹੈ ਤਾਂ ਡੋਮੇਨ ਨਾਮ 'ਜੀਓਵੀ' ਦੀ ਵਰਤੋਂ, ਪ੍ਰਧਾਨ ਮੰਤਰੀ ਦੀ ਤਸਵੀਰ, ਮੁਲਕ ਦੇ ਪ੍ਰਤੀਕ ਆਦਿ ਨੂੰ ਰੋਕਣਾ ਹੋਵੇਗਾ। ਅਰਜ਼ੀ 'ਚ ਇਹ ਵੀ ਕਿਹਾ ਗਿਆ ਹੈ ਕਿ ਫੰਡ ਦੇ ਟਰੱਸਟੀਆਂ 'ਚ ਪ੍ਰਧਾਨ ਮੰਤਰੀ, ਰੱਖਿਆ ਮੰਤਰੀ, ਗ੍ਰਹਿ ਮੰਤਰੀ ਅਤੇ ਵਿੱਤ ਮੰਤਰੀ ਹਨ।

SUPER TRAVEL
847-676-9090, 773-465-5566
E-mail: supertravel2003@live.com
Lowest Fares With Excellent Service
United Airlines
British Airways

Etihad, Air India, KLM, Lufthansa, Delta, Qatar Airlines.
For Emergency Call anytime at 847-673-3825
EARLY BIRD SALE!!!!
Domestic fares available

Desi Bazar
Under new management.
916 E. Main Street #118, Greenwood, IN, 46143
Tel: 317-888-2040, Fax: 317-887-6116
Lakhvir S. Johal, Ph: 317-709-7800
Help Wanted in the Kitchen
We specialize in all kind of Indian Groceries and Sweets
• FRESH VEGETABLES EVERY THURSDAY
• FRESH GOAT MEAT
10% off on all Gurudwara supplies and Religious programs!!
We Are Open 7 Days a Week
ਖੁਲ੍ਹਾ ਤੇ ਸਾਫ ਸੁਥਰਾ ਸਟੋਰ, ਪੰਜਾਬੀਆਂ ਦਾ ਮਾਣ ਦੇਸੀ ਬਾਜ਼ਾਰ

Sistar Mortgage
Minimizing Cost, Maximizing Investment
www.SistarMortgage.com

Balbir (Bill) Grewal, Loan Officer (NMLS 353442)
Residential & Commercial Loans
(734) 330-8859 Mobile
(586) 802-7385 Fax
Balbir.Grewal@SistarMortgage.com
Loans Available In Most States!
*Refinance up to 125% value of the house.
•Residential Loans (Purchase, Refinance & Cash Out Refinance). •Self Employed and H1 Visa •Jumbo loans •Commercial Property With Business or Business Only. •Business Equity Line of Credit. •Multi Unit Investment Property.

# ਭਾਰਤ ਤੇ ਅਮਰੀਕਾ ਨੇ ਰਲ ਕੇ ਚੱਲਣ ਲਈ ਦ੍ਰਿੜ੍ਹਤਾ ਪ੍ਰਗਟਾਈ

**ਵਾਸ਼ਿੰਗਟਨ:** ਅਮਰੀਕਾ ਦੇ ਰਾਸ਼ਟਰਪਤੀ ਜੋਅ ਬਾਇਡਨ ਨੇ ਇਥੇ ਵਾਈਟ ਹਾਊਸ 'ਚ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨਾਲ ਪਹਿਲੀ ਸਿੱਧੀ ਮੁਲਾਕਾਤ ਮਗਰੋਂ ਕਿਹਾ ਕਿ ਭਾਰਤ ਅਤੇ ਅਮਰੀਕਾ ਦੁਨੀਆਂ ਦੇ ਸਭ ਤੋਂ ਵੱਡੇ ਲੋਕਤੰਤਰੀ ਦੇਸ਼ ਹਨ ਅਤੇ ਦੋਵੇਂ ਦੇਸ਼ ਮਿਲ ਕੇ ਸਖ਼ਤ ਚੁਣੌਤੀਆਂ ਦਾ ਸਾਹਮਣਾ ਕਰ ਸਕਦੇ ਹਨ। ਦੋਵਾਂ ਨੇਤਾਵਾਂ ਦੀ ਮੁਲਾਕਾਤ ਨਿਰਧਾਰਤ 60 ਮਿੰਟਾਂ ਦੀ ਬਜਾਏ 90 ਮਿੰਟ ਤੋਂ ਜ਼ਿਆਦਾ ਚੱਲੀ। ਬਾਇਡਨ ਨੇ ਟਵਿੱਟਰ 'ਤੇ ਮੋਦੀ ਨਾਲ ਤਸਵੀਰ ਸਾਂਝੀ ਕੀਤੀ ਜਿਸ ਵਿਚ ਦੋਵੇਂ ਹੱਥ ਮਿਲਾਉਂਦੇ ਹੋਏ ਨਜ਼ਰ ਆ ਰਹੇ ਹਨ।



ਇਕ ਸਾਂਝੇ ਬਿਆਨ ਵਿਚ ਕਿਹਾ ਗਿਆ ਹੈ ਕਿ ਵਾਸ਼ਿੰਗਟਨ ਵਿਚ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਤੇ ਅਮਰੀਕੀ ਰਾਸ਼ਟਰਪਤੀ ਦਰਮਿਆਨ ਹੋਈ ਦੁਵੱਲੀ ਮੀਟਿੰਗ ਵਿਚ ਲਏ ਗਏ ਫੈਸਲੇ ਅਗਲੀ ਸਦੀ ਦੇ ਆਰਥਿਕ ਅਤੇ ਸੁਰੱਖਿਆ ਦੇ ਦ੍ਰਿਸ਼ ਨੂੰ ਪਰਿਭਾਸ਼ਤ ਕਰਨਗੇ। ਦੋਵੇਂ ਧਿਰਾਂ ਰਣਨੀਤਕ ਸਾਂਝੇਦਾਰੀ ਬਣਾਉਣਗੀਆਂ ਅਤੇ ਆਸੀਆਨ ਅਤੇ ਕਵਾਡ ਸਮੇਤ ਖੇਤਰੀ ਸਮੂਹਾਂ ਦੇ ਨਾਲ ਮਿਲ ਕੇ ਕੰਮ ਕਰਨਗੀਆਂ, ਵਪਾਰ ਅਤੇ ਨਿਵੇਸ਼ ਦੀ ਭਾਈਵਾਲੀ ਵਿਕਸਤ ਕਰਨਗੀਆਂ, ਮਹਾਂਮਾਰੀ ਵਿਰੁੱਧ ਲੜਨਗੀਆਂ, ਵਾਤਾਵਰਨ ਬਚਾਉਣ ਲਈ ਕੰਮ ਕਰਨਗੀਆਂ ਤੇ ਲੋਕਤੰਤਰੀ ਕਦਰਾਂ ਕੀਮਤਾਂ ਨੂੰ ਮਜ਼ਬੂਤ ਕਰਨਗੀਆਂ।

ਇਸ ਤੋਂ ਪਹਿਲਾਂ ਅਮਰੀਕੀ ਰਾਸ਼ਟਰਪਤੀ ਜੋਅ ਬਾਇਡਨ ਅਤੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਕੁਆਡ (ਚਾਰ ਮੁਲਕਾਂ) ਦੀ ਬੈਠਕ ਦੌਰਾਨ ਅਮਰੀਕਾ ਅਤੇ ਭਾਰਤ ਵਿਚਾਲੇ ਸਹਿਯੋਗ ਵਧਣ ਦਾ ਸਵਾਗਤ ਕੀਤਾ ਹੈ। ਇਸ 'ਚ ਖੇਤਰੀ ਅਖੰਡਤਾ ਅਤੇ ਕੌਮਾਂਤਰੀ ਕਾਨੂੰਨਾਂ ਦੇ ਸਬੰਧ 'ਚ ਆਜ਼ਾਦ, ਖੁੱਲ੍ਹੇ ਅਤੇ ਸਾਰਿਆਂ ਦੀ ਪਹੁੰਚ ਵਾਲੇ ਹਿੰਦ ਪ੍ਰਸ਼ਾਤ ਖਿੱਤੇ 'ਚ ਬਹੁਧਿਰੀ ਸਹਿਯੋਗ ਸ਼ਾਮਲ ਹੈ।

ਕੁਆਡ ਸੁਰੱਖਿਆ ਵਾਰਤਾ 'ਚ ਭਾਰਤ, ਅਮਰੀਕਾ, ਜਪਾਨ ਅਤੇ ਆਸਟਰੇਲੀਆ ਸ਼ਾਮਲ ਹਨ। ਸਾਂਝੇ ਬਿਆਨ 'ਚ ਮੋਦੀ ਅਤੇ ਬਾਇਡਨ ਨੇ ਸਪੱਸ਼ਟ ਨਜ਼ਰੀਏ ਦੀ ਪੁਸ਼ਟੀ ਕੀਤੀ ਜੋ ਅਮਰੀਕਾ-ਭਾਰਤ ਰਿਸ਼ਤਿਆਂ ਨੂੰ ਅੱਗੇ ਵਧਾਏਗਾ। ਇਸ 'ਚ ਰਣਨੀਤਕ ਸਾਂਝੇਦਾਰੀ ਅਤੇ ਆਸੀਆਨ ਤੇ ਕੁਆਡ ਮੈਂਬਰਾਂ ਸਮੇਤ ਖੇਤਰੀ ਗੁੱਟਾਂ ਨਾਲ ਮਿਲ ਕੇ ਕੰਮ ਕਰਨਾ ਅਤੇ ਹਿੰਦ ਪ੍ਰਸ਼ਾਂਤ ਖਿੱਤੇ 'ਚ ਸਾਂਝੇ ਹਿੱਤਾਂ ਨੂੰ ਉਤਸ਼ਾਹਿਤ ਕਰਨਾ ਸ਼ਾਮਲ ਹੈ। ਦੱਖਣੀ ਚੀਨ ਸਾਗਰ 'ਤੇ ਚੀਨ ਆਪਣਾ ਦਾਅਵਾ ਜਤਾਉਂਦਾ ਆ ਰਿਹਾ ਹੈ ਜਿਸ ਨੂੰ ਲੈ ਕੇ ਉਥੇ ਜਪਾਨ ਨਾਲ ਵਿਵਾਦ ਚੱਲ ਰਿਹਾ ਹੈ। ਦੋਵੇਂ ਆਗੂਆਂ ਨੇ ਕੋਵਿਡ-19 ਮਹਾਮਾਰੀ ਅਤੇ ਹੋਰ ਸਿਹਤ ਚੁਣੌਤੀਆਂ ਖਿਲਾਫ ਲੜਾਈ ਨੂੰ ਖਤਮ ਕਰਨ 'ਤੇ ਵੀ ਜੋਰ ਦਿੱਤਾ। ਬਿਆਨ 'ਚ ਕਿਹਾ ਗਿਆ ਹੈ ਕਿ ਉਨ੍ਹਾਂ ਇਸ ਸਾਲ ਦੇ ਅਖੀਰ 'ਚ ਭਾਰਤ ਅਤੇ ਅਮਰੀਕਾ ਦੇ ਵਿਦੇਸ਼ ਤੇ ਰੱਖਿਆ ਮੰਤਰੀਆਂ ਦੀ 2+2 ਵਾਰਤਾ ਰਾਹੀਂ ਵਿਚਾਰ ਵਟਾਂਦਰੇ ਦਾ ਵੀ ਸਵਾਗਤ ਕੀਤਾ ਹੈ।

## 'ਮੋਦੀ ਨੇ ਵਿਦੇਸ਼ ਨੀਤੀ ਨੂੰ ਫੋਟੋ ਖਿਚਵਾਉਣ ਦੇ ਮੌਕੇ ਤੱਕ ਸੀਮਤ ਕੀਤਾ'

**ਨਵੀਂ ਦਿੱਲੀ:** ਕਾਂਗਰਸ ਨੇ ਕਿਹਾ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਦੇਸ਼ ਦੀ ਵਿਦੇਸ਼ ਨੀਤੀ ਨੂੰ ਕਥਿਤ ਮਹਿਜ਼ ਫੋਟੋ ਖਿਚਵਾਉਣ ਦੇ ਮੌਕੇ ਤੱਕ ਸੀਮਤ ਕਰ ਛੱਡਿਆ ਹੈ। ਕਾਂਗਰਸ ਨੇ ਕਿਹਾ ਕਿ ਸਰਕਾਰ ਦੇ ਇਸੇ ਰਵੱਈਏ ਕਰਕੇ ਕਈ ਅਹਿਮ ਮਸਲੇ ਹੱਲ ਹੋਣ ਖੁਣੋਂ ਅਜੇ ਤੱਕ 'ਗੱਲਬਾਤ ਦੀ ਮੇਜ਼' ਤੱਕ ਨਹੀਂ ਪੁੱਜ ਸਕੇ। ਕਾਂਗਰਸ ਦੀ ਤਰਜਮਾਨ ਸੁਪ੍ਰਿਆ ਸ੍ਰੀਨੇਤ ਨੇ ਉਮੀਦ ਜਤਾਈ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਆਪਣੀ ਅਮਰੀਕਾ ਫੇਰੀ ਦੌਰਾਨ ਭਾਰਤ ਤੇ ਇਸ ਦੇ ਲੋਕਾਂ ਦੇ ਹਿੱਤਾਂ ਨਾਲ ਜੁੜੇ ਮੁੱਦਿਆਂ ਨੂੰ ਚੁੱਕਣਗੇ। ਸ੍ਰੀਨੇਤ ਨੇ ਕਿਹਾ ਕਿ ਪ੍ਰਧਾਨ ਮੰਤਰੀ ਜਦੋਂ ਵਿਦੇਸ਼ ਦੌਰੇ 'ਤੇ ਹੁੰਦੇ ਹਨ ਤਾਂ ਉਹ ਭਾਜਪਾ ਦੀ ਨਹੀਂ (ਜਿਸ ਦੇ ਉਹ ਆਗੂ ਹਨ) ਬਲਕਿ ਪੂਰੇ ਮੁਲਕ ਦੀ ਨੁਮਾਇੰਦਗੀ ਕਰਦੇ ਹਨ।

## ਬਾਇਡਨ ਵੱਲੋਂ ਸਲਾਮਤੀ ਪ੍ਰੀਸ਼ਦ 'ਚ ਭਾਰਤ ਦੀ ਪੱਕੀ ਮੈਂਬਰਸ਼ਿਪ ਲਈ ਹਮਾਇਤ

**ਵਾਸ਼ਿੰਗਟਨ:** ਅਮਰੀਕਾ ਦੇ ਰਾਸ਼ਟਰਪਤੀ ਜੋਅ ਬਾਇਡਨ ਨੇ ਵ੍ਹਾਈਟ ਹਾਊਸ 'ਚ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨਾਲ ਆਪਣੀ ਪਹਿਲੀ ਦੁਵੱਲੀ ਬੈਠਕ ਦੌਰਾਨ ਸੰਯੁਕਤ ਰਾਸ਼ਟਰ ਸਲਾਮਤੀ ਪ੍ਰੀਸ਼ਦ 'ਚ ਭਾਰਤ ਦੀ ਸਥਾਈ ਮੈਂਬਰਸ਼ਿਪ ਅਤੇ ਪਰਮਾਣੂ ਸਪਲਾਇਰਜ਼ ਗਰੁੱਪ (ਐਨ.ਐਸ.ਜੀ.) 'ਚ ਨਵੀਂ ਦਿੱਲੀ ਦੇ ਦਾਖਲੇ ਪ੍ਰਤੀ ਵਾਸ਼ਿੰਗਟਨ ਦੀ ਹਮਾਇਤ ਦੁਹਰਾਈ ਹੈ। ਵ੍ਹਾਈਟ ਹਾਊਸ 'ਚ ਦੋਵੇਂ ਆਗੂਆਂ ਦੀ ਬੈਠਕ ਤੋਂ ਬਾਅਦ ਜਾਰੀ ਸਾਂਝੇ ਬਿਆਨ 'ਚ ਕਿਹਾ ਗਿਆ ਹੈ ਕਿ ਬਾਇਡਨ ਨੇ ਅਗਸਤ 'ਚ ਸਲਾਮਤੀ ਪ੍ਰੀਸ਼ਦ ਦੀ ਭਾਰਤ ਵੱਲੋਂ ਕੀਤੀ ਗਈ ਅਗਵਾਈ ਲਈ ਉਸ ਦੀ ਸ਼ਲਾਘਾ ਕੀਤੀ ਹੈ। ਉਨ੍ਹਾਂ ਭਾਰਤ ਅਤੇ ਹੋਰ ਮੁਲਕਾਂ ਨੂੰ ਸਲਾਮਤੀ ਪ੍ਰੀਸ਼ਦ 'ਚ ਪੱਕੀ ਮੈਂਬਰਸ਼ਿਪ ਦਿਵਾਉਣ 'ਚ ਅਮਰੀਕਾ ਦੀ ਹਮਾਇਤ ਦੁਹਰਾਈ ਹੈ। ਬਾਇਡਨ ਵੱਲੋਂ ਹਮਾਇਤ ਦਿੱਤੇ ਜਾਣ ਮਗਰੋਂ ਸਲਾਮਤੀ ਪ੍ਰੀਸ਼ਦ 'ਚ ਸੁਧਾਰਾਂ ਲਈ ਭਾਰਤ ਦੀਆਂ ਕੋਸ਼ਿਸ਼ਾਂ ਨੂੰ ਵੱਡੀ ਮਜ਼ਬੂਤੀ ਮਿਲੀ ਹੈ। ਜੀ-4 (ਬ੍ਰਾਜ਼ੀਲ, ਜਰਮਨੀ, ਭਾਰਤ ਅਤੇ ਜਪਾਨ) ਗਰੁੱਪ ਨੇ ਵੀ ਸਲਾਮਤੀ ਪ੍ਰੀਸ਼ਦ 'ਚ ਬਦਲਾਅ 'ਤੇ ਸਹਿਮਤੀ ਪ੍ਰਗਟਾਈ ਹੈ। ਮੌਜੂਦਾ ਆਲਮੀ ਘਟਨਾਕ੍ਰਮ ਨੂੰ ਦੇਖਦਿਆਂ ਭਾਰਤ ਨੂੰ ਸਲਾਮਤੀ ਪ੍ਰੀਸ਼ਦ ਦਾ ਮਜ਼ਬੂਤ ਦਾਅਵੇਦਾਰ ਮੰਨਿਆ ਜਾ ਰਿਹਾ ਹੈ।

# ਨਰਿੰਦਰ ਮੋਦੀ ਦੇ ਸੰਬੋਧਨ ਦੌਰਾਨ ਸੰਯੁਕਤ ਰਾਸ਼ਟਰ ਦੇ ਬਾਹਰ ਪ੍ਰਦਰਸ਼ਨ

**ਸੰਯੁਕਤ ਰਾਸ਼ਟਰ:** ਪ੍ਰਧਾਨ ਮੰਤਰੀ ਨਰਿੰਦਰ ਮੋਦੀ ਜਦੋਂ ਸੰਯੁਕਤ ਰਾਸ਼ਟਰ ਮਹਾਸਭਾ ਨੂੰ ਸੰਬੋਧਨ ਕਰ ਰਹੇ ਸਨ ਤਾਂ ਬਾਹਰ ਚਾਰ ਵੱਖ-ਵੱਖ ਪ੍ਰਦਰਸ਼ਨ ਹੋ ਰਹੇ ਸਨ। ਸੁਰੱਖਿਆ ਕਾਰਨਾਂ ਕਰਕੇ ਖਾਲਿਸਤਾਨ ਪੱਖੀ, ਨੈਸ਼ਨਲ ਓਵਰਸੀਜ਼ ਕਾਂਗਰਸ, ਕਿਸਾਨਾਂ ਦੀ ਹਮਾਇਤ 'ਚ ਸਥਾਨਕ ਗੁਰਦੁਆਰਾ ਕਮੇਟੀ ਅਤੇ ਹਿੰਦੂਜ਼ ਫਾਰ ਹਿਊਮਨ ਰਾਈਟਸ ਨੂੰ ਵੱਖ-ਵੱਖ ਥਾਵਾਂ 'ਤੇ ਪ੍ਰਦਰਸ਼ਨ ਕਰਨ ਦੀ ਇਜਾਜ਼ਤ ਦਿੱਤੀ ਗਈ ਸੀ।

ਵਿਰੋਧ ਕਰਨ ਵਾਲਿਆਂ 'ਚ ਖਾਲਿਸਤਾਨ ਪੱਖੀ ਸਿੱਖਾਂ ਦਾ ਜਥਾ ਸਭ ਤੋਂ ਵੱਡਾ ਸੀ ਅਤੇ ਉਹ ਕੇਸਰੀ ਝੰਡੇ ਝੁਲਾ ਰਹੇ ਸਨ। ਇੰਡੀਅਨ ਨੈਸ਼ਨਲ ਓਵਰਸੀਜ਼ ਕਾਂਗਰਸ ਨੇ ਭਾਰਤ 'ਚ ਮਨੁੱਖੀ ਹੱਕਾਂ ਦੇ ਘਾਣ ਦਾ ਵਿਰੋਧ ਕਰਦਿਆਂ ਪ੍ਰਦਰਸ਼ਨ ਕੀਤਾ। ਖੇਤੀ ਕਾਨੂੰਨਾਂ ਖਿਲਾਫ ਦਿੱਲੀ ਦੀਆਂ ਬਰੂਹਾਂ 'ਤੇ ਡਟੇ ਕਿਸਾਨਾਂ ਦੇ ਪੱਖ 'ਚ ਆਵਾਜ਼ ਬੁਲੰਦ ਕਰਦਿਆਂ ਸਥਾਨਕ ਗੁਰਦੁਆਰਾ ਕਮੇਟੀ ਨੇ ਵਿਰੋਧ ਪ੍ਰਦਰਸ਼ਨ ਕੀਤਾ। ਉਨ੍ਹਾਂ ਸਿਰਾਂ 'ਤੇ ਹਰੀਆਂ ਦਸਤਾਰਾਂ ਸਜਾਈਆਂ ਹੋਈਆਂ ਸਨ। ਹਿੰਦੂਜ਼ ਫਾਰ ਹਿਊਮਨ ਰਾਈਟਜ਼ ਦੇ ਪ੍ਰਬੰਧਕਾਂ ਨੇ ਕਿਹਾ ਕਿ ਉਹ ਨਾਗਰਿਕਤਾ ਸੋਧ ਐਕਟ (ਸੀ.ਏ.ਏ.), ਕੌਮੀ ਨਾਗਰਿਕਤਾ ਰਜਿਸਟਰ (ਐਨ.ਆਰ.ਸੀ.), ਭਾਰਤ 'ਚ ਕਾਰਕੁਨਾਂ ਨੂੰ ਜੇਲ੍ਹਾਂ ਅੰਦਰ ਡੱਕਣ ਅਤੇ ਹੋਰ ਕਾਨੂੰਨਾਂ ਖਿਲਾਫ ਪ੍ਰਦਰਸ਼ਨ ਕਰ ਰਹੇ ਹਨ ਜਿਨ੍ਹਾਂ ਨੂੰ ਉਨ੍ਹਾਂ ਮਨੁੱਖੀ ਹੱਕਾਂ ਦਾ ਘਾਣ ਕਰਾਰ ਦਿੱਤਾ। ਉਨ੍ਹਾਂ ਨਾਲ ਨਿਊ ਯਾਰਕ ਦੇ ਗਿਰਜਾਘਰਾਂ ਦੀ ਪ੍ਰੀਸ਼ਦ ਦੇ ਨੁਮਾਇੰਦੇ ਵੀ ਮੌਜੂਦ ਸਨ। ਖਾਲਿਸਤਾਨੀ ਪ੍ਰਦਰਸ਼ਨਕਾਰੀਆਂ ਨੂੰ ਸੰਯੁਕਤ ਰਾਸ਼ਟਰ 'ਚ ਭਾਰਤੀ ਮਿਸ਼ਨ ਦੇ ਬਾਹਰ ਪੁਲਿਸ ਨੇ ਪ੍ਰਦਰਸ਼ਨ ਕਰਨ ਦੀ ਇਜਾਜ਼ਤ ਨਹੀਂ ਦਿੱਤੀ ਅਤੇ ਉਹ ਕਾਰਾਂ 'ਚ ਕੇਸਰੀ ਝੰਡੇ ਲਹਿਰਾਉਂਦੇ ਹੋਏ ਨਾਅਰੇਬਾਜ਼ੀ ਕਰਦੇ ਰਹੇ।






# ਪੰਥਕ ਜਥੇਬੰਦੀਆਂ ਵਲੋਂ ਮੋਦੀ ਦੀ ਅਮਰੀਕਾ ਫੇਰੀ ਦਾ ਤਿੱਖਾ ਵਿਰੋਧ

**ਵਾਸ਼ਿੰਗਟਨ ਡੀ. ਸੀ./ਨਿਊ ਯਾਰਕ:** ਭਾਰਤੀ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ 24 ਸਤੰਬਰ ਨੂੰ ਵ੍ਹਾਈਟ ਹਾਊਸ ਵਿਚ ਪਹੁੰਚਣ 'ਤੇ ਅਤੇ ਨਿਊ ਯਾਰਕ ਯੂ. ਐਨ. ਓ. ਦੇ ਦਫਤਰ ਅੱਗੇ ਪੰਥਕ ਜਥੇਬੰਦੀਆਂ ਵਲੋਂ ਭਾਰੀ ਰੋਸ ਪ੍ਰਦਰਸ਼ਨ ਕੀਤਾ ਗਿਆ। ਇਹ ਰੋਸ ਪ੍ਰਦਰਸ਼ਨ ਕਿਸਾਨਾਂ ਦੇ ਹੱਕ ਵਿਚ, ਜੋ ਲੰਬੇ ਸਮੇਂ ਤੋਂ ਸੰਘਰਸ਼ ਕਰਦੇ ਆ ਰਹੇ ਹਨ ਤੇ ਤਿੰਨ ਕਾਲੇ ਕਾਨੂੰਨਾਂ ਦੇ ਵਿਰੋਧ ਵਿਚ ਕੀਤਾ ਗਿਆ ਸੀ। ਇਸ ਤੋਂ ਇਲਾਵਾ ਸਿੱਖਾਂ ਦੇ ਆਜ਼ਾਦ ਘਰ ਖਾਲਿਸਤਾਨ ਦੇ ਹੱਕ ਵਿਚ ਰੋਸ ਪ੍ਰਦਰਸ਼ਨ ਕੀਤੇ ਗਏ ਸਨ।

ਇਨ੍ਹਾਂ ਰੋਸ ਪ੍ਰਦਰਸ਼ਨਾਂ ਵਿਚ ਸਿੱਖ ਜਥੇਬੰਦੀਆਂ ਦੇ ਨੁਮਾਇੰਦੇ ਅਮਰੀਕਾ ਦੀਆਂ ਵੱਖ-ਵੱਖ ਸਟੇਟਾਂ ਤੋਂ ਵਿਸ਼ੇਸ਼ ਤੌਰ 'ਤੇ ਨਿਊ ਯਾਰਕ, ਨਿਊ ਜਰਸੀ, ਵਰਜੀਨੀਆ, ਕੈਲੀਫੋਰਨੀਆ, ਮਿਸ਼ੀਗਨ, ਇੰਡੀਆਨਾ, ਸ਼ਿਕਾਗੋ, ਓਹਾਇਓ, ਮੈਰੀਲੈਂਡ ਤੇ ਲੋਕਲ ਸੰਗਤਾਂ ਪਹੁੰਚੀਆਂ ਹੋਈਆਂ ਸਨ। ਪ੍ਰਦਰਸ਼ਨਕਾਰੀਆਂ ਨੇ ਜਿੱਥੇ ਕਿਸਾਨੀ ਦੇ ਝੰਡੇ ਤੇ ਬੈਨਰ ਚੁੱਕੇ ਹੋਏ ਸਨ, ਉਥੇ ਹੀ ਵੱਡੇ ਪੱਧਰ 'ਤੇ ਖਾਲਿਸਤਾਨੀ ਝੰਡੇ 2020 ਦੇ ਬੈਨਰ ਅਤੇ ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਅਮਰੀਕਾ ਦੇ ਝੰਡੇ ਤੇ ਬੈਨਰ ਵੀ ਪ੍ਰਮੁੱਖ ਸਨ। ਇਨ੍ਹਾਂ ਰੋਸ ਪ੍ਰਦਰਸ਼ਨਾਂ ਵਿਚ ਜਿੱਥੇ ਕਿਸਾਨੀ ਤੇ ਖਾਲਿਸਤਾਨ ਦੇ ਹੱਕ ਵਿਚ ਨਾਅਰੇਬਾਜ਼ੀ ਹੋ ਰਹੀ ਸੀ, ਉਥੇ ਹੀ ਨਰਿੰਦਰ ਮੋਦੀ ਵਿਰੋਧੀ, ਭਾਰਤ ਵਿਰੋਧੀ, ਗੋਦੀ ਮੀਡੀਆ ਵਿਰੋਧੀ ਆਦਿ ਨਾਅਰੇ ਬਹੁਤ ਉੱਚੀ ਸੁਰ ਵਿਚ ਲੱਗ ਰਹੇ ਸਨ, ਜੋ ਵ੍ਹਾਈਟ ਹਾਊਸ ਵਿਚ ਅਤੇ ਯੂ. ਐਨ. ਓ. ਵਿਚ ਬੈਠੇ ਨਰਿੰਦਰ ਮੋਦੀ ਦੇ ਕੰਨਾਂ ਤੱਕ ਪਹੁੰਚ ਰਹੇ ਸਨ।

ਵਾਸ਼ਿੰਗਟਨ ਡੀ. ਸੀ. ਵ੍ਹਾਈਟ ਹਾਊਸ ਸਾਹਮਣੇ ਕੁਝ ਮੋਦੀ ਸਮਰਥਕ ਵੀ ਪਹੁੰਚੇ ਹੋਏ ਸਨ, ਜੋ ਵਿਰੋਧ ਨੂੰ ਨਾ ਸਹਾਰਦੇ ਹੋਏ ਆਪਣਾ ਬੋਰੀਆ ਬਿਸਤਰਾ ਗੋਲ ਕਰਕੇ ਮੁਜ਼ਾਹਰੇ ਵਾਲੀ ਥਾਂ ਤੋਂ ਚਲੇ ਗਏ। ਦੋਹੀਂ ਥਾਈਂ ਰੋਸ ਮੁਜ਼ਾਹਰਿਆਂ 'ਚ ਸਿੱਖ ਨੌਜਵਾਨਾਂ ਨੇ ਜ਼ਬਰਦਸਤ ਨਾਅਰੇਬਾਜ਼ੀ ਕੀਤੀ। ਨਿਊ ਯਾਰਕ ਤੇ ਵਾਸ਼ਿੰਗਟਨ ਡੀ. ਸੀ. ਵਿਖੇ ਵਿਸ਼ੇਸ਼ ਤੌਰ 'ਤੇ ਪਹੁੰਚੇ ਹੋਏ ਪੰਥਕ ਬੁਲਾਰਿਆਂ ਨੇ ਵੀ ਆਪੋ-ਆਪਣੇ ਵਿਚਾਰ ਰੱਖੇ, ਜਿਨ੍ਹਾਂ ਵਿਚ ਵਿਸ਼ੇਸ਼ ਤੌਰ 'ਤੇ ਡਾ. ਅਮਰਜੀਤ ਸਿੰਘ ਖਾਲਿਸਤਾਨ ਅਫੇਅਰ ਸੈਂਟਰ, ਸ. ਬੂਟਾ ਸਿੰਘ ਖੜੌਦ ਕਨਵੀਨਰ ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ, ਸੁਰਜੀਤ ਸਿੰਘ ਕੁਲਾਰ ਪ੍ਰਧਾਨ ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ, ਡਾ. ਬਖਸ਼ੀਸ਼ ਸਿੰਘ ਸਿੱਖਸ ਫਾਰ ਜਸਟਿਸ, ਸ. ਲਖਵੀਰ ਸਿੰਘ ਕੰਗ ਪ੍ਰਧਾਨ ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਸ਼ਿਕਾਗੋ ਯੂਨਿਟ, ਸਿੱਖ ਯੂਥ ਅਮਰੀਕਾ ਦੇ ਪ੍ਰਧਾਨ ਸੰਤੋਖ ਸਿੰਘ, ਸ. ਦਵਿੰਦਰ ਸਿੰਘ ਭਾਊ, ਸ. ਬਲਵਿੰਦਰ ਸਿੰਘ ਚੱਠਾ, ਅਵਤਾਰ ਸਿੰਘ ਪੰਨੂ ਸਿੱਖਸ ਫਾਰ ਜਸਟਿਸ, ਮੱਖਣ ਸਿੰਘ ਕਲੇਰ ਜਨਰਲ ਸਕੱਤਰ ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ, ਭੁਪਿੰਦਰ ਸਿੰਘ, ਪ੍ਰੋਫੈਸਰ ਬਲਜਿੰਦਰ ਸਿੰਘ ਮੋਰਜੰਡ ਅਤੇ ਇੰਦਰਜੀਤ ਸਿੰਘ ਤੇ ਨਰਿੰਦਰ ਸਿੰਘ ਮੈਂਬਰ ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ, ਸ. ਰੇਸ਼ਮ ਸਿੰਘ ਪ੍ਰਧਾਨ ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਵਰਜੀਨੀਆ ਸਟੇਟ, ਅਮੈਰਿਕਨ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸ. ਗੁਰਦੇਵ ਸਿੰਘ ਮਿਸ਼ੀਗਨ, ਜੋਗਾ ਸਿੰਘ ਪ੍ਰਧਾਨ ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਨਿਊ ਜਰਸੀ ਸਟੇਟ, ਦਲਵਿੰਦਰ ਸਿੰਘ ਪ੍ਰਧਾਨ ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਨਿਊ ਯਾਰਕ ਸਟੇਟ, ਰਾਣਾ ਸਿੰਘ ਸਿੱਖਸ ਫਾਰ ਜਸਟਿਸ, ਸ. ਭਰਪੂਰ ਸਿੰਘ, ਸ. ਗੁਰਦਿਆਲ ਸਿੰਘ ਸ਼ਿਕਾਗੋ ਤੇ ਹੋਰ ਸਰਗਰਮ ਮੈਂਬਰਾਂ ਨੇ ਵੀ ਹਾਜ਼ਰੀ ਲਵਾਈ। ਟੀ. ਵੀ. 84 ਵਲੋਂ ਵਿਸ਼ੇਸ਼ ਤੌਰ 'ਤੇ ਸਾਰੇ ਰੋਸ ਮੁਜ਼ਾਹਰੇ ਨੂੰ ਕਵਰ ਕੀਤਾ ਗਿਆ।

## ਪ੍ਰਸ਼ਨ-ਉੱਤਰਾਂ ਰਾਹੀਂ ਸਿੱਖੀ ਦਾ ਪ੍ਰਚਾਰ ਕਰ ਰਿਹੈ 'ਸਿੱਖ ਵਿਜ਼ਡਮ ਪਲੈਟਫਾਰਮ'

**ਲੰਡਨ:** ਲੋਕਾਂ ਨੂੰ ਸਿੱਖੀ (ਸਿੱਖ ਧਰਮ) ਬਾਰੇ ਜਾਣਕਾਰੀ ਹਾਸਲ ਕਰਨ ਲਈ 2 ਅਗਸਤ, 2021 ਨੂੰ ਲਾਂਚ ਕੀਤੇ ਗਏ ਮੁਫ਼ਤ ਪ੍ਰਸ਼ਨ-ਉੱਤਰ ਪਲੈਟਫਾਰਮ 'ਸਿੱਖ ਵਿਜ਼ਡਮ' ਰਾਹੀਂ ਕੋਈ ਵੀ ਵਿਅਕਤੀ ਸਿੱਖੀ ਬਾਰੇ ਪ੍ਰਸ਼ਨ ਪੁੱਛ ਸਕਦਾ ਹੈ। ਇਨ੍ਹਾਂ ਪ੍ਰਸ਼ਨਾਂ ਦੇ ਉੱਤਰ ਗਲੋਬਲ ਸਿੱਖ ਕੌਂਸਲ ਦੇ ਵਿਦਵਾਨਾਂ ਅਤੇ ਹੋਰਨਾਂ ਯੋਗ ਵਿਅਕਤੀਆਂ ਵੱਲੋਂ ਦਿੱਤੇ ਜਾਣਗੇ। ਇਸ ਸੰਸਥਾ ਦਾ ਉਦੇਸ਼ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਬਾਣੀ ਦੇ ਸੰਦੇਸ਼ ਬਾਰੇ ਜਾਣਨ ਦੇ ਚਾਹਵਾਨਾਂ ਤੇ ਖਾਸ ਕਰਕੇ ਸਿੱਖ ਭਾਈਚਾਰੇ ਦੀ ਮਦਦ ਕਰਨਾ ਹੈ। ਇਹ ਪਲੈਟਫਾਰਮ ਦੁਨੀਆ ਭਰ ਦੇ ਉਨ੍ਹਾਂ ਸਾਰੇ ਭਾਈਚਾਰਿਆਂ ਲਈ ਖੁੱਲ੍ਹਾ ਹੈ, ਜੋ ਸਿੱਖੀ ਬਾਰੇ ਹੋਰ ਜਾਣਨਾ ਚਾਹੁੰਦੇ ਹਨ।



ਅੰਮ੍ਰਿਤ ਪਾਲ ਸਿੰਘ ਸਚਦੇਵਾ

'ਸਿੱਖ ਵਿਜ਼ਡਮ ਪਲੈਟਫਾਰਮ' ਦੇ ਸੰਸਥਾਪਕ ਅੰਮ੍ਰਿਤ ਪਾਲ ਸਿੰਘ ਸਚਦੇਵਾ ਨੇ ਦੱਸਿਆ ਕਿ ਥੋੜ੍ਹੇ ਸਮੇਂ ਵਿਚ ਹੀ 'ਸਿੱਖ ਵਿਜ਼ਡਮ ਪਲੈਟਫਾਰਮ' ਨੂੰ ਬਹੁਤ ਸਮਰਥਨ ਹਾਸਲ ਹੋਇਆ ਹੈ ਅਤੇ ਵਿਦਵਾਨਾਂ ਤੇ ਯੋਗ ਵਿਅਕਤੀਆਂ ਵੱਲੋਂ ਬਹੁਤ ਸਾਰੇ ਪ੍ਰਸ਼ਨਾਂ ਦੇ ਉੱਤਰ ਦਿੱਤੇ ਗਏ ਹਨ। ਇਨ੍ਹਾਂ ਵਿਦਵਾਨਾਂ ਵਿਚ ਗੁਲਬਰਗ ਸਿੰਘ ਬੱਸੀ, ਵਿੰਦਰੀ ਕੌਰ, ਡਾ. ਕਾਲਾ ਸਿੰਘ, ਡਾ. ਮੰਦੀਪ ਰਾਏ, ਡਾ. ਸਰਬਜੀਤ ਸਿੰਘ, ਡਾ. ਰਮਨੀਤ ਕੌਰ, ਨਵਲੀਨ ਕੌਰ, ਹਰਬੰਸ ਸਿੰਘ ਕੰਧੋਲਾ, ਸਾਧੂ ਸਿੰਘ ਰਿਖੀਰਾਜ, ਹਰਪ੍ਰੀਤ ਕੌਰ, ਪਰਮਪਾਲ ਸਿੰਘ, ਪ੍ਰਿੰਸੀਪਲ ਪ੍ਰਭਜੋਤ ਕੌਰ, ਰਾਜਦੀਪ ਕੌਰ, ਸੁਖਵਿੰਦਰ ਸਿੰਘ, ਡਾ. ਦਵਿੰਦਰ ਸਿੰਘ ਚਾਹਲ, ਮੰਦੀਪ ਕੌਰ, ਪਰਮਿੰਦਰਜੀਤ ਸਿੰਘ, ਹਰਵਿੰਦਰ ਸਿੰਘ, ਭੁਪਿੰਦਰ ਕੌਰ, ਜਗਮੋਹਨ ਸਿੰਘ ਭੋਗਲ, ਸੁਖਨਿੰਦਰ ਸਿੰਘ ਬਾਂਸਲ ਆਦਿ ਸ਼ਾਮਲ ਹਨ। ਇਹ ਪਲੈਟਫਾਰਮ ਸਾਰੇ ਡਿਵਾਈਸਾਂ 'ਤੇ ਉਪਲਬਧ ਹੈ ਤੇ 'ਸਿੱਖ ਵਿਜ਼ਡਮ' ਐਪ ਡਾਊਨਲੋਡ ਕਰ ਕੇ ਕੋਈ ਵੀ ਵਿਅਕਤੀ ਪ੍ਰਸ਼ਨ ਪੁੱਛ ਸਕਦਾ ਹੈ।

# ਸ਼ਹੀਦ ਭਗਤ ਸਿੰਘ ਅਤੇ ਭਾਅ ਜੀ ਗੁਰਸ਼ਰਨ ਸਿੰਘ ਨੂੰ ਸਮਰਪਿਤ ਪ੍ਰੋਗਰਾਮ

**ਬਰੈਂਪਟਨ:** ਤਰਕਸ਼ੀਲ ਸੁਸਾਇਟੀ ਕੈਨੇਡਾ ਦੀ ਓਂਟਾਰੀਓ ਇਕਾਈ ਵਲੋਂ ਭਾਰਤ ਦੀ ਆਜ਼ਾਦੀ ਦੇ ਸ਼ਹੀਦੇ ਆਜ਼ਮ ਸ. ਭਗਤ ਸਿੰਘ ਦੇ ਜਨਮ ਦਿਨ ਅਤੇ ਉਨ੍ਹਾਂ ਦੀ ਲਹਿਰ ਨੂੰ ਅੱਗੇ ਲਿਜਾਣ ਵਿਚ ਮੋਹਰੀ ਭਾਅ ਜੀ ਗੁਰਸ਼ਰਨ ਸਿੰਘ ਦੇ ਇਸ ਦੁਨੀਆਂ ਤੋਂ ਚਲੇ ਜਾਣ ਦੇ ਦਿਨ ਨੂੰ ਸਮਰਪਿਤ ਪ੍ਰੋਗਰਾਮ ਬੀਤੇ ਐਤਵਾਰ ਬਰੈਂਪਟਨ ਦੇ ਚਿੰਗਕੂਜ਼ੀ ਪਾਰਕ ਵਿਚ ਕੀਤਾ ਗਿਆ। ਕਰੋਨਾ ਬਿਮਾਰੀ ਦੀਆਂ ਬੰਦਿਸ਼ਾਂ ਕੁਝ ਕੁ ਖੁਲ੍ਹਣ ਤੋਂ ਬਾਅਦ ਸੁਸਾਇਟੀ ਦਾ ਇਹ ਪਹਿਲਾ ਪ੍ਰੋਗਰਾਮ ਸੀ, ਜਿਸ ਵਿਚ ਵੱਡੀ ਗਿਣਤੀ ਵਿਚ ਲੋਕਾਂ ਨੇ ਸ਼ਿਰਕਤ ਕੀਤੀ।

ਇਸ ਪ੍ਰੋਗਰਾਮ ਵਿਚ ਇਨ੍ਹਾਂ ਮਹਾਨ ਸ਼ਖਸੀਅਤਾਂ ਦੇ ਵਿਚਾਰਾਂ ਨੂੰ ਅਜੋਕੇ ਕਿਸਾਨੀ ਅੰਦੋਲਨ ਦੇ ਸੰਦਰਵ ਵਿਚ, ਜੋ ਸਾਮਰਾਜਵਾਦ ਦੀ ਕਾਰਖਾਨੇ ਲਾਉਣਗੇ, ਵਪਾਰ ਵਧਾਉਣਗੇ ਅਤੇ ਇਸ ਸਿਸਟਮ ਦੇ ਆਧਾਰ ਕਿ ਸਰਬੱਤ ਦੇ ਭਲੇ ਵਿਚ ਆਮ ਵਿਅਕਤੀ ਦਾ ਨਹੀਂ, ਸਗੋਂ ਆਪਣੇ ਸੁਆਰਥ ਵਿਚ ਹੀ ਸਰਬੱਤ ਦਾ ਭਲਾ ਹੈ, ਸੋ ਸੁਆਰਥੀ ਬਣੋ, ਲਾਲਚ ਕਰਨਾ ਬੁਰਾ ਨਹੀਂ ਸਗੋਂ ਚੰਗਾ ਹੈ, ਕਿਉਂਕਿ ਲਾਲਚ ਵਿਅਕਤੀ ਨੂੰ ਕੰਮ ਲਈ ਪ੍ਰੇਰਿਤ ਕਰਦਾ ਹੈ, ਆਦਿ ਬਾਰੇ ਜਾਗਰੂਕ ਕੀਤਾ ਹੈ। ਉਨ੍ਹਾਂ ਦਾ ਇਹ ਵੀ ਕਹਿਣਾ ਸੀ ਕਿ ਕੈਨੇਡਾ ਵਿਚ ਵੀ ਉੱਠ ਰਹੀਆਂ ਧੁਰ ਸੱਜੀਆਂ ਤਾਕਤਾਂ ਤੋਂ ਸੁਚੇਤ ਰਹਿਣਾ ਬਣਦਾ ਹੈ, ਜੋ ਆਮ ਲੋਕਾਂ ਵਲੋਂ ਸੰਘਰਸ਼ ਕਰ ਕੇ ਲਈਆਂ ਵਿਦਿਆ, ਸਿਹਤ ਸੇਵਾਵਾਂ ਅਤੇ ਬੁਢਾਪੇ ਦੀਆਂ ਸਹੂਲਤਾਂ ਨੂੰ ਖੋਹਣ ਲਈ ਤਤਪਰ ਹਨ।

ਅੰਮ੍ਰਿਤ ਢਿੱਲੋਂ, ਜੋ ਸ਼ਹੀਦ ਭਗਤ ਸਿੰਘ ਦੇ ਪਰਿਵਾਰ ਨਾਲ ਸਬੰਧਿਤ ਹਨ, ਨੇ ਸ਼ਹੀਦੇ ਆਜ਼ਮ







ਅਜੋਕੀ ਸੂਰਤ ਨਵਉਦਾਰਵਾਦ ਦੇ ਮੱਥੇ ਵਿਚ ਤੀਰ ਵਾਂਗਰ ਵੱਜ ਰਿਹਾ ਹੈ, ਵਿਚਾਰਿਆ ਗਿਆ। ਸੁਸਾਇਟੀ ਦੇ ਕੋਆਡੀਨੇਟਰ ਬਲਦੇਵ ਰਹਿਪਾ ਨੇ ਕਿਹਾ ਕਿ ਜਿਸ ਦ੍ਰਿੜ ਇਰਾਦੇ ਨਾਲ ਕਿਸਾਨ ਐਨਾ ਲੰਬਾ ਸੰਘਰਸ਼ ਚਲਾ ਰਹੇ ਹਨ, ਉਸ ਦੇ ਦਬਾਅ ਥੱਲੇ ਭਾਰਤੀ ਨਵਉਦਾਰਵਾਦੀ ਤਾਕਤਾਂ ਨੂੰ ਪਿਛੇ ਮੁੜਨ ਲਈ ਮਜ਼ਬੂਰ ਹੋਣਾ ਹੀ ਪੈਣਾ ਹੈ। ਹੁਣ ਕਿਸਾਨਾਂ ਨੂੰ ਹੀ ਨਹੀਂ, ਸਗੋਂ ਵੱਡੀ ਪੱਧਰ 'ਤੇ ਭਾਰਤ ਦੇ ਆਮ ਲੋਕਾਂ ਨੂੰ ਸਮਝ ਆ ਗਿਆ ਹੈ ਕਿ ਜੋ ਅਖੌਤੀ ਤਰੱਕੀ ਦਾ ਰਾਹ ਅਜੋਕੇ ਭਾਰਤ ਦੀਆਂ ਹੁਕਮਰਾਨ ਤਾਕਤਾਂ ਨੇ ਚੁਣਿਆ ਹੋਇਆ ਹੈ, ਉਹ ਉਨ੍ਹਾਂ ਲਈ ਆਉਂਦੇ ਸਮੇਂ ਵਿਚ ਚੰਗੇ ਦਿਨ ਨਹੀਂ ਸਗੋਂ ਮਾੜੇ ਦਿਨਾਂ ਦਾ ਸੰਕੇਤ ਕਰਦਾ ਹੈ।

ਇਸ ਸਮੇਂ ਡਾ. ਬਲਜਿੰਦਰ ਸੇਖੋਂ ਨੇ ਕਿਹਾ ਕਿ ਕਿਸਾਨੀ ਅੰਦੋਲਨ ਨੇ ਵੱਡੀ ਪੱਧਰ 'ਤੇ ਸਧਾਰਨ ਲੋਕਾਂ ਨੂੰ ਇਸ ਨਵਉਦਾਰਵਾਦ ਦੇ ਕੋਝੇ ਅਸੂਲ, ਬੇਮੁਹਾਰੀ ਖੁਲ੍ਹੀ ਮੰਡੀ, ਸਭ ਕੁਝ ਦਾ ਨਿਜੀ ਕਰਨ, ਵਪਾਰ ਲਈ ਖੁੱਲ੍ਹੀਆਂ ਸਰਹੱਦਾਂ, ਅਮੀਰਾਂ ਨੂੰ ਟੈਕਸ ਦੀਆਂ ਛੋਟਾਂ ਜਿਨ੍ਹਾਂ ਕਰਕੇ ਉਹ ਵੱਧ ਪੈਸਾ ਜੋੜ ਕੇ ਆਮ ਲੋਕਾਂ ਨੂੰ ਰੁਜ਼ਗਾਰ ਦੇਣ ਖਾਤਰ ਦੇ ਜੀਵਨ ਨਾਲ ਸਬੰਧਿਤ ਘਟਨਾਵਾਂ ਬਾਰੇ ਚਾਨਣਾ ਪਾਇਆ। ਇਸ ਸਮੇਂ ਨਾਹਰ ਔਜਲਾ, ਸਰੋਕਾਰਾਂ ਦੀ ਆਵਾਜ਼ ਦੇ ਐਡੀਟਰ ਹਰਬੰਸ, ਇੰਦਰਜੀਤ ਸਿੰਘ ਬੱਲ ਅਤੇ ਹੈਮਿਲਟਨ ਤੋਂ ਆਏ ਮਨਦੀਪ ਸਿੰਘ ਨੇ ਵੀ ਆਪਣੇ ਵਿਚਾਰ ਰੱਖੇ। ਪ੍ਰੋਗਰਾਮ ਨੂੰ ਬਲਤੇਜ ਸਿੰਘ, ਅਜਮੇਰ ਪ੍ਰਦੇਸੀ ਦੇ ਗੀਤਾਂ ਅਤੇ ਮਲੂਕ ਕਾਹਲੋਂ, ਕੁਲਵਿੰਦਰ ਖਹਿਰਾ ਦੀਆਂ ਕਵਿਤਾਵਾਂ ਨੇ ਰੌਚਿਕ ਬਣਾਇਆ। ਨਛੱਤਰ ਸਿੰਘ ਬਦੇਸ਼ਾ ਨੇ ਪ੍ਰੋਗਰਾਮ ਨੂੰ ਸਫਲ ਬਣਾਉਣ ਵਿਚ ਯੋਗਦਾਨ ਲਈ, ਸੋਰਕਾਰਾਂ ਦੀ ਆਵਾਜ਼, ਦੇਸ਼ ਭਗਤ ਸਪੋਰਟਸ ਕਲੱਬ, ਇੰਡੋ ਕੈਨੇਡੀਅਨ ਵਰਕਰਜ਼ ਐਸੋਸੀਏਸ਼ਨ, ਕਲਮਾਂ ਦਾ ਕਾਫਲਾ ਅਤੇ ਸੀਨੀਅਰ ਸੀਟੀਜਨ ਕਲੱਬਾਂ ਦਾ ਧੰਨਵਾਦ ਕੀਤਾ। ਸਟੇਜ ਦੀ ਕਾਰਵਾਈ ਦੀ ਜ਼ਿੰਮੇਦਾਰੀ ਅਮਰਦੀਪ ਸਿੰਘ ਨੇ ਬਾਖੂਬੀ ਨਿਭਾਈ। ਪ੍ਰੋਗਰਾਮ ਵਿਚ ਕਿਸਾਨੀ ਅੰਦੋਲਨ ਦੀ ਹਮਾਇਤ ਕਰਦੇ ਇੰਨਕਲਾਬੀ ਨਾਹਰੇ ਵੱਡੀ ਪੱਧਰ ਤੇ ਗੂੰਜਦੇ ਰਹੇ।

ਸੁਸਾਇਟੀ ਬਾਰੇ ਜਾਣਕਾਰੀ ਲਈ ਬਲਦੇਵ ਰਹਿਪਾ ਨਾਲ ਫੋਨ: 416-881-7202 ਜਾਂ ਨਿਰਮਲ ਸੰਧੂ ਨਾਲ ਫੋਨ: 416-835-3450 ਰਾਹੀਂ ਸੰਪਰਕ ਕੀਤਾ ਜਾ ਸਕਦਾ ਹੈ।

# ਕੈਪਟਨ ਹਮਾਇਤੀ ਅਫਸਰਸ਼ਾਹੀ ਦੀ ਛਾਂਟੀ ਲਈ ਛਿੜੀ ਮੁਹਿੰਮ

**ਚੰਡੀਗੜ੍ਹ:** ਕੈਪਟਨ ਅਮਰਿੰਦਰ ਸਿੰਘ ਤੋਂ ਮੁੱਖ ਮੰਤਰੀ ਦੀ ਕੁਰਸੀ ਖੁੱਸਣ ਪਿੱਛੋਂ ਉਨ੍ਹਾਂ ਦੀ ਹਮਾਇਤੀਆਂ ਦੀ ਵੀ ਸ਼ਾਮਲ ਆ ਗਈ ਹੈ। ਚਰਨਜੀਤ ਚੰਨੀ ਵੱਲੋਂ ਪੰਜਾਬ ਦੇ ਮੁੱਖ ਮੰਤਰੀ ਵਜੋਂ ਸਹੁੰ ਚੁੱਕਣ ਪਿੱਛੋਂ ਕੈਪਟਨ ਦੀ ਹਮਾਇਤੀ ਪ੍ਰਸ਼ਾਸਨਿਕ ਅਮਲੇ ਦੀ ਛੁੱਟੀ ਹੋਣ ਲੱਗੀ ਹੈ। ਇਥੇ ਹੀ ਨਹੀਂ ਕੈਪਟਨ ਦੇ ਹਮਾਇਤੀ ਨਗਰ ਸੁਧਾਰ ਟਰੱਸਟਾਂ ਦੇ ਚੇਅਰਮੈਨਾਂ ਨੂੰ ਵੀ ਅਹੁਦਿਆਂ ਤੋਂ ਹਟਾਉਣ ਲਈ ਮੁਹਿੰਮ ਜਿਹੀ ਛਿੜ ਗਈ ਹੈ।

ਚੰਨੀ ਦੇ ਮੁੱਖ ਮੰਤਰੀ ਵਜੋਂ ਸਹੁੰ ਚੁੱਕਣ ਦੇ ਅਗਲੇ ਹੀ ਦਿਨ ਕੈਪਟਨ ਅਮਰਿੰਦਰ ਸਿੰਘ ਤੇ ਪ੍ਰਤਾਪ ਸਿੰਘ ਬਾਜਵਾ ਦੇ ਨੇੜਲੇ ਨਗਰ ਸੁਧਾਰ ਟਰੱਸਟਾਂ ਦੇ ਦੋ ਚੇਅਰਮੈਨਾਂ ਨੂੰ ਹਟਾ ਦਿੱਤਾ ਹੈ। ਨਗਰ ਸੁਧਾਰ ਟਰੱਸਟ ਅੰਮ੍ਰਿਤਸਰ ਦਾ ਚੇਅਰਮੈਨ ਹੁਣ ਦਮਨਦੀਪ ਸਿੰਘ ਉਪਲ ਲਾ ਦਿੱਤਾ ਹੈ ਜੋ ਪੰਜਾਬ ਕਾਂਗਰਸ ਦੇ ਪ੍ਰਧਾਨ ਨਵਜੋਤ ਸਿੱਧੂ ਦੇ ਨੇੜਲੇ ਹਨ। ਅੰਮ੍ਰਿਤਸਰ ਦੇ ਨਗਰ ਸੁਧਾਰ ਟਰੱਸਟ ਦੇ ਚੇਅਰਮੈਨ ਦਿਨੇਸ਼ ਬੱਬੀ ਨੂੰ ਅਹੁਦੇ ਤੋਂ ਹਟਾ ਦਿੱਤਾ ਗਿਆ ਹੈ ਜੋ ਕਿ ਅਮਰਿੰਦਰ ਸਿੰਘ ਦੇ ਕਰੀਬੀ ਸਨ। ਇਸੇ ਤਰ੍ਹਾਂ ਕਸਤੂਰੀ ਲਾਲ ਸੇਠ ਨੂੰ ਮੁੜ ਨਗਰ ਸੁਧਾਰ ਟਰੱਸਟ ਬਟਾਲਾ ਦਾ ਚੇਅਰਮੈਨ ਬਣਾ ਦਿੱਤਾ ਗਿਆ ਹੈ। ਚੇਤੇ ਰਹੇ ਕਿ ਕੈਪਟਨ ਅਮਰਿੰਦਰ ਸਿੰਘ ਨੇ ਮੁੱਖ ਮੰਤਰੀ ਹੁੰਦਿਆਂ ਨਗਰ ਸੁਧਾਰ ਟਰੱਸਟ ਬਟਾਲਾ ਦੇ ਚੇਅਰਮੈਨ ਕਸਤੂਰੀ ਲਾਲ ਸੇਠ ਨੂੰ ਹਟਾ ਦਿੱਤਾ ਸੀ ਜੋ ਕਿ ਪੇਂਡੂ ਵਿਕਾਸ ਤੇ ਪੰਚਾਇਤ ਮੰਤਰੀ ਤ੍ਰਿਪਤ ਰਾਜਿੰਦਰ ਸਿੰਘ ਬਾਜਵਾ ਦੇ ਨਜਦੀਕੀ ਸਨ ਅਤੇ ਉਨ੍ਹਾਂ ਦੀ ਜਗ੍ਹਾ ਰਾਜ ਸਭਾ ਮੈਂਬਰ ਪ੍ਰਤਾਪ ਸਿੰਘ ਬਾਜਵਾ ਦੇ ਕਰੀਬੀ ਪਵਨ ਕੁਮਾਰ ਪੰਮਾ ਨੂੰ ਚੇਅਰਮੈਨ ਬਣਾ ਦਿੱਤਾ ਸੀ। ਹੁਣ ਪੰਮਾ ਨੂੰ ਚੇਅਰਮੈਨੀ ਤੋਂ ਹਟਾ ਦਿੱਤਾ ਗਿਆ ਹੈ।

ਜਿਥੇ ਨਵੀਂ ਚੰਨੀ ਸਰਕਾਰ ਬਣਨ ਮਗਰੋਂ ਕੈਪਟਨ ਅਮਰਿੰਦਰ ਸਿੰਘ ਦੇ ਮੁੱਖ ਮੰਤਰੀ ਹੁੰਦਿਆਂ ਲੱਗੇ ਅਧਿਕਾਰੀਆਂ ਦੀ ਛਾਂਟੀ ਲਗਾਤਾਰ ਜਾਰੀ ਹੈ, ਉਥੇ ਕੈਪਟਨ ਨਾਲ ਲੱਗੇ 13 ਓ.ਐਸ.ਡੀ. ਵੀ ਹਟਾ ਦਿੱਤੇ ਗਏ ਹਨ। ਇਸ ਤੋਂ ਇਲਾਵਾ ਪੰਜਾਬ ਦਾ ਡੀ.ਜੀ.ਪੀ, ਮੁੱਖ ਸਕੱਤਰ ਸਣੇ ਵੱਡੇ ਅਹੁਦਿਆਂ ਉਤੇ ਬੈਠੇ ਪ੍ਰਸ਼ਾਸਨਿਕ ਅਧਿਕਾਰੀਆਂ ਦੀ ਛਾਂਟੀ ਹੋ ਗਈ ਹੈ।

ਪੰਜਾਬ ਦੇ ਨਵੇਂ ਮੁੱਖ ਸਕੱਤਰ ਅਨਿਰੁੱਧ ਤਿਵਾੜੀ ਹੋਣਗੇ ਜਿਨ੍ਹਾਂ ਨੇ ਆਪਣਾ ਅਹੁਦਾ ਸੰਭਾਲ ਲਿਆ ਹੈ। ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਨੇ ਪੜਾਅਵਾਰ ਪ੍ਰਸ਼ਾਸਕੀ ਫੇਰਬਦਲ ਸ਼ੁਰੂ ਕਰ ਦਿੱਤਾ ਹੈ। ਪੰਜਾਬ ਦੇ ਛੇ ਜਿਲ੍ਹਿਆਂ ਦੇ ਡਿਪਟੀ ਕਮਿਸ਼ਨਰਾਂ ਦਾ ਤਬਾਦਲਾ ਵੀ ਪਹਿਲੇ ਪੜਾਅ 'ਚ ਗਿਆ ਹੈ।

ਪੰਜਾਬ ਸਰਕਾਰ ਵੱਲੋਂ ਉਪ ਮੁੱਖ ਮੰਤਰੀ ਸੁਖਜਿੰਦਰ ਸਿੰਘ ਰੰਧਾਵਾ ਦੇ ਵਿਸ਼ੇਸ਼ ਪ੍ਰਮੁੱਖ ਸਕੱਤਰ ਵਜੋਂ ਵਰੁਣ ਰੂਜਮ ਨੂੰ ਤਾਇਨਾਤ ਕੀਤਾ ਗਿਆ ਹੈ ਜੋ 2004 ਬੈਚ ਦੇ ਅਧਿਕਾਰੀ ਹਨ ਅਤੇ ਇਸ ਮੌਕੇ ਮਾਰਕਫੈੱਡ ਦੇ ਮੈਨੇਜਿੰਗ ਡਾਇਰੈਕਟਰ ਵੀ ਹਨ।

## ਹਾਰਪ ਢਿੱਲੋਂ ਬਣੇ ਸਰੀ ਹਸਪਤਾਲ ਫਾਊਂਡੇਸ਼ਨ ਦੇ ਬੋਰਡ ਚੇਅਰਮੈਨ

**ਸਰੀ:** ਸਰੀ ਹਸਪਤਾਲ ਫਾਊਂਡੇਸ਼ਨ ਵੱਲੋਂ ਹਾਰਪ ਢਿੱਲੋਂ ਨੂੰ ਬੋਰਡ ਆਫ ਡਾਇਰੈਕਟਰਜ਼ ਦਾ ਨਵਾਂ ਚੇਅਰਮੈਨ ਨਿਯੁਕਤ ਕੀਤਾ ਗਿਆ ਹੈ। ਉਨ੍ਹਾਂ ਦੀ ਚੋਣ ਪਿਛਲੇ ਹਫਤੇ ਹੋਈ ਸਾਲਾਨਾ ਜਨਰਲ ਮੀਟਿੰਗ ਵਿਚ ਬੋਰਡ ਆਫ ਡਾਇਰੈਕਟਰਜ਼ ਦੁਆਰਾ ਕੀਤੀ ਗਈ ਸੀ।



ਹਾਰਪ ਢਿੱਲੋਂ ਪਿਛਲੇ ਚੇਅਰਮੈਨ ਰੋਨ ਨਾਈਟ ਦੀ ਜਗ੍ਹਾ ਲੈਣਗੇ, ਜੋ 2010 ਤੋਂ ਬੋਰਡ ਦੇ ਚੇਅਰਮੈਨ ਵਜੋਂ ਸੇਵਾ ਨਿਭਾਅ ਰਹੇ ਸਨ। ਹਾਰਪ ਢਿੱਲੋਂ 2014 ਤੋਂ ਫਾਊਂਡੇਸ਼ਨ ਦੇ ਬੋਰਡ ਆਫ ਡਾਇਰੈਕਟਰਜ਼ ਵਿਚ ਹਨ ਅਤੇ ਉਹ ਪਿਛਲੇ ਸਾਲ ਤੋਂ ਵਾਈਸ ਚੇਅਰਮੈਨ ਵਜੋਂ ਸੇਵਾ ਨਿਭਾ ਰਹੇ ਸਨ।

ਇਸ ਨਿਯੁਕਤੀ ਦੇ ਐਲਾਨ ਉਪਰੰਤ ਸਰੀ ਹਸਪਤਾਲ ਫਾਊਂਡੇਸ਼ਨ ਦੇ ਪ੍ਰਧਾਨ ਅਤੇ ਸੀਈਓ ਜੇਨ ਐਡਮਜ਼ ਨੇ ਕਿਹਾ ਹੇ ਕਿ ਹਾਰਪ ਨਿਪੁੰਨ ਲੀਡਰ ਅਤੇ ਵਿੱਤੀ ਮਾਹਰ ਹਨ, ਜਿਨ੍ਹਾਂ ਨੂੰ ਨਿਵੇਸ਼ ਅਤੇ ਵਿਤੀ ਪ੍ਰਬੰਧ ਵਿਚ ਵਿਸ਼ੇਸ਼ ਮੁਹਾਰਤ ਹਾਸਲ ਹੈ।

# ਨਵੀਂ ਸਰਕਾਰ ਨੂੰ ਘੇਰਾ: ਸੰਘਰਸ਼ੀ ਅਖਾੜਿਆਂ 'ਚ ਉਠਿਆ ਸੰਪੂਰਨ ਕਰਜ਼ਾ ਮੁਆਫੀ ਦਾ ਮੁੱਦਾ

**ਚੰਡੀਗੜ੍ਹ:** ਪੰਜਾਬ ਵਿਚ ਖੇਤੀ ਕਾਨੂੰਨਾਂ ਖਿਲਾਫ ਸੰਘਰਸ਼ ਕਰ ਰਹੀਆਂ 32 ਕਿਸਾਨ ਜਥੇਬੰਦੀਆਂ ਨੇ ਸੂਬੇ ਦੇ ਨਵੇਂ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਤੋਂ ਕਾਂਗਰਸ ਦੇ ਚੋਣ ਵਾਅਦੇ ਮੁਤਾਬਕ ਕਿਸਾਨਾਂ ਦਾ ਸਮੁੱਚਾ ਕਰਜ਼ਾ ਮੁਆਫ ਕਰਨ ਦੀ ਮੰਗ ਕੀਤੀ ਹੈ। ਪੰਜਾਬ ਭਰ ਦੇ ਟੌਲ ਪਲਾਜ਼ਿਆਂ, ਰਿਲਾਇੰਸ ਪੰਪਾਂ, ਕਾਰਪੋਰੇਟ ਮਾਲਜ਼, ਰੇਲਵੇ ਪਾਰਕਾਂ, ਅਡਾਨੀਆਂ ਦੀ ਖੁਸ਼ਕ ਬੰਦਰਗਾਹ ਅਤੇ ਭਾਜਪਾ ਆਗੂਆਂ ਦੇ ਘਰਾਂ ਸਾਹਮਣੇ ਜਾਰੀ ਧਰਨਿਆਂ ਨੂੰ ਸੰਬੋਧਨ ਕਰਦਿਆਂ ਬੁਲਾਰਿਆਂ ਨੇ ਕਿਹਾ ਕਿ ਪੰਜਾਬ ਦੀ ਕਾਂਗਰਸ ਸਰਕਾਰ ਨੇ ਸੱਤਾ ਵਿਚ ਆਉਣ ਤੋਂ ਪਹਿਲਾਂ ਕਿਸਾਨਾਂ ਦਾ ਹਰ ਤਰ੍ਹਾਂ ਦਾ ਕਰਜ਼ਾ ਮੁਆਫ ਕਰਨ ਦਾ ਵਾਅਦਾ ਕੀਤਾ ਸੀ ਪਰ ਸਾਢੇ ਚਾਰ ਸਾਲਾਂ ਮਗਰੋਂ ਵੀ ਸਰਕਾਰ ਆਪਣਾ ਵਾਅਦਾ ਪੂਰਾ ਨਹੀਂ ਕਰ ਸਕੀ।

ਉਨ੍ਹਾਂ ਕਿਹਾ ਕਿ ਆਰਥਿਕ ਮਾਹਿਰਾਂ ਦੇ ਸਰਵੇਖਣਾਂ ਮੁਤਾਬਕ ਸੂਬੇ ਵਿਚ ਕਿਸਾਨਾਂ 'ਤੇ ਕਰੀਬ ਇਕ ਲੱਖ ਕਰੋੜ ਰੁਪਏ ਦਾ ਕਰਜ਼ਾ ਹੈ, ਜਿਨ੍ਹਾਂ ਵਿਚੋਂ ਸੰਗਠਿਤ ਕਰਜ਼ਾ 80,000 ਕਰੋੜ ਰੁਪਏ ਅਤੇ ਗੈਰ-ਸੰਗਠਿਤ ਕਰਜ਼ਾ 20,000 ਕਰੋੜ ਰੁਪਏ ਹੋਣ ਦਾ ਅੰਦਾਜ਼ਾ ਹੈ। ਇਹੀ ਵਜ੍ਹਾ ਹੈ ਕਿ ਪੰਜਾਬ ਵਿਚ ਕਿਸਾਨ ਖੁਦਕੁਸ਼ੀ ਦਰ ਲਗਾਤਾਰ ਵਧ ਰਹੀ ਹੈ।

ਸੰਯੁਕਤ ਕਿਸਾਨ ਮੋਰਚਾ ਦੇ ਆਗੂਆਂ ਨੇ ਨੌਜਵਾਨ ਪੀੜ੍ਹੀ ਨੂੰ ਉਸਾਰੂ ਸਾਹਿਤ ਨਾਲ ਜੁੜਨ ਦਾ ਸੱਦਾ ਦਿੱਤਾ। ਉਨ੍ਹਾਂ ਕਿਹਾ ਕਿ ਕਿਤਾਬਾਂ ਸਿਰਫ ਗਿਆਨ ਹੀ ਨਹੀਂ ਦਿੰਦੀਆਂ, ਬਲਕਿ ਮਾਨਸਿਕ ਭਟਕਣ ਦੂਰ ਕਰਨ ਦੇ ਨਾਲ ਸਹੀ ਦਿਸ਼ਾ ਵੀ ਦਿੰਦੀਆਂ ਹਨ। ਆਗੂਆਂ ਨੇ ਕਿਹਾ ਕਿ ਖੇਤੀ ਕਾਨੂੰਨਾਂ ਖਿਲਾਫ ਲਾਏ ਪੱਕੇ ਧਰਨਿਆਂ ਵਿਚ ਪਹਿਲੀ ਵਾਰ ਨੌਜਵਾਨ ਵਰਗ ਨੇ ਦਿਲਚਸਪੀ ਦਿਖਾਈ ਹੈ, ਜੋ ਕਿ ਸੂਬੇ ਲਈ ਸਰਾਹੁਣਯੋਗ ਕਦਮ ਹੈ।


ਉਧਰ, ਸੂਬਾ ਸਰਕਾਰ ਵੱਲੋਂ ਪ੍ਰਾਈਵੇਟ ਫਾਇਨਾਂਸ ਕੰਪਨੀਆਂ ਦੇ ਕਰਜ਼ਾ ਜਾਲ ਵਿਚ ਫਸੀਆਂ ਪੇਡੂ ਤੇ ਸ਼ਹਿਰੀ ਬੇਜ਼ਮੀਨੇ ਪਰਿਵਾਰਾਂ ਦੀਆਂ ਔਰਤਾਂ ਨੂੰ ਨਜ਼ਰਅੰਦਾਜ ਕਰਨ ਤੋਂ ਖਫ਼ਾ ਮਜ਼ਦੂਰ ਮੁਕਤੀ ਮੋਰਚਾ ਪੰਜਾਬ ਨੇ ਬਰਨਾਲਾ ਦਾਣਾ ਮੰਡੀ ਵਿਚ ਔਰਤ ਕਰਜ਼ਾ ਮੁਕਤੀ ਰੈਲੀ ਕੀਤੀ ਅਤੇ ਸ਼ਹਿਰ ਅੰਦਰ ਰੋਸ ਮਾਰਚ ਕੱਢਿਆ। ਰੈਲੀ ਨੂੰ ਸੰਬੋਧਨ ਕਰਦਿਆਂ ਮਜ਼ਦੂਰ ਮੁਕਤੀ ਮੋਰਚਾ ਪੰਜਾਬ ਦੇ ਸੂਬਾ ਪ੍ਰਧਾਨ ਕਾਮਰੇਡ ਭਗਵੰਤ ਸਿੰਘ ਸਮਾਓਂ ਨੇ ਕਿਹਾ ਕਿ ਪੰਜਾਬ ਦੀ ਸੱਤਾ 'ਤੇ ਵਾਰ-ਵਾਰ ਰਾਜ ਕਰਨ ਵਾਲੇ ਕਾਂਗਰਸੀ ਤੇ ਅਕਾਲੀ ਹਾਕਮਾਂ ਨੇ ਹਮੇਸ਼ਾ ਹੀ ਬੇਜ਼ਮੀਨੇ ਮਜ਼ਦੂਰਾਂ, ਦਲਿਤਾਂ, ਔਰਤਾਂ ਨੂੰ ਨਜਰਅੰਦਾਜ ਕੀਤਾ ਹੈ। ਪੰਜਾਬ ਦੀਆਂ 7 ਮਜ਼ਦੂਰ ਜਥੇਬੰਦੀਆਂ ਦੇ ਸਾਂਝੇ ਮਜ਼ਦੂਰ ਮੋਰਚੇ ਦੇ ਆਗੂਆਂ ਨੇ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਤੋਂ ਮੰਗ ਕੀਤੀ ਕਿ ਮੋਦੀ ਸਰਕਾਰ ਵੱਲੋਂ ਕਿਰਤ ਕਾਨੂੰਨਾਂ ਵਿੱਚ ਕੀਤੀਆਂ ਮਜ਼ਦੂਰ ਮਾਰੂ ਸੋਧਾਂ ਨੂੰ ਵੀ ਖੇਤੀ ਕਾਨੂੰਨਾਂ ਦੀ ਤਰ੍ਹਾਂ ਵਿਧਾਨ ਸਭਾ ਦਾ ਵਿਸ਼ੇਸ਼ ਸੈਸ਼ਨ ਬੁਲਾ ਕੇ ਰੱਦ ਕੀਤਾ ਜਾਵੇ।

# ਪੰਜਾਬ ਵਿਚ ਨਵੀਂ ਵਜ਼ਾਰਤ ਪਿੱਛੋਂ ਸੁਖਬੀਰ ਬਾਦਲ ਨੂੰ ਗ੍ਰਿਫਤਾਰੀ ਦਾ ਖਦਸ਼ਾ

**ਚੰਡੀਗੜ੍ਹ:** ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਸੂਬੇ ਵਿਚ ਸੱਤਾ ਦੇ ਬਦਲੇ ਸਮੀਕਰਨਾਂ ਦੇ ਚੱਲਦਿਆਂ ਸਰਕਾਰ ਨੂੰ ਉਨ੍ਹਾਂ ਨੂੰ ਗ੍ਰਿਫਤਾਰ ਕਰਨ ਦੀ ਚੁਣੌਤੀ ਦਿੱਤੀ ਹੈ। ਉਨ੍ਹਾਂ ਕਿਹਾ ਕਿ ਉਹ ਗ੍ਰਿਫਤਾਰ ਹੋਣ ਲਈ ਤਿਆਰ ਹਨ, ਜਿਸ ਲਈ ਸਰਕਾਰ ਨੂੰ ਆਪਣਾ ਸਮਾਂ ਖਰਾਬ ਨਹੀਂ ਕਰਨਾ ਚਾਹੀਦਾ ਤੇ ਬਦਲਾਖੋਰੀ ਦੀ ਪਿਆਸ ਜਲਦੀ ਬੁਝਾਉਣੀ ਚਾਹੀਦੀ ਹੈ।

ਉਨ੍ਹਾਂ ਕਿਹਾ ਸਰਕਾਰ ਦੱਸੇ ਕਿ ਉਹ ਗ੍ਰਿਫਤਾਰ ਹੋਣ ਲਈ ਕਿੱਥੇ ਆਉਣ ਤਾਂ ਜੋ ਸਰਕਾਰ ਦਾ ਸਮਾਂ ਤੇ ਸ਼ਕਤੀ ਬਰਬਾਦ ਨਾ ਹੋਵੇ। ਸ੍ਰੀ ਬਾਦਲ ਨੇ ਕਿਹਾ ਕਿ ਇਹ ਸਰਕਾਰ ਆਪਣੀ ਅੰਦਰੂਨੀ ਖਿੱਚੋਤਾਣ ਤੇ ਨਾਲਾਇਕੀ ਨੂੰ ਬਦਲਾਖੋਰੀ ਰਾਹੀਂ ਅਤੇ ਵੱਡੇ ਆਗੂਆਂ ਨੂੰ ਗ੍ਰਿਫਤਾਰ ਕਰ ਕੇ ਲੁਕਾਉਣਾ ਚਾਹੁੰਦੀ ਹੈ। ਉਨ੍ਹਾਂ ਕਿਹਾ ਕਿ ਸਰਕਾਰ ਅਕਾਲੀਆਂ ਨੂੰ ਡਰਾ ਨਹੀਂ ਸਕਦੀ ਕਿਉਂਕਿ ਅਕਾਲੀ ਪਰਿਵਾਰ ਵਿਚ ਜਨਮੇ ਹਰ ਵਿਅਕਤੀ ਵੱਲੋਂ ਇਨ੍ਹਾਂ ਨਾਲ ਲੜਾਈ ਲੜੀ ਜਾਂਦੀ ਹੈ। ਉਨ੍ਹਾਂ ਕਿਹਾ, 'ਸਾਨੂੰ ਇਸ ਲਈ ਨਿਸ਼ਾਨਾ ਬਣਾਇਆ ਜਾ ਰਿਹਾ ਹੈ ਕਿਉਂਕਿ ਉਹ ਜਾਣਦੇ ਹਨ ਕਿ ਸਰਕਾਰ ਕੋਲ ਗਿਣਤੀ ਦੇ ਦਿਨ ਬਚੇ ਹਨ ਅਤੇ ਸੂਬੇ ਵਿਚ ਅਕਾਲੀ ਦਲ ਤੇ ਬਸਪਾ ਗੱਠਜੋੜ ਸਰਕਾਰ ਬਣਨੀ ਤੈਅ ਹੈ।

ਇਸ ਲਈ ਉਹ ਡਰਦੇ ਹੋਏ ਹਨੇਰੇ ਵਿਚ ਤੀਰ ਮਾਰ ਰਹੇ ਹਨ।' ਉਨ੍ਹਾਂ ਕਿਹਾ ਕਿ ਸਰਕਾਰ



ਅਕਾਲੀ ਆਗੂਆਂ ਨੂੰ ਗ੍ਰਿਫਤਾਰ ਕਰਨ ਬਦਲੇ ਅਧਿਕਾਰੀਆਂ ਨੂੰ ਇਨਾਮ ਵਜੋਂ ਤਾਕਤ ਵਾਲੀਆਂ ਪੋਸਟਾਂ 'ਤੇ ਲਾਉਣ ਦੀਆਂ ਪੇਸ਼ਕਸ਼ਾਂ ਕਰ ਰਹੀ ਹੈ। ਇਨ੍ਹਾਂ ਵਿਚੋਂ ਕਈ ਅਫਸਰਾਂ ਨੇ ਖੁਦ ਫੋਨ ਕਰ ਕੇ ਉਨ੍ਹਾਂ ਨੂੰ ਦੱਸਿਆ ਹੈ ਕਿ ਉਨ੍ਹਾਂ 'ਤੇ ਕਿਵੇਂ ਦਬਾਅ ਪਾਇਆ ਜਾ ਰਿਹਾ ਹੈ। ਸੁਖਬੀਰ ਨੇ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਨੂੰ ਕਿਹਾ ਕਿ ਉਹ ਜਿਸ ਮਾਣ ਵਾਲੇ ਅਹੁਦੇ 'ਤੇ ਬੈਠੇ ਹਨ, ਉਸ ਅਨੁਸਾਰ ਵਿਹਾਰ ਕਰਨ ਅਤੇ ਇਕ ਗੈਰਸੰਵਿਧਾਨਕ ਸੁਪਰ ਸੀ.ਐੱਮ. ਵਜੋਂ ਵਿਚਰ ਰਹੇ ਨਵਜੋਤ ਸਿੰਘ ਸਿੱਧੂ ਨੂੰ ਆਪਣੇ 'ਤੇ ਭਾਰੂ ਨਾ ਪੈਣ ਦੇਣ।

ਉਨ੍ਹਾਂ ਕਿਹਾ ਕਿ ਕਾਂਗਰਸ ਇਹ ਗੱਲ, ਕਿ ਚੰਨੀ ਮੁੱਖ ਮੰਤਰੀ ਦੇ ਅਹੁਦੇ ਲਈ ਪੰਜਵਾਂ ਵਿਕਲਪ ਸਨ, ਫੈਲਾਅ ਕੇ ਸੂਬੇ ਦੇ ਅਨੁਸੂਚਿਤ ਜਾਤੀ ਲੋਕਾਂ ਦਾ ਅਪਮਾਨ ਕਰ ਰਹੀ ਹੈ। ਉਨ੍ਹਾਂ 'ਤੇ ਨਾ ਸਿਰਫ ਡਿਪਟੀ ਸੀ.ਐੱਮ. ਭਾਰੂ ਪੈ ਰਹੇ ਹਨ ਬਲਕਿ ਸਰਕਾਰ ਤੋਂ ਬਾਹਰਲੇ ਲੋਕਾਂ ਨੂੰ ਵੀ ਉਨ੍ਹਾਂ 'ਤੇ ਭਾਰੂ ਪੈਣ ਦੀ ਆਗਿਆ ਦਿੱਤੀ ਜਾ ਰਹੀ ਹੈ।

ਸੁਖਬੀਰ ਬਾਦਲ ਨੇ ਕਿਹਾ ਕਿ ਪਿਛਲੇ ਕੁਝ ਦਿਨ ਦੀਆਂ ਘਟਨਾਵਾਂ ਨੇ ਸਾਬਤ ਕੀਤਾ ਹੈ ਕਿ ਕਾਂਗਰਸ ਪਾਰਟੀ ਸੂਬੇ ਨੂੰ ਫਿਰਕੂ ਤੇ ਜਾਤੀਵਾਦੀ ਲੀਹਾਂ 'ਤੇ ਵੰਡਣਾ ਚਾਹੁੰਦੀ ਹੈ। ਇਹ ਸੂਬੇ ਵਿਚ ਗੁਰੂ ਸਾਹਿਬਾਨ, ਰਿਸ਼ੀਆਂ ਮੁਨੀਆਂ ਤੇ ਸੂਫੀ ਸੰਤਾਂ ਵੱਲੋਂ ਦਿੱਤੀ ਸਿੱਖਿਆ ਨਾਲ ਬਣੇ ਬਹੁ ਸੱਭਿਅਕ ਤੇ ਧਰਮ ਨਿਰਪੱਖ ਸਰੂਪ ਲਈ ਵੱਡਾ ਖਤਰਾ ਹੈ। 'ਪਾੜੋ ਤੇ ਰਾਜ ਕਰੋ' ਦਾ ਪੁਰਾਣਾ ਕਾਂਗਰਸੀ ਏਜੰਡਾ ਮੁੜ ਵਾਪਸ ਆ ਗਿਆ ਹੈ।

ਪੰਜਾਬ ਟਾਈਮਜ਼

*ਸਨਿਚਰਵਾਰ, 2 ਅਕਤੂਬਰ 2021*

## ਸਿਆਸੀ ਉਥਲ-ਪੁਥਲ

ਪੰਜਾਬ ਕਾਂਗਰਸ ਦੇ ਪ੍ਰਧਾਨ ਨਵਜੋਤ ਸਿੰਘ ਸਿੱਧੂ ਦੇ ਅਸਤੀਫੇ ਨਾਲ ਉਸ ਦੀ ਆਪਣੀ ਅਤੇ ਪਾਰਟੀ (ਕਾਂਗਰਸ) ਦੀ ਸਿਆਸਤ ਦਾ ਪਰਦਾ ਚੁੱਕਿਆ ਗਿਆ ਹੈ। ਜਦੋਂ ਕੈਪਟਨ ਅਮਰਿੰਦਰ ਸਿੰਘ ਖਿਲਾਫ ਬਗਾਵਤੀ ਸੁਰਾਂ ਉਠਣੀਆਂ ਸ਼ੁਰੂ ਹੋਈਆਂ ਸਨ ਤਾਂ ਕਿਸੇ ਦੇ ਚਿਤ-ਚੇਤੇ ਵੀ ਨਹੀਂ ਸੀ ਕਿ ਸੂਬੇ ਦੀ ਸਿਆਸਤ ਨੇ ਇੰਨੇ ਕਾਹਲੇ ਅਤੇ ਤਿੱਖੇ ਮੋੜ ਕੱਟਣੇ ਹਨ। ਕਾਂਗਰਸ ਦੀ ਹਾਈਕਮਾਨ ਅਗਲੀਆਂ ਚੋਣਾਂ ਮੌਕੇ ਕੈਪਟਨ ਅਮਰਿੰਦਰ ਸਿੰਘ ਨੂੰ ਲਾਂਭੇ ਤਾਂ ਕਰਨਾ ਚਾਹੁੰਦੀ ਸੀ ਤਾਂ ਕਿ ਸਥਾਪਤੀ ਵਿਰੋਧੀ ਸੁਰ ਨੂੰ ਥੁੜ੍ਹਾ ਮੱਠਾ ਪਾਇਆ ਜਾ ਸਕੇ ਪਰ ਇਹ ਨਹੀਂ ਸੀ ਚਾਹੁੰਦੀ ਕਿ ਉਸ ਨੂੰ ਤੁਰੰਤ ਹੀ ਅਹੁਦੇ ਤੋਂ ਵੱਖ ਕਰ ਦਿੱਤਾ ਜਾਵੇ। ਉਂਜ, ਪੰਜਾਬ ਕਾਂਗਰਸ ਦੀ ਸਿਆਸਤ ਇੰਨੀ ਤੇਜ਼ੀ ਨਾਲ ਚੱਲੀ ਕਿ ਹੁਣ ਹਾਈਕਮਾਨ ਨੂੰ ਇਸ ਨੂੰ ਸੰਭਾਲਣਾ ਮੁਸ਼ਕਿਲ ਹੋਇਆ ਪਿਆ ਹੈ। ਅਸਲ ਵਿਚ ਨਵਜੋਤ ਸਿੰਘ ਸਿੱਧੂ ਦੀ ਗਿਣਤੀ-ਮਿਣਤੀ ਸੀ ਕਿ ਅਗਲੀਆਂ ਚੋਣਾਂ ਉਸ ਦੀ ਕਮਾਨ ਹੇਠ ਲੜੀਆਂ ਜਾਣਗੀਆਂ ਪਰ ਕੈਪਟਨ ਅਮਰਿੰਦਰ ਸਿੰਘ ਦੇ ਅਸਤੀਫੇ ਤੋਂ ਬਾਅਦ ਪੰਜਾਬ ਕਾਂਗਰਸ ਅੰਦਰ ਜੋ ਹਾਲਾਤ ਬਣੇ, ਉਸ ਨਾਲ ਮੁਕਾਬਲਤਨ ਘੱਟ ਚਰਚਿਤ ਆਗੂ ਚਰਨਜੀਤ ਸਿੰਘ ਚੰਨੀ ਨੂੰ ਮੁੱਖ ਮੰਤਰੀ ਦਾ ਅਹੁਦਾ ਮਿਲ ਗਿਆ। ਸਿਆਸੀ ਵਿਸ਼ੇਸ਼ਕਾਂ ਦਾ ਸਪਸ਼ਟ ਆਖਣਾ ਹੈ ਕਿ ਜਿਸ ਢੰਗ-ਤਰੀਕੇ ਦੀ ਸਿਆਸਤ ਚਰਨਜੀਤ ਸਿਮਘ ਚੰਨੀ ਨੇ ਅਹੁਦਾ ਸੰਭਾਲਣ ਤੋਂ ਬਾਅਦ ਸ਼ੁਰੂ ਕੀਤੀ ਹੈ, ਉਸ ਨਾਲ ਸਭ ਤੋਂ ਵੱਡਾ ਖਤਰਾ ਨਵਜੋਤ ਸਿੰਘ ਸਿੱਧੂ ਲਈ ਹੀ ਖੜ੍ਹਾ ਹੋਇਆ ਹੈ। ਹਰ ਕੋਈ ਇਹ ਕਿਆਸ ਲਾ ਰਿਹਾ ਸੀ ਕਿ ਇਸ ਸੂਰਤ ਵਿਚ ਤਾਂ 2022 ਵਾਲੀਆਂ ਅਗਲੀਆਂ ਵਿਧਾਨ ਸਭਾ ਚੋਣਾਂ ਦੌਰਾਨ ਕਾਂਗਰਸ ਵਲੋਂ ਮੁੱਖ ਮੰਤਰੀ ਦੇ ਅਹੁਦੇ ਦਾ ਚਿਹਰਾ ਚਰਨਜੀਤ ਸਿੰਘ ਚੰਨੀ ਵੀ ਬਣ ਸਕਦਾ ਹੈ, ਘੱਟ-ਘੱਟ ਹੁਣ ਉਸ ਨੂੰ ਅਣਗੌਲਿਆ ਨਹੀਂ ਕੀਤਾ ਜਾ ਸਕੇਗਾ।

ਅਸਲ ਵਿਚ ਕਾਂਗਰਸ ਹਾਈਕਮਾਨ ਪੰਜਾਬ ਬਾਰੇ ਕਦੀ ਬਹੁਤੀ ਸੰਜੀਦਾ ਦਿਖਾਈ ਨਹੀਂ ਦਿੱਤੀ। ਪੂਰੇ ਮੁਲਕ ਅੰਦਰ ਪੰਜਾਬ ਅਜਿਹਾ ਸੂਬਾ ਸੀ ਜਿਥੇ ਕਾਂਗਰਸ ਦੀ ਸਭ ਤੋਂ ਮਜ਼ਬੂਤ ਸਰਕਾਰ ਸੀ। ਦੂਜੇ ਬੰਨੇ, ਪੂਰੇ ਮੁਲਕ ਅੰਦਰ ਭਾਰਤੀ ਜਨਤਾ ਪਾਰਟੀ ਅਤੇ ਇਸ ਦੀ ਸਰਪ੍ਰਸਤ ਜਥੇਬੰਦੀ ਆਰ.ਐਸ.ਐਸ. ਜਿਸ ਤਰ੍ਹਾਂ ਦੀ ਵੰਡ-ਪਾਊ ਅਤੇ ਨਫਰਤ ਵਾਲੀ ਸਿਆਸਤ ਕਰ ਰਹੀਆਂ ਸਨ, ਕਾਂਗਰਸ ਹਾਈਕਮਾਨ ਪੰਜਾਬ ਨੂੰ ਮਾਡਲ ਸੂਬੇ ਵਜੋਂ ਖੜ੍ਹਾ ਕਰ ਸਕਦੀ ਸੀ ਪਰ ਨਾ ਕਾਂਗਰਸ ਹਾਈਕਮਾਨ ਅਤੇ ਨਾ ਹੀ ਕੈਪਟਨ ਅਮਰਿੰਦਰ ਸਿੰਘ ਨੇ ਇਸ ਪਾਸੇ ਕੋਈ ਕਦਮ ਵਧਾਇਆ। ਇਸ ਨਾਲਾਇਕੀ ਦਾ ਨਤੀਜਾ ਹੁਣ ਕੈਪਟਨ ਅਮਰਿੰਦਰ ਸਿੰਘ ਅਤੇ ਕਾਂਗਰਸ ਹਾਈਕਮਾਨ, ਦੋਵੇਂ ਹੀ ਭੁਗਤ ਰਹੇ ਹਨ। ਨਵਜੋਤ ਸਿੰਘ ਸਿੱਧੂ ਦੀ ਸਿਆਸਤ ਉਤੇ ਤਾਂ ਪਹਿਲਾਂ ਵੀ ਕਿਸੇ ਨੂੰ ਕੋਈ ਭਰੋਸਾ ਨਹੀਂ ਸੀ। ਸਿਆਸੀ ਖੇਤਰ ਵਿਚ ਉਸ ਦੀ ਸੰਜੀਦਗੀ ਹਮੇਸ਼ਾ ਸਵਾਲਾਂ ਦੇ ਘੇਰੇ ਵਿਚ ਰਹੀ ਹੈ। ਪਿਛਲੇ ਦਿਨਾਂ ਦੌਰਾਨ ਉਹ ਕੈਪਟਨ ਸਰਕਾਰ ਦੀ ਬੜੀ ਤਿੱਖੀ ਨੁਕਤਾਚੀਨੀ ਕਰਦਾ ਰਿਹਾ ਹੈ ਪਰ ਢਾਈ-ਤਿੰਨ ਸਾਲ ਉਹ ਵੀ ਉਸੇ ਸਰਕਾਰ ਦਾ ਹਿੱਸਾ ਰਿਹਾ ਹੈ ਅਤੇ ਆਪਣੇ ਵਿਭਾਗ ਵਿਚ ਉਸ ਦੀ ਆਪਣੀ ਕਾਰਗੁਜ਼ਾਰੀ ਕੋਈ ਬਹੁਤੀ ਗੌਲਣਯੋਗ ਨਹੀਂ ਸੀ। ਅਸਲ ਵਿਚ ਉਹ ਹਰ ਪਾਸੇ ਚੌਧਰੀ ਵਾਲਾ ਰੋਲ ਹੀ ਨਿਭਾਉਣਾ ਚਾਹੁੰਦਾ ਹੈ, ਇਸੇ ਲਈ ਉਸ ਬਾਰੇ ਇਹ ਕਿਆਸਆਰਾਈਆਂ ਚੱਲਦੀਆਂ ਹੀ ਰਹੀਆਂ ਹਨ ਕਿ ਉਹ ਆਪਣੀ ਚੌਧਰ ਖਾਤਰ ਕਿਸੇ ਵੀ ਪਾਰਟੀ ਨੂੰ ਛੱਡ ਸਕਦਾ ਹੈ ਅਤੇ ਕਿਸੇ ਵੀ ਪਾਰਟੀ ਵਿਚ ਜਾ ਸਕਦਾ ਹੈ। ਕਾਂਗਰਸ ਹਾਈਕਮਾਨ ਨੇ ਇਸ ਸਭ ਕੁਝ ਬਾਰੇ ਪਤਾ ਹੋਣ ਦੇ ਬਾਵਜੂਦ ਉਸ ਨੂੰ ਪੰਜਾਬ ਕਾਂਗਰਸ ਦਾ ਪ੍ਰਧਾਨ ਥਾਪਿਆ। ਇਸੇ ਕਰਕੇ ਹੁਣ ਨਵੇਂ ਪੈਦਾ ਹੋਏ ਹਾਲਾਤ ਬਾਰੇ ਸਭ ਤੋਂ ਵੱਡਾ ਸਵਾਲ ਕਾਂਗਰਸ ਹਾਈਕਮਾਨ ਅੱਗੇ ਹੀ ਖੜ੍ਹਾ ਹੋਇਆ ਹੈ ਜਿਸ ਦੇ ਬਹੁਤੇ ਫੈਸਲੇ ਅੱਜਕੱਲ੍ਹ ਰਾਹੁਲ ਗਾਂਧੀ ਤੇ ਪ੍ਰਿਅੰਕਾ ਗਾਂਧੀ ਕਰ ਰਹੇ ਹਨ। ਇਨ੍ਹਾਂ ਦੋਹਾਂ ਆਗੂਆਂ ਨੂੰ ਕੈਪਟਨ ਸ਼ਰੇਆਮ 'ਅਨਾੜੀ' ਆਖ ਚੁੱਕੇ ਹਨ।

ਅਸਥਿਰਤਾ ਦੇ ਇਸ ਮਾਹੌਲ ਸਭ ਤੋਂ ਵੱਧ ਨੁਕਸਾਨ ਪੰਜਾਬ ਦਾ ਹੋ ਰਿਹਾ ਹੈ। ਸੂਬੇ ਅੰਦਰ ਤਿੱਖੇ ਕਿਸਾਨ ਘੋਲ ਕਾਰਨ ਆਮ ਲੋਕ ਹਾਕਮ ਜਮਾਤਾਂ ਨੂੰ ਸਵਾਲ-ਦਰ-ਸਵਾਲ ਕਰ ਰਹੇ ਹਨ। ਵੱਖ-ਵੱਖ ਪਾਰਟੀਆਂ ਦੇ ਆਗੂਆਂ ਨੂੰ ਪੂਰੇ ਪੰਜਾਬ ਅੰਦਰ, ਖਾਸਕਰ ਪਿੰਡਾਂ ਵਿਚ ਸਿਆਸੀ ਸਰਗਰਮੀ ਕਰਨੀ ਮੁਸ਼ਕਿਲ ਹੋ ਰਹੀ ਹੈ। ਅਸਥਿਰਤਾ ਦੇ ਅਜਿਹੇ ਮਾਹੌਲ ਵਿਚ ਪੰਜਾਬ ਦੇ ਅਸਲ ਸਵਾਲ ਰੁਲ ਜਾਂਦੇ ਰਹੇ ਹਨ। ਉਂਜ ਵੀ ਲੋਕ ਚਿਰਾਂ ਤੋਂ ਤਾਂਘ ਰਹੇ ਹਨ ਕਿ ਸੂਬੇ ਅੰਦਰ ਰਵਾਇਤੀ ਪਾਰਟੀਆਂ ਸਦੀ ਸਿਆਸਤ ਤੋਂ ਅਗਾਂਹ ਕੋਈ ਗੱਲ ਤੁਰੇ ਪਰ ਫਿਲਹਾਲ ਕੋਈ ਵੀ ਧਿਰ ਲੋਕਾਂ ਦੀ ਇਸ ਸੋਚ ਦੇ ਬਰਾਬਰ ਨਹੀਂ ਤੁਲ ਰਹੀ। 2014 ਵਾਲੀਆਂ ਲੋਕ ਸਭਾ ਚੋਣਾਂ ਤੋਂ ਬਾਅਦ ਨਵੀਂ ਉਠੀ ਧਿਰ- ਆਮ ਆਦਮੀ ਪਾਰਟੀ ਨੇ ਪੰਜਾਬ ਦੇ ਲੋਕਾਂ ਅੰਦਰ ਆਸ ਦੀ ਕਿਰਨ ਜਗਾਈ ਸੀ ਪਰ ਪਿਛਲੀਆਂ ਵਿਧਾਨ ਸਭਾ ਚੋਣਾਂ ਅਤੇ ਫਿਰ 2019 ਵਾਲੀਆਂ ਲੋਕ ਸਭਾ ਚੋਣਾਂ ਦੌਰਾਨ ਇਹ ਪਾਰਟੀ ਸੰਜੀਦਾ ਧਿਰ ਵਾਲਾ ਅਕਸ ਬਰਕਰਾਰ ਰੱਖਣ ਵਿਚ ਵੀ ਕਾਮਯਾਬ ਨਹੀਂ ਹੋ ਸਕੀ ਹੈ। ਇਸ ਪਾਰਟੀ ਦੇ ਆਪਸੀ ਕਲੇਸ਼ ਅਤੇ ਦਿੱਲੀ ਲੀਡਰਸ਼ਿਪ ਦੀ ਬਹੁਤ ਜ਼ਿਆਦਾ ਦਖਲਅੰਦਾਜ਼ੀ ਨੇ ਇਸ ਧਿਰ ਦੇ ਅਕਸ ਅਤੇ ਭਰੋਸੇ ਨੂੰ ਵੱਡੀ ਢਾਹ ਲਾਈ ਹੈ। ਬੇਅਦਬੀ ਕਾਂਡ ਅਤੇ ਹੋਰ ਮਸਲਿਆਂ ਵਿਚ ਘਿਰੇ ਸ਼੍ਰੋਮਣੀ ਅਕਾਲੀ ਦਲ ਦੇ ਉਂਜ ਵੀ ਅਜੇ ਤੱਕ ਸਿਆਸੀ ਪਿੜ ਵਿਚ ਪੈਰ ਨਹੀਂ ਲੱਗ ਰਹੇ। ਸਭ ਨੂੰ ਆਸ ਸੀ ਕਿ ਕਿਸਾਨ ਅੰਦੋਲਨ ਕਾਰਨ ਲੋਕਾਂ ਅੰਦਰ ਆਈ ਜਾਗਰੂਕਤਾ ਕਾਰਨ ਐਤਕੀਂ ਵਿਧਾਨ ਸਭਾ ਚੋਣਾਂ ਵਿਲੱਖਣ ਹੋਣਗੀਆਂ ਪਰ ਜਿਸ ਤਰ੍ਹਾਂ ਦੀ ਅਸਥਿਰਤਾ ਵਾਲੇ ਮਾਹੌਲ ਨਾਲ ਸੂਬਾ ਜੂਝ ਰਿਹਾ ਹੈ, ਉਸ ਸੂਰਤ ਵਿਚ ਕਿਸਾਨ ਅੰਦੋਲਨ ਕੋਈ ਵੱਡਾ ਵੱਢ ਮਾਰ ਸਕੇਗਾ, ਇਸ ਬਾਰੇ ਫਿਲਹਾਲ ਸੋਚਿਆ ਹੀ ਜਾ ਸਕਦਾ ਹੈ। ਉਂਜ ਵੀ ਕਿਸਾਨ ਅੰਦੋਲਨ ਦੇ ਅਸਰ ਵਾਲੀ ਗੱਲ ਬਹੁਤ ਹੱਦ ਤੱਕ ਕਿਸਾਨ ਆਗੂਆਂ ਦੀ ਪਹੁੰਚ ਉਤੇ ਨਿਰਭਰ ਕਰਦੀ ਹੈ। ਕਿਸਾਨ ਆਗੂ ਸਿਆਸਤ ਦੇ ਪਿੜ ਬਾਰੇ ਦੋ-ਟੁੱਕ ਫੈਸਲਾ ਨਹੀਂ ਕਰ ਸਕੇ ਹਨ। ਫਿਰ ਵੀ, ਸਿਆਸੀ ਅਸਥਿਰਤਾ ਦੇ ਬਾਵਜੂਦ ਆਉਣ ਵਾਲੇ ਦਿਨਾਂ ਵਿਚ ਕਿਸਾਨ ਆਗੂਆਂ ਦੇ ਫੈਸਲੇ ਪੰਜਾਬ ਦੀ ਸਿਆਸਤ ਵਿਚ ਸੀਮਤ ਹੀ ਸਹੀ, ਆਪਣਾ ਰੋਲ ਨਿਭਾ ਸਕਦੇ ਹਨ।

### ਠਾਹ-ਸੋਟਾ

-ਚਾਚਾ ਬੇਲਿਹਾਜ਼

#### *ਸਫਲ ਸਤਾਈ ਦਾ ਬੰਦ!*

ਕਿਰਤੀ ਕਿਸਾਨ ਸਾਲ ਭਰ ਤੋਂ ਹੀ ਜੂਝ ਰਹੇ, ਸੁਣਦੇ ਨਾ ਗੱਲ 'ਯਾਰ' ਬਣੇ ਜੋ 'ਵਪਾਰ' ਦੇ।
ਫਸਲਾਂ ਤੇ ਨਸਲਾਂ ਦੀ ਰਾਖੀ ਲਈ ਲੜਦੇ ਨੇ, ਫਿਕਰਾਂ 'ਚ ਪਏ ਸਿਰ ਬੰਨ੍ਹੀਂ 'ਦਸਤਾਰ' ਦੇ।
'ਟੱਸ ਤੋਂ ਮੱਸ' ਨਾ ਹੁੰਦੇ ਜਾਪਦੇ ਹੁਕਮਰਾਨ, 'ਆਫਰੇ' ਪਏ ਨੇ ਜਿਹੜੇ ਨਾਲ ਹੰਕਾਰ ਦੇ।
ਲਾਲੋ ਹੀ ਅਵੱਸ਼ ਜਿੱਤੂ, ਹਾਰਨਾ ਮਲਿਕ ਭਾਗੋ, ਦੇਖੀਂ ਮਰਦਾਨਿਆਂ ਤੂੰ ਰੰਗ 'ਕਰਤਾਰ' ਦੇ।
ਤਨ ਮਨ ਧਨ ਨਾਲ ਸਾਥ ਦਿੱਤਾ ਸਾਰਿਆਂ ਨੇ, ਪਾਤਰ ਨੇ ਭਾਈ ਭੈਣਾ ਦਿਲੀ ਸਤਿਕਾਰ ਦੇ।
'ਬੰਦ' ਨੂੰ ਸਫਲ ਕਰ ਸੜਕਾਂ 'ਤੇ ਆਏ ਸਾਰੇ, 'ਸਤੰਬਰ 27' ਨੂੰ 'ਸਤਾਏ' ਸਰਕਾਰ ਦੇ!

# ਗੈਰ ਭਾਜਪਾ ਪਾਰਟੀਆਂ ਦੀ ਹਿੰਦੂਤਵੀ ਸਿਆਸਤ

***ਭਾਰਤ ਵਿਚ ਭਾਜਪਾ ਦੇ ਓਹਲੇ ਹੇਠ ਆਰ.ਐਸ.ਐਸ. ਦੀ ਸਰਕਾਰ ਬਣੀ ਨੂੰ ਅਜੇ ਸੱਤ ਸਾਲ ਹੋਏ ਹਨ ਕਿ ਗੈਰ ਭਾਜਪਾ ਪਾਰਟੀਆਂ ਚੋਣਾਂ ਜਿੱਤਣ ਲਈ ਹਿੰਦੂਤਵੀ ਸਿਆਸਤ ਵੱਲ ਅਹੁਲਣ ਲੱਗ ਪਈਆਂ ਹਨ। ਉਘੀ ਪੱਤਰਕਾਰ ਸਬਾ ਨਕਵੀ ਨੇ ਇਹ ਨੁਕਤਾ ਆਪਣੇ ਇਸ ਲੇਖ ਵਿਚ ਬੜੇ ਸੂਖਮ ਢੰਗ ਨਾਲ ਫੜਿਆ ਹੈ ਅਤੇ ਗੈਰ ਭਾਜਪਾ ਪਾਰਟੀਆਂ ਦੀ ਇਸ ਸਿਆਸਤ ਉਤੇ ਬੜੀਆਂ ਤਿੱਖੀਆਂ ਟਿੱਪਣੀਆਂ ਕੀਤੀਆਂ ਹਨ।***

ਕਾਂਗਰਸ ਆਗੂ ਰਾਹੁਲ ਗਾਂਧੀ ਨੇ ਕੁਝ ਦਿਨ ਪਹਿਲਾਂ ਜੰਮੂ ਵਿਚ ਆਖਿਆ ਸੀ ਕਿ ਉਹ ਕਸ਼ਮੀਰੀ ਪੰਡਤਾਂ ਦੀ ਪੀੜ ਮਹਿਸੂਸ ਕਰ ਸਕਦੇ ਹਨ ਕਿਉਂਕਿ ਉਹ ਖੁਦ ਇਸੇ ਭਾਈਚਾਰੇ ਨਾਲ ਸਬੰਧਤ ਹਨ। ਇਹ ਪਹਿਲੀ ਵਾਰ ਨਹੀਂ ਜਦੋਂ ਉਨ੍ਹਾਂ ਆਪਣੀ ਹਿੰਦੂ ਅਤੇ ਬ੍ਰਾਹਮਣੀ ਪਛਾਣ ਗਿਣਾਈ ਹੈ। 2017 ਦੀਆਂ ਗੁਜਰਾਤ ਵਿਧਾਨ ਸਭਾ ਚੋਣਾਂ ਦੌਰਾਨ ਰਾਹੁਲ ਅਤੇ ਉਨ੍ਹਾਂ ਦੀ ਪਾਰਟੀ ਨੇ ਇਸ ਗੱਲ 'ਤੇ ਜ਼ੋਰ ਦਿੱਤਾ ਸੀ ਕਿ ਉਹ ਜਨੇਊਧਾਰੀ ਬ੍ਰਾਹਮਣ ਹਨ। ਜ਼ਾਹਿਰ ਹੈ ਕਿ ਨਹਿਰੂ ਗਾਂਧੀ ਪਰਿਵਾਰ ਦਾ ਚਿਰਾਗ ਮੌਜੂਦਾ ਸਮਾਜੀ-ਰਾਜਸੀ ਮਾਹੌਲ ਵਿਚ ਕਦੇ ਕਦੇ ਦਬਾਅ ਮਹਿਸੂਸ ਕਰਦਾ ਹੈ। ਜਦੋਂ ਕਿਸੇ ਨੂੰ ਇਹ



**ਸਬਾ ਨਕਵੀ**

ਕਹਿਣਾ ਪੈਂਦਾ ਹੈ ਕਿ ਉਹ ਵੀ ਹਿੰਦੂ ਜਾਂ ਬ੍ਰਾਹਮਣ ਹੈ ਤਾਂ ਉਸ ਤੇ ਕਿੰਨਾ ਤਰਸ ਆਉਂਦਾ ਹੈ ਪਰ ਵਿਰੋਧੀ ਧਿਰ ਦੀਆਂ ਬਹੁਤ ਸਾਰੀਆਂ ਹਸਤੀਆਂ ਅੱਜ ਇਹੀ ਕਰ ਰਹੀਆਂ ਹਨ। ਇਹ ਨਹਿਰੂਵਾਦੀ ਧਰਮਨਿਰਪੱਖਤਾ ਦੇ ਰਸਮੋ-ਰਿਵਾਜ਼ ਤਾਂ ਨਹੀਂ ਹਨ ਪਰ ਸਾਡੇ ਸਮਿਆਂ ਦੀ ਅੱਕਾਸੀ ਜ਼ਰੂਰ ਕਰਦੇ ਹਨ।

ਆਰ.ਐਸ.ਐਸ. ਅੱਜ ਆਰਾਮ ਨਾਲ ਬਹਿ ਕੇ ਕੱਛਾਂ ਵਜਾ ਸਕਦੀ ਹੈ ਕਿ ਹਿੰਦੀ ਪੱਟੀ ਵਾਲੀਆਂ ਲਗਭਗ ਸਾਰੀਆਂ ਸਿਆਸੀ ਪਾਰਟੀਆਂ ਹੁਣ ਕਿਸੇ ਨਾ ਕਿਸੇ ਹੱਦ ਤੱਕ ਆਪਣੇ ਆਪ ਨੂੰ ਹਿੰਦੂਵਾਦੀ ਸਾਬਿਤ ਕਰਨ ਲੱਗੀਆਂ ਹੋਈਆਂ ਹਨ। ਇਸ ਵਰਤਾਰੇ ਨੂੰ ਸਮਝਣ ਲਈ ਉਤਰਾਖੰਡ ਦੀ ਹੀ ਗੱਲ ਕਰਦੇ ਹਾਂ ਜਿੱਥੇ ਚਾਰ ਹੋਰ ਸੂਬਿਆਂ ਨਾਲ ਵਿਧਾਨ ਸਭਾ ਦੀਆਂ ਚੋਣਾਂ ਹੋਣੀਆਂ ਹਨ। ਬਿਨਾ ਸ਼ੱਕ, ਸੱਤਾਧਾਰੀ ਪਾਰਟੀ ਹਿੰਦੂ ਸਿਆਸਤ ਦੀ ਰੁਸਤਮੇ-ਹਿੰਦ ਹੈ ਪਰ ਆਮ ਆਦਮੀ ਪਾਰਟੀ ਵੀ ਆਪਣੇ ਹਿੰਦੂ ਲੱਛਣਾਂ ਦੀ ਨੁਮਾਇਸ਼ ਲਾ ਕੇ ਇਸ ਮੈਦਾਨ ਵਿਚ ਆ ਨਿੱਤਰੀ ਜਦੋਂ ਪਾਰਟੀ ਦੇ ਮੁਖੀ ਅਰਵਿੰਦ ਕੇਜਰੀਵਾਲ ਨੇ ਇਹ ਵਾਅਦਾ ਕੀਤਾ ਕਿ ਜੇ ਉਨ੍ਹਾਂ ਦੀ ਪਾਰਟੀ ਨੂੰ ਸੱਤਾ ਵਿਚ ਆਉਣ ਦਾ ਮੌਕਾ ਦਿੱਤਾ ਗਿਆ ਤਾਂ ਉਹ ਉਤਰਾਖੰਡ ਨੂੰ ਹਿੰਦੂਆਂ ਦੀ ਵਿਸ਼ਵ ਅਧਿਆਤਮਕ ਰਾਜਧਾਨੀ ਬਣਾ ਦੇਣਗੇ। ਸੂਬੇ ਅੰਦਰ ਜ਼ੋਰ ਸ਼ੋਰ ਨਾਲ ਪਰਿਵਰਤਨ ਯਾਤਰਾਵਾਂ ਚਲਾ ਰਹੀ ਕਾਂਗਰਸ ਪਾਰਟੀ ਨੇ ਆਖਿਆ ਕਿ ਹਿੰਦੂਤਵ ਦਾ ਭਾਜਪਾ ਨਾਲ ਕੋਈ ਵਾਹ ਵਾਸਤਾ ਨਹੀਂ; ਜੇ ਉਹ ਰਾਮ ਕਹਿੰਦੇ ਹਨ ਤਾਂ ਅਸੀਂ ਭੋਲੇਨਾਥ ਦਾ ਜੈਕਾਰਾ ਲਾਵਾਂਗੇ।

ਭਾਰਤ ਵਿਚ ਤਰਕ ਦਿੱਤਾ ਜਾ ਸਕਦਾ ਹੈ ਕਿ ਧੁਰ ਦੱਖਣ ਅੰਦਰ ਦੋ ਹੀ ਪਾਰਟੀਆਂ ਐਸੀਆਂ ਹਨ ਜੋ ਆਪਣਾ ਹਿੰਦੂ ਕਿਰਦਾਰ ਸਾਬਿਤ ਕਰਨ ਦਾ ਕੋਈ ਦਬਾਅ ਮਹਿਸੂਸ ਨਹੀਂ ਕਰਦੀਆਂ। ਇਨ੍ਹਾਂ ਵਿਚੋਂ ਇਕ ਖੱਬਾ ਮੁਹਾਜ਼ ਹੈ ਜੋ ਕੇਰਲ ਵਿਚ ਰਾਜ ਚਲਾ ਰਿਹਾ ਤੇ ਦੂਜੀ ਡੀ.ਐਮ.ਕੇ. ਜਿਸ ਨੇ ਹੁਣੇ ਹੁਣੇ ਤਾਮਿਲ ਨਾਡੂ ਵਿਧਾਨ ਸਭਾ ਵਿਚ ਨਾਗਰਿਕਤਾ ਸੋਧ ਕਾਨੂੰਨ (ਸੀ.ਏ.ਏ.) ਖਿਲਾਫ ਮਤਾ ਪਾਸ ਕੀਤਾ ਹੈ। ਬਹਰਹਾਲ, ਆਮ ਆਦਮੀ ਪਾਰਟੀ ਦੇ ਨਰਮ ਹਿੰਦੂਤਵ ਨੂੰ ਹੋਰ ਖੁਰਚ ਕੇ ਦੇਖਣਾ ਬਣਦਾ ਹੈ। ਪਹਿਲੀ ਗੱਲ, ਪਾਰਟੀ ਦੇ ਬਾਨੀ ਅਰਵਿੰਦ ਕੇਜਰੀਵਾਲ ਨੇ 2011 ਦੇ ਅੰਨਾ ਅੰਦੋਲਨ ਵੇਲੇ ਵਰਤੀਂਦੇ ਹਿੰਦੂ ਬਿੰਬਾਂ ਦਾ ਇਸਤੇਮਾਲ ਕਰਨ ਵਿਚ ਕਦੇ ਕੋਈ ਝਿਜਕ ਮਹਿਸੂਸ ਨਹੀਂ ਕੀਤੀ। ਇਹ ਗੱਲ ਸਾਫ ਹੋ ਚੁੱਕੀ ਹੈ ਕਿ ਅੰਨਾ ਅੰਦੋਲਨ ਵਿਚ ਆਰ.ਐਸ.ਐਸ. ਤੇ ਵੀ.ਐਚ.ਪੀ. ਦਾ ਪੂਰਾ ਹੱਥ ਸੀ। ਭਾਰਤ ਮਾਤਾ ਦੇ ਬੈਨਰ ਹੇਠ ਵਿੱਢੇ ਉਸ ਅੰਦੋਲਨ ਦੇ ਬਿੰਬ, ਲਹਿਜ਼ਾ ਤੇ ਭਾਸ਼ਾ ਨੂੰ ਲੋਕ ਸੇਵਾ ਤੇ ਭ੍ਰਿਸ਼ਟਾਚਾਰ ਦੇ ਖਾਤਮੇ ਦੇ ਨਾਂ 'ਤੇ ਰਾਸ਼ਟਰਵਾਦ ਦਾ ਖੂਬ ਤੜਕਾ ਲਾਇਆ ਗਿਆ ਸੀ।

ਨੌਂ ਸਾਲ ਪਹਿਲਾਂ 2012 ਵਿਚ ਜਦੋਂ ਆਮ ਆਦਮੀ ਪਾਰਟੀ ਬਣੀ ਸੀ, ਉਦੋਂ ਤੋਂ ਇਸ ਨੇ ਕਾਫੀ ਲੰਮਾ ਸਫਰ ਕੀਤਾ ਹੈ। ਕੌਮੀ ਜਨ ਜਾਗ੍ਰਿਤੀ ਦੀ ਤਬਦੀਲੀ ਦੇ ਮਾਹੌਲ ਵਿਚ ਦਿੱਲੀ ਵਿਚ ਭਾਜਪਾ ਨੂੰ ਦੋ ਵਾਰ ਵਿਧਾਨ ਸਭਾ ਚੋਣਾਂ ਵਿਚ ਧੂੜ ਚਟਾ ਚੁੱਕੀ 'ਆਪ' ਹੁਣ ਜ਼ਾਹਰਾ ਤੌਰ 'ਤੇ ਵਿਸ਼ਵਾਸ ਕਰਦੀ ਹੈ ਕਿ ਉਹ ਇਸ ਰਾਸ਼ਟਰੀ ਪਾਰਟੀ ਨੂੰ ਉਸੇ ਦੀ ਖੇਡ ਵਿਚ ਮਾਤ ਦੇ ਕੇ, ਭਾਵ ਹਿੰਦੂ ਪੱਤਾ ਖੇਡ ਕੇ ਸਿਆਸਤ ਵਿਚ ਆਪਣੀ ਹੋਂਦ ਬਚਾ ਸਕਦੀ ਤੇ ਆਪਣੇ ਪੈਰ ਪਸਾਰ ਸਕਦੀ



ਹੈ। ਇਸ ਦਾ ਇਕ ਮਤਲਬ ਇਹ ਵੀ ਹੈ ਕਿ ਮੁਸਲਿਮ ਮੁੱਦਿਆਂ ਤੋਂ ਪਾਸਾ ਵੱਟ ਕੇ ਰੱਖਿਆ ਜਾਵੇ, ਘੱਟਗਿਣਤੀਆਂ ਦੇ ਹੱਕ ਦੀ ਖਾਸ ਗੱਲ ਨਾ ਕੀਤੀ ਜਾਵੇ ਪਰ ਘੱਟਗਿਣਤੀਆਂ ਉਪਰ ਉਵੇਂ ਹਮਲਾ ਵੀ ਨਾ ਕੀਤਾ ਜਾਵੇ ਜਿਵੇਂ ਭਾਜਪਾ ਕਰਦੀ ਹੈ।

ਲਿਹਾਜ਼ਾ, ਫਰਵਰੀ 2020 ਦੀਆਂ ਚੋਣਾਂ ਵੇਲੇ ਜਦੋਂ ਮਾਹੌਲ ਭਖਿਆ ਹੋਇਆ ਸੀ ਤਾਂ 'ਆਪ' ਨੇ ਨਾ ਕੇਵਲ ਨਾਗਰਿਕਤਾ ਸੋਧ ਕਾਨੂੰਨ ਵਿਰੋਧੀ ਪ੍ਰਦਰਸ਼ਨਾਂ ਤੋਂ ਦੂਰੀ ਬਣਾਈ ਸਗੋਂ ਉਨ੍ਹਾਂ ਮੁੱਦਿਆਂ ਤੋਂ ਵੀ ਪਾਸਾ ਵੱਟ ਲਿਆ ਜਿਨ੍ਹਾਂ ਬਾਰੇ ਉਸ ਦੀ ਸਮਝ ਇਹ ਸੀ ਕਿ ਇਹ ਉਸ ਲਈ ਫਾਹੀ ਬਣ ਸਕਦੇ ਹਨ; ਜਿੱਥੇ ਭਾਜਪਾ, ਵਿਰੋਧੀ ਪਾਰਟੀਆਂ ਨੂੰ ਹਿੰਦੂ ਵਿਰੋਧੀ ਹੋਣ ਦਾ ਕੋਈ ਮੌਕਾ ਅਜਾਈਂ ਨਹੀਂ ਜਾਣ ਦੇਵੇਗੀ। ਇਸ ਕਰ ਕੇ ਹਿੰਦੂ ਪੱਤਾ ਖੇਡਣ ਦੀ ਚਾਲ ਸਿਰਫ ਉਤਰਾਖੰਡ ਤੱਕ ਮਹਿਦੂਦ ਨਹੀਂ। 'ਆਪ' ਨੇ ਉੱਤਰ ਪ੍ਰਦੇਸ਼ ਅੰਦਰ ਵੀ ਆਪਣੀ ਚੋਣ ਪ੍ਰਚਾਰ ਮੁਹਿੰਮ ਦੀ ਸ਼ੁਰੂਆਤ ਬੜੇ ਸ਼ਾਨਦਾਰ ਢੰਗ ਨਾਲ ਕੀਤੀ ਹੈ ਜਿਸ ਦੌਰਾਨ ਦਿੱਲੀ ਦੇ ਉਪ ਮੁੱਖ ਮੰਤਰੀ ਮਨੀਸ਼ ਸਿਸੋਦੀਆ ਅਤੇ ਰਾਜ ਸਭਾ ਮੈਂਬਰ ਸੰਜੇ ਸਿੰਘ ਅਯੁੱਧਿਆ ਵਿਚ ਰਾਮ ਜਨਮਭੂਮੀ ਅਤੇ ਹਨੂੰਮਾਨ ਗੜ੍ਹੀ ਮੰਦਰਾਂ ਵਿਚ ਪੂਜਾ ਕਰਦੇ ਨਜ਼ਰ ਆਏ। ਉੱਤਰ ਪ੍ਰਦੇਸ਼ ਵਿਚ ਆਪ ਦੀ ਹੈਸੀਅਤ ਜ਼ਿਆਦਾ ਵੱਡੀ ਨਹੀਂ, ਇਸ ਦੀ ਖਾਹਸ਼ ਹੋ ਸਕਦੀ ਸੀ ਕਿ ਸਮਾਜਵਾਦੀ ਪਾਰਟੀ ਨਾਲ ਹੱਥ ਮਿਲਾ ਲਿਆ ਜਾਵੇ ਪਰ ਉਸ ਦੀ ਇਹ ਮਨਸ਼ਾ ਪੂਰੀ ਨਹੀਂ ਹੋ ਸਕੀ। ਇਸ ਦੌਰਾਨ ਉਹ ਆਪਣੇ ਦਮ 'ਤੇ ਪਛਾਣ ਬਣਾਉਣ ਦੀ ਕੋਸ਼ਿਸ਼ ਕਰ ਰਹੀ ਹੈ ਤੇ ਅਯੁੱਧਿਆ ਤੋਂ ਚੋਣ ਬਿਗਲ ਵਜਾ ਕੇ ਉਸ ਨੇ ਸੂਬੇ ਦੇ ਲੋਕਾਂ ਦਾ ਧਿਆਨ ਖਿੱਚਿਆ ਹੈ। ਆਪ ਆਗੂਆਂ ਦਾ ਮੰਨਣਾ ਹੈ ਕਿ ਜਦੋਂ ਉਹ ਆਪਣੇ ਹਿੰਦੂ ਹੋਣ 'ਤੇ ਜ਼ੋਰ ਦਿੰਦੇ ਹਨ ਤਾਂ ਇਸ ਤੋਂ ਭਾਜਪਾ ਪ੍ਰੇਸ਼ਾਨ ਹੁੰਦੀ ਹੈ।

'ਆਪ' ਦੀ ਪੁਜ਼ੀਸ਼ਨ ਦਾ ਖੁਲਾਸਾ ਕਿਵੇਂ ਵੀ ਕੀਤਾ ਜਾਵੇ ਪਰ ਅੱਜ ਉਸ ਨੂੰ ਆਪਣੀ ਹਿੰਦੂਵਾਦੀ ਪਛਾਣ ਦਰਸਾਉਣ ਵਿਚ ਕੋਈ ਸੰਗ ਸ਼ਰਮ ਮਹਿਸੂਸ ਨਹੀਂ ਹੁੰਦੀ ਤੇ ਦੇਖਾ-ਦੇਖੀ ਕਾਂਗਰਸ ਵੀ ਇਸੇ ਰਾਹ ਵੱਲ ਵਧ ਰਹੀ ਹੈ। ਫਰਕ ਸਿਰਫ ਇੰਨਾ ਹੈ ਕਿ 'ਆਪ' ਨੂੰ ਸਪੱਸ਼ਟ ਹੈ ਕਿ ਕਿਹੜੇ ਰਾਜਾਂ ਅੰਦਰ ਉਸ ਨੂੰ ਇਹ ਡਗਰ ਫੜਨੀ ਪੈਣੀ ਹੈ ਜਿਨ੍ਹਾਂ ਵਿਚ ਪੰਜਾਬ ਅਪਵਾਦ ਹੈ। ਦੂਜੇ ਬੰਨ੍ਹੇ, ਕਾਂਗਰਸ ਇਹ ਕੰਮ ਛਾਤੀ ਠੋਰ ਕੇ ਨਹੀਂ ਕਰ ਸਕਦੀ ਅਤੇ ਕਦੇ ਹਿੰਦੂ ਬਿੰਬਾਂ ਤੇ ਮੁਹਾਵਰਿਆਂ ਨੂੰ ਉਭਾਰ ਕੇ ਪੇਸ਼ ਕਰਦੀ ਹੈ ਤੇ ਕੁਝ ਹੋਰਨਾਂ ਸਮਿਆਂ ਤੇ ਦੂਰੀ ਬਣਾ ਲੈਂਦੀ ਹੈ। ਇਹ ਗੱਲ ਵੀ ਗੌਰ ਕਰਨ ਵਾਲੀ ਹੈ ਕਿ ਇਸ ਸਾਲ ਦੇ ਸ਼ੁਰੂ ਵਿਚ ਜਦੋਂ ਭਾਜਪਾ ਨੇ ਪੱਛਮੀ ਬੰਗਾਲ ਦੀ ਸੱਤਾ ਖੋਹਣ ਲਈ ਅੱਡੀ ਚੋਟੀ ਦਾ ਜ਼ੋਰ ਲਾਇਆ ਹੋਇਆ ਸੀ ਤਾਂ ਮਮਤਾ ਬੈਨਰਜੀ ਨੇ ਨੰਦੀਗ੍ਰਾਮ ਵਿਚ ਵੋਟਾਂ ਤੋਂ ਇਕ ਦਿਨ ਪਹਿਲਾਂ ਐਲਾਨੀਆ ਆਖਿਆ ਸੀ- "ਮੈਂ ਹਿੰਦੂ ਹਾਂ" ਅਤੇ ਉਨ੍ਹਾਂ ਚੰਡੀ ਪਾਠ ਵੀ ਕੀਤਾ ਸੀ ਤੇ ਦੱਸਿਆ ਸੀ ਕਿ ਹਰ ਰੋਜ਼ ਘਰੋਂ ਚੱਲਣ ਤੋਂ ਪਹਿਲਾਂ ਇਹ ਪਾਠ ਕਰਦੇ ਹਨ। ਉਨ੍ਹਾਂ ਖਬਰਦਾਰ ਕੀਤਾ ਸੀ ਕਿ 'ਚੰਗਾ ਹੋਵੇਗਾ, ਭਾਜਪਾ ਮੇਰੇ ਨਾਲ ਹਿੰਦੂ ਪੱਤਾ ਨਾ ਖੇਡੇ'।

ਭਾਜਪਾ ਨੇ ਜਿਸ ਕਿਸਮ ਦਾ ਮਹਾਂ ਪ੍ਰਚਾਰ ਵਿੱਢਿਆ ਹੋਇਆ ਹੈ, ਉਸ ਦੇ ਪੇਸ਼ੇਨਜ਼ਰ ਇਹ ਸਾਰੀਆਂ ਪਾਰਟੀਆਂ ਆਪਣੀ ਹੋਂਦ ਬਚਾਉਣ ਲਈ ਜੱਦੋਜਹਿਦ ਕਰ ਰਹੀਆਂ ਹਨ। ਉੱਤਰ ਪ੍ਰਦੇਸ਼ ਵਿਚ ਮੁੱਖ ਵਿਰੋਧੀ ਧਿਰ ਸਮਾਜਵਾਦੀ ਪਾਰਟੀ ਵੀ ਕੁਝ ਹੱਦ ਤੱਕ ਹਿੰਦੂ ਚਿੰਨ੍ਹਾਂ ਦਾ ਇਸਤੇਮਾਲ ਕਰ ਰਹੀ ਹੈ ਪਰ ਸਭ ਤੋਂ ਵੱਧ ਅਫਸੋਸ ਬਹੁਜਨ ਸਮਾਜ ਪਾਰਟੀ ਨੂੰ ਦੇਖ ਕੇ ਹੁੰਦਾ ਹੈ ਜੋ ਦੱਬੇ ਕੁਚਲੇ ਲੋਕਾਂ ਦੀ ਦੁਹਾਈ ਦਿੰਦੀ ਰਹੀ ਹੈ। ਅੱਜ ਬਸਪਾ ਸ਼ਾਇਦ ਹੀ ਕਦੇ ਇਨ੍ਹਾਂ ਤਬਕਿਆਂ ਦੇ ਹੱਕ ਵਿਚ ਮੂੰਹ ਖੋਲ੍ਹਦੀ ਹੈ ਤੇ ਇਸ 'ਤੇ ਦੋਸ਼ ਲੱਗ ਰਹੇ ਹਨ ਕਿ ਇਹ ਉੱਤਰ ਪ੍ਰਦੇਸ਼ ਵਿਚ ਭਾਜਪਾ ਦੀ ਸਹਿਯੋਗੀ ਪਾਰਟੀ ਵਾਂਗ ਵਿਚਰ ਰਹੀ ਹੈ। ਇਸ ਵੇਲੇ ਇਹ ਆਪਣੇ ਦਲਿਤ ਆਧਾਰ ਦਾ ਬ੍ਰਾਹਮਣਾਂ ਨਾਲ ਤਾਲਮੇਲ ਬਿਠਾਉਣ ਦੀ ਕੋਸ਼ਿਸ਼ ਕਰ ਰਹੀ ਹੈ ਜੋ ਇਕ ਦੂਜੇ ਦੇ ਬਿਲਕੁੱਲ ਵਿਰੋਧੀ ਮੰਨੇ ਜਾਂਦੇ ਹਨ। ਪਾਰਟੀ ਸੁਪਰੀਮੋ ਮਾਇਆਵਤੀ ਦੀ ਸੱਜੀ ਬਾਂਹ ਸਤੀਸ਼ ਚੰਦਰ ਮਿਸ਼ਰਾ ਨੇ ਕਿਹਾ ਸੀ ਕਿ ਜੇ ਪਾਰਟੀ ਸੱਤਾ ਵਿਚ ਆਉਂਦੀ ਹੈ ਤਾਂ ਅਯੁੱਧਿਆ ਵਿਚ ਰਾਮ ਮੰਦਰ ਦੇ ਨਿਰਮਾਣ ਵਿਚ ਤੇਜ਼ੀ ਲਿਆਵੇਗੀ ਕਿਉਂਕਿ ਭਾਜਪਾ ਮੰਦਰ ਨਿਰਮਾਣ ਲਈ ਕੋਈ ਖਾਸ ਕੰਮ ਨਹੀਂ ਕਰ ਸਕੀ।

ਸਮਾਜਿਕ ਨਿਆਂ ਦਾ ਦਮ ਭਰਨ ਵਾਲੀ ਇਹ ਪਾਰਟੀ ਆਸਾਨੀ ਨਾਲ ਆਰਥਿਕ ਤੇ ਸਮਾਜਿਕ ਨਿਆਂ, ਬੇਰੁਜ਼ਗਾਰੀ, ਭੁੱਖਮਰੀ ਤੇ ਲਾਚਾਰੀ ਦੇ ਮੁੱਦੇ ਉਠਾ ਸਕਦੀ ਹੈ ਪਰ ਜਾਪਦਾ ਹੈ ਕਿ ਬਸਪਾ ਡਾ. ਬੀਆਰ ਅੰਬੇਡਕਰ ਦੇ ਆਦਰਸ਼ਾਂ ਤੇ ਸੰਵਿਧਾਨ ਦੇ ਉਨ੍ਹਾਂ ਅਸੂਲਾਂ ਤੋਂ ਲਾਂਭੇ ਜਾ ਚੁੱਕੀ ਹੈ ਜੋ ਧਰਮ ਅਤੇ ਰਾਜ ਨੂੰ ਵੱਖ ਰੱਖਣ 'ਤੇ ਜ਼ੋਰ ਦਿੰਦੇ ਹਨ। ਸਿਆਸਤ ਦੀ ਇਹ ਭੇਡ ਚਾਲ ਹੀ ਹੈ ਕਿ ਬਹੁਤ ਸਾਰੀਆਂ ਗੈਰ ਭਾਜਪਾ ਪਾਰਟੀਆਂ ਵੀ ਸ਼ਾਇਦ ਇਹ ਮੰਨ ਕੇ ਚੱਲ ਰਹੀਆਂ ਹਨ ਕਿ ਆਪਣੀਆਂ ਸਿਆਸੀ ਲੜਾਈਆਂ ਲੜਨ ਦੇ ਯੋਗ ਬਣਨ ਲਈ ਉਨ੍ਹਾਂ ਦਾ ਹਿੰਦੂਤਵੀ ਪ੍ਰਵਚਨ ਦਾ ਹਿੱਸਾ ਬਣਨਾ ਜ਼ਰੂਰੀ ਹੈ।

ਜਿੱਥੋਂ ਤੱਕ ਭਾਰਤ ਨੂੰ ਬਦਲਣ ਦੇ ਆਰ.ਐਸ.ਐਸ. ਦੇ ਟੀਚੇ ਦਾ ਸਵਾਲ ਹੈ, ਇਸ ਪੱਖੋਂ ਇਸ ਨੂੰ ਕੋਈ ਗਿਲਾ ਸ਼ਿਕਵਾ ਨਹੀਂ ਹੋਣਾ ਚਾਹੀਦਾ। ਭਾਜਪਾ ਬਾਕੀਆਂ ਨਾਲੋਂ ਆਪਣੇ ਵਧੇਰੇ ਹਿੰਦੂ ਹੋਣ ਦਾ ਵਿਖਾਲਾ ਕਰ ਸਕਦੀ ਹੈ ਪਰ ਇਸ ਨੂੰ ਇਹ ਵੀ ਪਤਾ ਹੋਣਾ ਚਾਹੀਦਾ ਹੈ ਕਿ ਨਕਲ ਹੀ ਖੁਸ਼ਾਮਦ ਦੀ ਸਭ ਤੋਂ ਵਧੀਆ ਕਲਾ ਮੰਨੀ ਜਾਂਦੀ ਹੈ। ਦੂਜੇ ਬੰਨੇ ਵਿਰੋਧੀ ਪਾਰਟੀਆਂ ਹੁਣ ਆਪਣੀ ਸਿਆਸਤ ਵਿਚ ਰਣਨੀਤਕ ਤੌਰ 'ਤੇ ਹਿੰਦੂਤਵ ਦੀ ਭਾਸ਼ਾ ਦਾ ਇਸਤੇਮਾਲ ਕਰ ਰਹੀਆਂ ਹਨ ਪਰ ਅਜੇ ਤੱਕ ਇਹ ਸਪੱਸ਼ਟ ਨਹੀਂ ਕਿ ਇਹ ਉਨ੍ਹਾਂ ਦੇ ਸੂਤ ਆ ਵੀ ਸਕੇਗਾ ਜਾਂ ਨਹੀਂ।

# ਭਾਰਤ ਬੰਦ ਦੀ ਕਾਮਯਾਬੀ ਅਤੇ ਇਸ ਦੇ ਮਾਇਨੇ



27 ਸਤੰਬਰ ਦੇ ਭਾਰਤ ਬੰਦ ਦੀ ਕਾਮਯਾਬੀ ਨਾਲ ਮਹਾਂ ਅੰਦੋਲਨ ਨਵੇਂ ਮੁਕਾਮ 'ਤੇ ਪਹੁੰਚ ਗਿਆ ਹੈ। ਇਹ ਮਹਿਜ਼ ਬੰਦ ਨਹੀਂ ਸੀ, ਇਹ ਤਾਂ ਇਕ ਤਰ੍ਹਾਂ ਨਾਲ ਮਹਾਂ ਅੰਦੋਲਨ ਦੀ ਇਖ਼ਲਾਕੀ ਜਿੱਤ ਦਾ ਜਸ਼ਨ ਸੀ ਜਿਸ ਵਿਚ ਅਵਾਮ ਨੇ ਬੇਮਿਸਾਲ ਉਤਸ਼ਾਹ, ਚਾਅ ਅਤੇ ਜੋਸ਼ ਨਾਲ ਹਿੱਸਾ ਲਿਆ। 1947 ਤੋਂ ਬਾਅਦ ਦੇ ਸੱਤ ਦਹਾਕਿਆਂ ਦੇ ਅਰਸੇ ਦੌਰਾਨ ਸਮਾਜ ਦੇ ਵੱਖ-ਵੱਖ ਹਿੱਸਿਆਂ ਦੀ ਭਰਵੀਂ ਸ਼ਮੂਲੀਅਤ ਵਾਲੇ ਐਸੇ ਬੰਦ ਦੀ ਮਿਸਾਲ ਨਹੀਂ ਮਿਲਦੀ। ਇਨ੍ਹਾਂ ਸੱਦਿਆਂ ਦੀ ਕਾਮਯਾਬੀ ਨੇ ਫਾਸ਼ਿਸ਼ਟ ਹਕੂਮਤ ਦੀਆਂ ਮਨਮਾਨੀਆਂ ਵਿਰੁਧ ਕਿਸਾਨਾਂ, ਮਜ਼ਦੂਰਾਂ ਅਤੇ ਹੋਰ ਮਿਹਨਤਕਸ਼ ਹਿੱਸਿਆਂ ਦੀ ਟਾਕਰੇ ਦੀ ਸਮਰੱਥਾ ਸਾਹਮਣੇ ਲਿਆਂਦੀ ਹੈ। 10 ਮਹੀਨੇ ਦੇ ਇਸ ਸਮੇਂ ਦੌਰਾਨ 600 ਤੋਂ ਵਧੇਰੇ ਸ਼ਹਾਦਤਾਂ ਦੇਣ ਵਾਲੇ ਸੰਘਰਸ਼ ਦੇ

**ਬੂਟਾ ਸਿੰਘ**
ਫੋਨ: +91-94634-74342

ਸਿਦਕ ਅਤੇ ਸਿਰੜ ਨੂੰ ਸਮਝਣ ਤੋਂ ਇਨਕਾਰੀ ਹੈਂਕੜਬਾਜ਼ ਹਕੂਮਤ ਅਜੇ ਵੀ ਇਸ ਭੁਲੇਖੇ 'ਚ ਹੈ ਕਿ ਇਹ ਸੰਘਰਸ਼ ਸੱਤਾ ਦੀ ਜ਼ਿਦ ਅੱਗੇ ਦਮ ਤੋੜ ਦੇਵੇਗਾ ਪਰ ਇਸ ਅੰਦੋਲਨ ਰਾਹੀਂ ਉਜਾਗਰ ਹੋਏ ਅਵਾਮ ਦੇ ਸਿਰੜ ਤੋਂ ਯਕੀਨ ਬੱਝਦਾ ਹੈ ਕਿ ਹੁਕਮਰਾਨਾਂ ਨੂੰ ਆਖਿਰਕਾਰ ਪਿੱਛੇ ਹਟਣਾ ਪਵੇਗਾ।

ਪਿਛਲੇ ਸਾਲ 25 ਸਤੰਬਰ ਨੂੰ ਪੰਜਾਬ ਦੀਆਂ ਸੰਘਰਸ਼ਸ਼ੀਲ ਕਿਸਾਨ ਜਥੇਬੰਦੀਆਂ ਨੇ ਪੰਜਾਬ ਬੰਦ ਕਰਕੇ ਆਰ.ਐਸ.ਐਸ.-ਬੀ.ਜੇ.ਪੀ. ਦੇ ਥੋਪੇ ਕਾਲੇ ਖੇਤੀ ਕਾਨੂੰਨਾਂ ਵਿਰੁਧ ਵਿਸ਼ਾਲ ਲਾਮਬੰਦੀ ਦਾ ਪਿੜ ਬੰਨ੍ਹਿਆ ਸੀ। ਜਦੋਂ 25 ਨਵੰਬਰ ਨੂੰ ਫਾਸ਼ੀਵਾਦੀ ਹਕੂਮਤ ਦੀਆਂ ਲਗਾਈਆਂ ਜਾਬਰ ਰੋਕਾਂ ਨੂੰ ਚਕਨਾਚੂਰ ਕਰਕੇ ਸੰਘਰਸ਼ਸ਼ੀਲ ਕਿਸਾਨ ਦਿੱਲੀ ਦੀ ਹੱਦ ਉੱਪਰ ਜਾ ਪਹੁੰਚੇ ਅਤੇ ਪੱਕੇ ਮੋਰਚੇ ਲਗਾ ਕੇ ਬੈਠ ਗਏ ਉਦੋਂ ਭਗਵੀਂ ਹਕੂਮਤ ਨੂੰ ਭਰਮ ਸੀ ਕਿ ਥੋੜ੍ਹੇ ਹਫਤਿਆਂ 'ਚ ਹੀ ਥੱਕ-ਹਾਰ ਕੇ ਅੰਦੋਲਨਕਾਰੀ ਕਿਸਾਨ-ਮਜ਼ਦੂਰ ਦਿੱਲੀ 'ਚ ਲਾਏ ਪੱਕੇ ਮੋਰਚੇ ਬੰਦ ਕਰਕੇ ਘਰਾਂ ਨੂੰ ਚਲੇ ਜਾਣਗੇ ਅਤੇ ਲਾਮਬੰਦੀ ਖਿੰਡ ਜਾਵੇਗੀ ਪਰ ਅੰਦੋਲਨ ਨੇ ਪੂਰਾ ਇਕ ਸਾਲ ਅਡੋਲ ਡਟੇ ਰਹਿ ਕੇ, ਖਾਸ ਕਰਕੇ ਦਿੱਲੀ ਦੀਆਂ ਬਰੂਹਾਂ ਉਪਰ ਦਸ ਮਹੀਨੇ ਪੂਰੇ ਕਰਕੇ ਨਾ ਸਿਰਫ ਹੁਕਮਰਾਨਾਂ ਦਾ ਭਰਮ ਤੋੜਿਆ ਹੈ ਸਗੋਂ ਮੁਲਕ ਦੇ ਦੂਰ-ਦਰਾਜ ਹਿੱਸਿਆਂ ਤੱਕ ਫੈਲ ਕੇ ਅਤੇ ਵੱਖ-ਵੱਖ ਵਰਗਾਂ ਨੂੰ ਅੰਦੋਲਨ ਵਿਚ ਖਿੱਚ ਕੇ ਇਸ ਦਾ ਘੇਰਾ ਵੀ ਵਿਸ਼ਾਲ ਕੀਤਾ ਹੈ। ਅੰਦੋਲਨ ਲਗਾਤਾਰ ਪੱਕੇ ਪੈਰੀਂ ਵੀ ਹੋ ਰਿਹਾ ਹੈ। 8 ਦਸੰਬਰ 2020 ਅਤੇ 26 ਮਾਰਚ 2021 ਦੇ ਭਾਰਤ ਬੰਦ ਦੇ ਸੱਦਿਆਂ ਤੋਂ ਬਾਅਦ 27 ਸਤੰਬਰ ਦੇ ਭਾਰਤ ਬੰਦ ਦੇ ਸੱਦੇ ਨੂੰ ਮਿਲੀ ਵਿਆਪਕ ਹਮਾਇਤ ਇਸ ਦਾ ਮੂੰਹ ਬੋਲਦਾ ਸਬੂਤ ਹੈ। ਇਕ ਸਾਲ ਲਗਾਤਾਰ ਲੜਨ ਤੋਂ ਬਾਅਦ ਬੰਦ ਦੇ ਸੱਦੇ 'ਤੇ ਹੋਏ ਹਜ਼ਾਰਾਂ ਪ੍ਰੋਗਰਾਮਾਂ ਵਿਚ ਕਰੋੜਾਂ ਲੋਕਾਂ ਦਾ ਹਿੱਸਾ ਲੈਣਾ ਮਾਮੂਲੀ ਗੱਲ ਨਹੀਂ ਹੈ।

ਬੰਦ ਦੇ ਸੱਦੇ ਉੱਪਰ ਪੰਜਾਬ ਤੇ ਹਰਿਆਣਾ ਵਿਚ ਸੜਕੀ ਅਤੇ ਰੇਲ ਆਵਾਜਾਈ ਪੂਰੀ ਤਰ੍ਹਾਂ ਬੰਦ ਰਹੀ। ਪੰਜਾਬ ਵਿਚ 500 ਤੋਂ ਵਧੇਰੇ ਥਾਵਾਂ ਉਪਰ ਪ੍ਰਭਾਵਸ਼ਾਲੀ ਵਿਰੋਧ ਪ੍ਰਦਰਸ਼ਨ ਹੋਏ। ਬੰਦ ਨੂੰ ਸਮਾਜ ਦੇ ਸਾਰੇ ਵਰਗਾਂ ਨੇ ਬਹੁਤ ਹੀ ਜੋਸ਼ੋ-ਖਰੋਸ਼ ਨਾਲ ਹੁੰਗਾਰਾ ਦਿੱਤਾ। ਕਿਸਾਨਾਂ, ਮਜ਼ਦੂਰਾਂ, ਔਰਤਾਂ, ਨੌਜਵਾਨਾਂ ਨੇ ਵੱਡੇ ਕਾਫਲਿਆਂ ਦੇ ਰੂਪ 'ਚ ਸ਼ਮੂਲੀਅਤ ਕੀਤੀ। ਸ਼ਹਿਰਾਂ ਦੇ ਲੋਕਾਂ, ਦੁਕਾਨਦਾਰਾਂ, ਵਪਾਰੀਆਂ, ਮੁਲਾਜ਼ਮਾਂ ਸਮੇਤ ਹਰ ਵਰਗ ਨੇ ਇਸ ਸੱਦੇ ਦੀ ਭਰਪੂਰ ਹਮਾਇਤ ਕੀਤੀ। ਹੁਣ ਤੱਕ ਹਾਸਲ ਹੋਈਆਂ ਮੁੱਢਲੀਆਂ ਰਿਪੋਰਟਾਂ ਅਨੁਸਾਰ ਹੋਰ ਕਈ ਰਾਜਾਂ 'ਚ ਵੀ ਬੰਦ ਨੂੰ ਗਿਣਨਯੋਗ ਹੁੰਗਾਰਾ ਮਿਲਿਆ ਜੋ ਉਮੀਦ ਤੋਂ ਕਿਤੇ ਜ਼ਿਆਦਾ ਹੈ। ਪੱਛਮੀ ਯੂ.ਪੀ. ਵਿਚ ਵੀ ਪ੍ਰਭਾਵਸ਼ਾਲੀ ਬੰਦ ਰਿਹਾ। ਝਾਰਖੰਡ, ਕੇਰਲਾ, ਬਿਹਾਰ, ਪੱਛਮੀ ਬੰਗਾਲ, ਉੜੀਸਾ ਆਦਿ ਰਾਜਾਂ 'ਚ ਵੀ ਬਹੁਤ ਸਾਰੇ ਥਾਵਾਂ ਉਪਰ ਬੰਦ ਦਾ ਭਰਵਾਂ ਅਸਰ ਦੇਖਿਆ ਗਿਆ। ਰਾਜਸਥਾਨ, ਕਰਨਾਟਕਾ ਆਦਿ ਰਾਜਾਂ ਦੀਆਂ ਰਾਜਧਾਨੀਆਂ ਅਤੇ ਹੋਰ ਸ਼ਹਿਰਾਂ ਵਿਚ ਹਜ਼ਾਰਾਂ ਲੋਕਾਂ ਦੀ ਸ਼ਮੂਲੀਅਤ ਨਾਲ ਵਿਰੋਧ ਪ੍ਰਦਰਸ਼ਨ ਹੋਏ। ਭਾਜਪਾ ਦੀ ਸਰਕਾਰ ਵਾਲੇ ਹਿਮਾਚਲ ਪ੍ਰਦੇਸ਼ ਵਿਚ ਭਾਜਪਾ ਦੇ ਹਮਾਇਤੀਆਂ ਨੇ ਵੀ ਦੋ ਘੰਟੇ ਲਈ ਮੰਡੀਆਂ ਬੰਦ ਕਰਕੇ ਬੰਦ ਵਿਚ ਸੰਕੇਤਕ ਹਿੱਸਾ ਲਿਆ। ਇਹ ਕਾਰਪੋਰੇਟ ਪੱਖੀ ਨੀਤੀਆਂ ਨਾਲ ਸੇਬ ਉਤਪਾਦਕਾਂ ਦੀ ਬੇਤਹਾਸ਼ਾ ਲੁੱਟ 'ਚੋਂ ਉਪਜੀ ਵਿਆਪਕ ਬੇਚੈਨੀ ਨਾਲ ਸੰਭਵ ਹੋਇਆ ਹੈ ਜਿਸ ਦਾ ਇਜ਼ਹਾਰ ਵੱਖ-ਵੱਖ ਰੂਪਾਂ 'ਚ ਹੋ ਰਿਹਾ ਹੈ।

ਅੰਦੋਲਨ ਦਾ ਜਨਤਕ ਦਬਾਓ ਇਸ ਕਦਰ ਹੈ ਕਿ ਹਾਕਮ ਜਮਾਤੀ ਪਾਰਟੀਆਂ ਵੀ ਅੰਦੋਲਨ ਨੂੰ ਬਿਨਾ ਸ਼ਰਤ ਹਮਾਇਤ ਦੇਣ ਲਈ ਮਜਬੂਰ ਹਨ। ਪੰਜਾਬ ਤੋਂ ਇਲਾਵਾ ਤਾਮਿਲਨਾਡੂ, ਆਂਧਰਾ ਪ੍ਰਦੇਸ਼, ਕੇਰਲ, ਪੱਛਮੀ ਬੰਗਾਲ ਆਦਿ ਸਰਕਾਰਾਂ ਨੇ ਬੰਦ ਦੀ ਹਮਾਇਤ ਕੀਤੀ। ਨਾ ਚਾਹੁੰਦਿਆਂ ਹੋਇਆਂ ਵੀ ਕਾਰਪੋਰੇਟ ਪੱਖੀ ਆਰਥਕ ਮਾਡਲ ਦੀਆਂ ਪੁਰਜੋਸ਼ ਹਮਾਇਤੀ ਵਿਰੋਧੀ ਧਿਰ ਦੀਆਂ ਪਾਰਟੀਆਂ ਅੰਦੋਲਨ ਦੇ ਹੱਕ 'ਚ ਖੜ੍ਹਨ ਲਈ ਮਜਬੂਰ ਹਨ। ਜਦੋਂ ਦਾ ਮਹਾਂ ਅੰਦੋਲਨ ਸ਼ੁਰੂ ਹੋਇਆ ਹੈ, ਕਿਸਾਨੀ 'ਚ ਆਈ ਚੇਤਨਾ ਸਿਆਸੀ ਏਜੰਡਾ ਤੈਅ ਕਰ ਰਹੀ ਹੈ, ਭਾਜਪਾ ਅਤੇ ਇਸ ਦੇ ਜੋਟੀਦਾਰ ਸੰਗੀਆਂ ਨੂੰ ਛੱਡ ਕੇ ਬਾਕੀ ਹਾਕਮ ਜਮਾਤੀ ਪਾਰਟੀਆਂ ਨੂੰ ਨਾ ਚਾਹੁੰਦੇ ਹੋਏ ਵੀ ਮਹਾਂ ਅੰਦੋਲਨ ਦੇ ਹੱਕ 'ਚ ਸਟੈਂਡ ਲੈਣਾ ਪੈ ਰਿਹਾ ਹੈ ਅਤੇ ਸੰਯੁਕਤ ਕਿਸਾਨ ਮੋਰਚੇ ਵੱਲੋਂ ਤੈਅ ਕੀਤੀ ਮਰਿਯਾਦਾ ਨੂੰ ਮੰਨਣਾ ਪੈ ਰਿਹਾ ਹੈ। ਸੰਸਦ ਦੇ ਮਾਨਸੂਨ ਸੈਸ਼ਨ ਮੌਕੇ ਵਿਰੋਧੀ ਧਿਰ ਦੇ ਸੰਸਦ ਮੈਂਬਰਾਂ ਨੂੰ ਕਿਸਾਨ ਵਿੱਪ ਲਾਗੂ ਕਰਨਾ ਪਿਆ। ਹੁਣ ਸੰਯੁਕਤ ਕਿਸਾਨ ਮੋਰਚਾ ਪੰਜਾਬ ਵਿਚ ਵਿਧਾਨ ਸਭਾ ਚੋਣਾਂ 2022 ਲਈ ਸਿਆਸੀ ਪਾਰਟੀਆਂ ਨਾਲ ਮੀਟਿੰਗ ਕਰਕੇ ਉਨ੍ਹਾਂ ਦੀਆਂ ਚੋਣ ਤਿਆਰੀ ਲਈ ਸਰਗਰਮੀਆਂ ਉਪਰ ਅਸਰਦਾਰ ਰੋਕ ਲਾਉਣ 'ਚ ਕਾਮਯਾਬ ਹੋਇਆ ਹੈ। ਮੋਰਚੇ ਦੇ ਆਗੂਆਂ ਨਾਲ ਮੀਟਿੰਗ ਵਿਚ ਭਾਵੇਂ ਬਾਦਲ ਦਲ ਵਰਗੀਆਂ ਪਾਰਟੀਆਂ ਨੇ ਆਪਣੀਆਂ ਸਰਗਰਮੀਆਂ ਰੋਕਣ ਦਾ ਕੋਈ ਵਾਅਦਾ ਨਹੀਂ ਕੀਤਾ ਪਰ ਵਿਹਾਰਕ ਤੌਰ 'ਤੇ ਇਸ ਨੇ ਆਪਣੀਆਂ ਚੋਣ ਸਰਗਰਮੀਆਂ ਆਰਜ਼ੀ ਤੌਰ 'ਤੇ ਰੋਕ ਦਿੱਤੀਆਂ। ਮੋਗਾ ਵਿਖੇ ਕਿਰਤੀ ਕਿਸਾਨ ਯੂਨੀਅਨ ਅਤੇ ਕੁਝ ਹੋਰ ਕਿਸਾਨ ਜਥੇਬੰਦੀਆਂ ਵੱਲੋਂ ਸੁਖਬੀਰ ਬਾਦਲ ਦੀ ਰੈਲੀ ਨੂੰ ਦਿੱਤੀ ਡਟਵੀਂ ਚੁਣੌਤੀ ਨੇ ਬਾਦਲ ਦਲੀਆਂ ਦਾ ਹੰਕਾਰ ਭੰਨ ਦਿੱਤਾ ਜੋ ਬਹੁਜਨ ਸਮਾਜ ਪਾਰਟੀ ਨਾਲ ਮੌਕਾਪ੍ਰਸਤ ਗੱਠਜੋੜ ਕਰਕੇ ਐਨੇ ਭੂਤਰੇ ਹੋਏ ਸਨ ਕਿ ਸੰਘਰਸ਼ਸ਼ੀਲ ਜਥੇਬੰਦੀਆਂ ਨੂੰ ਧਮਕੀਆਂ ਦੇ ਰਹੇ ਸਨ। ਮੋਗੇ ਦੇ ਘਟਨਾਕ੍ਰਮ ਤੋਂ ਬਾਦ ਸੰਯੁਕਤ ਕਿਸਾਨ ਮੋਰਚੇ ਦੇ ਡਾਵਾਂਡੋਲ ਆਗੂਆਂ ਨੂੰ ਵੀ ਸਟੈਂਡ ਲੈਣਾ ਪਿਆ ਅਤੇ ਚੋਣ ਸਰਗਰਮੀ ਉਪਰ ਰੋਕ ਤੋਂ ਛਿੱਥੇ ਪਏ ਬਾਦਲਕਿਆਂ ਨੂੰ ਦਿੱਲੀ ਵਿਚ ਖੇਤੀ ਕਾਨੂੰਨਾਂ ਵਿਰੁਧ ਪ੍ਰਦਰਸ਼ਨ ਕਰਨ ਦਾ ਢੌਂਗ ਕਰਨਾ ਪਿਆ।

ਮਹਾਂ ਅੰਦੋਲਨ ਦੇ ਬੇਮਿਸਾਲ ਪ੍ਰਭਾਵ ਦਾ ਕੌਮਾਂਤਰੀ ਪਾਸਾਰ ਵੀ ਬਹੁਤ ਮਹੱਤਵਪੂਰਨ ਹੈ। ਵਿਦੇਸ਼ਾਂ 'ਚ ਵੀ ਪਰਵਾਸੀ ਭਾਰਤੀ ਲਗਾਤਾਰ ਅੰਦੋਲਨ ਦੀ ਹਮਾਇਤ 'ਚ ਸਰਗਰਮ ਹਨ। ਮੋਦੀ ਦੀ ਹਾਲੀਆ ਅਮਰੀਕਾ ਫੇਰੀ ਮੌਕੇ ਪਰਵਾਸੀ ਭਾਰਤੀਆਂ ਵੱਲੋਂ ਰੋਹ ਭਰਪੂਰ ਵਿਰੋਧ ਪ੍ਰਦਰਸ਼ਨ ਅਤੇ ਕੈਨੇਡਾ, ਇੰਗਲੈਂਡ ਅਤੇ ਹੋਰ ਮੁਲਕਾਂ ਵਿਚ ਭਾਰਤ ਬੰਦ ਦੇ ਸੱਦੇ ਦੀ ਹਮਾਇਤ 'ਚ ਰੈਲੀਆਂ ਆਰ.ਐਸ.ਐਸ.-ਬੀ.ਜੇ.ਪੀ. ਦੀ ਸਿਆਸਤ ਅਤੇ ਅਮਲ ਨੂੰ ਲਗਾਤਾਰ ਦਿੱਤੀ ਜਾ ਰਹੀ ਚੁਣੌਤੀ ਦੀਆਂ ਸੂਚਕ ਹਨ। ਇਨ੍ਹਾਂ ਵਿਰੋਧ ਪ੍ਰਦਰਸ਼ਨਾਂ ਦੀ ਗਿਣਤੀ ਦੇਖਣ ਨੂੰ ਭਾਵੇਂ ਸੀਮਤ ਜਾਪਦੀ ਹੈ ਪਰ ਇਹ ਉਨ੍ਹਾਂ ਮੁਲਕਾਂ ਦੀ ਰੋਜ਼ਮਰਾ ਮਨੁੱਖੀ ਜ਼ਿੰਦਗੀ ਦੀਆਂ ਸੀਮਤਾਈਆਂ ਕਾਰਨ ਹੈ, ਹਕੀਕਤ 'ਚ ਇਹ ਵਿਰੋਧ ਪ੍ਰਦਰਸ਼ਨ ਹਿੰਦੂਤਵ ਦੀ ਵਿਚਾਰਧਾਰਾ ਨੂੰ ਪੱਕੇ ਪੈਰੀਂ ਟੱਕਰ ਦੇ ਰਹੇ ਲੋਕ ਰੁਝਾਨ ਦੀ ਤਰਜਮਾਨੀ ਕਰਦੇ ਹਨ।

ਦਰਅਸਲ ਇਸ ਕੁਲ ਵਰਤਾਰੇ ਦੇ ਪਿੱਛੇ ਅਵਾਮ ਦੀ ਸੱਚੇ ਬਦਲ ਦੀ ਪੁਰਜ਼ੋਰ ਤਾਂਘ ਕੰਮ ਕਰ ਰਹੀ ਹੈ। ਉਹ ਮੌਜੂਦਾ ਅਤਿਅੰਤ ਭ੍ਰਿਸ਼ਟ, ਇਨਸਾਨ ਵਿਰੋਧੀ, ਧਾੜਵੀ ਰਾਜ ਢਾਂਚੇ ਤੋਂ ਛੁਟਕਾਰਾ ਪਾਉਣਾ ਚਾਹੁੰਦੇ ਹਨ। ਸੱਚੇ ਮਾਇਨਿਆਂ ਵਿਚ ਹਾਕਮ ਜਮਾਤੀ ਪਾਰਟੀਆਂ ਕੋਲ ਕੋਈ ਬਦਲ ਨਹੀਂ ਹੈ। ਆਰਥਕ ਢਾਂਚਾ-ਢਲਾਈ ਦੇ ਨਾਮ ਹੇਠ ਖੁੱਲ੍ਹੀ ਮੰਡੀ ਦੀਆਂ ਨੀਤੀਆਂ ਰਾਹੀਂ ਧਾੜਵੀ ਕਾਰਪੋਰੇਟ ਰਾਜ ਦਾ ਮੁੱਢ ਬੰਨ੍ਹਣ ਵਾਲੀ ਕਾਂਗਰਸ ਤੋਂ ਲੈ ਕੇ ਸਾਫ-ਸੁਥਰੀ ਸਿਆਸਤ ਦਾ ਦੰਭ ਕਰਨ ਵਾਲੀ ਆਮ ਆਦਮੀ ਪਾਰਟੀ ਤੱਕ, ਹਰ ਹਾਕਮ ਜਮਾਤੀ ਧੜਾ ਉੱਨੀ-ਇੱਕੀ ਦੇ ਫਰਕ ਨਾਲ ਇਸੇ ਆਰਥਕ ਮਾਡਲ ਦਾ ਪੈਰੋਕਾਰ ਹੈ। ਇਹੀ ਵਜ੍ਹਾ ਹੈ ਕਿ ਇਹ ਸਾਰੀਆਂ ਪਾਰਟੀਆਂ ਖੁੱਲ੍ਹੀ ਮੰਡੀ ਦੇ ਧਾੜਵੀ ਮਾਡਲ ਵਿਰੁੱਧ ਕਦੇ ਅੰਦੋਲਨ ਨਹੀਂ ਕਰਦੀਆਂ, ਕਿਉਂਕਿ ਇਹ ਇਨ੍ਹਾਂ ਦਾ ਏਜੰਡਾ ਹੀ ਨਹੀਂ ਹੈ। ਖਣਨ ਮਾਫੀਆ ਤੇ ਨਸ਼ਿਆਂ ਦੇ ਪਸਾਰੇ ਨੂੰ ਨੱਥ ਪਾਉਣ ਦੀ ਇਨ੍ਹਾਂ 'ਚ ਸਿਆਸੀ ਇੱਛਾ ਸ਼ਕਤੀ ਨਹੀਂ ਹੈ ਕਿਉਂਕਿ ਇਨ੍ਹਾਂ ਸਾਰੀਆਂ ਪਾਰਟੀਆਂ ਦੇ ਕਿਸੇ ਨਾ ਕਿਸੇ ਰੂਪ 'ਚ ਇਨ੍ਹਾਂ ਵੰਨ-ਸਵੰਨੇ ਮਾਫੀਆ ਨਾਲ ਸਬੰਧ ਹਨ। ਇਹ ਚੋਣਾਂ ਸਮੇਂ ਬਿਜਲੀ ਮੁਆਫ ਕਰਨ, ਆਟਾ-ਦਾਲ ਸਕੀਮਾਂ ਵਰਗੇ ਲੋਕ-ਲੁਭਾਊ ਨਾਅਰਿਆਂ ਦੀ ਸਿਆਸਤ ਕਰਨ ਦੀ ਲਛਮਣ-ਰੇਖਾ ਪਾਰ ਨਹੀਂ ਕਰ ਸਕਦੀਆਂ ਅਤੇ ਸਮਾਜ ਦੇ ਬੁਨਿਆਦੀ ਮੁੱਦਿਆਂ ਨੂੰ ਮੁਖਾਤਿਬ ਨਹੀਂ ਹੋ ਸਕਦੀਆਂ।

ਸੰਯੁਕਤ ਕਿਸਾਨ ਮੋਰਚੇ ਦੀ ਅਗਵਾਈ ਹੇਠ ਮਹਾਂ ਅੰਦੋਲਨ ਸੱਚੇ ਬਦਲ ਦੀ ਜ਼ਰੂਰਤ ਨੂੰ ਉਭਾਰ ਰਿਹਾ ਹੈ, ਅਵਾਮ ਦੀ ਬਦਲ ਦੀ ਤਾਂਘ ਨੂੰ ਸਾਹਮਣੇ ਲਿਆ ਰਿਹਾ ਹੈ ਅਤੇ ਸੱਚੇ ਬਦਲ ਦੇ ਉਭਰਨ ਲਈ ਜ਼ਰਖੇਜ਼ ਹਾਲਾਤ ਬਣਾ ਰਿਹਾ ਹੈ ਪਰ ਇਹ ਆਪਣੇ ਆਪ ਵਿਚ ਮੌਕਾਪ੍ਰਸਤ ਚੋਣ ਸਿਆਸਤ ਦਾ ਬਦਲ ਨਹੀਂ ਹੈ। ਬਦਲ ਉਭਰਨ ਲਈ ਬਦਲਾਓ ਨੂੰ ਪ੍ਰਣਾਈਆਂ ਇਨਕਲਾਬੀ ਸਿਆਸੀ ਤਾਕਤਾਂ ਨੂੰ ਸਿਆਸੀ ਮੰਚ ਤੋਂ ਸਰਗਰਮ ਹੋਣਾ ਪਵੇਗਾ ਅਤੇ ਮਿਹਨਤਕਸ਼ ਤੇ ਦੱਬੇ-ਕੁਚਲੇ ਅਵਾਮ ਦੀ ਸਿਆਸੀ ਚੇਤਨਾ ਨੂੰ ਉਚਾ ਚੁੱਕਣ ਵਾਲੇ ਠੋਸ ਪ੍ਰੋਗਰਾਮ ਲੈਣੇ ਪੈਣਗੇ।

# ਹਾਈਕਮਾਨਾਂ ਦੀ ਸਰਦਾਰੀ

ਕਰੀਬ ਤਿੰਨ ਮਹੀਨੇ ਪਹਿਲਾਂ ਲਿਖਿਆ ਸੀ ਕਿ ਸਾਡੀ ਰਾਜਨੀਤੀ ਵਿਚ ਮੁੱਖ ਮੰਤਰੀਆਂ ਨੂੰ ਲਗਾਤਾਰ ਆਕਸੀਜਨ ਦੇ ਰੂਪ ਵਿਚ ਆਪਣੀ ਪਾਰਟੀ ਦੀ ਹਾਈਕਮਾਨ ਦਾ ਆਸ਼ੀਰਵਾਦ ਲੈਂਦੇ ਰਹਿਣਾ ਪੈਂਦਾ ਹੈ। ਇੰਦਰਾ ਗਾਂਧੀ ਦਾ ਜ਼ਮਾਨਾ ਹੋਵੇ ਜਾਂ ਨਰਿੰਦਰ ਮੋਦੀ ਦਾ, ਕੇਂਦਰ ਵਿਚ ਸੱਤਾ ਤਾਂ ਸਥਿਰ ਰਹਿੰਦੀ ਹੈ ਪਰ ਹਾਈਕਮਾਨ ਦੀ ਭੂਮਿਕਾ ਕਾਰਨ ਰਾਜਾਂ ਦੀ ਪੱਧਰ 'ਤੇ ਸੱਤਾ ਅਕਸਰ ਅਸੁਰੱਖਿਆ, ਅਸਥਿਰਤਾ ਅਤੇ ਉਥਲ-ਪੁਥਲ

**ਅਭੈ ਕੁਮਾਰ ਦੂਬੇ**

ਵਿਚ ਫਸੀ ਦਿਸਦੀ ਹੈ। ਇਹ ਵੀ ਲਿਖਿਆ ਸੀ ਕਿ ਰਾਜਨੀਤਕ ਸਥਿਰਤਾ ਕੇਵਲ ਉਨ੍ਹਾਂ ਰਾਜਾਂ ਵਿਚ ਹੈ, ਜਿੱਥੇ ਰਾਸ਼ਟਰੀ ਪਾਰਟੀਆਂ ਦੀਆਂ ਨਾ ਹੋ ਕੇ ਖੇਤਰੀ ਪਾਰਟੀਆਂ ਦੀਆਂ ਸਰਕਾਰਾਂ ਹਨ। ਖੇਤਰੀ ਪਾਰਟੀਆਂ ਦੀ ਰਾਜਨੀਤੀ ਦਾ ਢਾਂਚਾ ਵੱਖਰਾ ਹੈ। ਉਨ੍ਹਾਂ ਦੇ ਮੁੱਖ ਮੰਤਰੀ ਨੂੰ ਹਾਈਕਮਾਨ ਦੇ ਆਸ਼ੀਰਵਾਦ ਦੀ ਜ਼ਰੂਰਤ ਨਹੀਂ ਹੁੰਦੀ ਕਿਉਂਕਿ ਉਥੇ ਮੁੱਖ ਮੰਤਰੀ ਹੀ ਹਾਈਕਮਾਨ ਹੁੰਦਾ ਹੈ।

ਅਜਿਹੀਆਂ ਸਰਕਾਰਾਂ ਸਿਰਫ ਉਦੋਂ ਹੀ ਅਸਥਿਰ ਹੁੰਦੀਆਂ ਹਨ, ਜਦੋਂ ਉਨ੍ਹਾਂ ਦੀ ਸਿਖਰਲੀ ਅਗਵਾਈ ਅੰਦਰ ਹੀ ਕੋਈ ਬਗਾਵਤ ਹੋ ਜਾਵੇ। ਉੜੀਸਾ ਵਿਚ ਅਜਿਹਾ ਹੀ ਹੋ ਚੁੱਕਾ ਹੈ। ਨਵੀਨ ਪਟਨਾਇਕ ਨੇ ਉਸ ਬਗਾਵਤ ਨੂੰ ਸਿਰ ਚੁੱਕਣ ਤੋਂ ਪਹਿਲਾਂ ਹੀ ਭੰਨ ਦਿੱਤਾ ਸੀ। ਅਜਿਹੀ ਸਫਲ ਬਗਾਵਤ ਦਾ ਉਦਾਹਰਨ ਤੇਲਗੂ ਦੇਸਮ ਪਾਰਟੀ ਦਾ ਵੀ ਹੈ ਜਦੋਂ ਐਨ.ਟੀ.ਆਰ. ਦੀ ਉੱਤਰਾਧਿਕਾਰੀ ਲਕਸ਼ਮੀ ਪਾਰਵਤੀ ਦੀ ਰਾਜਨੀਤੀ ਰਾਮਰਾਓ ਦੇ ਜਵਾਈ ਚੰਦਰ ਬਾਬੂ ਨਾਇਡੂ ਨੇ ਹੀ ਖਤਮ ਕਰ ਦਿੱਤੀ ਸੀ। ਮੇਰਾ ਵਿਸ਼ਲੇਸ਼ਣ ਸੀ ਕਿ ਪੁਰਾਣੀ ਕਾਂਗਰਸ (ਇੰਦਰਾ ਗਾਂਧੀ ਤੋਂ ਪਹਿਲਾਂ ਦੀ) ਵਿਚ ਮਜ਼ਬੂਤ ਖੇਤਰ ਲੀਡਰ ਹੁੰਦੇ ਸਨ ਜੋ ਸੂਬੇ ਦੀ ਰਾਜਨੀਤੀ 'ਤੇ ਆਪਣੀ ਪਕੜ ਕਾਰਨ ਕੇਂਦਰ ਨੂੰ ਪ੍ਰਭਾਵਿਤ ਕਰਨ ਦਾ ਰੁਤਬਾ ਰੱਖਦੇ ਸਨ। ਪੁਰਾਣੀ ਭਾਜਪਾ (ਨਰਿੰਦਰ ਮੋਦੀ ਤੋਂ ਪਹਿਲਾਂ ਦੀ) ਵਿਚ ਵੀ ਮਜ਼ਬੂਤ ਖੇਤਰੀ ਲੀਡਰ ਹੁੰਦੇ ਸਨ। ਅੱਜ ਉਨ੍ਹਾਂ ਦਾ ਨਾਮੋ-ਨਿਸ਼ਾਨ ਵੀ ਨਹੀਂ ਹੈ। ਹੁਣ ਮੁੱਖ ਮੰਤਰੀ ਹਾਈਕਮਾਨ ਦਾ ਮੋਹਰਾ ਹੁੰਦਾ ਹੈ। ਰਾਜ ਦਾ ਸ਼ਾਸਨ ਪੀ.ਐਮ.ਓ. ਦੀ ਸਖਤ ਨਿਗਰਾਨੀ ਹੇਠ ਚਲਦਾ ਹੈ। ਹਰ ਚੋਣ 'ਸਰਬਉੱਚ ਨੇਤਾ' ਦੇ ਚਿਹਰੇ 'ਤੇ ਲੜੀ ਜਾਂਦੀ ਹੈ। ਲੋਕਤੰਤਰਕ ਰਾਜਨੀਤੀ ਦਾ ਇਸ ਤੋਂ ਜ਼ਿਆਦਾ ਕੇਂਦਰੀਕਰਨ ਨਹੀਂ ਹੋ ਸਕਦਾ। ਇਸ ਦਾ ਨਤੀਜਾ ਇਹ ਹੋਇਆ ਹੈ ਕਿ ਕੇਂਦਰ ਦੀ ਸੱਤਾ ਰਾਜਾਂ ਦੀ ਰਾਜਨੀਤੀ ਦਾ ਜੋੜ ਨਹੀਂ ਰਹਿ ਗਈ।

ਪਹਿਲਾਂ ਗੁਜਰਾਤ 'ਚ ਭਾਜਪਾ ਦੀ ਹਾਈਕਮਾਨ ਨੇ ਅਤੇ ਫਿਰ ਪੰਜਾਬ 'ਚ ਕਾਂਗਰਸ ਦੀ ਹਾਈਕਮਾਨ ਨੇ ਜੋ ਕੀਤਾ, ਉਸ ਨੇ ਮੇਰੀਆਂ ਇਨ੍ਹਾਂ ਗੱਲਾਂ ਦੀ ਵੱਧ ਜਾਂ ਘੱਟ ਤਸਦੀਕ ਕਰ ਦਿੱਤੀ ਹੈ। ਦੋਵਾਂ ਮਾਮਲਿਆਂ 'ਚ ਵੱਡਾ ਅੰਤਰ ਹੈ ਜਿਸ ਦੇ ਆਧਾਰ 'ਤੇ ਅਸੀਂ ਹਾਈਕਮਾਨ ਸਭਿਆਚਾਰ ਦੀ ਸਮਝ ਫਿਰ ਤੋਂ ਬਣਾ ਸਕਦੇ ਹਾਂ। ਦਿਲਚਸਪ ਗੱਲ ਇਹ ਹੈ ਕਿ ਇਸ ਅੰਤਰ ਦੇ ਬਾਵਜੂਦ ਦੋਵਾਂ ਦਾ ਨਤੀਜਾ ਇਕ ਹੀ ਹੈ। ਗੁਜਰਾਤ ਦੇ ਮੁੱਖ ਮੰਤਰੀ ਹਾਈਕਮਾਨ ਦੇ ਨਿਰਦੇਸ਼ਾਂ 'ਤੇ ਚੱਲ ਰਹੇ ਸਨ, ਇਸ ਲਈ ਹਟਾਏ ਗਏ। ਪੰਜਾਬ ਦੇ ਮੁੱਖ ਮੰਤਰੀ ਇਸ ਲਈ ਹਟਾਏ ਗਏ ਕਿ ਕਿਉਂਕਿ ਉਹ ਹਾਈਕਮਾਨ ਦੀ ਤਾਬਿਆਦਾਰੀ ਕਰਨ ਤੋਂ ਇਨਕਾਰ ਕਰ ਰਹੇ ਸਨ। ਗੁਜਰਾਤ 'ਚ ਹਟਾਏ ਮੁੱਖ ਮੰਤਰੀ ਵਿਜੈ ਰੁਪਾਨੀ ਦੀ ਭਾਜਪਾ ਦੀ ਕੇਂਦਰੀ ਅਗਵਾਈ ਪ੍ਰਤੀ ਵਫਾਦਾਰੀ ਤਾਂ ਅਜਿਹੀ ਸੀ ਕਿ ਮਹਾਂਮਾਰੀ ਨਾਲ ਲੜਨ ਲਈ ਕਿਸ ਕੰਪਨੀ ਤੋਂ ਵੈਂਟੀਲੇਟਰ ਖਰੀਦੇ ਜਾਣ, ਇਹ ਵੀ ਤੈਅ ਕਰਨ ਲਈ ਦਿੱਲੀ ਤੋਂ ਆਦੇਸ਼ ਦੀ ਉਡੀਕ ਕੀਤੀ ਜਾਂਦੀ ਸੀ। ਜ਼ਾਹਰ ਸੀ ਕਿ ਉਹ ਕਠਪੁਤਲੀ ਮੁੱਖ ਮੰਤਰੀ ਸਨ। ਉਨ੍ਹਾਂ ਨੂੰ ਕੁਝ ਵੀ ਤੈਅ ਜਾਂ ਪਹਿਲਕਦਮੀ ਕਰਨ ਦਾ ਅਧਿਕਾਰ ਨਹੀਂ ਸੀ। ਦਿੱਲੀ ਤੋਂ ਚੱਲ ਰਹੀ ਹਕੂਮਤ ਦਾ ਨਤੀਜਾ ਇਹ ਨਿਕਲਿਆ ਕਿ ਗੁਜਰਾਤ 'ਚ ਸਰਕਾਰ ਵਿਰੋਧੀ ਭਾਵਨਾਵਾਂ ਜਮ੍ਹਾਂ ਹੋ ਰਹੀਆਂ ਸਨ। ਜਦੋਂ ਹਾਈਕਮਾਨ ਨੂੰ ਲੱਗਾ ਕਿ ਸੱਤਾ ਵਿਰੋਧੀ ਭਾਵਨਾਵਾਂ ਬਹੁਤ ਜ਼ਿਆਦਾ ਜਮ੍ਹਾਂ ਹੋ ਗਈਆਂ ਹਨ ਤਾਂ ਉਸ ਨੇ ਰੁਪਾਨੀ ਨੂੰ ਹਟਾ ਕੇ ਨਵਾਂ ਮੁੱਖ ਮੰਤਰੀ ਬਿਠਾ ਦਿੱਤਾ। ਇਹ ਵੱਖਰੀ ਗੱਲ ਹੈ ਕਿ ਰੁਪਾਨੀ ਸਰਕਾਰ ਖਿਲਾਫ ਵਿਰੋਧ ਦੀਆਂ ਭਾਵਨਾਵਾਂ ਜਮ੍ਹਾਂ ਹੋਣ 'ਚ ਹਾਈਕਮਾਨ ਦੀ ਭੂਮਿਕਾ ਹੀ ਜ਼ਿਆਦਾ ਰਹੀ ਹੈ ਪਰ ਹਾਈਕਮਾਨ ਤਾਂ ਬਾਦਸ਼ਾਹ ਹੈ ਅਤੇ ਬਾਦਸ਼ਾਹ ਉੱਪਰ ਕੋਈ ਇਲਜ਼ਾਮ ਨਹੀਂ ਲਗਾਇਆ ਜਾ ਸਕਦਾ, ਨਾ ਹੀ ਉਹ ਕਦੇ ਕੋਈ ਜ਼ਿੰਮੇਵਾਰੀ ਸਵੀਕਾਰ ਕਰਦਾ ਹੈ।

ਪੰਜਾਬ 'ਚ ਕਾਂਗਰਸ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੂੰ ਭੁਲੇਖਾ ਹੋ ਗਿਆ ਸੀ ਕਿ ਉਹ ਕਾਂਗਰਸ ਦੇ ਉਸ ਤਰ੍ਹਾਂ ਦੇ ਮਜ਼ਬੂਤ ਖੇਤਰੀ ਆਗੂਆਂ ਵਾਂਗ ਹਨ ਜੋ ਕਾਂਗਰਸ ਦੇ ਨਹਿਰੂ ਯੁੱਗ 'ਚ ਹੁੰਦੇ ਸੀ। ਉਸ ਜ਼ਮਾਨੇ ਵਿਚ ਹਾਈਕਮਾਨ ਰਾਜਾਂ ਦੀ ਰਾਜਨੀਤੀ 'ਚ ਕਿਸੇ ਵੀ ਤਰ੍ਹਾਂ ਦੇ ਤਾਨਾਸ਼ਾਹੀ ਦਖਲ ਤੋਂ ਪ੍ਰਹੇਜ਼ ਕਰਦੀ ਸੀ। ਮੁੱਖ ਕਾਰਨ ਇਹ ਸੀ ਕਿ ਖੇਤਰੀ ਨੇਤਾਵਾਂ ਦਾ ਰੁਤਬਾ ਕੇਂਦਰੀ ਨੇਤਾਵਾਂ ਤੋਂ ਘੱਟ ਨਹੀਂ ਸੀ ਹੁੰਦਾ। ਦਰਅਸਲ, ਕੇਂਦਰੀ ਸੱਤਾ ਚਲਦੀ ਹੀ ਖੇਤਰੀ ਨੇਤਾਵਾਂ ਦੇ ਸਮਰਥਨ ਨਾਲ ਸੀ। ਅਮਰਿੰਦਰ ਸਿੰਘ ਨੂੰ ਇਹ ਵੀ ਲੱਗ ਰਿਹਾ ਸੀ ਕਿ ਬਚਾਅ ਦੀ ਸਥਿਤੀ ਵਿਚ ਚੱਲ ਰਹੀ ਕਾਂਗਰਸ ਹਾਈਕਮਾਨ ਉਨ੍ਹਾਂ ਖਿਲਾਫ ਕਾਰਵਾਈ ਨਹੀਂ ਕਰ ਸਕੇਗੀ ਅਤੇ ਉਹ ਆਪਣੀ ਮਰਜ਼ੀ ਨਾਲ ਸਿਆਸਤ ਕਰਦੇ ਰਹਿਣਗੇ। ਉਨ੍ਹਾਂ ਨੂੰ ਇਹ ਅੰਦਾਜ਼ਾ ਨਹੀਂ ਸੀ ਕਿ ਜਿਨ੍ਹਾਂ (ਰਾਹੁਲ ਤੇ ਪ੍ਰਿਅੰਕਾ) ਨੂੰ ਉਹ ਅਨੁਭਵਹੀਣ ਅਤੇ ਗੁਮਰਾਹ ਹੋਏ ਮੰਨਦੇ ਹਨ, ਉਨ੍ਹਾਂ ਦਾ ਪਾਲਣ-ਪੋਸ਼ਣ ਨਹਿਰੂ ਵਾਲੇ ਮਾਹੌਲ ਵਿਚ ਨਹੀਂ ਸਗੋਂ ਇੰਦਰਾ ਗਾਂਧੀ ਵਾਲੇ ਮਾਹੌਲ ਵਿਚ ਹੋਇਆ ਹੈ। ਉਹ ਲੋਕ ਬਹੁਤ ਦਿਨਾਂ ਤੱਕ ਨਾਫਰਮਾਨੀ ਅਤੇ ਆਪਣੀ ਜਥੇਬੰਦਕ ਸੱਤਾ ਦੀ ਨਜ਼ਰਅੰਦਾਜ਼ੀ ਬਰਦਾਸ਼ਤ ਨਹੀਂ ਕਰ ਸਕਦੇ। ਇਸ ਲਈ ਪਹਿਲਾਂ ਪ੍ਰਿਅੰਕਾ ਗਾਂਧੀ ਨੇ ਅਮਰਿੰਦਰ ਸਿੰਘ ਦੇ ਮੁਕਾਬਲੇ ਬਹੁਤ ਘੱਟ ਸਿਆਸੀ ਰੁਤਬਾ ਰੱਖਣ ਵਾਲੇ ਨਵਜੋਤ ਸਿੰਘ ਸਿੱਧੂ ਨੂੰ ਉਨ੍ਹਾਂ ਦੇ ਮੁਕਾਬਲੇ ਖੜ੍ਹਾ ਕੀਤਾ। ਅਮਰਿੰਦਰ ਦੀ ਰਾਏ ਨਜ਼ਰਅੰਦਾਜ਼ ਕਰਦਿਆਂ ਸਿੱਧੂ ਨੂੰ ਪ੍ਰਧਾਨ ਬਣਾਇਆ, ਫਿਰ ਅਮਰਿੰਦਰ ਨੂੰ ਗੱਦੀ ਛੱਡਣ ਲਈ ਮਜਬੂਰ ਕਰ ਦਿੱਤਾ।

ਇਹ ਤਾਂ ਰਹੀ ਹਾਈਕਮਾਨ ਦੇ ਦਬਦਬੇ ਦੀ ਕਹਾਣੀ; ਇਸ ਘਟਨਾਕ੍ਰਮ ਦਾ ਦੂਜਾ ਵਿਹਾਰਕ ਸੱਚ ਇਹ ਹੈ ਕਿ ਸਰਕਾਰ ਭਾਵੇਂ ਭਾਜਪਾ ਦੀ ਹੋਵੇ ਜਾਂ ਕਾਂਗਰਸ ਦੀ, ਉਸ ਨੂੰ ਸਰਕਾਰ ਵਿਰੋਧੀ ਭਾਵਨਾਵਾਂ ਦਾ ਸਾਹਮਣਾ ਕਰਨ ਦੀਆਂ ਤਰਕੀਬਾਂ ਲੱਭਣੀਆਂ ਪੈਂਦੀਆਂ ਹਨ। ਭਾਜਪਾ ਦਾ ਇਸ ਮਾਮਲੇ ਵਿਚ ਨਾਅਰਾ ਹੈ ਕਿ ਸਾਰੇ ਦੇ ਸਾਰੇ ਬਦਲ ਦਿਓ। ਇਹੀ ਫਾਰਮੂਲਾ ਉਸ ਨੇ ਦਿੱਲੀ ਨਗਰ ਨਿਗਮ ਦੀਆਂ ਚੋਣਾਂ 'ਚ ਅਜ਼ਮਾਇਆ ਸੀ। ਅਮਿਤ ਸ਼ਾਹ ਨੇ ਸਾਰੇ ਕੌਂਸਲਰਾਂ ਦੀ ਟਿਕਟ ਕੱਟ ਦਿੱਤੀ ਸੀ। ਨਤੀਜਾ ਮਨਚਾਹਿਆ ਨਿਕਲਿਆ। ਕੌਂਸਲਰਾਂ ਦੇ ਨਕਾਰਾਪਨ ਅਤੇ ਭ੍ਰਿਸ਼ਟਾਚਾਰ ਕਾਰਨ ਜਮ੍ਹਾਂ ਹੋਈ ਨਾਰਾਜ਼ਗੀ ਨਰਮ ਪੈ ਗਈ ਅਤੇ ਭਾਜਪਾ ਫਿਰ ਚੋਣਾਂ ਜਿੱਤ ਗਈ। ਇਸੇ ਤਰ੍ਹਾਂ ਦੇ ਨਤੀਜਿਆਂ ਦੀ ਉਮੀਦ 'ਚ ਭਾਜਪਾ ਨੇ ਗੁਜਰਾਤ 'ਚ ਮੁੱਖ ਮੰਤਰੀ ਹੀ ਨਹੀਂ, ਪੂਰੇ ਦਾ ਪੂਰਾ ਮੰਤਰੀ ਮੰਡਲ ਹੀ ਬਦਲ ਦਿੱਤਾ।

ਪੰਜਾਬ 'ਚ ਕਾਂਗਰਸ ਨੇ ਕੈਪਟਨ ਅਮਰਿੰਦਰ ਸਿੰਘ ਦੀ ਜਗ੍ਹਾ ਚਰਨਜੀਤ ਸਿੰਘ ਚੰਨੀ ਨੂੰ ਬਿਠਾਇਆ ਹੈ ਜੋ ਦਲਿਤ ਸਿੱਖ ਹਨ। ਹਰਮਨ ਪਿਆਰੀ ਭਾਸ਼ਾ 'ਚ ਕਹੀਏ ਤਾਂ ਇਹ ਮਜਬੂਰੀ 'ਚ ਖੇਡਿਆ ਗਿਆ 'ਮਾਸਟਰ ਸਟ੍ਰੋਕ' ਹੈ ਪਰ ਇਸ ਨਾਲ ਕਾਂਗਰਸ ਨੂੰ ਲਾਭ ਹੋ ਸਕਦਾ ਹੈ। ਨਵੀਂ ਮਰਦਮਸ਼ੁਮਾਰੀ (ਜਿਸ ਦੇ ਅੰਕੜੇ ਅਜੇ ਆਉਣੇ ਬਾਕੀ ਹਨ) ਮੁਤਾਬਿਕ ਪੰਜਾਬ 'ਚ ਦਲਿਤ ਆਬਾਦੀ ਕਰੀਬ 38 ਫੀਸਦੀ ਹੈ। ਇਸ 'ਚ ਹਿੰਦੂ ਦਲਿਤ ਵੀ ਹਨ ਅਤੇ ਸਿੱਖ ਵੀ। ਅਕਾਲੀ ਦਲ ਸੋਚ ਰਿਹਾ ਸੀ ਕਿ ਬਸਪਾ ਨਾਲ ਸਮਝੌਤਾ ਕਰਕੇ ਉਸ ਨੂੰ ਕੁਝ ਦਲਿਤ ਵੋਟਾਂ ਮਿਲ ਸਕਦੀਆਂ ਹਨ। ਇਸੇ ਤਰ੍ਹਾਂ ਆਮ ਆਦਮੀ ਪਾਰਟੀ ਨੇ ਪਿਛਲੀ ਵਾਰ ਕਾਂਗਰਸ ਦੇ ਨਾਲ ਦਲਿਤ ਵੋਟਰਾਂ 'ਚ ਚੰਗਾ ਹਿੱਸਾ ਵੰਡਿਆ ਸੀ। ਇਸ ਵਾਰ ਕਾਂਗਰਸ ਨੂੰ ਉਮੀਦ ਹੈ ਕਿ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਉਸ ਨੂੰ ਦਲਿਤ ਵੋਟਾਂ ਦਿਵਾਉਣਗੇ ਅਤੇ ਨਵਜੋਤ ਸਿੱਧੂ ਜੱਟ ਸਿੱਖ ਵੋਟਾਂ ਖਿੱਚਣਗੇ। ਇਸ ਦੇ ਨਾਲ ਹੀ ਹਿੰਦੂ ਓ.ਪੀ. ਸੋਨੀ ਅਤੇ ਜੱਟ ਸਿੱਖ ਸੁਖਜਿੰਦਰ ਸਿੰਘ ਰੰਧਾਵਾ ਨੂੰ ਉਪ ਮੁੱਖ ਮੰਤਰੀ ਵੀ ਬਣਾਇਆ ਗਿਆ ਹੈ। ਇਹ ਵੀ ਵੋਟਾਂ ਹਾਸਲ ਕਰਨ ਦਾ ਜੁਗਾੜ ਹੈ।

ਕੁੱਲ ਮਿਲਾ ਕੇ ਕਾਂਗਰਸ ਪੰਜਾਬ 'ਚ ਅਤੇ ਭਾਜਪਾ ਗੁਜਰਾਤ 'ਚ ਵੋਟਰਾਂ ਦੀ ਨਾਰਾਜ਼ਗੀ ਦਾ ਸਾਹਮਣਾ ਕਰ ਰਹੀ ਹੈ। ਹੁਣ ਦੇਖਣਾ ਪਵੇਗਾ ਕਿ ਸਰਕਾਰ ਵਿਰੋਧੀ ਭਾਵਨਾਵਾਂ ਖਤਮ ਕਰਨ ਦੀਆਂ ਇਨ੍ਹਾਂ ਦੋਵਾਂ ਪਾਰਟੀਆਂ ਦੀਆਂ ਇਹ ਤਰਕੀਬਾਂ ਕਿੰਨੀਆਂ ਕੁ ਕੰਮ ਕਰਦੀਆਂ ਹਨ।

# ਨਸ਼ਿਆਂ ਖਿਲਾਫ ਪੰਜਾਬ ਸਰਕਾਰ ਦੀ ਫਰੇਬੀ ਜੰਗ-2

**ਵਿਸ਼ੇਸ਼ ਰਿਪੋਰਟ**

***ਨਸ਼ਿਆਂ ਦਾ ਮੁੱਦਾ ਪੰਜਾਬ ਵਿਚ ਚੋਣਾਂ 'ਚ ਮੁੱਖ ਮੁੱਦਾ ਚਲਿਆ ਆ ਰਿਹਾ ਹੈ। ਕੈਪਟਨ ਅਮਰਿੰਦਰ ਸਿੰਘ ਨੇ ਪਿਛਲੀਆਂ ਚੋਣਾਂ ਤੋਂ ਪਹਿਲਾਂ ਗੁਟਕੇ ਦੀ ਸਹੁੰ ਖਾ ਕੇ 'ਇਕ ਮਹੀਨੇ 'ਚ ਨਸ਼ੇ ਖਤਮ ਕਰਨ' ਦਾ ਵਾਅਦਾ ਕਰਕੇ ਪੰਜਾਬ ਦੇ ਲੋਕਾਂ ਦੇ ਜਜ਼ਬਾਤ ਨੂੰ ਵੋਟਾਂ 'ਚ ਢਾਲਿਆ ਸੀ। ਨਸ਼ਿਆਂ ਵਿਰੁੱਧ ਹੁਕਮਰਾਨਾਂ ਦੀ ਝੂਠੀ ਜੰਗ ਦੀ ਅਸਲੀਅਤ ਕੀ ਹੈ, 'ਕਾਰਵਾਂ' ਮੈਗਜ਼ੀਨ ਦੇ ਖੋਜੀ ਪੱਤਰਕਾਰਾਂ ਪ੍ਰਭਜੀਤ ਸਿੰਘ ਅਤੇ ਜਤਿੰਦਰ ਕੌਰ ਤੁੜ ਵੱਲੋਂ ਡੂੰਘਾਈ 'ਚ ਕੀਤੀ ਛਾਣਬੀਣ ਅੱਖਾਂ ਖੋਲ੍ਹਣ ਵਾਲੇ ਖੁਲਾਸੇ ਕਰਦੀ ਹੈ। ਇਸ ਰਿਪੋਰਟ ਦਾ ਅਨੁਵਾਦ ਸਾਡੇ ਕਾਲਮਨਵੀਸ ਬੂਟਾ ਸਿੰਘ ਨੇ ਕੀਤਾ ਹੈ, ਇਸ ਦੀ ਦੂਜੀ ਕਿਸ਼ਤ ਹਾਜ਼ਰ ਹੈ। -ਸੰਪਾਦਕ***

ਸੁਰੇਸ਼ ਅਰੋੜਾ ਅਤੇ ਦਿਨਕਰ ਗੁਪਤਾ ਦੀ ਇੰਦਰਜੀਤ ਸਿੰਘ (ਬਰਖਾਸਤ ਇੰਸਪੈਕਟਰ) ਅਤੇ ਆਈ.ਪੀ.ਐਸ. ਰਾਜ ਜੀਤ ਸਿੰਘ ਹੁੰਦਲ ਨਾਲ ਸ਼ਮੂਲੀਅਤ ਦੀ ਜਾਂਚ ਕੀਤੀ ਜਾ ਰਹੀ ਹੈ। ਸਿਧਾਰਥ ਚਟੋਪਾਧਿਆਏ ਨੇ ਹਾਈ ਕੋਰਟ ਨੂੰ ਦੱਸਿਆ, "ਇਹ ਦੱਸਣਾ ਮਹੱਤਵਪੂਰਨ ਹੈ ਕਿ ਉਪਰੋਕਤ ਸਭ ਤੋਂ ਸੀਨੀਅਰ ਅਫਸਰ ਆਈ.ਜੀ.ਪੀ. ਕ੍ਰਾਈਮ ਐਲ.ਜੀ. ਯਾਦਵ ਦੇ ਮਾਤਹਿਤ 'ਸਿੱਟ' ਮੈਂਬਰਾਂ ਦੇ ਨਿਗਰਾਨ ਅਫਸਰ ਹਨ।" ਉਸ ਨੇ ਹੋਰ ਕਿਹਾ, "ਸਿੱਟ ਮੈਂਬਰਾਂ ਦੀ ਤਰੱਕੀ, ਪੋਸਟਿੰਗ ਅਤੇ ਕਰੀਅਰ ਦਾ ਅੱਗੇ ਵਧਣਾ ਇਨ੍ਹਾਂ ਸੀਨੀਅਰ ਅਫਸਰਾਂ ਦੇ ਹੱਥ ਹੈ।"

ਯਾਦਵ ਨੇ 2 ਅਪਰੈਲ ਨੂੰ ਸਿਧਾਰਥ ਚਟੋਪਾਧਿਆਏ ਨੂੰ ਸਵਾਲਨਾਮਾ ਜਾਰੀ ਕੀਤਾ ਸੀ। ਅਗਲੀ ਸ਼ਾਮ ਸਿਧਾਰਥ ਚਟੋਪਾਧਿਆਏ ਨੂੰ ਇਕ ਪ੍ਰਮੁੱਖ ਅਖਬਾਰ ਦੇ ਪੱਤਰਕਾਰ ਵੱਲੋਂ ਸਵਾਲਨਾਮੇ ਦੇ ਪੂਰੇ ਵੇਰਵਿਆਂ ਨਾਲ ਟੈਕਸਟ ਸੁਨੇਹਾ ਮਿਲਿਆ ਜਿਸ ਵਿਚ ਉਸ ਦੀਆਂ ਟਿੱਪਣੀਆਂ ਮੰਗੀਆਂ ਗਈਆਂ। 4 ਅਪਰੈਲ ਨੂੰ ਇੰਸਪੈਕਟਰ ਜਨਰਲ ਕ੍ਰਾਈਮ ਐਲ.ਕੇ. ਯਾਦਵ ਵੱਲੋਂ 'ਸਿੱਟ' ਦੀ ਜਾਂਚ ਦੇ ਸਾਰੇ ਗੁਪਤ ਵੇਰਵੇ ਅਖਬਾਰ ਵਿਚ ਛਪ ਗਏ।

**ਪ੍ਰਭਜੀਤ ਸਿੰਘ**
**ਜਤਿੰਦਰ ਕੌਰ ਤੁੜ**
**ਅਨੁਵਾਦ: ਬੂਟਾ ਸਿੰਘ**

ਚਟੋਪਾਧਿਆਏ ਨੇ ਕਿਹਾ, "ਇਹ ਸਪਸ਼ਟ ਤੌਰ 'ਤੇ ਦਰਸਾਉਂਦਾ ਹੈ ਕਿ ਇਹ ਸਾਰੀ ਖੇਡ ਮੈਨੂੰ ਸ਼ਰਮਿੰਦਾ ਕਰਨ ਦੀ ਸੀ ਅਤੇ ਕਿਸੇ ਤਰ੍ਹਾਂ ਜਨਤਕ ਖੇਤਰ ਵਿਚ ਮੇਰੀ ਦਿਆਨਤਦਾਰੀ 'ਤੇ ਸਵਾਲ ਉਠਾਉਣ ਲਈ ਸੀ।" ਆਪਣੀ ਅਰਜ਼ੀ ਵਿਚ ਚਟੋਪਾਧਿਆਏ ਨੇ ਦਲੀਲ ਦਿੱਤੀ ਕਿ ਉਸ ਨੂੰ ਨਸ਼ਿਆਂ ਦੀ ਜਾਂਚ ਦਾ ਰਾਹ ਬਦਲਣ ਲਈ ਦਬਾਓ ਪਾਉਣ ਲਈ ਐਫ.ਆਈ.ਆਰ. ਵਿਚ ਉਸ ਦਾ ਨਾਂ ਲਿਆ ਗਿਆ ਸੀ। ਉਸ ਨੇ ਇਹ ਵੀ ਬੇਨਤੀ ਕੀਤੀ ਕਿ ਚੱਢਾ ਮਾਮਲਾ ਕੇਂਦਰੀ ਜਾਂਚ ਬਿਊਰੋ ਜਾਂ ਹਾਈ ਕੋਰਟ ਦੇ ਸੇਵਾਮੁਕਤ ਜੱਜ ਨੂੰ ਸੌਂਪਿਆ ਜਾਵੇ।

7 ਅਪਰੈਲ ਨੂੰ ਹਾਈਕੋਰਟ ਨੇ ਚੱਢਾ ਮਾਮਲੇ 'ਚ ਸਿਧਾਰਥ ਚਟੋਪਾਧਿਆਏ ਦੇ ਖਿਲਾਫ ਕਾਰਵਾਈ ਉੱਪਰ ਰੋਕ ਲਗਾ ਦਿੱਤੀ। ਚਟੋਪਾਧਿਆਏ ਦੀ ਨੁਮਾਇੰਦਗੀ ਕਰਨ ਵਾਲੇ (ਵਕੀਲ) ਅਨੁਪਮ ਗੁਪਤਾ ਨੇ ਅਦਾਲਤ ਨੂੰ ਦੱਸਿਆ ਕਿ ਚਟੋਪਾਧਿਆਏ ਨੂੰ 'ਸੂਤ' ਕਰਨ ਦੇ ਇੱਕੋ-ਇਕ ਮਕਸਦ ਨਾਲ ਅਰੋੜਾ ਅਤੇ ਗੁਪਤਾ ਵੱਲੋਂ ਖੁਦਕੁਸ਼ੀ ਮਾਮਲੇ ਦੀ ਜਾਂਚ ਦੀ ਹਰ ਘੰਟੇ ਸਿੱਧੀ ਨਿਗਰਾਨੀ ਕੀਤੀ ਜਾ ਰਹੀ ਸੀ। ਨਸ਼ੀਲੇ ਪਦਾਰਥਾਂ ਦੇ ਤਸਕਰੀ ਕੇਸ ਦੇ ਦਸਤਾਵੇਜ਼ਾਂ ਨਾਲ ਸਟੇਟਸ ਰਿਪੋਰਟ, ਤੇ ਨਾਲ ਹੀ ਚਟੋਪਾਧਿਆਏ ਨੇ ਯਾਦਵ ਵੱਲੋਂ ਉਸ ਨੂੰ ਪ੍ਰੇਸ਼ਾਨ ਕਰਨ ਬਾਬਤ ਜੋ ਪੂਰਕ ਦਸਤਾਵੇਜ਼ ਲਗਾਏ ਸਨ, ਉਨ੍ਹਾਂ ਨੂੰ ਉਸ ਦਿਨ ਦੀ ਸੁਣਵਾਈ ਤੋਂ ਬਾਅਦ ਹਾਈ ਕੋਰਟ ਨੇ ਦੁਬਾਰਾ ਸੀਲ ਕਰ ਦਿੱਤਾ।

ਚੱਢਾ ਮਾਮਲੇ ਦੀ 'ਸਿੱਟ' ਦੀ ਨਿਗਰਾਨੀ ਪੰਜਾਬ ਪੁਲਿਸ ਦੀ ਬਿਊਰੋ ਆਫ ਇਨਵੈਸਟੀਗੇਸ਼ਨ ਦੇ ਡਾਇਰੈਕਟਰ ਪ੍ਰਬੋਧ ਕੁਮਾਰ ਨੇ ਕੀਤੀ ਸੀ ਜੋ ਚਟੋਪਾਧਿਆਏ ਦੀ ਅਗਵਾਈ ਵਾਲੀ 'ਸਿੱਟ' ਦੇ ਮੈਂਬਰ ਵੀ ਸਨ। 'ਕਾਰਵਾਂ' ਕੋਲ ਉਹ ਚਿੱਠੀ ਹੈ ਜੋ ਪ੍ਰਬੋਧ ਕੁਮਾਰ ਨੇ 20 ਅਪਰੈਲ 2018 ਨੂੰ ਗ੍ਰਹਿ ਮਾਮਲੇ ਅਤੇ ਨਿਆਂ ਵਿਭਾਗ ਦੇ ਵਧੀਕ ਮੁੱਖ ਸਕੱਤਰ ਨਿਰਮਲ ਜੀਤ ਸਿੰਘ ਕਲਸੀ ਨੂੰ ਭੇਜੀ ਸੀ। ਚਿੱਠੀ ਵਿਚ ਕਿਹਾ ਗਿਆ ਕਿ ਨਸ਼ੀਲੇ ਪਦਾਰਥਾਂ ਦੇ ਕੇਸ ਵਿਚ 15 ਮਾਰਚ 2018 ਨੂੰ 'ਸਿੱਟ' ਦੀ ਦੂਜੀ ਰਿਪੋਰਟ ਪੇਸ਼ ਕਰਨ ਤੋਂ ਬਾਅਦ 5 ਅਪਰੈਲ ਤੱਕ 'ਸਿੱਟ' ਦੀ ਕੋਈ ਰਸਮੀ ਜਾਂ ਗੈਰਰਸਮੀ ਮੀਟਿੰਗ ਨਹੀਂ ਹੋਈ। ਨਸ਼ੀਲੇ ਪਦਾਰਥ ਮਾਮਲੇ 'ਤੇ 'ਸਿੱਟ' ਦੇ ਇਕ ਹੋਰ ਮੈਂਬਰ ਕੁੰਵਰ ਵਿਜੇ ਪ੍ਰਤਾਪ ਸਿੰਘ ਨੇ ਵੀ ਚਿੱਠੀ ਵਿਚ ਕਿਹਾ ਕਿ ਚਟੋਪਾਧਿਆਏ ਉਸ ਨੂੰ ਸ਼ਾਮਲ ਕੀਤੇ ਬਿਨਾ ਹੀ ਜਾਂਚ ਕਰਦੇ ਰਹੇ। ਉਸ ਨੇ ਕਿਹਾ ਕਿ ਹਾਲਾਂਕਿ ਅਪਰੈਲ ਵਿਚ ਦੋ ਮੀਟਿੰਗਾਂ ਹੋਈਆਂ ਜਿਨ੍ਹਾਂ ਵਿਚ ਪ੍ਰਬੋਧ ਕੁਮਾਰ ਵੀ ਮੌਜੂਦ ਸੀ, ਜਾਂਚ ਬਾਰੇ ਕਿਸੇ ਵੀ ਚੀਜ਼ ਬਾਰੇ ਵਿਚਾਰ-ਚਰਚਾ ਨਹੀਂ ਕੀਤੀ ਗਈ।


ਦੋਵਾਂ ਅਫਸਰਾਂ ਨੇ ਚੱਢਾ ਮਾਮਲੇ ਬਾਰੇ ਅਦਾਲਤ ਵਿਚ ਚਟੋਪਾਧਿਆਏ ਦੀ ਅਰਜ਼ੀ ਦੀ ਕੋਈ ਵੀ ਜਾਣਕਾਰੀ ਹੋਣ ਤੋਂ ਇਨਕਾਰ ਕੀਤਾ। ਉਨ੍ਹਾਂ ਕਿਹਾ ਕਿ ਚਟੋਪਾਧਿਆਏ ਨੇ ਉਨ੍ਹਾਂ ਵੱਲੋਂ 'ਸਿੱਟ' ਦੀ ਜਾਂਚ ਨੂੰ ਪ੍ਰਭਾਵਿਤ ਕਰਨ ਲਈ ਪਾਇਆ ਜਾ ਰਿਹਾ ਉਹ ਕਥਿਤ ਦਬਾਓ ਕਦੇ ਵੀ ਉਨ੍ਹਾਂ ਦੇ ਧਿਆਨ ਵਿਚ ਨਹੀਂ ਲਿਆਂਦਾ ਸੀ ਕਿ ਜਿਸ ਦਾ ਉਸ ਨੂੰ ਸਾਹਮਣਾ ਕਰਨਾ ਪੈ ਰਿਹਾ ਸੀ। ਉਨ੍ਹਾਂ ਨੇ ਲਿਖਿਆ ਕਿ ਚਟੋਪਾਧਿਆਏ ਵੱਲੋਂ 'ਸਿੱਟ' ਨੂੰ ਨਾਲ ਲਏ ਬਗੈਰ ਹੀ ਮਾਮਲੇ ਨੂੰ ਇਕ ਖਾਸ ਪਾਸੇ ਵੱਲ ਲਿਜਾਣ ਲਈ ਜਾਂਚ ਕੀਤੀ ਜਾ ਰਹੀ ਸੀ, ਤੇ ਉਹ ਆਪਣੇ ਆਪ ਨੂੰ ਉਸ ਕਾਰਵਾਈ ਤੋਂ ਵੱਖ ਕਰ ਰਹੇ ਸਨ।

ਸੀਨੀਅਰ ਪੁਲਿਸ ਅਫਸਰ ਜਿਸ ਨੇ ਆਪਣਾ ਨਾਂ ਗੁਪਤ ਰੱਖਣਾ ਚਾਹਿਆ, ਨੇ ਕਿਹਾ ਕਿ ਚਟੋਪਾਧਿਆਏ ਨੂੰ ਸਿਰਫ ਚੱਢਾ ਖੁਦਕੁਸ਼ੀ ਮਾਮਲੇ ਵਿਚ ਹੀ ਤਲਬ ਕੀਤਾ ਗਿਆ ਸੀ ਅਤੇ ਕੁਝ ਵੀ ਸਿੱਧੇ ਤੌਰ 'ਤੇ ਸਾਬਤ ਨਹੀਂ ਹੋਇਆ ਸੀ ਪਰ ਅਧਿਕਾਰੀ ਨੇ ਕਿਹਾ, ਕਿਉਂਕਿ ਚਟੋਪਾਧਿਆਏ ਦੀ ਡੀ.ਜੀ.ਪੀ. ਬਣਨ ਦੀ ਖਾਹਿਸ਼ ਸੀ, ਇਸ ਲਈ ਉਸ ਨੇ ਜਾਂਚ 'ਤੇ ਰੋਕ ਦੀ ਮੰਗ ਕੀਤੀ ਅਤੇ ਅਰੋੜਾ ਤੇ ਗੁਪਤਾ ਦੇ ਨਾਂ ਇਸ ਵਿਚ ਘੜੀਸ ਲਏ। ਅਸੀਂ ਕਈ ਵਾਰ ਚਟੋਪਾਧਿਆਏ ਨਾਲ ਸੰਪਰਕ ਕਰਨ ਦੀ ਕੋਸ਼ਿਸ਼ ਕੀਤੀ ਪਰ ਉਸ ਨਾਲ ਸੰਪਰਕ ਨਹੀਂ ਹੋ ਸਕਿਆ।

ਫਰਵਰੀ 2019 ਵਿਚ ਦਿਨਕਰ ਗੁਪਤਾ ਨੂੰ ਪੁਲਿਸ ਮੁਖੀ ਨਿਯੁਕਤ ਕੀਤਾ ਗਿਆ ਸੀ। ਇਸ ਨਿਯੁਕਤੀ ਨੂੰ ਤੁਰੰਤ ਮੁਹੰਮਦ ਮੁਸਤਫਾ ਅਤੇ ਚਟੋਪਾਧਿਆਏ ਨੇ ਚੁਣੌਤੀ ਦਿੱਤੀ ਸੀ ਜਿਨ੍ਹਾਂ ਦੇ ਨਾਂ ਇਸ ਅਹੁਦੇ ਲਈ ਵਿਚਾਰ ਅਧੀਨ ਸਨ ਅਤੇ ਅਮਰਿੰਦਰ ਸਿੰਘ ਸਰਕਾਰ ਵੱਲੋਂ ਬਣਾਈ ਉਮੀਦਵਾਰਾਂ ਦੀ ਸੂਚੀ ਵਿਚ ਉਨ੍ਹਾਂ ਦੀ ਸੀਨੀਅਰਤਾ ਸੀ। ਕੇਂਦਰੀ ਪ੍ਰਸ਼ਾਸਕੀ ਟ੍ਰਿਬਿਊਨਲ ਨੇ ਜਨਵਰੀ 2020 ਵਿਚ ਗੁਪਤਾ ਦੀ ਨਿਯੁਕਤੀ ਨੂੰ ਇਸ ਆਧਾਰ 'ਤੇ ਰੱਦ ਕਰ ਦਿੱਤਾ ਸੀ ਕਿ ਯੂਨੀਅਨ ਪਬਲਿਕ ਸਰਵਿਸ ਕਮਿਸ਼ਨ ਨੇ ਚੋਣ ਅਮਲ ਸੁਪਰੀਮ ਕੋਰਟ ਦੇ ਦਿਸ਼ਾ ਨਿਰਦੇਸ਼ਾਂ ਦੀ ਉਲੰਘਣਾ ਕਰਦਿਆਂ ਚਲਾਇਆ ਸੀ ਅਤੇ ਇਸ ਅਮਲ ਵਿਚ ਪੱਖਪਾਤ ਦਿਖਾਇਆ ਸੀ। ਯੂ.ਪੀ.ਐਸ.ਸੀ. ਨੇ ਗੁਪਤਾ ਸਮੇਤ ਤਿੰਨ ਅਫਸਰਾਂ ਨੂੰ ਸੂਚੀਬੱਧ ਕਰਨ ਲਈ ਚੁਣਿਆ ਸੀ। ਸਰਕਾਰ ਵੱਲੋਂ ਭੇਜੇ 12 ਨਾਵਾਂ ਦੀ ਸੂਚੀ ਵਿਚ ਤਿੰਨਾਂ ਨੂੰ ਪੰਜ ਹੋਰਨਾਂ ਤੋਂ ਹੇਠਾਂ ਰੱਖਿਆ ਗਿਆ ਸੀ।

ਕੈਟ ਨੇ ਕਿਹਾ ਕਿ ਚੋਣ ਕਮੇਟੀ ਨੂੰ ਆਪਣੇ ਨਿਯਮ ਵਿਚ ਘੁਸੇੜਨ ਦੀ ਇਜਾਜ਼ਤ ਨਹੀਂ, ਤੇ ਇਹ ਕਿ ਅੰਤਿਮ ਚੋਣ ਤਿੰਨ ਮਾਪਦੰਡਾਂ ਉੱਪਰ ਕੀਤੀ ਜਾਣੀ ਸੀ: ਸੇਵਾ ਦੀ ਲੰਬਾਈ, ਚੰਗਾ ਰਿਕਾਰਡ ਅਤੇ ਪੁਲਿਸ ਫੋਰਸ ਦੀ ਅਗਵਾਈ ਕਰਨ ਦਾ ਤਜਰਬਾ। ਸੁਰੇਸ਼ ਅਰੋੜਾ ਸੂਚੀਕਰਨ ਅਮਲ ਦਾ ਹਿੱਸਾ ਸੀ ਹਾਲਾਂਕਿ ਉਸ ਨੂੰ ਡਰੱਗਜ਼ ਮਾਮਲੇ 'ਤੇ ਚੱਲ ਰਹੀ ਸੁਣਵਾਈ ਕਾਰਨ ਚਟੋਪਾਧਿਆਏ ਦੀ ਸਾਲਾਨਾ ਗੁਪਤ ਰਿਪੋਰਟ ਨੂੰ ਰਿਕਾਰਡ 'ਚ ਦਰਜ ਕਰਨ ਦੀ ਇਜਾਜ਼ਤ ਨਹੀਂ ਦਿੱਤੀ ਗਈ ਸੀ। ਹਾਈਕੋਰਟ ਨੇ ਗੁਪਤਾ ਦੇ ਪੱਖ 'ਚ ਕੈਟ ਦੇ ਆਦੇਸ਼ 'ਤੇ ਰੋਕ ਲਗਾ ਦਿੱਤੀ। ਦਸੰਬਰ ਤੱਕ, ਸੁਪਰੀਮ ਕੋਰਟ ਨੇ ਅਰੋੜਾ, ਗੁਪਤਾ, ਯੂ.ਪੀ.ਐਸ.ਸੀ., ਪੰਜਾਬ ਸਰਕਾਰ ਅਤੇ ਕੇਂਦਰ ਸਰਕਾਰ ਨੂੰ ਹਾਈ ਕੋਰਟ ਦੇ ਆਦੇਸ਼ ਨੂੰ ਚੁਣੌਤੀ ਦੇਣ ਬਾਅਦ ਆਪਣਾ ਜਵਾਬ ਦਾਇਰ ਕਰਨ ਦਾ ਨੋਟਿਸ ਦੇ ਦਿੱਤਾ।

ਅਰੋੜਾ ਅਤੇ ਗੁਪਤਾ, ਦੋਵਾਂ ਨੇ ਮਾਮਲੇ 'ਤੇ ਟਿੱਪਣੀ ਕਰਨ ਤੋਂ ਇਨਕਾਰ ਕਰ ਦਿੱਤਾ। ਗੁਪਤਾ ਨੇ ਦਲੀਲ ਦਿੱਤੀ ਕਿ ਉਸ ਨੇ ਡੀ.ਜੀ.ਪੀ. ਵਜੋਂ ਆਪਣੇ ਕਾਰਜਕਾਲ ਦੌਰਾਨ, ਪੰਜਾਬ ਵਿਚ ਨਸ਼ਿਆਂ ਦੇ ਸੰਕਟ ਨਾਲ ਨਜਿੱਠਣ ਵਿਚ ਮਹੱਤਵਪੂਰਨ ਪ੍ਰਗਤੀ ਕੀਤੀ ਸੀ। ਉਸ ਨੇ ਕਿਹਾ ਕਿ ਪੰਜਾਬ ਪੁਲਿਸ ਨੇ ਦਿੱਲੀ, ਹਿਮਾਚਲ ਪ੍ਰਦੇਸ਼ ਅਤੇ ਉੱਤਰ ਪ੍ਰਦੇਸ਼ ਤੋਂ ਕਰੋੜਾਂ ਰੁਪਏ ਦੇ ਮੁੱਲ ਦੇ ਟ੍ਰੈਮਾਡੋਲ ਅਤੇ ਅਲਪਰਾਜ਼ੋਲਮ ਵਰਗੀਆਂ ਨਸ਼ੀਲੀਆਂ ਦਵਾਈਆਂ ਜ਼ਬਤ ਕੀਤੀਆਂ ਹਨ। ਉਸ ਨੇ ਅਗਸਤ 2020 ਵਿਚ ਦਿੱਲੀ ਵਿਚ ਇਕ ਪਿਉ-ਪੁੱਤਰ ਦੀ ਗ੍ਰਿਫਤਾਰੀ ਦਾ ਜ਼ਿਕਰ ਕੀਤਾ, ਉਸ ਨੇ ਕਿਹਾ ਕਿ ਉਹ ਨਸ਼ੀਲੀਆਂ ਦਵਾਈਆਂ ਦਾ ਲੱਗਭੱਗ ਸੱਤਰ ਫੀਸਦੀ ਗੈਰਕਾਨੂੰਨੀ ਵਪਾਰ ਕੰਟਰੋਲ ਕਰਦਾ ਹੈ ਅਤੇ 17 ਰਾਜਾਂ ਵਿਚ ਦਵਾਈਆਂ ਦੀ ਸਪਲਾਈ ਕਰ ਰਿਹਾ ਸੀ। ਉਸ ਇਹ ਵੀ ਕਿਹਾ ਕਿ 2017 ਤੋਂ ਲੈ ਕੇ ਹੁਣ ਤੱਕ ਸੌ ਤੋਂ ਵੱਧ ਪੁਲਿਸ ਅਫਸਰਾਂ ਨੂੰ ਨਸ਼ੀਲੇ ਪਦਾਰਥਾਂ ਦੀ ਤਸਕਰੀ ਵਿਚ ਸ਼ਾਮਲ ਹੋਣ ਕਾਰਨ ਬਰਖਾਸਤ ਕੀਤਾ ਗਿਆ ਹੈ।




*ਈ.ਡੀ. ਦਾ ਡਿਪਟੀ ਡਾਇਰੈਕਟਰ ਨਿਰੰਜਨ ਸਿੰਘ (ਖੱਬੇ) ਜਿਸ ਨੇ ਅਕਾਲੀ ਆਗੂ ਬਿਕਰਮ ਸਿੰਘ ਮਜੀਠੀਆ (ਸੱਜੇ) ਤੋਂ ਪੁੱਛਗਿੱਛ ਕੀਤੀ।*

2013 ਦੇ ਸਿਆਲ 'ਚ ਬਹੁਕਰੋੜੀ ਡਰੱਗ ਘੁਟਾਲਾ ਸਾਹਮਣੇ ਆਉਣਾ ਸ਼ੁਰੂ ਹੋ ਗਿਆ ਸੀ। ਪੰਜਾਬ ਪੁਲਿਸ ਨੇ ਇਕ ਸਾਬਕਾ ਪੁਰਸਕਾਰ ਜੇਤੂ ਪਹਿਲਵਾਨ ਜਗਦੀਸ਼ ਸਿੰਘ ਭੋਲਾ ਨੂੰ ਉਸ ਅਤੇ ਉਸ ਦੇ ਸਾਥੀਆਂ ਦੇ ਘਰੋਂ 20 ਕਰੋੜ ਰੁਪਏ ਦੀਆਂ ਦਵਾਈਆਂ ਬਰਾਮਦ ਹੋਣ ਤੋਂ ਬਾਅਦ ਗ੍ਰਿਫਤਾਰ ਕੀਤਾ ਸੀ। ਦਵਾਈਆਂ ਵਿਚ ਕ੍ਰਿਸਟਲ ਮੈਥਮਫੇਟਾਮਾਈਨ ਦੇ ਨਾਲ ਐਫੇਡਰਾਈਨ ਅਤੇ ਸੂਡੋ-ਐਫੇਡਰਾਈਨ ਵੀ ਸ਼ਾਮਿਲ ਸਨ ਜੋ ਸਿੰਥੈਟਿਕ ਨਸ਼ੀਲੀਆਂ ਦਵਾਈਆਂ ਬਣਾਉਣ 'ਚ ਵਰਤੇ ਜਾਣ ਵਾਲੇ ਪਦਾਰਥ ਹਨ।

ਪਿਛਲੇ ਦਹਾਕੇ ਵਿਚ ਭੋਲਾ ਦੀ ਸਾਖ ਨੂੰ ਪਹਿਲਾਂ ਹੀ ਨੁਕਸਾਨ ਪਹੁੰਚ ਚੁੱਕਾ ਸੀ, ਜਦੋਂ ਉਸ ਤੋਂ ਉਸ ਦਾ ਅਰਜੁਨ ਪੁਰਸਕਾਰ ਵਾਪਸ ਲੈ ਲਿਆ ਗਿਆ ਸੀ ਅਤੇ ਉਸ ਨੂੰ ਨਸ਼ੀਲੇ ਪਦਾਰਥਾਂ ਦੀ ਤਸਕਰੀ ਵਿਚ ਉਸ ਦੀ ਭੂਮਿਕਾ ਲਈ ਪੰਜਾਬ ਦੇ ਉਪ ਪੁਲਿਸ ਕਪਤਾਨ ਦੇ ਅਹੁਦੇ ਤੋਂ ਬਰਖਾਸਤ ਕਰ ਦਿੱਤਾ ਗਿਆ ਸੀ। ਉਹ 2008 ਵਿਚ ਨਾਰਕੋਟਿਕਸ ਕੰਟਰੋਲ ਬਿਊਰੋ ਦੀ ਨਿਗਰਾਨੀ ਹੇਠ ਸੀ। ਇਸ ਵਾਰ ਈ.ਡੀ. ਨੇ ਆਪਣੇ ਡਿਪਟੀ ਡਾਇਰੈਕਟਰ ਨਿਰੰਜਨ ਸਿੰਘ ਦੀ ਅਗਵਾਈ ਵਿਚ 25 ਮਾਰਚ 2013 ਨੂੰ ਐਫ.ਆਈ.ਆਰ. ਦੇ ਆਧਾਰ 'ਤੇ ਮਨੀ ਲਾਂਡਰਿੰਗ ਰੋਕਥਾਮ ਐਕਟ ਦੇ ਤਹਿਤ ਕੇਸ ਦਰਜ ਕੀਤਾ ਸੀ ਜੋ ਉਸ ਮਹੀਨੇ ਦੇ ਸ਼ੁਰੂ ਵਿਚ ਫਤਿਹਗੜ੍ਹ ਸਾਹਿਬ ਵਿਚ ਦਰਜ ਕੀਤਾ ਸੀ। ਬਾਅਦ ਵਿਚ ਸੱਤ ਹੋਰ ਐਫ.ਆਈ.ਆਰ. ਕੇਸ ਵਿਚ ਜੋੜੀਆਂ ਗਈਆਂ। ਭੋਲਾ ਨੂੰ 11 ਨਵੰਬਰ ਨੂੰ ਗ੍ਰਿਫਤਾਰ ਕੀਤਾ ਗਿਆ ਸੀ।

ਦੋ ਮਹੀਨੇ ਬਾਅਦ 23 ਜਨਵਰੀ 2014 ਨੂੰ ਈ.ਡੀ. ਨੇ ਉਸ ਦਾ ਬਿਆਨ ਦਰਜ ਕਰ ਲਿਆ। ਭੋਲਾ ਨੇ ਨਸ਼ਿਆਂ ਦੇ ਕਾਰੋਬਾਰ ਵਿਚ ਆਪਣੀ ਭੂਮਿਕਾ ਸਵੀਕਾਰ ਕੀਤੀ ਪਰ ਇਸ ਨਾਲ ਜੁੜੇ ਕਈ ਲੋਕਾਂ ਦੇ ਨਾਂ ਵੀ ਲਏ ਜਿਨ੍ਹਾਂ ਵਿਚ ਮਨਿੰਦਰ ਸਿੰਘ ਔਲਖ, ਜਾਂ ਬਿੱਟੂ, ਅਤੇ ਕੈਨੇਡਾ ਵਿਚ ਰਹਿ ਰਹੇ ਕਈ ਗੈਰ-ਨਿਵਾਸੀ ਭਾਰਤੀ (ਐਨ.ਆਰ.ਆਈ) ਸ਼ਾਮਲ ਹਨ। ਉਸ ਵੱਲੋਂ ਦੱਸੇ ਨਾਵਾਂ ਵਿਚ ਸ਼ਾਮਿਲ ਸਨ ਸਤਪ੍ਰੀਤ ਸਿੰਘ ਜਿਸ ਨੂੰ ਸੱਤਾ ਵੀ ਕਿਹਾ ਜਾਂਦਾ ਹੈ; ਪਰਮਿੰਦਰ ਸਿੰਘ ਜਾਂ ਪਿੰਡੀ; ਤੇ ਅਮਰਿੰਦਰ ਸਿੰਘ ਜਾਂ ਲਾਡੀ। ਹਾਲਾਂਕਿ ਉਨ੍ਹਾਂ ਨੇ ਸਭ ਤੋਂ ਤਹਿਲਕਾ ਮਚਾਊ ਨਾਮ ਪੰਜਾਬ ਦੇ ਮਾਲ ਮੰਤਰੀ ਬਿਕਰਮ ਸਿੰਘ ਮਜੀਠੀਆ ਦਾ ਦੱਸਿਆ ਸੀ। ਬਾਅਦ ਵਿਚ ਇਹ ਮਾਮਲਾ ਕੇਂਦਰੀ ਜਾਂਚ ਬਿਊਰੋ ਨੇ ਆਪਣੇ ਹੱਥ ਲੈ ਲਿਆ, ਈ.ਡੀ. ਨੇ ਤਸਕਰੀ ਨਾਲ ਜੁੜੀ ਮਨੀ ਲਾਂਡਰਿੰਗ ਦੀ ਸਮਾਨਾਂਤਰ ਜਾਂਚ ਸ਼ੁਰੂ ਕੀਤੀ।

ਭੋਲਾ ਨੇ ਕਿਹਾ ਕਿ ਉਸ ਨੂੰ ਨਸ਼ੇ ਜਗਜੀਤ ਸਿੰਘ ਚਾਹਲ ਨਾਂ ਦਾ ਕਾਰੋਬਾਰੀ ਮੁਹੱਈਆ ਕਰਵਾਉਂਦਾ ਸੀ। ਚਾਹਲ ਕਈ ਟਾਇਰ ਕੰਪਨੀਆਂ ਅਤੇ ਤਿੰਨ ਫਾਰਮਾਸਿਊਟੀਕਲ ਯੂਨਿਟਾਂ ਦਾ ਮਾਲਕ ਸੀ। ਉਸ ਨੂੰ ਭੋਲਾ ਦੇ ਇਕਬਾਲੀਆ ਬਿਆਨ ਤੋਂ ਦੋ ਦਿਨ ਬਾਅਦ ਗ੍ਰਿਫਤਾਰ ਕੀਤਾ ਗਿਆ ਸੀ। ਈ.ਡੀ. ਨੇ ਇਹ ਸਾਬਤ ਕਰਨ ਦੀ ਕੋਸ਼ਿਸ਼ ਕੀਤੀ ਕਿ ਦੋਸ਼ੀ ਇਕ ਦੂਜੇ ਨੂੰ ਕਿਵੇਂ ਜਾਣਦੇ ਸਨ। ਚਾਹਲ ਨੇ ਦੱਸਿਆ ਕਿ ਉਹ ਬਿੱਟੂ ਨਾਲ ਤਿੰਨ ਵਾਰ ਸੱਤਾ, ਪਿੰਡੀ ਅਤੇ ਲਾਡੀ ਨੂੰ ਮਿਲ ਚੁੱਕਾ ਹੈ। ਉਸ ਨੇ ਈ.ਡੀ. ਨੂੰ ਦੱਸਿਆ, "ਇਹ ਵਿਅਕਤੀ ਮੇਰੇ ਕੋਲ ਸੂਡੋ-ਐਫੇਡਰਾਈਨ ਖਰੀਦਣ ਆਏ ਸਨ ਅਤੇ ਬਿੱਟੂ ਔਲਖ ਨੇ ਮੈਨੂੰ ਕਿਹਾ ਕਿ ਬਿਕਰਮ ਸਿੰਘ ਮਜੀਠੀਆ ਨੇ ਕਿਹਾ ਹੈ ਕਿ ਮੈਨੂੰ ਇਨ੍ਹਾਂ ਵਿਅਕਤੀਆਂ ਦੀ ਮਦਦ ਕਰਨੀ ਚਾਹੀਦੀ ਹੈ।" ਮਜੀਠੀਆ ਨਾਲ ਚਾਹਲ ਦਾ ਰਿਸ਼ਤਾ ਕਈ ਸਾਲ ਪੁਰਾਣਾ ਜਾਪਦਾ ਹੈ। ਉਸ ਨੇ ਬਾਅਦ ਵਿਚ ਦਿੱਤੇ ਬਿਆਨ ਵਿਚ ਕਿਹਾ ਕਿ 2007 ਤੋਂ 2012 ਦਰਮਿਆਨ ਉਸ ਨੇ ਮਜੀਠੀਆ ਨੂੰ ਕਈ ਕਿਸ਼ਤਾਂ ਵਿਚ 35 ਲੱਖ ਰੁਪਏ ਨਕਦ ਦਿੱਤੇ ਸਨ ਕਿਉਂਕਿ ਸਿਆਸਤਦਾਨ ਨੂੰ 'ਚੋਣਾਂ ਲਈ ਇਸ ਪੈਸੇ ਦੀ ਲੋੜ ਸੀ।'





*ਖੱਬਿਓਂ: ਸਿਧਾਰਥ ਚਟੋਪਾਧਿਆਏ, ਸੁਰੇਸ਼ ਅਰੋੜਾ ਅਤੇ ਦਿਨਕਰ ਗੁਪਤਾ।*

ਬਿੱਟੂ ਜਿਸ ਦਾ ਬਿਆਨ ਚਾਹਲ ਦਾ ਬਿਆਨ ਲਏ ਜਾਣ ਦੇ ਦਿਨ ਹੀ ਦਰਜ ਕੀਤਾ ਗਿਆ ਸੀ, ਨੇ ਕਿਹਾ ਕਿ "ਬਿਕਰਮ ਸਿੰਘ ਮਜੀਠੀਆ ਨੇ ਸਤਪ੍ਰੀਤ ਸਿੰਘ ਸੱਤਾ ਨੂੰ ਆਪਣੇ ਸਭ ਤੋਂ ਚੰਗੇ ਮਿੱਤਰ ਵਜੋਂ ਪੇਸ਼ ਕੀਤਾ" ਅਤੇ ਇਹ ਕਿ "ਸੱਤਾ ਮਜੀਠਾ ਹਲਕੇ ਤੋਂ ਉਸ ਦੀ ਐਮ.ਐਲ.ਏ. ਦੀ ਚੋਣ ਮੁਹਿੰਮ ਦਾ ਤਾਲਮੇਲ ਕਰ ਰਿਹਾ ਸੀ।" ਚਾਹਲ ਨੇ ਈ.ਡੀ. ਨੂੰ ਦੱਸਿਆ ਕਿ ਸੱਤਾ ਜਦੋਂ ਭਾਰਤ ਆਉਂਦਾ ਸੀ ਤਾਂ ਮਜੀਠੀਆ ਕੋਲ ਠਹਿਰਦਾ ਸੀ। ਉਸ ਨੇ ਕਿਹਾ, "ਜਦੋਂ ਵੀ ਇਹ ਤਿੰਨ ਵਿਅਕਤੀ ਭਾਰਤ ਆਉਂਦੇ ਸਨ, ਉਹ ਮਜੀਠੀਆ ਦੀ ਗ੍ਰੀਨ ਐਵੀਨਿਊ, ਅੰਮ੍ਰਿਤਸਰ ਵਾਲੀ ਰਿਹਾਇਸ਼ ਅਤੇ ਸੈਕਟਰ 39, ਚੰਡੀਗੜ੍ਹ ਵਿਚ ਮਜੀਠੀਆ ਨੂੰ ਅਲਾਟ ਕੀਤੀ ਸਰਕਾਰੀ ਰਿਹਾਇਸ਼ ਵਿਚ ਠਹਿਰਦੇ ਸਨ।"

ਬਿੱਟੂ ਨੇ ਇੱਥੋਂ ਤੱਕ ਕਿਹਾ ਕਿ "ਬਿਕਰਮ ਸਿੰਘ ਮਜੀਠੀਆ ਪੰਜਾਬ ਵਿਚ ਰਹਿਣ ਦੌਰਾਨ ਸਤਪ੍ਰੀਤ ਸਿੰਘ ਸੱਤਾ ਨੂੰ ਇਨੋਵਾ ਕਾਰ, ਇਕ ਡਰਾਈਵਰ ਅਤੇ ਇਕ ਗੰਨਮੈਨ ਮੁਹੱਈਆ ਕਰਵਾਉਂਦਾ ਸੀ।" ਚਾਹਲ ਨੇ ਗੰਨਮੈਨ ਦਾ ਵੀ ਜ਼ਿਕਰ ਕੀਤਾ।

ਐਸ.ਟੀ.ਐਫ. ਦੀ ਰਿਪੋਰਟ ਅਨੁਸਾਰ, ਚਾਹਲ ਨੇ ਇਹ ਵੀ ਕਿਹਾ ਸੀ ਕਿ ਮਜੀਠੀਆ ਬਿੱਟੂ ਅਤੇ ਸ਼੍ਰੋਮਣੀ ਅਕਾਲੀ ਦਲ ਦੇ ਵਿਧਾਇਕ ਬੋਨੀ ਅਮਰਪਾਲ ਸਿੰਘ ਅਜਨਾਲਾ ਨਾਲ ਮਾਈਨਿੰਗ ਦੇ ਕਾਰੋਬਾਰ ਵਿਚ ਸ਼ਾਮਲ ਸੀ। ਐਸ.ਟੀ.ਐਫ. ਦਾ ਮੰਨਣਾ ਹੈ ਕਿ ਰੇਤ ਦੇ ਖਣਨ ਦਾ ਮੁੱਦਾ ਵੀ ਮਹੱਤਵਪੂਰਨ ਸੀ ਕਿਉਂਕਿ ਜਿਸ ਨਸ਼ੀਲੇ ਪਦਾਰਥਾਂ ਦੀ ਤਸਕਰੀ ਦੀ ਜਾਂਚ ਕੀਤੀ ਜਾ ਰਹੀ ਸੀ, ਇਹ ਵੀ ਉਸੇ ਅਰਸੇ 'ਚ ਹੋਣ ਦੀ ਸੰਭਾਵਨਾ ਸੀ। ਇਸ ਨੇ ਦਲੀਲ ਦਿੱਤੀ ਕਿ ਮਜੀਠੀਆ ਦੀ ਰੇਤ-ਖਣਨ ਦੇ ਕਾਰੋਬਾਰ ਵਿਚ ਕਥਿਤ ਸ਼ਮੂਲੀਅਤ, ਜਦੋਂ ਕਿ ਉਹ 2007 ਤੋਂ ਲੈ ਕੇ ਪੰਜਾਬ ਸਰਕਾਰ ਵਿਚ ਮੰਤਰੀ ਸੀ, ਮਹੱਤਵਪੂਰਨ ਮੁੱਦਾ ਹੈ ਅਤੇ ਇਸ ਦੀ ਹੋਰ ਜਾਂਚਾਂ ਰਾਹੀਂ ਤਸਦੀਕ ਕਰਨ ਦੀ ਲੋੜ ਹੈ।

26 ਦਸੰਬਰ 2014 ਨੂੰ ਮਜੀਠੀਆ ਤੋਂ ਉਸ ਸਮੇਂ ਈ.ਡੀ. ਦੇ ਸਹਾਇਕ ਨਿਰਦੇਸ਼ਕ ਨਿਰੰਜਨ ਸਿੰਘ ਨੇ ਪੁੱਛਗਿੱਛ ਕੀਤੀ ਸੀ। ਈ.ਡੀ. ਦੇ ਦਿੱਲੀ ਹੈੱਡਕੁਆਰਟਰ ਦਾ ਵਿਸ਼ੇਸ਼ ਨਿਰਦੇਸ਼ਕ ਜਲੰਧਰ ਆਇਆ ਅਤੇ ਪੁੱਛਗਿੱਛ ਦੌਰਾਨ ਮੌਜੂਦ ਸੀ। ਮਜੀਠੀਆ ਨੇ ਸੱਤੇ ਨਾਲ ਆਪਣੀ ਸਾਂਝ ਨੂੰ ਘਟਾ ਕੇ ਪੇਸ਼ ਦਿੱਤਾ ਅਤੇ ਆਪਣੀਆਂ ਮੀਟਿੰਗਾਂ ਬਾਰੇ ਅਸਪਸ਼ਟ ਗੱਲ ਕੀਤੀ। ਉਸ ਨੇ ਜਾਂਚ ਅਫਸਰਾਂ ਨੂੰ ਦੱਸਿਆ, "ਜਿਵੇਂ ਤੁਸੀਂ ਜਾਣਦੇ ਹੋ ਕਿ ਪੰਜਾਬੀ ਸਭਿਆਚਾਰ ਵਿਚ ਬਹੁਤ ਸਾਰਿਆਂ ਦੇ ਨਾਂ ਸੱਤਾ, ਸੱਤੀ, ਸੁੱਖੀ, ਮੁਖੀ, ਜੱਗਾ, ਜੱਗੀ ਹਨ। ਕਿਰਪਾ ਕਰਕੇ ਮੈਨੂੰ ਖਾਸ ਨਾਮ ਪੁੱਛੋ ਕਿਉਂਕਿ ਇੱਥੇ ਬਹੁਤ ਸਾਰੇ ਸਤਪ੍ਰੀਤ ਸੱਤੇ ਹੋ ਸਕਦੇ ਹਨ।"

ਮਜੀਠੀਆ ਸੱਤੇ ਨਾਲ ਆਪਣੀ ਸਾਂਝ ਬਾਰੇ ਗੋਲ-ਮੋਲ ਗੱਲ ਕਰਦਾ ਰਿਹਾ - "ਉਹ ਸ਼ਾਇਦ ਕੁਝ ਵਾਰ ਮੇਰੇ ਕੋਲ ਠਹਿਰਿਆ ਹੋ ਸਕਦਾ ਹੈ" ਪਰ "ਉਸ ਨਾਲ ਜਾਂ ਵਿਦੇਸ਼ ਵਿਚਲੇ ਕਿਸੇ ਹੋਰ ਵਿਅਕਤੀ ਨਾਲ ਵਿੱਤੀ ਲੈਣ-ਦੇਣ" ਹੋਣ ਤੋਂ ਇਨਕਾਰ ਕੀਤਾ। ਬਿੱਟੂ ਬਾਰੇ ਉਸ ਨੇ ਕਿਹਾ, "ਉਹ ਅੰਮ੍ਰਿਤਸਰ ਦਾ ਮਸ਼ਹੂਰ ਬੰਦਾ ਹੈ ਜੋ ਆਪਣੇ ਪਰਿਵਾਰ ਸਮੇਤ ਸਿਆਸਤ ਵਿਚ ਸਰਗਰਮ ਹੈ ਅਤੇ ਮੈਂ ਉਸ ਨੂੰ ਇਸ ਕਰਕੇ ਜਾਣਦਾ ਹਾਂ।"

'ਕਾਰਵਾਂ' ਕੋਲ ਜ਼ਮੀਨੀ ਦਸਤਾਵੇਜ਼ ਹਨ ਜੋ ਇਹ ਦਿਖਾਉਂਦੇ ਹਨ ਕਿ ਮਜੀਠੀਆ ਅਤੇ ਬਿੱਟੂ ਦੇ ਇਕ ਦੂਜੇ ਨਾਲ ਸੰਬੰਧ ਸਿਆਸਤਦਾਨਾਂ ਤੋਂ ਵਧ ਕੇ ਹਨ। ਬਿੱਟੂ ਨੇ ਮਜੀਠਾ ਵਿਚ 1.37 ਏਕੜ ਦੇ ਫਾਰਮ ਹਾਊਸ ਪਲਾਟ ਦੀ ਮਲਕੀਅਤ ਦਾ ਤਬਾਦਲਾ ਮਜੀਠੀਆ ਦੀ ਪਤਨੀ ਗਨੀਵ ਕੌਰ ਦੇ ਨਾਂ ਕਰਨ 'ਚ ਅਹਿਮ ਭੂਮਿਕਾ ਨਿਭਾਈ ਅਤੇ ਉਸ ਕੋਲ ਜਾਇਦਾਦ ਦਾ ਮੁਖਤਾਰਨਾਮਾ ਸੀ। ਇਹ ਜ਼ਮੀਨ ਅਸਲ ਵਿਚ ਬਿੱਟੂ ਦੇ ਮਾਮੇ ਪਾਲ ਸਿੰਘ ਦੀ ਸੀ।

ਬਿੱਟੂ ਨੇ ਅਪਰੈਲ 2016 ਵਿਚ ਈ.ਡੀ. ਦੇ ਸਾਹਮਣੇ ਆਪਣੇ ਇਕਬਾਲੀਆ ਬਿਆਨ ਵਿਚ ਕਿਹਾ ਸੀ ਕਿ ਉਹ ਇਸ ਜ਼ਮੀਨੀ ਲੈਣ-ਦੇਣ ਦਾ 'ਗਵਾਹ' ਸੀ, ਤੇ ਪਾਲ ਸਿੰਘ ਦੀ ਕੁਝ ਮਹੀਨਿਆਂ ਬਾਅਦ ਮੌਤ ਹੋ ਗਈ ਸੀ। ਹਾਲਾਂਕਿ, ਉਹ ਈ.ਡੀ.

*(ਬਾਕੀ ਅਗਲੇ ਸਫੇ 'ਤੇ)*

# ਪੂਰੀਆਂ ਪਾਉਣ ਵਾਲੇ ਰੰਗ ਨਾ ਹੋਏ ਕਾਂਗਰਸ ਦੇ ਤਾਂ ਫਿਰ ਹੋਊਗਾ ਕੀ?

## ਸਿਆਸਤ ਦਾ ਪਿੜ



ਜਤਿੰਦਰ ਪਨੂੰ
ਫੋਨ: 91-98140-68455

ਪਿਛਲੇ ਦਿਨੀਂ ਪੰਜਾਬ ਸਰਕਾਰ ਦਾ ਮੁਖੀ ਬਦਲੇ ਜਾਣ ਦੀਆਂ ਘਟਨਾਵਾਂ ਮਗਰੋਂ ਲਗਭਗ ਹਰ ਕਿਸੇ ਪੱਤਰਕਾਰ ਨੇ ਆਪੋ-ਆਪਣੀ ਸੋਚ ਮੁਤਾਬਕ ਇਸ ਉੱਤੇ ਟਿੱਪਣੀਆਂ ਕੀਤੀਆਂ ਸਨ। ਜਿਹੜੀ ਟਿੱਪਣੀ ਸਭ ਤੋਂ ਜ਼ਿਆਦਾ ਠੀਕ ਲੱਗੀ, ਉਹ ਇਹ ਸੀ ਕਿ ਪੰਜਾਬ ਦੀ ਕਾਂਗਰਸ ਇੱਕ ਵਾਰ ਫਿਰ ਓਸੇ ਹਾਲ ਵਿਚ ਜਾ ਪਹੁੰਚੀ ਹੈ, ਜਿਸ ਵਿਚ ਉਦੋਂ ਮੁੱਖ ਮੰਤਰੀ ਹਰਚਰਨ ਸਿੰਘ ਬਰਾੜ ਅਤੇ ਉਸ ਨੂੰ ਹਟਾ ਕੇ ਮੁੱਖ ਮੰਤਰੀ ਬਣੀ ਬੀਬੀ ਰਾਜਿੰਦਰ ਕੌਰ ਭੱਠਲ ਦੇ ਆਪੋ ਵਿਚ ਲੱਗੇ ਆਢੇ ਨੇ ਪੁਚਾਈ ਸੀ। ਉਦੋਂ ਬੀਬੀ ਭੱਠਲ ਨੂੰ ਪਹਿਲਾਂ ਡਿਪਟੀ ਮੁੱਖ ਮੰਤਰੀ ਬਣਾਇਆ ਸੀ ਤੇ ਫਿਰ ਨਵੰਬਰ ਵਿਚ ਮੁੱਖ ਮੰਤਰੀ ਬਣਾ ਕੇ ਅਗਲੀਆਂ ਚੋਣਾਂ ਦੇ ਨੇੜੇ ਕੀਤੀ ਤਬਦੀਲੀ ਨੇ ਕਾਂਗਰਸ ਦਾ ਕੁਝ ਨਹੀਂ ਸੀ ਸੰਵਾਰਿਆ। ਸਾਬਕਾ ਮੁੱਖ ਮੰਤਰੀ ਹਰਚਰਨ ਸਿੰਘ ਬਰਾੜ ਤੇ ਉਸ ਦਾ ਧੜਾ ਬੀਬੀ ਭੱਠਲ ਤੋਂ ਡਰਦਾ ਘਰੀਂ ਜਾ ਬੈਠਾ ਅਤੇ ਅੰਦਰ-ਖਾਤਿਓਂ ਆਪਣੀ ਪਾਰਟੀ ਵਿਰੁੱਧ ਪ੍ਰਕਾਸ਼ ਸਿੰਘ ਬਾਦਲ ਦੀ ਅਗਵਾਈ ਵਾਲੇ ਰਾਜਸੀ ਗੱਠਜੋੜ ਦੀ ਮਦਦ ਕਰਦਾ ਰਿਹਾ ਸੀ। ਇਸ ਵਾਰ ਸਤੰਬਰ ਵਿਚ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੂੰ ਕੁਰਸੀ ਛੱਡਣੀ ਪਈ ਹੈ, ਪਰ ਉਹ ਹਰਚਰਨ ਸਿੰਘ ਬਰਾੜ ਵਾਂਗ ਚੁੱਪ ਕੀਤਾ ਘਰੇ ਬਹਿਣ ਵਾਲਾ ਨਹੀਂ, ਸਿੱਧਾ ਭੇੜ ਭਿੜਨ ਦੇ ਦਬਕੇ ਮਾਰਦਾ ਹੈ ਤੇ ਤਬਦੀਲੀ ਪਿੱਛੋਂ ਉਸ ਦਾ ਧੜਾ ਵੀ ਰਾਜ ਵਿਚੋਂ ਆਪਣਾ ਹਿੱਸਾ ਲੈਣ ਲਈ ਸਾਰਾ ਤਾਣ ਲਾ ਰਿਹਾ ਹੈ। ਦੋ ਡਿਪਟੀ ਮੁੱਖ ਮੰਤਰੀ ਬਣਉਣ ਦੇ ਵਕਤ ਵੀ ਇੱਕ ਜਣਾ ਕੈਪਟਨ ਧੜੇ ਤੋਂ ਲੈਣ ਲਈ ਪਾਰਟੀ ਦਾ ਮਜਬੂਰੀ ਵਿਚ ਮੰਨਣਾ ਇਸ ਦਾ ਸਬੂਤ ਹੈ ਕਿ ਉਸ ਧੜੇ ਨੂੰ ਨਾਰਾਜ਼ ਰੱਖਣ ਦਾ ਨੁਕਸਾਨ ਪਾਰਟੀ ਜਾਣਦੀ ਹੈ ਤੇ ਕੈਪਟਨ ਧੜਾ ਵੀ ਇਸ ਸਥਿਤੀ ਵਿਚ ਸ਼ਰੀਕਾਂ ਅੱਗੇ ਹਥਿਆਰ ਸੁੱਟਣ ਦੀ ਥਾਂ ਵਜ਼ੀਰੀਆਂ ਦੀ ਵੰਡ ਤੋਂ ਬਾਅਦ ਟਿਕਟਾਂ ਦੀ ਵੰਡ ਵਿਚ ਵੀ ਲੱਤ ਅੜਾਉਣ ਲਈ ਪੂਰੀ ਤਿਆਰੀ ਵੱਟੀ ਬੈਠਾ ਹੈ।

ਕਿਸੇ ਵੀ ਰਾਜ ਕਰਦੀ ਪਾਰਟੀ ਦਾ ਨਾਰਾਜ਼ ਧੜਾ ਜੋ ਵੀ ਕਰਦਾ ਫਿਰੇ, ਉਸ ਨੂੰ ਕੋਈ ਰੋਕਦਾ ਨਹੀਂ ਹੁੰਦਾ ਤੇ ਰਾਜ ਕਰਦੇ ਧੜੇ ਉੱਤੇ ਜ਼ਿੰਮੇਵਾਰੀ ਪੈ ਜਾਂਦੀ ਹੈ ਕਿ ਉਹ ਨਾਰਾਜ਼ ਧੜੇ ਨੂੰ ਵੀ ਨਾਲ ਲੈ ਕੇ ਚੱਲੇ ਤੇ ਉਨ੍ਹਾਂ ਦਾ ਗੁੱਸਾ-ਗਿਲਾ ਕੁਝ ਠੰਢਾ ਕਰਨ ਦਾ ਯਤਨ ਕਰੇ। ਇਸ ਮਾਮਲੇ ਵਿਚ ਇਸ ਵਾਰੀ ਰਾਜ ਸੰਭਾਲਣ ਵਾਲੇ ਧੜੇ ਦੇ ਆਗੂ ਸੁਚੇਤ ਹੋ ਕੇ ਨਹੀਂ ਚੱਲ ਸਕੇ ਅਤੇ ਜਿਨ੍ਹਾਂ ਕੋਲੋਂ ਰਾਜ ਖੋਹਿਆ ਹੈ, ਉਨ੍ਹਾਂ ਨੂੰ ਹਰ ਨਵੇਂ ਦਿਨ ਨਵੀਂ ਹੁੱਝ ਮਾਰਨ ਦੇ ਯਤਨ ਕਰਦੇ ਪਏ ਹਨ। ਨਤੀਜਾ ਇਸ ਦਾ ਇਹ ਹੋਵੇਗਾ ਕਿ ਉਨ੍ਹਾਂ ਨੇ ਜੇ ਕੋਈ ਵਿਰੋਧ ਅੰਦਰ-ਖਾਤੇ ਵੀ ਕਰਨਾ ਸੀ ਤਾਂ ਇਸ ਦੀ ਲੋੜ ਨਹੀਂ ਰਹਿਣੀ, ਉਹ ਨੰਗੇ ਧੜ ਇਸ ਧੜੇ ਦੀ ਅਗਵਾਈ ਹੇਠ ਚੱਲਦੀ ਸਰਕਾਰ ਤੇ ਪਾਰਟੀ ਦਾ ਵਿਰੋਧ ਕਰਨਗੇ। ਨਵਾਂ ਮੁੱਖ ਮੰਤਰੀ ਬਣਾ ਲੈਣ ਦੇ ਬਾਵਜੂਦ ਇੱਕ ਹਫਤਾ ਇਹੋ ਤੈਅ ਨਹੀਂ ਕੀਤਾ ਜਾ ਸਕਿਆ ਕਿ ਮੰਤਰੀ ਕੌਣ-ਕੌਣ ਬਣਾਉਣਾ ਹੈ ਤੇ ਇਸ ਕੰਮ ਲਈ ਹਰ ਦੂਸਰੇ ਦਿਨ ਦਿੱਲੀ ਨੂੰ ਦੌੜ ਲੱਗਦੀ ਰਹੀ ਹੈ। ਇਹ ਦੌੜ ਹੀ ਸਰਕਾਰ ਦੀ ਕਮਜ਼ੋਰੀ ਜਾਹਰ ਕਰਦੀ ਹੈ।

ਦੂਸਰੀ ਗੱਲ ਇਹ ਕਿ ਜਿਨ੍ਹਾਂ ਨੇ ਪਹਿਲਾਂ ਕੈਪਟਨ ਅਮਰਿੰਦਰ ਸਿੰਘ ਦੇ ਖਿਲਾਫ ਲੜਾਈ ਲੜੀ ਤੇ ਆਖਰ ਉਸ ਨੂੰ ਕੁਰਸੀ ਛੱਡਣ ਨੂੰ



ਪੰਜਾਬ ਦਾ ਮੌਜੂਦਾ ਮੁੱਖ ਮੰਤਰੀ ਤੇ ਸਾਬਕਾ ਮੁੱਖ ਮੰਤਰੀ

ਮਜਬੂਰ ਕੀਤਾ, ਉਨ੍ਹਾਂ ਤੋਂ ਡਰ ਕੇ ਹਰਚਰਨ ਸਿੰਘ ਬਰਾੜ ਵਾਂਗ ਚੁੱਪ ਹੋਣ ਦੀ ਥਾਂ ਕੈਪਟਨ ਅਮਰਿੰਦਰ ਸਿੰਘ ਨੇ ਖੜ੍ਹੇ ਪੈਰ ਉਨ੍ਹਾਂ ਨਾਲ ਮੋਰਚਾ ਆਢਾ ਲਾ ਲਿਆ ਹੈ। ਉਹ ਇਸ ਗੱਲ ਵਿਚ ਕਾਮਯਾਬ ਰਿਹਾ ਕਿ ਹੋਰ ਜਿਸ ਨੂੰ ਵੀ ਅੱਗੇ ਲਾ ਲਵੋ, ਨਵਜੋਤ ਸਿੰਘ ਸਿੱਧੂ ਤੇ ਸੁਖਜਿੰਦਰ ਸਿੰਘ ਰੰਧਾਵਾ ਜਾਂ ਸੁਨੀਲ ਜਾਖੜ ਨਹੀਂ ਬਣਨ ਦੇਣੇ। ਕਾਂਗਰਸ ਹਾਈ ਕਮਾਂਡ ਨੂੰ ਇਸ ਉੱਤੇ ਝੁਕਣਾ ਪਿਆ ਤਾਂ ਚਰਨਜੀਤ ਸਿੰਘ ਚੰਨੀ ਦਾ ਗੁਣਾ ਪੈ ਗਿਆ, ਜਿਸ ਦਾ ਇਸ ਅਹੁਦੇ ਲਈ ਅੱਗੇ ਕਦੀ ਨਾਂ ਨਹੀਂ ਸੀ ਸੁਣਿਆ, ਪਰ ਖੇਡ ਵਿਗਾੜਨ ਦਾ ਅਗਲਾ ਰਾਹ ਕੈਪਟਨ ਧੜੇ ਤੋਂ ਵੱਧ ਕੈਪਟਨ-ਵਿਰੋਧੀਆਂ ਨੇ ਇਸ ਤਰ੍ਹਾਂ ਫੜ ਲਿਆ ਹੈ ਕਿ ਜੇ ਉਹ ਨਾ ਸੁਧਰੇ ਤਾਂ ਸਰਕਾਰ ਤੇ ਪਾਰਟੀ ਦੋਵਾਂ ਨੂੰ ਲੈ ਬੈਠਣਗੇ। ਮੁੱਖ ਮੰਤਰੀ ਤਾਂ ਮੁੱਖ ਮੰਤਰੀ ਹੁੰਦਾ ਹੈ, ਜਿੰਨੀ ਦੇਰ ਚਰਨਜੀਤ ਸਿੰਘ ਚੰਨੀ ਨੂੰ ਇਹ ਅਹੁਦਾ ਨਹੀਂ ਸੀ ਮਿਲਿਆ, ਉਦੋਂ ਤੱਕ ਹੋਰ ਗੱਲ ਸੀ, ਮੁੱਖ ਮੰਤਰੀ ਬਣਨ ਪਿੱਛੋਂ ਉਸ ਨੂੰ ਕੰਮ ਵੀ ਕਰਨ ਦੇਣਾ ਚਾਹੀਦਾ ਹੈ, ਪਰ ਉਸ ਨੂੰ ਮੁੱਖ ਮੰਤਰੀ ਬਣਾਉਣ ਵਾਲੀ ਟੋਲੀ ਆਮ ਲੋਕਾਂ ਨੂੰ ਇਹ ਦੱਸਣ ਰੁੱਝੀ ਹੋਈ ਹੈ ਕਿ ਇਸ ਨੂੰ ਬਣਾਇਆ ਅਸੀਂ ਹੈ ਤਾਂ ਚਲਾਉਂਦੇ ਵੀ ਅਸੀਂ ਹਾਂ। ਇਸ ਨਾਲ ਚਰਨਜੀਤ ਸਿੰਘ ਚੰਨੀ ਦੀ ਪੁਜ਼ੀਸ਼ਨ ਕਮਜ਼ੋਰ ਹੁੰਦੀ ਜਾ ਰਹੀ ਹੈ ਅਤੇ ਜੇ ਇਹ ਹੋਰ ਕਮਜ਼ੋਰ ਹੋਈ ਤਾਂ ਇਸ ਦਾ ਲਾਭ ਅਕਾਲੀ ਦਲ, ਆਮ ਆਦਮੀ ਪਾਰਟੀ ਜਾਂ ਫਿਰ ਪਾਰਟੀ ਵਿਚਲੇ ਕੈਪਟਨ ਧੜੇ ਨੂੰ ਹੋਵੇਗਾ। ਇਹ ਗੱਲ ਉਹ ਟੀਮ ਨਹੀਂ ਸੋਚਦੀ।

ਸਥਿਤੀ ਦਾ ਦੂਸਰਾ ਪੱਖ ਇਹ ਹੈ ਕਿ ਭਾਜਪਾ ਅਜੇ ਤੱਕ ਪੰਜਾਬ ਵਿਚ ਆਪਣੇ ਪੈਰ ਨਹੀਂ ਲਾ ਸਕੀ ਤੇ ਲਾਉਣ ਦੀ ਹਾਲੇ ਗੁੰਜਾਇਸ਼ ਵੀ ਕੋਈ ਨਹੀਂ ਲੱਗਦੀ, ਪਰ ਕਾਂਗਰਸ ਲਈ ਮੈਦਾਨ ਖਾਲੀ ਨਹੀਂ। ਆਮ ਆਦਮੀ ਪਾਰਟੀ ਵਿਚ ਇਸ ਦੇ ਕੌਮੀ ਕਨਵੀਨਰ ਦੀਆਂ ਗਲਤ ਗਿਣਤੀਆਂ ਕਾਰਨ ਅਜੇ ਤੱਕ ਕਈ ਤਰ੍ਹਾਂ ਦੀਆਂ ਉਲਝਣਾਂ ਹਨ, ਪਰ ਉਲਝਣਾਂ ਹੁੰਦੇ ਹੋਏ ਵੀ ਇਸ ਵੇਲੇ ਆਮ ਲੋਕਾਂ ਵਿਚ ਇਸ ਪਾਰਟੀ ਵੱਲ ਇੱਕ ਖਾਸ ਤਰ੍ਹਾਂ ਦੀ ਖਿੱਚ ਮੌਜੂਦ ਹੈ। ਪਾਰਟੀ ਦੀ ਹਾਈ ਕਮਾਨ ਅੱਜ ਉਲਝਣਾਂ ਦੂਰ ਕਰ ਕੇ ਸਿੱਧੇ ਮੂੰਹ ਚੱਲ ਪਵੇ ਤਾਂ ਇਹ ਪਾਰਟੀ ਚੋਖੀ ਖੱਟੀ ਖੱਟ ਰਹੀ ਜਾਪਦੀ ਹੈ, ਪਰ ਬਦਕਿਸਮਤੀ ਨਾਲ ਕੇਜਰੀਵਾਲ ਸਾਹਿਬ ਨੇ ਕੀ ਕਰਨਾ ਹੈ, ਸ਼ਾਇਦ ਖੁਦ ਉਸ ਨੂੰ ਵੀ ਬਹੁਤੀ ਵਾਰ ਪਤਾ ਨਹੀਂ ਹੁੰਦਾ ਅਤੇ ਸੋਚਾਂ ਵਿਚ ਵਕਤ ਲੰਘਾ ਕੇ ਆਖਰੀ ਵਕਤ ਅਟਕਲ-ਪੱਚੂ ਚਾਲਾਂ ਚੱਲਣ ਲੱਗਦਾ ਹੈ। ਜਿਹੜੀ ਗੱਲ ਬਾਰੇ ਕਾਂਗਰਸ, ਆਮ ਆਦਮੀ ਪਾਰਟੀ ਤੇ ਭਾਜਪਾ ਦੇ ਲੀਡਰ ਅਜੇ ਤੱਕ ਇਹ ਸੋਚ ਕੇ ਅਵੇਸਲੇ ਹਨ ਕਿ ਆਮ ਲੋਕਾਂ ਨੇ ਉਸ ਪਾਰਟੀ ਨੂੰ ਮੂੰਹ ਹੀ ਨਹੀਂ ਲਾਉਣਾ, ਪਿਛਲੇ ਦਿਨਾਂ ਦੀ ਸਰਗਰਮੀ ਵਿਚ ਉਸ ਅਕਾਲੀ ਦਲ ਦੀਆਂ ਰੈਲੀਆਂ ਤੇ ਹੋਰ ਪ੍ਰੋਗਰਾਮਾਂ ਵਿਚ ਭੀੜ ਅੱਗੇ ਨਾਲੋਂ ਵਧਣ ਲੱਗ ਪਈ ਹੈ। ਜਦੋਂ ਉਨ੍ਹਾਂ ਦੀ ਹਰ ਰੈਲੀ ਤੇ ਹਰ ਮਾਰਚ ਦੇ ਵਕਤ ਕਿਸਾਨਾਂ ਨਾਲ ਜਾਂ ਕਿਸੇ ਹੋਰ ਪੰਥਕ ਧਿਰ ਸਿੱਧਾ ਪੇਚਾ ਪੈਣ ਦਾ ਖਤਰਾ ਹੋਵੇ, ਉਸ ਵਕਤ ਵੀ ਜੇ ਇਸ ਪਾਰਟੀ ਦੇ ਪ੍ਰੋਗਰਾਮਾਂ ਵਿਚ ਲੋਕਾਂ ਦੀ ਭੀੜ ਵਧਦੀ ਹੈ ਤਾਂ ਇਸ ਨੂੰ ਨੋਟ ਕਰਨਾ ਚਾਹੀਦਾ ਹੈ। ਆਮ ਆਦਮੀ ਇਹ ਨਹੀਂ ਸੋਚਦਾ ਹੁੰਦਾ ਕਿ ਸੁਖਬੀਰ ਸਿੰਘ ਬਾਦਲ ਦੇ ਬਿਆਨਾਂ ਵਿਚ ਅਟਪਟੀਆਂ ਗੱਲਾਂ ਕਿੰਨੀਆਂ ਹਨ, ਜਦੋਂ ਆਮ ਲੋਕ ਰਾਜ ਕਰਦੀ ਧਿਰ ਦੇ ਮੁਕਾਬਲੇ ਦਾ ਬਦਲ ਲੱਭਣ ਤੁਰ ਪੈਣ ਤਾਂ ਉਹ ਇਸ ਤਰ੍ਹਾਂ ਦੀਆਂ ਗੱਲਾਂ ਨੂੰ ਅੱਖੋਂ ਪਰੋਖੇ ਕਰ ਕੇ ਉਸ ਪਾਰਟੀ ਨਾਲ ਵੀ ਤੁਰ ਪੈਂਦੇ ਹੁੰਦੇ ਹਨ, ਜਿਸ ਨੂੰ ਦਿਲੋਂ ਕਈ ਵਾਰੀ ਉਹ ਪਸੰਦ ਨਹੀਂ ਕਰਦੇ ਹੁੰਦੇ। ਏਦਾਂ ਹੁੰਦਾ ਅਸੀਂ ਕਈ ਵਾਰ ਵੇਖਿਆ ਹੈ। ਅਕਾਲੀ ਦਲ ਦੇ ਮਗਰ ਵੀ ਇਸ ਵਕਤ ਜਾਂਦੀ ਭੀੜ ਇਸ ਵੇਲੇ ਚੱਲ ਰਹੇ ਕਾਂਗਰਸੀ ਰਾਜ ਦਾ ਬਦਲ ਲੱਭਣ ਵਾਲੀ ਜਾਪਦੀ ਹੈ। ਅੱਜ ਕੇਜਰੀਵਾਲ ਆਪਣੀ ਪਾਰਟੀ ਦੀਆਂ ਉਲਝਣਾਂ ਖਤਮ ਕਰ ਕੇ ਇੱਕ ਠੋਸ ਨੀਤੀ ਲੋਕਾਂ ਮੂਹਰੇ ਰੱਖ ਕੇ ਚੱਲ ਪਵੇ ਤਾਂ ਸਥਿਤੀ ਉਸ ਵੱਲ ਨੂੰ ਝੁਕ ਸਕਦੀ ਹੈ, ਪਰ ਕਿਉਂਕਿ ਉਹ ਏਦਾਂ ਦਾ ਕੁਝ ਕਰ ਨਹੀਂ ਰਿਹਾ, ਇਸ ਲਈ ਮੌਜੂਦਾ ਸਥਿਤੀ ਵਿਚ ਆਮ ਲੋਕ ਰਾਜ ਕਰਦੀ ਧਿਰ ਦਾ ਬਦਲ ਲੱਭਣ ਲਈ ਕਿੱਧਰ ਨੂੰ ਖਿਸਕ ਸਕਦੇ ਹਨ, ਸਾਰਿਆਂ ਨੂੰ ਪਤਾ ਹੈ।

ਮੁੱਖ ਮੰਤਰੀ ਬੇਅੰਤ ਸਿੰਘ ਦੀ ਸਰਕਾਰ ਦੇ ਦੌਰਾਨ ਜਿਹੜਾ ਅਕਾਲੀ ਦਲ ਇੱਕ ਲੋਕ ਸਭਾ ਉਪ ਚੋਣ ਬੁਰੀ ਤਰ੍ਹਾਂ ਹਾਰ ਚੁੱਕਾ ਸੀ ਅਤੇ ਬੁਰੀ ਤਰ੍ਹਾਂ ਵੰਡਿਆ ਪਿਆ ਸੀ, ਅਕਾਲੀ ਦਲ ਦੇ ਸੱਤ ਧੜੇ ਸ੍ਰੀ ਅਕਾਲ ਤਖਤ ਨੂੰ ਸਮਰਪਿਤ ਹੋਣ ਦੇ ਬਹਾਨੇ ਹੇਠ ਪ੍ਰਕਾਸ਼ ਸਿੰਘ ਬਾਦਲ ਨੂੰ ਥੱਲੇ ਲਾਉਣਾ ਚਾਹੁੰਦੇ ਸਨ, ਉਸ ਵਕਤ ਤਿੰਨ ਵਿਧਾਨ ਸਭਾ ਚੋਣਾਂ ਵਿਚ ਉਹੀ ਇਕੱਲਾ ਬਾਦਲ ਧੜਾ ਦੋ ਸੀਟਾਂ ਜਿੱਤ ਕੇ ਬਹੁਤ ਵੱਡੀ ਧਿਰ ਬਣ ਗਿਆ ਸੀ। ਕਾਰਨ ਇਹ ਨਹੀਂ ਸੀ ਕਿ ਲੋਕਾਂ ਨੂੰ ਬਾਦਲ ਕੋਈ ਚੰਗਾ ਲੀਡਰ ਲੱਗਣ ਲੱਗ ਪਿਆ ਸੀ, ਅਸਲ ਇਹ ਸੀ ਕਿ ਬਾਦਲ ਉਸ ਵਕਤ ਰਾਜ ਕਰਦੀ ਧਿਰ ਦਾ ਬਦਲ ਪੇਸ਼ ਕਰਦਾ ਪਿਆ ਸੀ ਤੇ ਦੂਸਰੇ ਹੋਰਨਾਂ ਖੇਡਾਂ ਵਿਚ ਰੁੱਝੇ ਹੋਏ ਸਨ।

ਇਸ ਵੇਲੇ ਫਿਰ ਲੋਕਾਂ ਨੂੰ ਇੱਕ ਬਦਲ ਦੀ ਲੋੜ ਜਾਪਦੀ ਹੈ। ਕਾਂਗਰਸ ਪਾਰਟੀ ਅਜੇ ਵੀ ਇਸ ਵਹਿਮ ਵਿਚ ਹੈ ਕਿ ਸਾਡੇ ਮੁਕਾਬਲੇ ਦੀ ਕੋਈ ਧਿਰ ਹੀ ਨਹੀਂ ਤਾਂ ਅਸੀਂ ਭਾਵੇਂ ਛਿੱਤਰੀਂ ਦਾਲ ਵੰਡੀ ਜਾਈਏ, ਲੋਕਾਂ ਨੂੰ ਵੋਟ ਫਿਰ ਵੀ ਸਾਨੂੰ ਹੀ ਪਾਉਣੀ ਪੈਣੀ ਹੈ। ਅਮਲੀ ਵੀ ਇਸੇ ਭਾਅ ਵਿਚ ਬੇਰੀ ਹੇਠ ਜਾ ਸੁੱਤਾ ਸੀ ਕਿ ਬੇਰ ਜਦੋਂ ਵੀ ਡਿੱਗੇਗਾ ਤਾਂ ਮੇਰਾ ਮੂੰਹ ਖੁੱਲ੍ਹਾ ਵੇਖ ਕੇ ਇਸੇ ਵਿਚ ਡਿੱਗੇਗਾ। ਕਾਂਗਰਸ ਪਾਰਟੀ ਵੀ ਇਸੇ ਭਾਅ ਵਿਚ ਲੋਕਾਂ ਦੀ ਚਿੰਤਾ ਛੱਡ ਕੇ ਤਖਤ ਉੱਤੇ ਕਬਜ਼ੇ ਕਰਨ ਦੀ ਜੰਗ ਵਿਚ ਸਾਰਾ ਤਾਣ ਲਾਈ ਜਾਂਦੀ ਹੈ ਤੇ ਹੇਠੋਂ ਖਿਸਕਦੀ ਜਾਂਦੀ ਜ਼ਮੀਨ ਬਾਰੇ ਚਿੰਤਾ ਕਰ ਸਕਣੀ ਉਸ ਦੇ ਵੱਸ ਦੀ ਗੱਲ ਹੀ ਨਹੀਂ ਜਾਪਦੀ। ਕੁਰਸੀਆਂ ਦੀ ਇਹ ਖੇਡ ਕਾਂਗਰਸ ਪਾਰਟੀ ਨੂੰ ਲੈ ਬੈਠੇਗੀ, ਪਰ ਉਸ ਦਾ ਬਦਲ ਲੱਭਣ ਲਈ ਲੋਕ ਕਿਹੜੀ ਧਿਰ ਵਿਚ ਭਰੋਸਾ ਕਰਨਗੇ, ਇਹ ਕਹਿਣਾ ਅੱਜ ਦੀ ਘੜੀ ਔਖਾ ਹੁੰਦਿਆਂ ਵੀ ਹਾਲਾਤ ਜਿੱਧਰ ਜਾ ਰਹੇ ਹਨ, ਇਸ ਬਾਰੇ ਕਈ ਤਰ੍ਹਾਂ ਦੇ ਕਿਆਫੇ ਲਾਏ ਜਾ ਸਕਦੇ ਹਨ, ਫਿਰ ਵੀ ਅਸੀਂ ਲਾਵਾਂਗੇ ਨਹੀਂ। ਸਿਰਫ ਇਹ ਕਹਿ ਸਕਦੇ ਹਾਂ ਕਿ ਹੋਰ ਤਾਂ ਸਭ ਕੁਝ ਸੰਭਵ ਹੈ, ਪਰ ਜਿਹੜੀ ਗੱਲ ਕਹਿ ਕੇ ਕਾਂਗਰਸੀਆਂ ਨੇ ਕੈਪਟਨ ਅਮਰਿੰਦਰ ਸਿੰਘ ਕੋਲੋਂ ਕੁਰਸੀ ਛੁਡਾਈ ਹੈ, ਨਾ ਉਸ ਦਾ ਕੋਈ ਲਾਭ ਉਨ੍ਹਾਂ ਨੂੰ ਹੁੰਦਾ ਜਾਪਦਾ ਹੈ, ਨਾ ਕੈਪਟਨ ਦੇ ਮੋੜੇ ਦਾ ਰਾਹ ਖੁੱਲ੍ਹ ਸਕਣਾ ਹੈ।

## ਨਸ਼ਿਆਂ ਖਿਲਾਫ ਪੰਜਾਬ ਸਰਕਾਰ ਦੀ ਫਰੇਬੀ ਜੰਗ-2

(ਪਿਛਲੇ ਸਫੇ ਦੀ ਬਾਕੀ)

ਜਾਂ ਪੰਜਾਬ ਪੁਲਿਸ ਨੂੰ ਕੋਈ ਸਬੂਤ ਪੇਸ਼ ਕਰਨ ਵਿਚ ਅਸਫਲ ਰਿਹਾ ਕਿ ਕੌਰ ਨੇ ਅਸਲ ਵਿਚ ਜਾਇਦਾਦ ਦੀ ਕੀਮਤ ਦੇ ਪੈਸੇ ਅਦਾ ਕੀਤੇ ਸਨ। ਈ.ਡੀ. ਦੇ ਇਕ ਅਫਸਰ ਨੇ ਦੱਸਿਆ ਕਿ ਪਾਲ ਸਿੰਘ ਦਾ ਸਿਰਫ ਇਕ ਹੀ ਬੈਂਕ ਖਾਤਾ ਸੀ, ਤੇ ਇਸ ਵਿਚ ਜ਼ਮੀਨੀ ਲੈਣ-ਦੇਣ ਲਈ ਕੋਈ ਪੈਸਾ ਜਮ੍ਹਾਂ ਨਹੀਂ ਹੋਇਆ ਸੀ। ਉਸ ਨੇ ਕਿਹਾ, "ਹੁਣ ਤੱਕ ਸਬੂਤ ਵਜੋਂ ਦਸਤਾਵੇਜ਼ ਇਹ ਨਹੀਂ ਦਿਖਾਉਂਦੇ ਕਿ ਉਕਤ ਸੌਦੇ ਲਈ ਕੋਈ ਪੈਸਾ ਦਿੱਤਾ ਗਿਆ ਸੀ।"

ਇਸ ਨਾਲ ਇਹ ਕਿਆਸ ਲਗਾਏ ਜਾ ਰਹੇ ਹਨ ਕਿ ਇਹ ਜਾਇਦਾਦ ਨਸ਼ੇ ਦੇ ਸੌਦੇ ਵਿਚ ਵੱਢੀ ਹੋ ਸਕਦੀ ਹੈ। ਪੀ.ਐਚ.ਆਰ.ਓ., ਜਿਸ ਵੱਲੋਂ ਭੋਲਾ ਡਰੱਗ ਕੇਸ ਦੀ ਜਾਂਚ ਕੀਤੀ ਜਾ ਰਹੀ ਹੈ, ਵੱਲੋਂ ਸਤੰਬਰ 2018 'ਚ ਦਿੱਤੇ ਹਲਫਨਾਮੇ ਅਨੁਸਾਰ, "ਯੋਜਨਾ ਅਨੁਸਾਰ, ਬਿੱਟੂ ਨੂੰ ਦੱਸਿਆ ਗਿਆ ਸੀ ਕਿ ਕੱਚੇ ਮਾਲ/ਰਸਾਇਣ ਦੀ ਗੁਣਵੱਤਾ ਚੰਗੀ ਨਹੀਂ ਸੀ ਅਤੇ ਸੌਦਾ ਰੱਦ ਕਰ ਦਿੱਤਾ ਗਿਆ ਸੀ। ਦੂਜੇ ਪਾਸੇ ਮਜੀਠੀਏ, ਸੱਤੇ, ਚਾਹਲ ਅਤੇ ਪਿੰਡੀ ਨੇ ਉੱਤਰੀ ਅਮਰੀਕਾ ਸਮੇਤ ਬਦੇਸ਼ਾਂ ਵਿਚ ਸੂਡੋ-ਫੈਡਰਾਈਨ ਆਦਿ ਦੀ ਸਪਲਾਈ ਦਾ ਕਾਰੋਬਾਰ ਸ਼ੁਰੂ ਕੀਤਾ। ਬਿੱਟੂ ਔਲਖ ਕੋਲ ਰੱਖੇ ਗਏ ਪੇਸ਼ਗੀ ਪੈਸੇ (ਸੱਤੇ ਅਤੇ ਚਹਿਲ ਦਰਮਿਆਨ ਨਸ਼ੇ ਦੇ ਸੌਦੇ ਲਈ) ਵਾਪਸ ਮੰਗੇ ਗਏ ਅਤੇ ਬਿੱਟੂ (ਉਸ ਪੈਸੇ ਦੇ ਬਦਲੇ) ਨੇ ਇਕ ਜਾਇਦਾਦ ਮਜੀਠੀਆ ਦੀ ਪਤਨੀ ਗਨੀਵ ਕੌਰ ਦੇ ਨਾਂ ਕਰ ਦਿੱਤੀ।

13 ਫਰਵਰੀ ਨੂੰ ਮੁਹਾਲੀ ਦੀ ਸੀ.ਬੀ.ਆਈ. ਅਦਾਲਤ ਨੇ ਚਾਹਲ ਨੂੰ ਦੋਸ਼ੀ ਕਰਾਰ ਦਿੱਤਾ ਪਰ ਬਿੱਟੂ ਨੂੰ ਇਸ ਮਾਮਲੇ ਵਿਚ ਬਰੀ ਕਰ ਦਿੱਤਾ। ਹਾਲਾਂਕਿ, ਬਿੱਟੂ ਅਜੇ ਵੀ ਈ.ਡੀ. ਦੇ ਮਨੀ ਲਾਂਡਰਿੰਗ ਮਾਮਲੇ ਵਿਚ ਦੋਸ਼ੀ ਹੈ।

ਮਜੀਠੀਆ ਨੇ ਕਾਰਵਾਂ ਵੱਲੋਂ ਭੇਜੇ ਗਏ ਸਵਾਲਨਾਮੇ ਦਾ ਜਵਾਬ ਨਹੀਂ ਦਿੱਤਾ।

(ਚੱਲਦਾ)

# ਕੈਪਟਨ, ਕਾਂਤਾ ਚਾਵਲਾ ਤੇ ਹੋਰਨਾਂ ਦਾ ਨਵਾਂ ਜੱਲਿਆਂਵਾਲਾ

ਕੇਂਦਰ ਦੀ ਵਰਤਮਾਨ ਸਰਕਾਰ ਨੇ ਰਾਸ਼ਟਰਵਾਦੀ ਧਾਰਨਾ ਨੂੰ ਪ੍ਰਮੁੱਖਤਾ ਦੇਣ ਦੇ ਏਜੰਡੇ ਅਧੀਨ ਕਰੋਨਾ ਤਾਲਾਬੰਦੀ ਦੇ ਹਨੇਰੇ ਵਿਚ ਸਾਕਾ ਜੱਲਿਆਂਵਾਲਾ ਬਾਗ ਦੀ ਧਰਮ-ਨਿਰਪੱਖ ਤੇ ਸਾਂਝੀ ਵਿਰਾਸਤ ਨੂੰ ਉਜਾਗਰ ਕਰਨ ਦੀ ਥਾਂ ਰਾਸ਼ਟਰੀ ਸਰੂਪ ਦੇਣ ਦਾ ਦਾਅ ਖੇਡਿਆ ਹੈ। ਨਵੀਨੀਕਰਨ ਦੀ ਆੜ ਵਿਚ ਉਸ ਤੰਗ ਗਲੀ ਨੂੰ ਜਿੱਥੇ ਉਸ ਵੇਲੇ ਦੀ ਵਸੋਂ ਨੇ ਰੌਲਟ ਐਕਟ ਦਾ ਵਿਰੋਧ ਕੀਤਾ ਸੀ, ਨੱਚਦੇ-ਟੱਪਦੇ ਲੋਕਾਂ ਦੀਆਂ ਮੂਰਤੀਆਂ ਨਾਲ ਸ਼ਿੰਗਾਰ ਦਿੱਤਾ ਗਿਆ ਹੈ। ਗੋਰੀ ਸਰਕਾਰ ਦੀਆਂ ਗੋਲੀਆਂ ਤੋਂ ਬਚਣ ਲਈ ਸੁਤੰਤਰਤਾ ਪ੍ਰੇਮੀਆਂ ਨੇ ਜਿਸ



ਗੁਲਜ਼ਾਰ ਸਿੰਘ ਸੰਧੂ

ਖੂਹ ਵਿਚ ਛਾਲਾਂ ਮਾਰ ਕੇ ਜਾਨਾਂ ਗੰਵਾ ਲਈਆਂ ਸਨ, ਉਸ ਦੀਆਂ ਮੌਣਾਂ ਉਤੇ ਗੁੰਬਦ ਜਿਹਾ ਉਸਾਰ ਕੇ ਇਸ ਨੂੰ ਇੱਕ ਸ਼ੀਸ਼ੇ ਦਾ ਬਕਸਾ ਬਣਾ ਦਿੱਤਾ ਗਿਆ ਹੈ। ਇਸ ਦੀ ਡੂੰਘਾਈ ਦੇ ਦ੍ਰਿਸ਼ ਨਾਲ ਵੀ ਛੇੜ-ਛਾੜ ਕੀਤੀ ਗਈ ਹੈ। ਜਿਸ ਥਾਂ ਉਤੇ ਖਲੋ ਕੇ ਡਾਇਰ ਨੇ ਲੋਕਾਂ ਉਤੇ ਗੋਲੀ ਚਲਾਉਣ ਦਾ ਹੁਕਮ ਦਿੱਤਾ ਸੀ, ਉਹ ਮਿਟਾ ਦਿੱਤਾ ਗਿਆ ਹੈ। ਇਥੋਂ ਤੱਕ ਕਿ ਅਮਰ ਜਿਓਤੀ ਦੀ ਥਾਂ ਵੀ ਬਦਲ ਦਿੱਤੀ ਗਈ ਹੈ। ਸਰਕਾਰੀ ਦਸਤਾਵੇਜ਼ਾਂ ਅਨੁਸਾਰ 1650 ਗੋਲੀਆਂ ਦਾ ਸ਼ਿਕਾਰ ਹੋਣ, 379 ਸ਼ਹੀਦਾਂ ਤੇ 1137 ਜ਼ਖਮੀਆਂ ਦੀ ਬਾਤ ਪਾਉਂਦੀ ਇਸ ਵਿਰਾਸਤ ਦੀਆਂ ਗੈਲਰੀਆਂ ਵਿਚ 'ਆਜ਼ਾਦੀ ਸੰਗਰਾਮ' ਸ਼ਬਦਾਂ ਨੂੰ ਹਟਾ ਕੇ ਉਨ੍ਹਾਂ ਦੀ ਥਾਂ 'ਰਾਸ਼ਟਰਵਾਦ' ਸ਼ਬਦ ਦੀ ਵਰਤੋਂ ਕੀਤੀ ਗਈ ਹੈ। ਇਸ ਸਾਕੇ ਵਿਚ ਕੁਰਬਾਨ ਹੋਏ ਲੋਕਾਂ ਦੇ ਮੱਦਾਹਾਂ ਦੇ ਜ਼ਖਮਾਂ ਉਤੇ ਲੂਣ ਛਿੜਕਣ ਲਈ ਜੱਲਿਆਂਵਾਲਾ ਬਾਗ ਦੇ ਪ੍ਰਵੇਸ਼ ਦੁਆਰ ਉਤੇ ਟਿਕਟ ਖਿੜਕੀਆਂ ਬਣਾਈਆਂ ਗਈਆਂ, ਜਿੱਥੋਂ ਟਿਕਟ ਲੈਣ ਉਪਰੰਤ ਹੀ ਦੇਸ਼ ਵਾਸੀ ਸ਼ਹੀਦਾਂ ਦੀ ਕੁਰਬਾਨੀ ਨੂੰ ਸਿਜਦਾ ਕਰ ਸਕਣ।

ਜੱਲਿਆਂਵਾਲਾ ਬਾਗ ਦੀ ਨਵੀਂ ਦਿੱਖ ਹੁਣ ਧਰਮ ਨਿਰਪੱਖ ਤੇ ਸਾਂਝੀ ਵਿਰਾਸਤ ਦੀ ਥਾਂ ਟਿਕਟਾਂ ਰਾਹੀਂ ਕਮਾਏ ਪੈਸੇ ਦਾ ਸਾਧਨ ਹੋ ਕੇ ਰਹਿ ਜਾਵੇਗੀ। ਤਾਜ ਮਹੱਲ ਵਾਂਗ, ਜਿਸ ਬਾਰੇ ਸ਼ਾਇਰ ਲੁਧਿਆਣਵੀ ਦੇ ਲਿਖੇ ਬੋਲ ਚੇਤੇ ਆ ਰਹੇ ਹਨ:

ਇੱਕ ਸ਼ਹਿਨਸ਼ਾਹ ਨੇ ਦੌਲਤ ਕਾ ਲੇ ਕਰ ਸਹਾਰਾ
ਹਮ ਗਰੀਬੋਂ ਕੀ ਮੁਹੱਬਤ ਕਾ ਉੜਾਇਆ ਹੈ ਮਜ਼ਾਕ।

ਜੱਲਿਆਂਵਾਲੇ ਬਾਗ ਦੇ ਸਾਕੇ ਨੂੰ ਫਿਰੋਜ਼ਦੀਨ ਸ਼ਰਫ ਨੇ ਹਿੰਦੂ-ਮੁਸਲਿਮ ਏਕਤਾ ਦਾ ਪ੍ਰਤੀਕ ਲਿਖਿਆ ਸੀ (ਵੇਖੋ ਅੰਤਿਕਾ)। ਇਹ ਗੱਲ ਵੱਖਰੀ ਹੈ ਕਿ ਇਸ ਬਾਗ ਦੀ ਨਵੀਂ ਦਿੱਖ ਨੂੰ ਕੈਪਟਨ ਅਮਰਿੰਦਰ ਸਿੰਘ ਰਾਜੇ ਮਹਾਰਾਜਿਆਂ ਵਾਲੀ ਅੱਖ ਨਾਲ ਦੇਖ ਕੇ ਪਸੰਦ ਕਰ ਰਿਹਾ ਹੈ ਤੇ ਭਾਜਪਾ ਦੀ ਨੇਤਾ ਲਕਸ਼ਮੀ ਕਾਂਤਾ ਚਾਵਲਾ ਪ੍ਰੋਫੈਸਰ ਵਾਲੀ ਬੁੱਧੀਜੀਵੀ ਅੱਖ ਨਾਲ ਵੇਖ ਕੇ ਨਾਪਸੰਦ। ਸੰਭਵ ਹੈ ਕਿ ਕੱਲ੍ਹ ਨੂੰ ਕੋਈ ਸ਼ਾਇਰਾਨਾ ਅੱਖ ਇਹਦੇ ਬਾਰੇ ਹੇਠ ਲਿਖੇ ਬੋਲ ਬੋਲੇ:

ਇਕ ਸਰਕਾਰ ਨੇ ਕਾਰਪੋਰੇਟਾਂ ਕਾ ਲੇ ਕਰ ਸਹਾਰਾ
ਹਮ ਸ਼ਹੀਦੋਂ ਕੀ ਸ਼ਹਾਦਤ ਕਾ ਉੜਾਇਆ ਹੈ ਮਜ਼ਾਕ।

ਮੈਂ ਖੁਦ ਵੀ ਨਵਾਂ ਰੂਪ ਦੇਖ ਆਇਆ ਹਾਂ। ਮੇਰਾ ਨਿੱਜੀ ਪ੍ਰਤੀਕਰਮ ਕੀ ਹੈ, ਦੱਸਣ ਦੀ ਲੋੜ ਨਹੀਂ।

**ਪ੍ਰੀਤਨਗਰ ਦੇ ਵਿਹੜੇ ਸਿਰਜਣਾ ਦੀ ਮਹਿਕ:** ਪਿਛਲੇ ਹਫਤੇ ਪੰਜਾਬੀ ਦੀ ਤ੍ਰੈਮਾਸਕ ਸਾਹਿਤਕ ਰਸਾਲੇ 'ਸਿਰਜਣਾ' ਦੇ ਦੋ ਸੌ ਤੋਂ ਵਧ ਅੰਕ ਨਿਕਲਣ ਦਾ ਰਸਮੀ ਜਸ਼ਨ ਮੇਰੇ ਸਮਿਆਂ ਦੀ ਮੁਕੱਦਸ ਭੂਮੀ ਪ੍ਰੀਤਨਗਰ ਵਿਚ ਮਨਾਇਆ ਗਿਆ। ਅੱਜ ਦੇ ਬਿਜਲਈ ਮੀਡੀਆ ਯੁੱਗ ਵਿਚ ਚਿੱਟੇ ਕਾਗਜ਼ ਉਤੇ ਕਾਲੇ ਅੱਖਰਾਂ ਵਾਲੇ ਪਰਚੇ ਦਾ ਅੱਧੀ ਸਦੀ ਤੋਂ ਵੱਧ ਸਿਦਕ ਤੇ ਮੜਕ ਬਣਾਈ ਰੱਖਣਾ ਇੱਕ ਵਿਲੱਖਣ ਪ੍ਰਾਪਤੀ ਹੈ। 'ਫੁਲਵਾੜੀ', 'ਲੋਕ ਸਾਹਿਤ', 'ਪੰਜ ਦਰਿਆ', 'ਆਰਸੀ' ਤੇ 'ਨਾਗਮਣੀ' ਦੇ ਮਰਹੂਮ ਸੰਪਾਦਕ ਸੰਸਥਾਪਕਾਂ ਦੀ ਆਤਮਾ ਇਸ ਗੱਲ ਦੀ ਗਵਾਹ ਹੈ ਕਿ ਨਿਰੋਲ ਸਾਹਿਤਕ ਰਸਾਲਾ ਕੱਢਣਾ ਤੇ ਜਾਰੀ ਰੱਖਣਾ ਖਾਲਾ ਜੀ ਦਾ ਵਾੜਾ ਨਹੀਂ। 'ਸਿਰਜਣਾ' ਦੇ ਚਾਲਕਾਂ ਨੇ ਇਹ ਸਫਰ ਕਿਵੇਂ ਨਿਭਾਇਆ, ਤਾਜ਼ਾ ਸਮਾਗਮ ਦੇ ਇੱਕ ਦਰਜਨ ਤੋਂ ਵੱਧ ਬੁਲਾਰਿਆਂ ਤੇ ਇੱਕ ਸੌ ਤੋਂ ਵੱਧ ਸਰੋਤਿਆਂ ਨੇ ਬੜੇ ਮਾਣ ਤੇ ਸ਼ਰਧਾ ਨਾਲ ਚੇਤੇ ਕੀਤਾ ਅਤੇ ਇਸ ਵਿਚ ਤੇਰਾ ਸਿੰਘ ਚੰਨ ਦੇ ਵਾਰਸਾਂ ਵਲੋਂ ਪਾਏ ਯੋਗਦਾਨ ਦੀ ਸੱਚੇ ਦਿਲੋਂ ਸ਼ਲਾਘਾ ਕੀਤੀ। ਬੁਲਾਰਿਆਂ ਵਿਚ ਗੁਰਬਖਸ਼ ਸਿੰਘ ਪ੍ਰੀਤਲੜੀ ਦੇ ਬੇਟੇ ਹਿਰਦੇਪਾਲ ਤੋਂ ਲੈ ਕੇ ਉਨ੍ਹਾਂ ਦੇ ਦੋਹਤਰੇ ਸੁਕੀਰਤ ਤੱਕ ਕੱਦਾਵਰ ਰਚਨਹਾਰੇ ਸਨ, ਜਿਨ੍ਹਾਂ ਵਿਚ 'ਪੰਜਾਬੀ ਟ੍ਰਿਬਿਊਨ' ਦਾ ਸੰਪਾਦਕ ਤੇ ਨਾਟਕਕਾਰ ਸਵਰਾਜਬੀਰ ਹੀ ਨਹੀਂ, ਸਿਰਜਣਾ ਦੇ ਮੁਢਲੇ ਸੰਸਥਾਪਕਾਂ ਵਿਚੋਂ ਜਗੀਰ ਸਿੰਘ ਜਗਤਾਰ ਵੀ ਸੀ, ਜਿਸ ਨੇ ਆਪਣੀ ਮਾੜੀ ਸਿਹਤ ਦੇ ਬਾਵਜੂਦ ਬਰਨਾਲਾ ਤੋਂ ਆ ਕੇ ਹਾਜ਼ਰੀ ਭਰੀ। ਸਰੋਤਿਆਂ ਵਿਚ ਸਤੀਸ਼ ਗੁਲਾਟੀ ਵਰਗੇ ਪ੍ਰਕਾਸ਼ਕ, ਹਰਜੀਤ ਵਰਗੇ ਟੈਲੀਵਿਜ਼ਨ ਕਾਰਕੁਨ, ਗੁਰਭਜਨ ਗਿੱਲ ਜਿਹੇ ਕਵੀ, ਕੇਵਲ ਧਾਲੀਵਾਲ ਜਿਹੇ ਨਾਟਕਕਾਰ, ਜਸਵੀਰ ਰਾਣਾ ਵਰਗੇ ਨਵੀਂ ਪੀੜ੍ਹੀ ਦੇ ਪ੍ਰਤੀਨਿਧ ਅਤੇ ਦਰਜਨ ਤੋਂ ਵਧ ਬੁੱਧੀਜੀਵੀ, ਚਿੰਤਕ ਤੇ ਸਾਹਿਤਕਾਰਾਂ ਦੀ ਸ਼ਿਰਕਤ ਨੇ ਇਸ ਇਕੱਤਰਤਾ ਨੂੰ ਇੱਕ ਬਹੁਤ ਵੱਡੇ ਸਮਾਗਮ ਦਾ ਰੂਪ ਦੇ ਦਿੱਤਾ। ਅਸੀਂ ਆਸ ਕਰਦੇ ਹਾਂ ਕਿ ਰਘਬੀਰ ਸਿੰਘ ਸਿਰਜਣਾ ਇਸ ਮਾਣਯੋਗ ਤੇ ਵੱਡੇ ਰਸਾਲੇ ਨੂੰ ਆਪਣੇ ਅੰਤਲੇ ਸਾਹਾਂ ਤੱਕ ਚਲਦਾ ਰੱਖੇਗਾ ਤੇ ਉਸ ਦੇ ਮੱਦਾਹ ਉਸ ਤੋਂ ਪਿੱਛੋਂ ਇੱਕ ਵੱਡਾ ਯਾਦਗਾਰੀ ਅੰਕ ਕੱਢ ਕੇ ਹੀ ਇਸ ਨੂੰ ਅਲਵਿਦਾ ਕਹਿਣਗੇ।

**ਅੰਤਿਕਾ: ਫਿਰੋਜ਼ਦੀਨ ਸ਼ਰਫ**

ਨਾਦਰਗਰਦੀ ਵੀ ਹਿੰਦ ਨੂੰ ਭੁੱਲ ਗਈ ਏ,
ਚਲੇ ਇੰਗਲਸ਼ੀ ਐਸੇ ਫੁਰਮਾਨ ਏਥੇ।
ਕਰਾਂ ਕਿਹੜਿਆਂ ਅੱਖਰਾਂ ਵਿਚ ਜ਼ਾਹਿਰ,
ਜੋ ਜੋ ਜ਼ੁਲਮ ਦੇ ਹੋਏ ਸਾਮਾਨ ਏਥੇ।

ਇਕੋ ਰੂਪ ਅੰਦਰ ਡਿੱਠਾ ਸਾਰਿਆਂ ਨੇ,
ਓਹ 'ਰਹੀਮ' ਕਰਤਾਰ ਭਗਵਾਨ ਏਥੇ।
ਹੋਏ 'ਜ਼ਮਜ਼ਮ' ਤੇ 'ਗੰਗ' ਇੱਕ ਥਾਂ ਕੱਠੇ,
ਰਲਿਆ ਖੂਨ ਹਿੰਦੂ-ਮੁਸਲਮਾਨ ਏਥੇ।

# Sher-E-Punjab Sports & Cultural Society Cincinnati, Dayton, Lima, Columbus (OH)

## Sher-E-Punjab Khed Mela X

## October 2nd, 2021

(Saturday, 8am-6pm)

*Open Invitation To All*

WE SUPPORT OUR FARMERS
NO FARMERS NO FOOD

SHER-E-PUNJAB SPORTS & CULTURAL SOCIETY INC.

*Address For Event*

**6459 Manchester Rd, Franklin, OH 45005**

### Sports, Entertainment and a lot more

**Sports:** Athletics Games for Men, Women & Kids

Races, Three Leg Race, Shot Put, Tug of War & Other Activities. **Kids Attraction:** Inflatable Bounce Houses and Board Games and much more.

### Lucky Draw

1st Prize Motercycle
2nd Prize Laptop
*Entry fee $100*











*Anchor Janamjeet Kaur Chahal*

Nimma Dallewala

**Free Entry, Free Parking & Free Food**

**No alcohol allowed.**

*Drug Free Games.*

| Kabaddi 1st Prize Sponsers | | | Kabaddi 2nd Prize Sponser | | Cricket: 1st & 2nd Prize Sponsors | | Volleyball 1st Prize Sponsor | |
|---|---|---|---|---|---|---|---|---|
|  |  |  |  |  |  |  |  |  |
| Chirmal Singh Tother | Nirmal Singh Tother | Parampal Singh Nangal | Devinder Singh Khalon | Sonu Sirhand Cleveland, Ohio | Ravi (Mr. Singh Transport) | Iqbal Singh (Mr. Singh Transport) | Jivan Waraich | Sehaj Sidhu |

### Event Contacts:

**Kabaddi Contact:**
Surjeet S. Mavi 513-616-4530
Amarik S. Tiwana 513-410-4101
Happy Matot 513-484-7879
Palwinder Dhillon 718-578-5372

**Volleyball Contact:**
Happy Mundi 513-816-2636
Gurminder Sandhu 513-550-6134
Gurpreet Gill 513-510-1913

**Shoot Volleyball Contact:**
Hardeep Saran 937-545-1960
Surinder Cheema 513-324-9043
Kuldeep Deol 937-604-7317

**Cricket Contact:**
Iqbal Sabi 513-516-6527
Simranjit Malhi 513-212-1893
Narider Tatla 937-581-5005

**Soccer Contact:**
Goldy Mundi 732-208-2216
Daljeet Dali 513-720-4375
Parmjit Garcha 228-263-2222

### Prize

**Kabaddi**
1st Prize $18,000
2nd Prize $15,000
3rd Prize $12,000
4th Prize $10,000

**Volleyball**
1st Prize $3100
2nd $2100

**Cricket**
1st $3100; 2nd $2100

**Soccer**
1st $3100; 2nd $2100

**Shoot Volleyball**
1st $1500
2nd $1100

**Kids Game (Cash Prizes)**
1st $100 and 2nd $50
Participant $10

**Media Sponsor**

Chann Pardesi

**For More Information, Please contact at: Sherepunjabsociety@gmail.com**
**Charanjit S. Brar 317-903-7400 and Surjeet S. Mavi 513-616-4530**


HACKNEY Since 1891

Khan SIGNS & AWNINGS

Tibbi Express Inc.
18 Endeavor Blvd
East Windsor, NJ 08520
Manpreet Singh (Happy Tibbi)
Phone No. (609)947-4777
Tibbi EXPRESS INC.
FREIGHT SOLUTIONS

GEMINI JEWELERS
MANUFACTURERS & WHOLESALERS OF EXQUISITE 22K JEWELRY
4836 Business Center Way
Cincinnati, OH 45246
Showroom: 513-874-9303 Factory: 513-783-8689
www.GeminiJewelers.com

COMING SOON @ NEW LOCATION
SATYA WHOLESALE
CONVENIENCE STORE CASH & CARRY
8100 READING RD CINCINNATI OH
CELL: 513-266-6175

## President of Sher-e-Punjab



Charanjit Singh Brar

## Chief Guest (Salhan Family)



Jathedar Tara Singh Salhan | Baldev Singh Salhan | Gurmit Singh Salhan | Sarabjit Singh Salhan

## Special Guests



Harry Ghoman & Amarveer Ghoman | Harvinder Walia Founder President | Ajit Singh Atwal Cleveland, OH

## Guest of Honor



Lakha Dhindsa

## Platinum Sponsors



Surjeet S. Mavi | Amrik Tiwana | Harinder Kang | Jaswant S Jassi | Gurminder Sandhu | Palwinder Dhillon | Amarjit Aggarwal | Gurpreet Gill | Pritampaul Singh | Jaspreet Singh *Attorney At Law*



Harvinder S. Kang | Happy Matot | Narinder Pal Tatla | Happy Mundi | Sukhdev Singh Garcha | Vineet Gupta | Pamma Dhilwan | Neetu Garcha | Hardeep Tiwana | Onkar Singh Jalalpur

## Diamond Sponsors



Late Bahadur Singh Mundi | Balbir Batth | Gurmail S. Fagura | Kuldeep S. Whiskey | Pushpinder Bhatti | Ravinder Pal Shalimar | Sukhminder Pandher | Jas *(Amber India)* | Manpreet *(Happy Tibbi)* | Dharminder Singh | Kavita Goyal

## Gold Sponsors



*Dalbir Gill | Agyapal Singh Batth | Gurcharan S. Kang | Palwinder Gill | Gucharan singh | Bobby New Krishna | Inderjit Begowal | Rajinder Multani | Dr. Kalyan Singh | Rajesh Rawal | Jasbir Singh Dipty | Surinder Cheema | Jatinder Bhatti | BC Trucking and Quality liquor | Jagpal S Nagra | Nippy Tiwana | Makhan Badesha | Malkit S. Uppal | Prithpal Ghotra | Pal Khalil*



*Gurminder Hansra | Gurjinder Mundi | Rajan Sehdev (Raj) | Lakhvir Singh | Sam Moreb | Mani Ram | Satwant Deol | Gurwinder Guraya | J S Cheema | Jagir Singh | Raju Gill | Gurbir Dharni | Mandeep Kang | Gurdeep S. Sidhu | Paramjit Dhillon | Cherry Tiwana | Ravi Singh | Kurban Singh | SP Singh | Gurnek Singh Indian Fusion Restaurant | Gurjeet Benipal*

## Silver Sponsors



*Simranjit Malhi | Avtar S. Sohal | Mandeep Badesha | Kamaljit Singh | Nishan Singh | Sohan Gill | Kuldeep Deol | Sohan Lal Gaba | Kultar Singh*

**Sponsors:** Rupinder Batth, Sonu Cheema, Dr. Baljinder Singh, Dr. Ravinder Mann, Gurmeet Bhatti, Gurpreet Cheema, Buta Singh, Nardeep Mavi, Jagtar Singh Xenia, Moreb Wholesale, Makhan Gill, Kirpal Gill, Harpal Gill, Paul Takhar and Randy Takhar, Ranjit Singh Columbus, Surinder Singh Columbus. **Restaurants:** Brar indian Restaurant, India Fusion, New Krishna, Raja India, Brij Mohan, Krishna Carryout, Aangan Sweets, Spice Train, Curries, Amber India, Guru India, Baba India.

**Supporting Organizations:** Shere Punjab Sports & Cultural Club Chicago, Punjab Sports Club Midwest, Punjab Sports & Cultural Club, Punjabi Heritage Organization, Five River Entertainment, Meeri Peeri Sports Club Greenwood, Punjab Sports & Cultural Organization, PCS Kalamazoo, Punjab Sports Club Cleveland, Punjabi Heritage Society Kalamazoo.

## Guests



*Sarwan Tiwana | Amarjit Dhindsa | Didar Dhanoa | Gurwinder Babbu | Sarbjit Sidhu | Rimpy Khatra | Dharminder Khatra | Kuldip Lang | Pyara S. Bhatti | Gurmit Batth | Mandip Bhura | Nidhan Matot | Darshan Darar | Varinder Sahi | Happy Heer | Harjinder Khaira | Jaskarn Dhaliwal | Parwinder Aujla | Ranjit Kalhon | Babbi Mianni | Rajan Sidhu | Vikas Madam | Pappi Badasha | Jagir Sabji Mandi*

# ਲੋਕ ਨਾਇਕ ਦੀ ਸਿਆਸਤ ਅਤੇ ਅਸੰਪੂਰਨ ਕ੍ਰਾਂਤੀ


## ਕਲਾ ਪਰਿਕਰਮਾ

ਜੈਪ੍ਰਕਾਸ਼ ਨਾਰਾਇਣ ਸੁਪਨਸਾਜ਼ ਸੀ। ਭਾਰਤ ਵਿਚ ਸਮਤਾ, ਸਾਖਰਤਾ, ਰਾਜਸੀ ਸਦਾਚਾਰ ਦੇ ਪਸਾਰੇ ਅਤੇ ਵਿਚਾਰਧਾਰਕ ਆਜ਼ਾਦੀ ਦੀ ਕ੍ਰਾਂਤੀ ਦਾ ਸੁਪਨਾ ਸੰਜੋਣ ਵਾਲਾ। ਜਨ ਮਾਨਸ ਪਾਸੋਂ ਅਥਾਹ ਸਨੇਹ ਤੇ ਸਹਿਯੋਗ ਮਿਲਣ ਦੇ ਬਾਵਜੂਦ ਉਸ ਦਾ ਇਹ ਸੁਪਨਾ ਸਾਕਾਰ ਨਾ ਹੋਇਆ। ਸਾਕਾਰੀ ਦੀਆਂ ਸੰਭਾਵਨਾਵਾਂ ਜ਼ਰੂਰ ਬਣੀਆਂ ਪਰ ਰਾਜਸੀ ਸਦਾਚਾਰ ਦੀ ਅਣਹੋਂਦ ਕਾਰਨ ਇਹ ਸੰਭਾਵਨਾਵਾਂ ਅਮਲੀ ਰੂਪ ਗ੍ਰਹਿਣ ਨਾ ਕਰ ਸਕੀਆਂ। ਜਨਤਾ ਪਾਰਟੀ ਦੀ ਸਥਾਪਨਾ ਤੇ ਚੁਣਾਵੀ ਜਿੱਤ ਦੇ ਜ਼ਰੀਏ ਆਜ਼ਾਦ ਭਾਰਤ ਵਿਚ ਸਭ ਤੋਂ ਵੱਡਾ ਰਾਜਸੀ ਪਰਿਵਰਤਨ ਸੰਭਵ ਬਣਾਉਣ ਤੋਂ ਮਹਿਜ਼ ਦੋ ਵਰ੍ਹਿਆਂ ਦੇ ਅੰਦਰ ਇਸ ਲੋਕ ਨਾਇਕ ਦਾ ਭੌਤਿਕ ਵਜੂਦ ਪਟਨਾ ਦੇ ਇਕ ਘਰ ਦੇ ਇਕ ਕਮਰੇ ਤਕ ਮਹਿਦੂਦ ਹੋ ਗਿਆ ਅਤੇ ਹੌਲੀ-ਹੌਲੀ ਲੋਕ-ਸਿਮ੍ਰਤੀ ਵਿਚੋਂ ਵੀ ਲੋਪ ਹੋ ਗਿਆ।



ਸੁਰਿੰਦਰ ਸਿੰਘ ਤੇਜ
ਫੋਨ: +91-98555-01488

ਭਾਰਤੀ ਰਾਜਸੀ-ਸਮਾਜਕ ਪਿੜ ਵਿਚ ਨਿਵੇਕਲੀ ਹਸਤੀ ਸੀ ਜੈਪ੍ਰਕਾਸ਼ ਨਾਰਾਇਣ ਉਰਫ ਜੇ.ਪੀ.। ਲੋਕਪ੍ਰਿਯਤਾ ਦੇ ਬਾਵਜੂਦ ਰਵਾਇਤੀ ਸਿਆਸਤ ਤੋਂ ਉਹ ਸਦਾ ਦੂਰ ਰਿਹਾ। ਸੋਚ ਤੇ ਸੂਹਜ ਪੱਖੋਂ ਮਾਰਕਸਵਾਦ ਤੇ ਗਾਂਧੀਵਾਦ ਦੇ ਬੁਨਿਆਦੀ ਅਸੂਲਾਂ ਦਾ ਸੁਮੇਲ ਸੀ ਉਹ। ਧਨ-ਦੌਲਤ ਤੇ ਤਾਕਤ ਦਾ ਲੋਭੀ ਨਹੀਂ ਸੀ। ਇਸੇ ਲਈ ਉਹ ਰਵਾਇਤੀ ਸਿਆਸਤ ਦੀ ਥਾਂ ਪਰਿਵਰਤਨਸ਼ੀਲ ਸਿਆਸਤ ਦਾ ਮੁਦਈ ਸੀ; ਅਜਿਹੀ ਸਿਆਸਤ ਜੋ ਰਾਜ ਸੱਤਾ ਦੀ ਥਾਂ ਲੋਕ ਭਲਾਈ ਭਾਵ ਹਰ ਨਾਗਰਿਕ ਲਈ ਰੋਟੀ-ਕੱਪੜਾ-ਮਕਾਨ ਤੇ ਸਾਖਰਤਾ ਯਕੀਨੀ ਬਣਾਉਣ ਉਤੇ ਕੇਂਦਰਤ ਹੋਵੇ। ਖੁਦ ਨੂੰ ਉਹ ਸਮਾਜਵਾਦੀ ਮੰਨਦਾ ਸੀ ਪਰ ਸਮਾਜਵਾਦ ਦੇ ਸੋਵੀਅਤ ਜਾਂ ਚੀਨੀ ਮਾਡਲ ਉਸ ਦਾ ਆਦਰਸ਼ ਨਹੀਂ ਸਨ। ਇਸੇ ਕਾਰਨ ਰਵਾਇਤੀ ਕਾਮਰੇਡਾਂ ਨਾਲ ਉਸ ਦੀ ਕਦੀ ਨਹੀਂ ਬਣੀ। ਰਾਜ ਸੁਖ ਦੀ ਉਸ ਨੂੰ ਲਾਲਸਾ ਨਹੀਂ ਸੀ, ਰਾਜ ਹਠ ਅੱਗੇ ਉਹ ਕਦੇ ਝੁਕਿਆ ਨਹੀਂ। ਜੱਦੋਜਹਿਦਾਂ ਨਾਲ ਉਸ ਨੂੰ ਮੋਹ ਸੀ। ਜੱਦੋਜਹਿਦਾਂ ਲਈ ਉਸ ਨੇ ਹਮੇਸ਼ਾ ਨੌਜਵਾਨ ਪੀੜ੍ਹੀ 'ਤੇ ਟੇਕ ਰੱਖੀ। ਇਸ ਵਰਗ ਤੋਂ ਉਸ ਨੂੰ ਹੁੰਗਾਰਾ ਵੀ ਭਰਪੂਰ ਮਿਲਿਆ ਪਰ ਉਸ ਵਰਗਾ ਆਦਰਸ਼ਵਾਦ, ਉਸ ਦੇ ਮੁਰੀਦਾਂ ਵਿਚ ਮੌਜੂਦ ਨਹੀਂ ਸੀ। ਇਸੇ ਲਈ ਉਸ ਦੇ ਕੰਧਾੜੇ ਚੜ੍ਹ ਕੇ ਨੇਤਾ ਵਾਲਾ ਰੁਤਬਾ ਹਾਸਲ ਕਰਨ ਵਾਲੇ ਰਾਜਨੇਤਾ ਬਣਦਿਆਂ ਹੀ ਉਸ ਵਾਲੇ ਆਦਰਸ਼ਾਂ ਤੋਂ ਦੂਰ ਹੁੰਦੇ ਗਏ। ਬੌਧਿਕ ਪੱਖੋਂ ਜੇ.ਪੀ. ਦੇਵ-ਪੁਰਸ਼ ਸੀ। ਉਸ ਦੀ ਬੁੱਧੀਮਾਨੀ ਉਸ ਦੀ ਕਲਮ ਵਿਚੋਂ ਵੀ ਟਪਕਦੀ ਸੀ ਅਤੇ ਜ਼ੁਬਾਨ ਵਿਚੋਂ ਵੀ। ਉਹ ਗਾਂਧੀ ਭਗਤ ਵੀ ਰਿਹਾ ਤੇ ਗਾਂਧੀ ਵਿਰੋਧੀ ਵੀ। ਮਾਰਕਸੀ ਚਿੰਤਨ ਦਾ ਉਹ ਤਾਉਮਰ ਕਦਰਦਾਨ ਰਿਹਾ, ਮਾਰਕਸਵਾਦੀਆਂ ਦਾ ਨਹੀਂ। ਸਮਾਜਵਾਦ ਉਸ ਵਾਸਤੇ ਸਮਤਾ ਦਾ ਰਾਹ ਸੀ। ਸਮਤਾ ਸੰਭਵ ਬਣਾਉਣ ਦੀ ਲਲਕ ਕਾਰਨ ਉਸ ਨੇ ਸਰਵੋਦਿਆ ਲਹਿਰ ਨੂੰ ਤਹਿ-ਦਿਲੋਂ ਅਪਣਾਇਆ ਪਰ ਜਦੋਂ ਰਾਜਸੀ ਕੁਚਾਲਾਂ ਅੱਗੇ ਸਰਵੋਦਿਆ ਆਗੂਆਂ ਦੀ ਨਿਪੁੰਸਕਤਾ ਦੇਖੀ ਤਾਂ ਇਸ ਲਹਿਰ ਨਾਲੋਂ ਨਾਤਾ ਤੋੜਨ ਵਿਚ ਕੋਈ ਝਿਜਕ ਨਹੀਂ ਦਿਖਾਈ। ਸਮਤਾ ਤੇ ਆਜ਼ਾਦੀ ਦਾ ਅਲੰਬਰਦਾਰ ਹੋਣ ਕਾਰਨ ਨਾ ਉਸ ਨੂੰ ਨਕਸਲੀਆਂ ਨਾਲ ਵਿਚਰਨ ਵੇਲੇ ਕੋਈ ਭੈਅ ਮਹਿਸੂਸ ਹੋਇਆ ਅਤੇ ਨਾ ਹੀ ਚੰਬਲ ਦੇ ਡਾਕੂਆਂ ਨਾਲ ਮੇਲ-ਮਿਲਾਪ ਵੇਲੇ। ਬੇਜ਼ਮੀਨੇ ਕਿਸਾਨਾਂ ਲਈ ਉਸ ਨੇ ਅੰਦੋਲਨ 1952 ਵਿਚ ਹੀ ਆਰੰਭ ਕਰ ਦਿੱਤਾ ਸੀ ਅਤੇ ਇਸ ਅੰਦੋਲਨ ਕਾਰਨ ਉਸ ਨੂੰ ਜਵਾਹਰਲਾਲ ਨਹਿਰੂ ਨਾਲ ਖਹਿਣਾ ਪਿਆ। ਨਹਿਰੂ ਦਾ ਉਹ ਪਰਮ ਮਿੱਤਰ ਵੀ ਸੀ ਅਤੇ ਕੱਟੜ ਆਲੋਚਕ ਵੀ। ਇਹ ਦੋਵੇਂ ਰੂਪ, ਮੁੱਦਿਆਂ ਦੇ ਆਧਾਰ 'ਤੇ ਦੇਖਣ ਨੂੰ ਮਿਲਦੇ ਸਨ। 1947 ਵਿਚ ਜਦੋਂ ਨਹਿਰੂ ਨੇ ਪ੍ਰਧਾਨ ਮੰਤਰੀ ਨਿਵਾਸ ਨੂੰ 7, ਯੌਰਕ ਪਲੇਸ ਤੋਂ ਬਦਲ ਕੇ ਤੀਨ ਮੂਰਤੀ ਮਾਰਗ ਸਥਿਤ ਫਲੈਗਸਟਾਫ ਹਾਊਸ 'ਚ ਲਿਜਾਣ ਦਾ ਕਦਮ ਚੁੱਕਿਆ ਤਾਂ ਜੇ.ਪੀ. ਨੇ ਸਖਤ ਇਤਰਾਜ਼ ਕੀਤਾ। ਫਲੈਗਸਟਾਫ ਹਾਊਸ ਮਹੱਲਨੁਮਾ ਬੰਗਲਾ ਸੀ ਜੋ ਬ੍ਰਿਟਿਸ਼ ਫੌਜ ਦੇ ਕਮਾਂਡਰ-ਇਨ-ਚੀਫ ਦਾ ਸਰਕਾਰੀ ਨਿਵਾਸ ਹੁੰਦਾ ਸੀ। ਜੇ.ਪੀ. ਨੇ ਨਹਿਰੂ ਨੂੰ ਖਤ ਲਿਖ ਕੇ ਪੁੱਛਿਆ: "ਗਰੀਬ ਮੁਲਕ ਦੇ ਪ੍ਰਧਾਨ ਮੰਤਰੀ ਨੂੰ ਮਹੱਲ ਵਿਚ ਰਹਿਣਾ ਕੀ ਸੋਭਦਾ ਹੈ?" ਜਦੋਂ ਨਹਿਰੂ ਨੇ ਜਵਾਬ ਵਿਚ ਆਪਣੇ ਕਦਮ ਨੂੰ ਸਹੀ ਦੱਸਿਆ ਤਾਂ ਜੇ.ਪੀ. ਨੇ ਇਕ ਹੋਰ ਖਤ ਦਾਗ ਦਿੱਤਾ। ਇਸ ਵਿਚ ਨਹਿਰੂ ਨੂੰ ਉਸ ਦੀ ਕਿਤਾਬ ਵਿਚ ਲੈਨਿਨ ਦੀ ਕੀਤੀ ਗਈ ਪ੍ਰਸ਼ੰਸਾ ਯਾਦ ਦਿਵਾਈ। ਨਹਿਰੂ ਨੇ ਉਸ ਕਿਤਾਬ ਵਿਚ ਲਿਖਿਆ ਸੀ ਕਿ ਸੋਵੀਅਤ ਸੰਘ ਦਾ ਸਰਬ-ਉਚ ਨੇਤਾ ਹੋਣ ਦੇ ਬਾਵਜੂਦ ਲੈਨਿਨ ਨੇ ਆਪਣੀ ਰਹਿਣੀ-ਬਹਿਣੀ ਨਹੀਂ ਬਦਲੀ। ਉਹ ਕ੍ਰੈਮਲਿਨ ਦੇ ਅਹਾਤੇ ਵਿਚਲੇ ਦੋ ਕਮਰਿਆਂ ਦੇ ਫਲੈਟ 'ਚ ਰਹਿੰਦਾ ਰਿਹਾ। ਜੇ.ਪੀ. ਨੇ ਇਸ ਦਾ ਜ਼ਿਕਰ ਕਰ ਕੇ ਨਹਿਰੂ ਤੋਂ ਪੁੱਛਿਆ: "ਕੀ ਉਹ ਪ੍ਰਸ਼ੰਸਾ ਜਾਅਲੀ ਸੀ?" ਉਸ ਨੂੰ ਜ਼ਾਤੀ ਰਿਸ਼ਤੇ ਤੇ ਰਾਜਸੀ-ਸਮਾਜਕ ਰਿਸ਼ਤਿਆਂ ਦਰਮਿਆਨ ਅੰਤਰ ਰੱਖਣਾ ਵੀ ਖੂਬ ਆਉਂਦਾ ਸੀ। ਇੰਦਿਰਾ ਗਾਂਧੀ ਨੂੰ ਜ਼ਾਤੀ ਪੱਤਰ 'ਪਿਆਰੀ ਇੰਦੂ' ਜਾਂ 'ਇੰਦੂ ਬੇਟੀ' ਨਾਲ ਸੰਬੋਧਿਤ ਹੁੰਦਾ ਸੀ, ਰਾਜਸੀ ਖਤ 'ਡੀਅਰ ਮਿਸਿਜ਼ ਗਾਂਧੀ' ਜਾਂ 'ਮੈਡਮ ਪ੍ਰਾਈਮ ਮਿਨਿਸਟਰ' ਵਰਗੇ ਸੰਬੋਧਨਾਂ ਨਾਲ ਸ਼ੁਰੂ ਹੁੰਦੇ ਸਨ। ਸਰਦਾਰ ਪਟੇਲ ਦੀ ਸੋਚ-ਸੂਹਜ ਦਾ ਜੇ.ਪੀ. ਕੱਟੜ ਵਿਰੋਧੀ ਰਿਹਾ। ਇੰਜ ਹੀ, ਉਸ ਨੇ 1960 ਵਿਚ ਪ੍ਰਕਾਸ਼ਿਤ ਲੇਖ ਰਾਹੀਂ ਚੌਕਸ ਕੀਤਾ ਸੀ ਕਿ ਹਿੰਦੂ ਫਿਰਕੂਵਾਦ, ਭਾਰਤ ਵਿਚਲੇ ਹੋਰਨਾਂ ਮਜ਼ਹਬੀ ਫਿਰਕੂਵਾਦਾਂ ਤੋਂ ਵੱਧ ਵਿਨਾਸ਼ਕਾਰੀ ਹੈ ਕਿਉਂਕਿ ਇਹ ਬੜੀ ਆਸਾਨੀ ਨਾਲ ਰਾਸ਼ਟਰਵਾਦ ਵਾਲਾ ਭੇਖ ਅਖਤਿਆਰ ਕਰ ਕੇ ਆਪਣੇ ਵਿਰੋਧੀਆਂ ਨੂੰ ਰਾਸ਼ਟਰ ਵਿਰੋਧੀ ਦਰਸਾ ਸਕਦਾ ਹੈ। ਅੱਜ ਸਾਡੇ ਮੁਲਕ ਦੀ ਜੋ ਸਥਿਤੀ ਹੈ, ਉਹ ਜੇ.ਪੀ. ਦੀ ਦਿੱਬ-ਦ੍ਰਿਸ਼ਟੀ ਨੂੰ ਸੱਚਾ ਸਾਬਤ ਕਰਦੀ ਹੈ। ਇਹ ਵੀ ਅਜਬ ਵਿਰੋਧਾਭਾਸ ਹੈ ਕਿ ਜੇ.ਪੀ. ਦੀ ਸੰਪੂਰਨ ਕ੍ਰਾਂਤੀ ਲਹਿਰ ਤੋਂ ਸਭ ਤੋਂ ਵੱਧ ਲਾਭ ਭਾਰਤੀ ਜਨਸੰਘ ਅਤੇ 1980 ਵਿਚ ਉਗਮੇ ਇਸ ਦੇ ਨਵੇਂ ਅਵਤਾਰ ਭਾਰਤੀ ਜਨਤਾ ਪਾਰਟੀ ਨੇ ਲਿਆ। ਪਹਿਲਾਂ ਰਾਜਸੀ ਵਾਜਬੀਅਤ ਹਾਸਿਲ ਕਰਕੇ ਅਤੇ ਫਿਰ ਰਾਮ ਮੰਦਰ ਲਹਿਰ ਰਾਹੀਂ ਹਿੰਦੂਤਵ ਨੂੰ ਦੇਸ਼ ਭਰ ਵਿਚ ਹੁਲਾਰਾ ਦੇ ਕੇ।




*ਪ੍ਰੋ. ਬਿਮਲ ਪ੍ਰਸਾਦ ਤੇ ਸੁਜਾਤਾ ਪ੍ਰਸਾਦ ਦੀ ਕਿਤਾਬ ਦਾ ਸਰਵਰਕ।*

ਜੇ.ਪੀ. ਨਾਲ ਜੁੜਿਆ ਕਥਾਨਕ ਬੇਬਾਕੀ ਪਰ ਸੁਹਿਰਦਤਾ ਨਾਲ ਪੇਸ਼ ਕਰਦੀ ਹੈ ਪ੍ਰੋ. ਬਿਮਲ ਪ੍ਰਸਾਦ ਤੇ ਸੁਜਾਤਾ ਪ੍ਰਸਾਦ ਦੀ ਕਿਤਾਬ 'ਦਿ ਡਰੀਮ ਆਫ ਰੈਵੋਲਿਊਸ਼ਨ: ਏ ਬਾਇਓਗ੍ਰਾਫੀ ਆਫ ਜੈਪ੍ਰਕਾਸ਼ ਨਾਰਾਇਣ'। ਪ੍ਰੋ. ਬਿਮਲ ਪ੍ਰਸਾਦ ਜੇ.ਐਨ.ਯੂ. ਵਿਚ ਦੱਖਣ ਏਸ਼ਿਆਈ ਅਧਿਐਨ ਦੇ ਪ੍ਰੋਫੈਸਰ ਅਤੇ 1990ਵਿਆਂ ਵਿਚ ਨੇਪਾਲ 'ਚ ਸਫੀਰ ਰਹੇ। ਉਹ ਜੇ.ਪੀ. ਦੇ ਕਰੀਬੀ ਸਾਥੀ ਸਨ ਅਤੇ ਲੋਕ ਨਾਇਕ ਦੀਆਂ ਲਿਖਤਾਂ, ਤਕਰੀਰਾਂ, ਇੰਟਰਵਿਊਜ਼ ਤੇ ਖਤਾਂ ਦਾ 10 ਜਿਲਦਾਂ ਵਿਚ ਸੰਕਲਨ ਤੇ ਸੰਪਾਦਨ ਵੀ ਉਨ੍ਹਾਂ ਨੇ ਹੀ ਕੀਤਾ ਸੀ। ਉਨ੍ਹਾਂ ਨੇ ਜੇ.ਪੀ. ਦੀ ਜੀਵਨੀ ਲਿਖਣੀ ਸ਼ੁਰੂ ਕੀਤੀ ਹੋਈ ਸੀ ਕਿ 2015 'ਚ ਉਨ੍ਹਾਂ ਦਾ ਦੇਹਾਂਤ ਹੋ ਗਿਆ। ਇਸ ਅਧੂਰੇ ਕੰਮ ਨੂੰ ਉਨ੍ਹਾਂ ਦੀ ਸਾਬਕਾ ਸਿਵਿਲ ਸਰਵੈਂਟ ਪਰ ਹੁਣ ਲੇਖਕ ਤੇ ਕਾਲਮਨਵੀਸ ਬੇਟੀ ਸੁਜਾਤਾ ਪ੍ਰਸਾਦ ਨੇ ਪੂਰਾ ਕੀਤਾ ਹੈ। ਪਿਤਾ-ਪੁੱਤਰੀ ਦੇ ਜੇ.ਪੀ. ਭਗਤ ਹੋਣ ਦੇ ਬਾਵਜੂਦ ਕਿਤਾਬ ਸਾਖੀਕਾਰੀ ਤੋਂ ਮੁਕਤ ਹੈ ਅਤੇ ਲੋਕ ਨਾਇਕ ਦੀਆਂ ਪ੍ਰਾਪਤੀਆਂ ਤੇ ਨਾਕਾਮੀਆਂ ਦਾ ਸੰਤੁਲਿਤ ਮੁਲੰਕਣ ਪੇਸ਼ ਕਰਦੀ ਹੈ।

ਕਿਤਾਬ ਦੇ 10 ਅਧਿਆਇ ਹਨ ਜੋ ਜੇ.ਪੀ. ਦੇ ਬਚਪਨ ਤੇ ਪਰਿਵਾਰ ਤੋਂ ਸ਼ੁਰੂ ਹੋ ਕੇ ਰਾਜਸੀ ਵਿਕਾਸ ਤੇ ਉਭਾਰ, ਕੌਮਪ੍ਰਸਤ ਆਗੂ ਵਜੋਂ ਉਸ ਦੀ ਮਨੋਬਣਤਰ, ਪ੍ਰਭਾਵਤੀ ਨਾਲ ਵਿਆਹ ਦੇ ਬਾਵਜੂਦ ਅਣਵਿਆਹਿਆਂ ਵਾਲੇ ਰਿਸ਼ਤੇ, ਗਾਂਧੀ ਨਾਲ ਸਾਂਝ, ਤੋੜ-ਵਿਛੋੜਾ ਤੇ ਮੁੜ ਸਾਂਝ, ਸਮਾਜਵਾਦ ਤੋਂ ਸਰਵੋਦਿਆ ਲਹਿਰ ਵੱਲ ਪੇਸ਼ਕਦਮੀ, ਐਮਰਜੈਂਸੀ ਤੋਂ ਪਹਿਲਾਂ, ਦੌਰਾਨ ਤੇ ਬਾਅਦ ਵਾਲੇ ਘਟਨਾਕ੍ਰਮ ਅਤੇ ਸੰਪੂਰਨ ਕ੍ਰਾਂਤੀ ਦੇ ਸੁਪਨੇ ਦੀ ਮੌਤ ਵਰਗਾ ਕਥਾਕ੍ਰਮ ਪੇਸ਼ ਕਰਦੇ ਹਨ। ਨਵੇਂ-ਨਵੇਲੇ ਕਿੱਸੇ ਕਹਾਣੀਆਂ ਨਾਲ ਭਰਪੂਰ ਹੈ ਇਹ ਸਾਰਾ ਬਿਰਤਾਂਤ। ਨਾਲ ਹੀ ਉਦਾਸ ਕਰਨ ਵਾਲਾ ਵੀ ਹੈ।

**ਤਾਲਿਬਾਨ:** ਅਫਗਾਨਿਸਤਾਨ ਵਿਚ ਤਾਲਿਬਾਨ ਦੀ ਜਿੱਤ ਦੇ ਜਸ਼ਨ ਮਨਾਉਣ ਵਾਲੇ ਭਾਰਤੀ ਮੁਸਲਮਾਨਾਂ ਨੂੰ ਅਦਾਕਾਰ ਨਸੀਰੂਦੀਨ ਸ਼ਾਹ ਨੇ ਤਿੱਖੀ ਝਾੜ ਪਾਈ ਸੀ। ਉਸ ਨੇ ਟਵੀਟ ਕੀਤਾ ਸੀ: "ਭਾਰਤੀ ਮੁਸਲਮਾਨਾਂ ਨੂੰ ਭਾਰਤੀ ਇਸਲਾਮ 'ਤੇ ਫਖਰ ਕਰਨਾ ਚਾਹੀਦਾ ਹੈ, ਤੁਅੱਸਬੀ ਇਸਲਾਮ 'ਤੇ ਨਹੀਂ।" ਲੈਜ਼ਲੀ ਹੇਜ਼ਲੇਟਨ ਦੀ ਕਿਤਾਬ 'ਆਫਟਰ ਦਿ ਪਰੋਫੈੱਟ' (ਪੈਗੰਬਰ ਤੋਂ ਬਾਅਦ) ਪੜ੍ਹਦਿਆਂ ਅਹਿਸਾਸ ਹੁੰਦਾ ਹੈ ਕਿ ਜਿਹੜਾ ਤੁਅੱਸਬ ਅੱਜ ਇਸਲਾਮ ਦੇ ਨਾਂ 'ਤੇ ਮੋਮਿਨਾਂ ਅਤੇ ਮੁਰੀਦਾਂ ਉਪਰ ਠੋਸਿਆ ਜਾ ਰਿਹਾ ਹੈ, ਉਹ ਹਜ਼ਰਤ ਮੁਹੰਮਦ ਸਾਹਿਬ ਦੇ ਜੀਵਨ ਕਾਲ ਸਮੇਂ ਨਦਾਰਦ ਸੀ। ਉਦੋਂ ਨਾ ਤਾਂ ਮਸੀਤਾਂ ਵਿਚ ਔਰਤਾਂ ਦੇ ਦਾਖਲੇ ਉਤੇ ਪਾਬੰਦੀ ਸੀ ਅਤੇ ਨਾ ਹੀ ਉਨ੍ਹਾਂ ਨੂੰ ਪੜ੍ਹਨ-ਪੜ੍ਹਾਉਣ ਤੋਂ ਰੋਕਿਆ ਜਾਂਦਾ ਸੀ। ਜਨਤਕ ਮਾਮਲਿਆਂ ਵਿਚ ਵੀ ਉਨ੍ਹਾਂ ਦੀ ਗੱਲ ਸੁਣੀ ਜਾਂਦੀ ਸੀ। ਕਿਤਾਬ ਭਾਵੇਂ ਹਜ਼ਰਤ ਮੁਹੰਮਦ ਸਾਹਿਬ ਦੀ ਵਫਾਤ ਤੋਂ ਅਗਲੀ ਅੱਧੀ ਸਦੀ ਦੀ ਘਟਨਾਵਲੀ ਉਤੇ ਕੇਂਦਰਤ ਹੈ, ਫਿਰ ਵੀ ਇਸ ਦਾ ਪਹਿਲਾ ਅਧਿਆਇ ਪੈਗੰਬਰ ਦੇ ਆਖਰੀ ਦਿਨਾਂ ਦੀ ਤਸਵੀਰ ਬਾਖੂਬੀ ਪੇਸ਼ ਕਰਦਾ ਹੈ। ਇਹੋ ਅਧਿਆਇ ਇਹ ਵੀ ਦਰਸਾਉਂਦਾ ਹੈ ਕਿ ਹਜ਼ਰਤ ਮੁਹੰਮਦ ਸਾਹਿਬ ਆਪਣੀਆਂ ਬੀਵੀਆਂ ਤੇ ਧੀਆਂ ਦੀ ਰਾਇ ਨੂੰ ਕਿੰਨਾ ਵਜ਼ਨ ਦਿੰਦੇ ਸਨ।

ਬ੍ਰਿਟੇਨ 'ਚ ਜਨਮੀ ਪਰ ਅਮਰੀਕਾ ਵਿਚ ਵਸਦੀ ਹੇਜ਼ਲੇਟਨ 35 ਵਰ੍ਹਿਆਂ ਤਕ ਮੱਧ ਪੂਰਬ ਵਿਚ ਬਤੌਰ ਪੱਤਰਕਾਰ ਕੰਮ ਕਰਦੀ ਰਹੀ। ਉਸ ਖਿੱਤੇ ਦੇ ਤਿੰਨ ਇਬਰਾਹੀਮੀ ਮਜ਼ਹਬਾਂ- ਯਹੂਦੀ ਮੱਤ, ਇਸਾਈ ਮੱਤ ਤੇ ਇਸਲਾਮ ਬਾਰੇ ਉਸ ਨੇ ਪੰਜ ਕਿਤਾਬਾਂ ਲਿਖੀਆਂ ਹਨ। ਸਾਰੀਆਂ ਨਿਹਾਇਤ ਦਿਲਚਸਪ। 'ਪੈਗੰਬਰ ਤੋਂ ਬਾਅਦ' ਵਾਲੀ ਕਿਤਾਬ ਤਾਂ ਖਾਸ ਤੌਰ 'ਤੇ ਆਪਣੇ ਕਿਤਾਬਖਾਨੇ ਵਿਚ ਸਦਾ ਲਈ ਸੰਭਾਲਣ ਦੇ ਯੋਗ ਹੈ।

# ਆਖ ਤਸਵੀਰਾਂ ਬੋਲਦੀਆਂ

*ਕਾਲਮ 'ਆਖ ਤਸਵੀਰਾਂ ਬੋਲਦੀਆਂ' ਨੇ ਪਾਠਕਾਂ ਦੇ ਦਿਲਾਂ ਅੰਦਰ ਬੈਠੇ ਸ਼ਾਇਰ ਨੂੰ ਖੂਬ ਹਲੂਣਿਆ ਹੈ। ਤਸਵੀਰ ਦੇਖ ਕੇ ਤੁਹਾਡੇ ਮਨ ਵਿਚ ਜੋ ਵਲਵਲੇ ਉਠਦੇ ਹਨ, ਉਹ ਕਵਿਤਾ ਦੀਆਂ ਦੋ ਤੋਂ ਚਾਰ ਸਤਰਾਂ 'ਚ ਸਾਨੂੰ ਤਸਵੀਰ ਦੇ ਸਿਰਲੇਖ ਦੇ ਤੌਰ 'ਤੇ ਭੇਜੋ। ਪਾਠਕਾਂ ਦੀ ਸਹੂਲਤ ਲਈ, ਮਿਸਾਲ ਵਜੋਂ ਫੋਟੋ ਨਾਲ ਕਾਵਿ ਟੋਟਾ ਵੀ ਦਿੱਤਾ ਗਿਆ ਹੈ। ਇਸ ਵਾਰ ਕੈਪਸ਼ਨ ਭੇਜਣ ਲਈ ਆਖਰੀ ਤਾਰੀਖ 9 ਅਕਤੂਬਰ 2021 ਹੈ। -ਸੰਪਾਦਕ*

## ਕੈਪਸ਼ਨ ਮੁਕਾਬਲਾ-502



**ਦੇਖ ਜ਼ਰਾ ਤੂੰ ਦੁੱਖ-ਦੁਸ਼ਵਾਰੀਆਂ ਝੱਲਦੇ ਲੋਕ।
ਡਾਢੇ ਜ਼ਾਲਮ ਹਾਕਮ ਦਾ ਰਾਹ ਮੱਲਦੇ ਲੋਕ।
ਜਿਥੇ ਮਿਲੀ ਜ਼ਮੀਨ ਉਹ ਡੇਰੇ ਲਾ ਲੈਂਦੇ,
ਇੱਦਾਂ ਹੀ ਤਾਂ ਜ਼ੁਲਮ ਨੂੰ ਠੱਲ੍ਹਦੇ ਆਏ ਲੋਕ।**

## ਕੈਪਸ਼ਨ ਮੁਕਾਬਲਾ-500



ਬੇਫਿਕਰੀ ਦੇ ਬਚਪਨ ਦੇ ਦਿਨ
ਤਸਵੀਰ ਨੇ ਯਾਦ ਕਰਾਏ,
ਕੁੜੀਆਂ ਮੁੰਡਿਆਂ 'ਕੱਠਿਆਂ ਹੋ ਕੇ
ਵਾਰਿਸ਼ ਦੇ ਸੋਹਿਲੇ ਗਾਏ।
ਨੰਗ ਮਲੰਗ ਜਿਹੇ ਕੱਪੜੇ ਲਾਹ ਕੇ
ਰੱਜ ਰੱਜ ਉਦੋਂ ਨਹਾਉਂਦੇ,
ਕਾਸ਼! ਰੁੱਤ ਫਿਰ ਮੁੜ ਆਉਂਦੀ
ਪਰ ਬੀਤੇ ਨਾ ਥਿਆਉਂਦੇ।

*-ਸੇਵਾ ਸਿੰਘ ਨੂਰਪੁਰੀ*

---

ਇਹ ਫੁਹਾਰਾਂ ਸਾਉਣ ਦੀਆਂ
ਫੁੱਲ ਖੇੜਨ ਰੂਹਾਂ ਦੇ,
ਤਦ ਹਰਿਆਲੀ ਫੁਟਦੀ
ਵਿਚ ਸੁਕੀਆਂ ਜੂਹਾਂ ਦੇ।
ਦਿਨ ਇਹ ਕੁੜੀਆਂ-ਚਿੜੀਆਂ ਦੇ
ਘਰ ਜਦ ਆਉਂਦੀਆਂ ਨੇ,
ਗਲ ਲੱਗ ਮਾਪਿਆਂ ਦੇ
ਸੀਨੇ ਠੰਢ ਪਾਉਂਦੀਆਂ ਨੇ।

*-ਮਾਸਟਰ ਪ੍ਰੀਤਮ ਸਿੰਘ ਲੰਮੇ
ਕੈਲੀਫੋਰਨੀਆ।
ਫੋਨ: 925-325-2486*

---

ਸਾਉਣ ਮਹੀਨਾ ਕਿਣ ਮਿਣ ਹੋਈ
ਕੁਦਰਤ ਵੀ ਲਗਦੀ ਨਸ਼ਿਆਈ।
ਮਨ ਵੀ ਨੱਚਣ ਤਨ ਵੀ ਨੱਚਣ
ਕੁੱਲ ਆਲਮ 'ਤੇ ਮਸਤੀ ਛਾਈ।
ਵਿਚ ਖੁਸ਼ੀ ਦੇ ਬਾਹਰ ਨਿੱਕਲੇ
ਬੱਚਿਆਂ ਰਲ ਕੇ ਕਿੱਕਲੀ ਪਾਈ।

*-ਜਗਮੀਤ ਸਿੰਘ ਪੰਧੇਰ
ਪਿੰਡ ਕਲਾਹੜ (ਲੁਧਿਆਣਾ)
ਫੋਨ: 91-98783-37222*

---

ਉੱਚੀ ਉੱਚੀ ਮਾਰ ਕੇ ਹਾਕਾਂ।
ਇਕੱਠੇ ਹੋ ਜਾਣਾ, ਗਲੀ ਦੇ ਜਵਾਕਾਂ।
ਰੱਬ ਨੂੰ ਕਹਿਣਾ, 'ਮੀਂਹ ਵਰਸਾ ਦੇ।'
ਸਭ ਦੀ ਝੋਲੀ ਦਾਣੇ ਪਾ ਦੇ।
ਬੱਦਲ ਸੌਣ ਦਾ ਜਦ ਚੜ੍ਹ ਕੇ ਆਉਂਦਾ।
ਬਚਪਨ ਮਾਰ ਛੜੱਪੇ ਨਹਾਉਂਦਾ।
ਬੀਤੇ ਦੀਆਂ ਯਾਦਾਂ ਨੂੰ ਯਾਦ ਕਰ ਕੇ।
ਬਸ ਬੈਠ ਜਾਈਦਾ ਹਉਕੇ ਭਰ ਕੇ।

*-ਗੁਰਦੇਵ ਸਿੰਘ ਢਪਾਲੀ
ਗੁਰੂ ਤੇਗ ਬਹਾਦਰ ਨਗਰ, ਬਠਿੰਡਾ।
ਫੋਨ: 91-94176-49275*

---

ਰਲ ਕੇ ਮੀਂਹ ਦੀ ਫੁਹਾਰ 'ਚ ਭਿੱਜਣਾ
ਮੌਜ ਮਸਤੀਆਂ ਦਿੰਦੀਆਂ ਸਕੂਨ ਨੇ।
ਨਿੱਕੀਆਂ ਨਿੱਕੀਆਂ ਗੱਲਾਂ 'ਚੋਂ ਖੁਸ਼ੀਆਂ
ਭਰਪੂਰ ਜ਼ਿੰਦਗੀ ਜਿਊਣ ਦਾ ਜਨੂੰਨ ਨੇ।
ਪਲ ਯਾਦਾਂ ਵਿਚੋਂ ਕਦੀ ਮਨਫੀ ਨਹੀਂ ਹੁੰਦੇ
ਨਾ ਕੋਈ ਹੁੰਦੇ ਕਾਇਦੇ ਨਾ ਕਾਨੂੰਨ ਨੇ।
ਮਿੱਟੀ 'ਚ ਰੁਲ ਕੇ ਉਠਣ ਵਾਲੇ
ਅਕਸਰ ਬਣ ਜਾਂਦੇ ਅਫਲਾਤੂਨ ਨੇ।

*-ਅਮਰਜੀਤ ਸਿੰਘ ਤੂਰ
ਪਿੰਡ ਕੁਲਬੁਰਛਾ, ਪਟਿਆਲਾ।
ਫੋਨ: 91-98784-69639*

---

ਵਰ੍ਹਦਾ ਮੀਂਹ ਛਮ ਛਮ ਸੰਗੀਤ ਅਲਾਪਦਾ
ਭੜਾਸ ਸਾਰੀ ਧਰਤ ਦੀ ਉੜ ਜਾਂਦੀ
ਬੱਚੇ ਤਾਂ ਨਹਾ ਇਸ ਵਾਛੜ 'ਚ
ਲਾ ਪੁੱਠੀਆਂ ਸਿੱਧੀਆਂ ਤਾਰੀਆਂ
ਅੰਤਾਂ ਦਾ ਮਜ਼ਾ ਹੀ ਨਹੀਂ ਲੈਂਦੇ ਸਿਰਫ
ਡਰ ਭੈਅ ਮੀਂਹ ਦੇ
ਪਾਣੀ ਤੋਂ ਵੀ ਦੂਰ ਹੋ ਜਾਂਦਾ।
ਡੱਡੂ ਗੜੈਂਅ ਗੜੈਂਅ ਦੀ
ਨਵੀਂ ਹੀ ਸੁਰ ਪੈਦਾ ਕਰਦੇ,
ਚੀਚ ਵਹੁਟੀ ਵੀ ਫਿਰਨੀਆਂ 'ਤੇ
ਮਖਮਲੀ ਚਾਦਰ ਵਾਂਗ ਪੈਰਾਂ 'ਚ ਵਿਛ ਜਾਂਦੀ।

*-ਦਰਸ਼ਨਪਾਲ ਦੋਸਾਂਝ*

# ਦੂਸਰਾ ਜਨਮ-ਵਿਹਾਰਕ ਪੱਖ

ਮਹਾਂਪੁਰਖ ਅਤੇ ਫਿਲਾਸਫਰ ਇਹ ਦੱਸ ਕੇ ਕਿ ਸੰਸਾਰ ਦੁੱਖਾਂ ਅਤੇ ਸੁੱਖਾਂ ਦਾ ਮਿਸ਼ਰਣ ਹੈ, ਸਾਨੂੰ ਨਸੀਹਤ ਕਰਦੇ ਹਨ ਕਿ ਹਮੇਸ਼ਾ ਚੜ੍ਹਦੀ ਕਲਾ ਵਿਚ ਰਹੋ, ਇਸ ਜੀਵਨ ਨੂੰ ਖਿੜੇ ਮੱਥੇ ਜੀਓ ਅਤੇ ਨਾਲ ਹੀ ਆਪਣੇ ਪਰਮਾਰਥੀ ਤੇ ਸੰਸਾਰਕ ਫਰਜ਼ ਵੀ ਪੂਰੇ ਕਰੋ। ਅੱਗੇ ਦਸਦੇ ਹਨ ਕਿ ਮਨੁੱਖਾ-ਜਨਮ ਬਹੁਤ ਸ੍ਰੇਸ਼ਠ ਅਤੇ ਵਡਮੁੱਲੀ ਦਾਤ ਹੈ ਅਤੇ ਸਾਡਾ ਸਰੀਰ ਜਿਉਂਦੇ ਰੱਬ ਦਾ ਘਰ ਹੈ, ਪਰ ਮਨੁੱਖ ਆਪ ਮੂਰਖ, ਅਣਜਾਣ, ਅੰਨ੍ਹਾ, ਕਪਟੀ, ਪਖੰਡੀ ਅਤੇ ਹੋਰ ਅਨੇਕਾਂ ਔਗੁਣਾਂ-ਵਿਕਾਰਾਂ-ਕਮਜ਼ੋਰੀਆਂ ਦਾ ਭਰਿਆ ਹੋਇਆ ਹੈ। ਇਹ ਵੀ ਦੱਸਦੇ ਹਨ ਕਿ ਸੰਸਾਰ ਨੂੰ ਬਣਾਉਣ ਅਤੇ




ਇੰਜੀਨੀਅਰ ਈਸ਼ਰ ਸਿੰਘ
ਫੋਨ: 647-640-2014

ਚਲਾਉਣ ਵਾਲੀ ਹਸਤੀ ਸਰਬ-ਸਮਰੱਥ, ਦਿਆਲੂ, ਬਖਸ਼ਣਹਾਰ ਅਤੇ ਜਾਣਨਹਾਰ ਹੈ, ਹਾਲਾਂਕਿ ਸਾਨੂੰ ਸੰਸਾਰ ਦੇ ਵਰਤਾਰਿਆਂ ਵਿਚੋਂ ਇਸ ਦਾ ਕੋਈ ਪ੍ਰਮਾਣ ਨਹੀਂ ਮਿਲਦਾ ਅਤੇ ਨਾ ਹੀ ਸਮਝ ਆਉਂਦੀ ਹੈ ਕਿ ਕੁਦਰਤੀ ਆਫਤਾਂ ਦਾ ਕੀ ਕਾਰਨ ਹੈ ਅਤੇ ਸੰਸਾਰ ਵਿਚ ਚੰਗਿਆਂ ਨਾਲ ਮੰਦਾ ਕਿਉਂ ਹੋ ਰਿਹਾ ਹੈ! ਸਾਨੂੰ ਤਾਂ ਅਸੰਗਤੀਆਂ-ਭਰਪੂਰ ਇਹ ਸੰਸਾਰ ਤਰਕਹੀਣ ਲਗਦਾ ਹੈ ਅਤੇ ਇਸ ਵਿਚ ਰਹਿਣਾ ਬਹੁਤ ਔਖਾ ਲਗਦਾ ਹੈ।


ਸਾਡੀ ਇਸ ਸੋਚਣੀ ਵਿਚ ਗਲਤੀ ਵੀ ਕੋਈ ਨਹੀਂ ਕਿਉਂਕਿ ਮਹਾਂਪੁਰਖ ਖੁਦ ਇਸ ਸੰਸਾਰ ਨੂੰ ਨਿੰਦਦੇ ਹਨ ਅਤੇ ਇਸ ਵਿਚ ਰਹਿਣ ਦੀ ਔਖਿਆਈ ਦੀ ਗੱਲ ਨੂੰ ਕਬੂਲਦੇ ਹਨ, ਪਰ ਇਹ ਵੀ ਸੱਚਾਈ ਹੈ ਕਿ ਉਨ੍ਹਾਂ ਨੇ ਖੁਦ ਇਸ ਸੰਸਾਰ ਵਿਚ ਰਹਿ ਕੇ ਇਸ ਦੀ ਜ਼ਮੀਨੀ-ਹਕੀਕਤ ਨੂੰ ਦੇਖਿਆ ਹੈ ਅਤੇ ਸਾਡੇ ਵਾਂਗੂ ਦੁੱਖ-ਸੁੱਖ ਹੰਢਾਏ ਹਨ, ਸਗੋਂ ਸਾਡੇ 'ਤੋਂ ਵੀ ਕਿਤੇ ਵੱਧ। ਉਹ ਇਨ੍ਹਾਂ ਹਾਲਾਤ ਵਿਚੋਂ ਆਦਰਸ਼ ਢੰਗ ਨਾਲ ਲੰਘੇ ਹਨ ਅਤੇ ਸਾਨੂੰ ਖਿੜੇ-ਮੱਥੇ ਰਹਿ ਕੇ ਆਪੋ-ਆਪਣੇ ਫਰਜ਼ ਪੂਰੇ ਕਰਨ ਨੂੰ ਪ੍ਰੇਰਦੇ ਹਨ, ਸਗੋਂ ਇਥੋਂ ਤਕ ਸਮਝਾਉਂਦੇ ਹਨ ਕਿ ਸਾਡੇ ਜੀਵਨ ਦਾ ਮੁੱਖ ਮੰਤਵ ਹੀ ਇਸ ਨੂੰ ਹਰ ਪੱਖ ਤੋਂ ਸੰਵਾਰਨਾ ਹੈ।

ਇਸ ਲਈ ਜ਼ਰੂਰੀ ਹੈ ਕਿ ਅਸੀਂ ਆਪਣੀਆਂ ਪ੍ਰਤਿਭਾਵਾਂ ਨੂੰ ਸਮਝੀਏ, ਆਪਣੇ ਔਗੁਣਾਂ-ਵਿਕਾਰਾਂ-ਕਮਜ਼ੋਰੀਆਂ ਦੀ ਸਵੈ-ਪੜਚੋਲ ਕਰੀਏ, ਦਰਪੇਸ਼ ਵੰਗਾਰਾਂ ਦਾ ਸਾਹਮਣਾ ਕਰੀਏ ਅਤੇ ਮਿਲੇ ਸੁਨਹਿਰੀ ਮੌਕਿਆਂ ਦਾ ਲਾਹਾ ਲਈਏ। ਇਸ ਤਰ੍ਹਾਂ ਆਪੋ-ਆਪਣੀ ਵਿਚਾਰਧਾਰਾ, ਰਹਿਣੀ-ਬਹਿਣੀ ਤੇ ਕਹਿਣੀ-ਕਰਨੀ ਨੂੰ ਹੋਰ ਨਿਖਾਰੀਏ ਅਤੇ ਨਵਾਂ, ਸੰਵਰਿਆ ਤੇ ਸੁਚੱਜਾ 'ਦੂਸਰਾ' ਜੀਵਨ ਸ਼ੁਰੂ ਕਰੀਏ। ਇਸ ਸੰਸਾਰ ਨੂੰ ਨਵੇਂ ਉਸਾਰੂ ਦ੍ਰਿਸ਼ਟੀਕੋਣ ਤੋਂ ਦੇਖਣਾ ਸਿੱਖੀਏ। ਇਸ ਬਦਲਾਓ ਦੀ ਮਹੱਤਤਾ ਕਰ ਕੇ ਹੀ ਇਸ ਤੋਂ ਬਾਅਦ ਦੇ ਜੀਵਨ ਨੂੰ ਭਾਵਾਰਥਕ ਪੱਖੋਂ 'ਦੂਸਰਾ ਜਨਮ' ਕਿਹਾ ਜਾਂਦਾ ਹੈ, ਜਦੋਂ ਕਿ ਆਵਾਗਉਣ ਜਾਂ ਪੁਨਰ-ਜਨਮ ਦੇ ਸਿਧਾਂਤ ਅਨੁਸਾਰ ਦੂਸਰੇ ਜਨਮ ਦਾ ਅਸਲ ਅਰਥ ਸਰੀਰਕ ਮੌਤ ਤੋਂ ਬਾਅਦ ਮਿਲਣ ਵਾਲਾ ਜੀਵਨ ਹੈ, ਜੋ ਸੰਕਲਪਾਤਮਕ ਹੈ। ਸੋ ਲੇਖ ਅਨੁਸਾਰ 'ਦੂਸਰਾ ਜੀਵਨ' ਕਿਸੇ ਖਾਸ ਘਟਨਾ, ਸਵੈ-ਪੜਚੋਲ, ਸੋਚ-ਵਿਚਾਰ ਜਾਂ ਬਾਹਰੀ ਪ੍ਰੇਰਨਾ ਤੋਂ ਬਾਅਦ, ਸੁਚੇਤ ਢੰਗ ਨਾਲ ਕੀਤੀਆਂ ਕੋਸ਼ਿਸ਼ਾਂ ਵਜੋਂ ਸੁਧਰਿਆ-ਸੰਵਰਿਆ ਜੀਵਨ ਹੈ। ਇਸ ਦੀ ਪ੍ਰਾਪਤੀ ਵਾਸਤੇ ਕਾਇਆ-ਕਲਪ, ਸਵੈ-ਸੁਧਾਰ, ਸਵੈ-ਵਿਕਾਸ ਜਾਂ 'ਟਰਾਂਸਫਾਰਮੇਸ਼ਨ' ਜ਼ਰੂਰੀ ਹੈ। ਵਿਹਾਰਕ ਪੱਖ ਤੋਂ ਇਸ ਦੀ ਤੁਲਨਾ ਵਿਚ ਮੌਤ ਤੋਂ ਬਾਅਦ ਦੇ ਜੀਵਨ ਦੀ ਖਾਸ ਅਹਿਮੀਅਤ ਨਹੀਂ, ਸਗੋਂ ਇਹ ਉਸ ਜੀਵਨ ਦੀ ਨੀਂਹ ਹੈ। ਇਹ ਸੁਧਾਰ-ਵਿਕਾਸ ਸਰੀਰਕ, ਮਾਨਸਿਕ ਜਾਂ ਆਤਮਿਕ ਪੱਖ ਦੀ ਤਰੱਕੀ ਵਾਸਤੇ, ਜੀਵਨ ਨੂੰ ਹੋਰ ਖੁਸ਼ਮਈ ਅਤੇ ਸਫਲ ਬਣਾਉਣ ਵਾਸਤੇ ਜਾਂ ਆਉਣ ਵਾਲੀ ਕਿਸੇ ਵੱਡੀ ਸਮੱਸਿਆ ਤੋਂ ਬਚਾਓ ਲਈ ਹੋ ਸਕਦਾ ਹੈ। ਕਈ ਵਾਰ ਤਾਂ ਸਾਡੀ ਜਾਣ-ਪਛਾਣ ਅੰਦਰ ਜਾਂ ਸਾਡੇ ਖੁਦ ਦੇ ਜੀਵਨ ਵਿਚ ਇਸ ਤਰ੍ਹਾਂ ਦਾ ਮੋੜ ਆ ਜਾਂਦਾ ਹੈ। ਇਸ ਦੀਆਂ ਸਭ ਖੇਤਰਾਂ-ਅਧਿਆਤਮਕ, ਸੰਸਾਰਕ, ਖੇਡ-ਜਗਤ, ਵਿਦਿਅਕ, ਸੰਗੀਤ, ਬਹਾਦਰੀ, ਸਮਾਜ-ਸੁਧਾਰ, ਸਨਅਤ ਆਦਿ ਅਤੇ ਹਰ ਦੇਸ਼, ਹਰ ਸਭਿਅਤਾ ਤੇ ਹਰ ਧਰਮ ਵਿਚ ਅਨੇਕਾਂ ਮਿਸਾਲਾਂ ਮਿਲਦੀਆਂ ਹਨ।

ਖਾਸ ਘਟਨਾਵਾਂ ਤੋਂ ਬਾਅਦ ਸੁਧਰੇ ਜੀਵਨ ਦੀਆਂ ਦੋ ਮਿਸਾਲਾਂ 'ਤੇ ਗੌਰ ਕਰਦੇ ਹਾਂ। ਸਿੱਖ ਇਤਿਹਾਸ ਅਨੁਸਾਰ ਗੁਰੂ ਅਮਰ ਦਾਸ ਜੀ ਮਹਾਰਾਜ ਜਨਮ ਤੋਂ ਹੀ ਧਾਰਮਿਕ ਬਿਰਤੀ ਅਤੇ ਦੁਨਿਆਵੀ ਸਿਆਣਪ ਦੇ ਮਾਲਿਕ ਸਨ। ਬਚਪਨ ਤੋਂ ਹੀ ਪਿਤਾ-ਪੁਰਖੀ ਧਰਮ-ਕਰਮ ਨੇਮ ਅਤੇ ਸੁਹਿਰਦਤਾ ਨਾਲ ਨਿਭਾਉਂਦੇ ਸਨ। ਆਖਰੀ ਵਾਰ ਗੰਗਾ-ਇਸ਼ਨਾਨ ਦੀ ਯਾਤਰਾ ਵਕਤ ਉਨ੍ਹਾਂ ਦੇ ਸਹਿ-ਯਾਤਰੀ ਵਲੋਂ ਇਹ ਪੁੱਛੇ ਜਾਣ 'ਤੇ ਕਿ ਉਨ੍ਹਾਂ ਦਾ ਗੁਰੂ ਕੌਣ ਹੈ, ਆਪ ਨੇ ਨਾਂਹ ਵਿਚ ਜਵਾਬ ਦਿੱਤਾ। ਸਹਿ-ਯਾਤਰੀ ਨੇ ਬਹੁਤ ਤ੍ਰਿਸਕਾਰ ਭਰੇ ਬਚਨ ਕਹੇ, ਜਿਸ ਨਾਲ ਆਪ ਜੀ ਦਾ ਹਿਰਦਾ ਬਹੁਤ ਦੁਖੀ ਹੋਇਆ। ਇਸ ਘਟਨਾ ਕਰ ਕੇ ਜੀਵਨ ਵਿਚ ਇੱਕ ਐਸਾ ਮੋੜ ਆਇਆ ਕਿ ਦੂਸਰੀ ਪਾਤਸ਼ਾਹੀ ਗੁਰੂ ਅੰਗਦ ਦੇਵ ਜੀ ਮਹਾਰਾਜ ਦੀ ਸ਼ਰਨ ਵਿਚ ਪਹੁੰਚ ਗਏ। ਉਨ੍ਹਾਂ ਤੋਂ ਨਾਮ-ਦਾਨ ਦੀ ਪ੍ਰਾਪਤੀ ਕਰ ਕੇ ਅਤੇ ਉਨ੍ਹਾਂ ਦੀ ਹੀ ਸੰਗਤ ਵਿਚ ਰਹਿ ਕੇ ਪੂਰੀ ਤਨਦੇਹੀ ਨਾਲ ਇੰਨੀ ਸਰੀਰਕ ਅਤੇ ਅਧਿਆਤਮਕ ਮਿਹਨਤ ਕੀਤੀ ਕਿ 73 ਸਾਲ ਦੀ ਵੱਡੀ ਉਮਰ ਵਿਚ ਖੁਦ ਸਤਿਗੁਰੂ ਦੀ ਉੱਚ-ਪਦਵੀ ਨੂੰ ਪ੍ਰਾਪਤ ਹੋਏ। ਇਸ ਸਰੂਪ ਵਿਚ ਉਨ੍ਹਾਂ ਨੇ 22 ਸਾਲ ਸੰਗਤ ਨੂੰ ਪਰਮਾਰਥੀ ਅਤੇ ਦੁਨਿਆਵੀ ਰਹਿਨੁਮਾਈ ਬਖਸ਼ੀ। ਭਾਵੇਂ ਹਰ ਧਰਮ ਦੇ ਅਨੁਆਈਆਂ ਨੂੰ ਆਪੋ-ਆਪਣੇ ਧਰਮਾਂ ਵਿਚ ਇਸ ਤਰ੍ਹਾਂ ਦੀਆਂ ਮਿਸਾਲਾਂ ਮਿਲ ਜਾਂਦੀਆਂ ਹਨ, ਪਰ ਪੰਜਾਬੀ ਅਤੇ ਸਿੱਖ ਜਗਤ ਵਿਚ 'ਦੂਸਰੇ ਜਨਮ' ਦੀ ਇਹ ਅਦੁੱਤੀ ਮਿਸਾਲ ਹੈ। ਚੋਟੀ ਦੇ ਮਹਾਂਪੁਰਖ ਸਮੁੱਚੀ ਮਨੁੱਖਤਾ ਵਾਸਤੇ ਆਪਣਾ ਕਾਇਆ-ਕਲਪ ਕਰਦੇ ਹਨ ਅਤੇ ਉਨ੍ਹਾਂ ਦੇ ਜੀਵਨ ਸਾਡੇ ਵਾਸਤੇ ਚਾਨਣ-ਮੁਨਾਰੇ ਹੁੰਦੇ ਹਨ। ਸਾਡਾ ਮੰਤਵ ਉਨ੍ਹਾਂ ਤੱਕ ਪਹੁੰਚਣ ਤੋਂ ਨਹੀਂ ਹੁੰਦਾ, ਸਗੋਂ ਉਨ੍ਹਾਂ ਤੋਂ ਸੇਧ ਲੈ ਕੇ ਆਪੋ-ਆਪਣੀ ਸਮਰੱਥਾ ਅਤੇ ਹਾਲਾਤ ਅਨੁਸਾਰ ਆਪਣੇ ਇਸ ਜੀਵਨ ਦਾ ਕਾਇਆ-ਕਲਪ ਹੁੰਦਾ ਹੈ।



ਅਲਫਰੈੱਡ ਨੋਬਲ





ਨੋਬਲ ਪੁਰਸਕਾਰ

ਦੂਸਰੀ ਸੰਸਾਰਕ ਪੱਖ ਦੀ ਇੱਕ ਬਹੁਤ ਹੀ ਦਿਲਚਸਪ ਅਤੇ ਵਧੀਆ ਮਿਸਾਲ ਨੋਬਲ ਪੁਰਸਕਾਰਾਂ ਦੇ ਸੰਸਥਾਪਕ ਸਵੀਡਨ ਨਿਵਾਸੀ, ਅਲਫਰੈੱਡ ਨੋਬਲ (1833-1896) ਦੀ ਹੈ। ਸਭ ਜਾਣਦੇ ਹਨ ਕਿ ਹਰ ਸਾਲ ਫਿਜਿਕਸ, ਕੈਮਿਸਟਰੀ, ਮੈਡੀਸਨ, ਸਾਹਿਤ, ਸ਼ਾਂਤੀ ਅਤੇ ਅਰਥ-ਸ਼ਾਸਤਰ ਦੇ ਖੇਤਰਾਂ ਵਿਚ ਦਿੱਤੇ ਜਾਣ ਵਾਲੇ ਇਹ ਸਭ ਤੋਂ ਵੱਡੇ ਅਤੇ ਸਭ ਤੋਂ ਸਤਿਕਾਰਤ ਪੁਰਸਕਾਰ ਹਨ। ਅਲਫਰੈੱਡ ਨੋਬਲ ਬਹੁਤ ਸਫਲ ਇੰਜੀਨੀਅਰ, ਆਵਿਸ਼ਕਾਰ-ਕਰਤਾ ਅਤੇ ਸਨਅਤਕਾਰ ਸੀ, ਜਿਸ ਨੇ ਡਾਇਨਾਮਾਈਟ ਬਾਰੂਦ ਸਣੇ ਹੋਰ ਅਨੇਕਾਂ ਖੋਜਾਂ ਕੀਤੀਆਂ ਤੇ ਅਥਾਹ ਕਮਾਈ ਕੀਤੀ। ਡਾਇਨਾਮਾਈਟ ਭਾਵੇਂ ਉਸਾਰੀ ਦੇ ਵੱਡੇ ਕੰਮਾਂ ਵਾਸਤੇ ਬਣਾਇਆ ਗਿਆ ਸੀ, ਪਰ ਇਸ ਦੀ ਲੜਾਈਆਂ ਵਿਚ ਵੀ ਬਹੁਤ ਦੁਰਵਰਤੋਂ ਹੋਈ, ਜਿਸ ਕਰ ਕੇ ਅਲਫਰੈੱਡ ਨੋਬਲ ਦਾ ਵਿਰੋਧ ਵੀ ਬਹੁਤ ਹੁੰਦਾ ਸੀ। 1888 ਵਿਚ ਉਸ ਦੇ ਛੋਟੇ ਭਰਾ ਲੁਡਵਿਗ ਦੀ ਮੌਤ ਹੋ ਗਈ, ਪਰ ਅਖਬਾਰ ਨੇ ਗਲਤੀ ਨਾਲ ਅਲਫਰੈੱਡ ਨੋਬਲ ਦੀ ਮੌਤ ਦੀ ਖਬਰ ਛਾਪ ਦਿੱਤੀ ਅਤੇ ਉਸ ਨੂੰ 'ਮੌਤ ਦਾ ਸੌਦਾਗਰ' ਕਹਿ ਕੇ ਬਹੁਤ ਭੰਡਿਆ ਗਿਆ। ਉਹ ਆਪਣੀ ਬਦਨਾਮੀ ਨਾਲ ਇੰਨਾ ਦੁਖੀ ਹੋਇਆ ਕਿ ਉਸ ਨੇ ਇਹ ਕਲੰਕ ਧੋਣ ਦਾ ਮਨ ਬਣਾ ਲਿਆ ਅਤੇ ਆਪਣੀ ਧਨ-ਦੌਲਤ ਦੀ ਇੱਕ ਫਾਊਂਡੇਸ਼ਨ ਬਣਾ ਕੇ ਇਨ੍ਹਾਂ ਪੁਰਸਕਾਰਾਂ ਦੀ ਸਥਾਪਨਾ ਕਰਨ ਦੀ ਵਸੀਅਤ ਕਰ ਦਿੱਤੀ। ਇਸ ਤਰ੍ਹਾਂ ਅਲਫਰੈੱਡ ਨੋਬਲ ਨੇ 'ਦੂਸਰੇ ਜਨਮ' ਵਿਚ ਆਪਣੀ ਧਨ-ਦੌਲਤ ਦੀ ਸਹੀ ਵਰਤੋਂ ਕਰ ਕੇ ਸੰਸਾਰ ਦੀ ਤਰੱਕੀ ਵਿਚ ਬਹੁਤ ਯੋਗਦਾਨ ਪਾਇਆ। ਵਿਸ਼ਵ ਇਤਿਹਾਸ ਵਿਚ ਇਸ ਤਰ੍ਹਾਂ ਦੀਆਂ ਹੋਰ ਅਨੇਕਾਂ ਮਿਸਾਲਾਂ ਹਨ, ਜਿਵੇਂ ਕਿ ਮਹਾਰਾਜਾ ਅਸ਼ੋਕ, ਮਹਾਤਮਾ ਗਾਂਧੀ, ਡਾ. ਮਾਰਟਿਨ ਲੂਥਰ ਕਿੰਗ ਅਤੇ ਨੈਲਸਨ ਮੰਡੇਲਾ ਆਦਿ।

ਜਰੂਰੀ ਨਹੀਂ ਕਿ ਕਾਇਆ-ਕਲਪ ਦੀ ਪ੍ਰਕਿਰਿਆ ਕਿਸੇ ਖਾਸ ਘਟਨਾ ਤੋਂ ਬਾਅਦ ਹੀ ਸ਼ੁਰੂ ਹੋਵੇ। ਜੇ ਆਪਾਂ ਲੋੜੀਂਦੀ ਤੀਬਰਤਾ ਨਾਲ ਇਸ ਦੇ ਇਛੁੱਕ ਹੋਈਏ ਤਾਂ ਰੋਜ਼ ਦੀਆਂ ਆਮ ਘਟਨਾਵਾਂ ਵਿਚੋਂ ਹੀ ਕੋਈ ਖਾਸ ਬਣ ਜਾਂਦੀ ਹੈ। ਇਸ ਸਬੰਧ ਵਿਚ 'ਆਨੰਦ ਮਾਰਗ' ਕਿਤਾਬ (ਅਨੁਵਾਦ ਗਿਆਨੀ ਗੁਰਮੁਖ ਸਿੰਘ ਜੀ ਮੁਸਾਫਰ) ਦੀਆਂ ਸਿੱਖਿਆਵਾਂ ਵਿਚੋਂ ਦੋ ਮੁੱਖ ਵਿਚਾਰ ਇਹ ਹਨ:

'ਦੂਸਰਾ ਜਨਮ' ਧਾਰਨ ਕਰਨਾ ਅਰਥਾਤ ਆਪਾ-ਸੁਧਾਰ ਰਾਹੀਂ ਕਾਇਆ-ਕਲਪ ਕਰਨਾ ਸਾਡਾ ਫਰਜ਼ ਵੀ ਹੈ ਤੇ ਇਹ 'ਸੰਭਵ' ਵੀ ਹੈ; ਇਸ ਵਾਸਤੇ ਉਮਰ, ਦੇਸ਼, ਧਰਮ, ਸਮੇਂ ਜਾਂ ਕਿਸੇ ਅਲੌਕਿਕ ਸ਼ਕਤੀ ਵਿਚ ਭਰੋਸੇ ਜਾਂ ਨਾ-ਭਰੋਸੇ ਦੀ ਕੋਈ ਭੂਮਿਕਾ ਨਹੀਂ।

ਖਾਸ ਘਟਨਾ ਦੀ ਨਿਸ਼ਾਨਦੇਹੀ ਲਈ ਮਾਨਸਿਕ ਤੌਰ 'ਤੇ ਤਿਆਰ-ਬਰ-ਤਿਆਰ ਰਹਿਣਾ ਅਤੇ ਇਸ ਦੀ ਪਛਾਣ ਤੋਂ ਬਾਅਦ ਕਿਸੇ ਜਾਣਕਾਰ 'ਗਾਈਡ' ਦੀ ਅਗਵਾਈ ਵਿਚ ਸੁਚੇਤ ਅਤੇ ਨਿਰੰਤਰ ਮਿਹਨਤ ਕਰਨਾ। ਇਸ ਕੰਮ ਵਾਸਤੇ 'ਗਾਈਡ' ਦੀ ਬਹੁਤ ਮਹੱਤਤਾ ਹੈ ਅਤੇ ਸੁਚੇਤ ਢੰਗ ਦੀ ਬਹੁਤ ਜ਼ਰੂਰਤ ਹੈ; ਸਿਰਫ ਖੁਦ ਆਪ ਜਾਂ ਸਰਸਰੀ ਢੰਗ ਨਾਲ ਇਹ ਕੰਮ ਨਹੀਂ ਹੋ ਸਕਦਾ। ਇਸ ਵਾਸਤੇ ਲਾ-ਪਰਵਾਹੀ, ਸੁਸਤੀ ਅਤੇ ਨੀਂਦ ਵਰਗੀਆਂ ਕਮਜ਼ੋਰੀਆਂ ਦੇ ਨਾਲ-ਨਾਲ ਹੋਰ ਰਸਾਂ-ਕਸਾਂ ਅਤੇ ਮੌਜ-ਮਸਤੀਆਂ ਵਿਚ ਵਰਤੀਆਂ ਜਾ ਰਹੀਆਂ ਕੀਮਤੀ ਸ਼ਕਤੀਆਂ ਅਤੇ ਰੁਚੀਆਂ ਨੂੰ ਵੀ ਨਵੀਂ ਦਿਸ਼ਾ ਦੇਣੀ ਹੁੰਦੀ ਹੈ।

ਅਸੀਂ ਕਾਇਆ-ਕਲਪ ਦੀ ਮਹੱਤਤਾ ਅਤੇ ਸੰਭਵਤਾ ਨੂੰ ਇਸ ਕਰ ਕੇ ਨਹੀਂ ਸਮਝ ਪਾ ਰਹੇ, ਕਿਉਂਕਿ ਅਸੀਂ ਧਰਮਾਂ ਦੇ ਮੋਢੀ ਮਹਾਂ-ਪੁਰਖਾਂ ਦੀਆਂ ਸਿੱਖਿਆਵਾਂ ਨੂੰ ਪੜ੍ਹਨ ਅਤੇ ਸਮਝਣ ਦੇ ਜ਼ਰੂਰੀ ਕੰਮ ਨੂੰ ਖੁਦ ਕਰਨ ਦੀ ਥਾਂ, ਧਰਮ ਦੇ ਅਖੌਤੀ ਠੇਕੇਦਾਰਾਂ ਕੋਲ 'ਆਊਟ ਸੋਰਸ' ਕੀਤਾ ਹੋਇਆ ਹੈ। ਉਨ੍ਹਾਂ ਨੇ ਉਲਟਾ ਸਾਨੂੰ, ਸਾਡੀ ਕਿਸਮਤ ਬਦਲ ਕੇ ਸਾਡੇ ਇਸ ਜੀਵਨ ਨੂੰ ਸੁਖਮਈ ਬਣਾਉਣ ਅਤੇ ਮੌਤ ਤੋਂ ਬਾਅਦ ਵਧੀਆ ਜੀਵਨ ਦੀ ਗਾਰੰਟੀ ਦੇ ਚੁੰਗਲ ਵਿਚ ਫਸਾ ਕੇ, ਇਸ ਕੰਮ ਨੂੰ ਸ਼ਕਤੀਸ਼ਾਲੀ ਵਪਾਰ ਬਣਾ ਰੱਖਿਆ ਹੈ। ਕਾਇਆ-ਕਲਪ ਵਾਸਤੇ ਉਨ੍ਹਾਂ ਦੇ ਚੁੰਗਲ 'ਚੋਂ ਨਿਕਲਣਾ ਜ਼ਰੂਰੀ ਹੈ ਅਤੇ ਚੁੰਗਲ 'ਚੋਂ ਨਿਕਲਣ ਵਾਸਤੇ ਇਨ੍ਹਾਂ ਦੋ ਗੱਲਾਂ ਨੂੰ ਵਿਗਿਆਨਕ ਦ੍ਰਿਸ਼ਟੀ ਤੋਂ ਵਿਚਾਰਨਾ ਜ਼ਰੂਰੀ ਹੈ:

ਕਿਸਮਤ ਜਾਂ ਪ੍ਰਾਲਬਧ: ਇਹ ਬਣਦੀ ਕਿਵੇਂ ਹੈ, ਇਸ ਬਾਰੇ ਵੱਖ ਵੱਖ ਫਲਸਫੇ ਹਨ, ਪਰ ਇਸ ਗੱਲ 'ਤੇ ਸਭ ਸਹਿਮਤ ਹਨ ਕਿ ਇਹ ਅਟੱਲ ਹੁੰਦੀ ਹੈ ਅਤੇ ਬਦਲੀ ਨਹੀਂ ਜਾ ਸਕਦੀ। ਇਸ ਦਾ ਇੱਕ ਵਿਗਿਆਨਕ ਕਾਰਨ ਇਹ ਹੈ ਕਿ ਹਰ ਇੱਕ ਦੀ ਕਿਸਮਤ ਅੱਗੇ ਸੈਂਕੜੇ ਹੋਰਾਂ ਨਾਲ ਅਤੇ ਅਨੇਕਾਂ ਹਾਲਤਾਂ ਨਾਲ ਜੁੜੀ ਹੁੰਦੀ ਹੈ। ਇਹ ਮੌਸਮ ਵਾਂਗੂੰ ਹੁੰਦੀ ਹੈ, ਇਸ ਦਾ ਇੰਤਜ਼ਾਮ ਕਰਨਾ ਹੀ ਸਿਆਣਪ ਹੈ ਅਤੇ ਮਹਾਂਪੁਰਖਾਂ ਦੀਆਂ ਸਿੱਖਿਆਵਾਂ ਸਾਨੂੰ ਇਸ ਇੰਤਜ਼ਾਮ ਦੀ ਤਿਆਰੀ ਵਾਸਤੇ ਸੁਮੱਤ ਦਿੰਦੀਆਂ ਹਨ। ਜੇ ਫਿਰ ਵੀ ਇਸ ਨੂੰ ਭੁਗਤਣਾ ਪਵੇ ਤਾਂ ਖਿੜੇ-ਮੱਥੇ ਇਹ ਸਭ ਕਰਨ ਵਾਸਤੇ ਸਹਿਣ-ਸ਼ਕਤੀ ਪ੍ਰਦਾਨ ਕਰਦੀਆਂ ਹਨ। ਆਪਾਂ ਕਿਸਮਤ ਬਦਲ ਕੇ ਜੀਵਨ 'ਚੋਂ ਸੁਖ ਅਤੇ ਖੁਸ਼ੀਆਂ ਲੱਭਦੇ ਹਾਂ, ਪਰ ਉਹ ਸਾਨੂੰ ਮੌਜੂਦਾ ਕਿਸਮਤ ਵਿਚੋਂ ਹੀ ਇਹ ਸਭ ਲੱਭਣਾ ਸਿਖਾ ਦਿੰਦੇ ਹਨ। ਅਸੀਂ ਥੋੜ੍ਹ-ਚਿਰੇ ਇੰਦਰਿਆਵੀ ਸੁਖ ਲੱਭਦੇ ਹਾਂ, ਜਦੋਂ ਕਿ ਉਹ ਸਾਨੂੰ ਸਦੀਵੀ ਅਤੇ ਨੈਤਿਕ ਕਦਰਾਂ-ਕੀਮਤਾਂ ਨੂੰ ਪ੍ਰਣਾਏ ਸੁੱਖਾਂ ਵਲ ਮੋੜਦੇ ਹਨ। ਉਹ ਸਮਝਾਉਂਦੇ ਹਨ ਕਿ ਸੁੱਖ ਇਸ ਤਰ੍ਹਾਂ ਦਾ ਹੋਣਾ ਚਾਹੀਦਾ ਹੈ ਜੋ ਕੁਦਰਤ, ਇਨਸਾਨੀਅਤ ਤੇ ਸਮਾਜ ਦਾ ਅਨੁਸਾਰੀ ਹੋਵੇ ਅਤੇ ਜਿਸ ਦੀ ਕੋਈ ਦੂਰ-ਰਸ ਗਲਤ ਪ੍ਰਕਿਰਿਆ ਨਾ ਹੋਵੇ।

ਮੌਤ: ਨਿਰਸੰਦੇਹ ਮੌਤ ਇੱਕ ਅਸਲੀਅਤ ਹੈ ਅਤੇ ਇਸ ਦੇ ਯਕੀਨੀ ਹੋਣ ਦੇ ਬਾਵਜੂਦ ਇਸ ਦਾ ਕੋਈ ਸਮਾਂ, ਸਥਾਨ ਜਾਂ ਕਾਰਨ ਨਹੀਂ ਜਾਣਿਆ ਜਾ ਸਕਦਾ। ਇਸ ਦਾ ਸਮਾਧਾਨ ਅਸੰਭਵ ਅਤੇ ਇਸ ਬਾਰੇ ਬੇਲੋੜਾ ਗਿਆਨ ਵਿਅਰਥ ਹੈ। ਇਸ ਸੰਸਾਰ ਵਿਚ ਅਣਗਿਣਤ ਅਜਿਹੀਆਂ ਹੋਰ ਗੱਲਾਂ ਹਨ, ਜਿਨ੍ਹਾਂ ਦਾ ਪੂਰਾ ਗਿਆਨ ਨਾ ਹੁੰਦਿਆਂ ਵੀ ਅਸੀਂ ਇਹ ਜੀਵਨ ਵਧੀਆ ਢੰਗ ਨਾਲ ਜਿਉ ਰਹੇ ਹਾਂ।

ਕਾਇਆ-ਕਲਪ ਰਾਹੀਂ 'ਦੂਸਰਾ-ਜੀਵਨ' ਧਾਰਨ ਕਰਨ ਵਾਸਤੇ ਸਾਨੂੰ ਕਿਸਮਤ ਅਤੇ ਮੌਤ ਬਾਰੇ ਦਿਖਾਵੇ ਦੇ ਗੂੜ੍ਹ-ਗਿਆਨ ਦੀ ਲੋੜ ਨਹੀਂ, ਸਗੋਂ ਇਸ ਬੇ-ਲੋੜੀ ਉਤਸੁਕਤਾ ਨੇ ਹੀ ਸਾਨੂੰ ਅਸਲੀਅਤ ਤੋਂ ਦੂਰ ਕਰ ਕੇ ਪੁਜਾਰੀ-ਸ਼੍ਰੇਣੀ ਦੇ ਚੁੰਗਲ 'ਚ ਜਕੜਿਆ ਹੋਇਆ ਹੈ। ਅਸੀਂ ਪਰਮਾਰਥੀ ਮਾਹਿਰਾਂ ਵਲੋਂ ਸਮਝਾਈਆਂ ਚੋਣਵੀਆਂ ਜੁਗਤਾਂ 'ਤੇ ਸੁਹਿਰਦ ਅਮਲ ਕਰ ਕੇ ਇਹ ਸਭ ਕਰ ਸਕਦੇ ਹਾਂ। ਅਮਰੀਕਾ ਦੇ ਪ੍ਰਸਿੱਧ ਫਿਲਾਸਫਰ-ਲੇਖਕ ਮਾਰਕ ਟਵੇਨ ਦੀ ਪ੍ਰਸੰਗਕ ਟੂਕ ਹੈ, "ਲੋਕ ਬਾਈਬਲ ਦੀਆਂ ਉਨ੍ਹਾਂ ਗੱਲਾਂ ਦਾ ਫਿਕਰ ਕਰਦੇ ਹਨ, ਜਿਹੜੀਆਂ ਉਨ੍ਹਾਂ ਨੂੰ ਸਮਝ ਨਹੀਂ ਆਉਂਦੀਆਂ, ਪਰ ਮੈਂ ਉਨ੍ਹਾਂ ਦਾ ਕਰਦਾ ਹਾਂ, ਜਿਹੜੀਆਂ ਮੇਰੇ ਸਮਝ 'ਚ ਆ ਗਈਆਂ ਹਨ।"

ਸਾਰ-ਤੱਤ ਇਹ ਕਿ ਸੰਸਾਰਕ ਅਸੰਗਤੀਆਂ ਦੇ ਗਿਆਨ ਤੋਂ ਬਿਨਾ ਵੀ ਅਸੀਂ ਇਸ ਜੀਵਨ ਨੂੰ ਪ੍ਰਸੰਨ-ਚਿੱਤ ਅਤੇ ਸੁਚੱਜਾ ਬਣਾ ਅਤੇ ਸੰਵਾਰ ਸਕਦੇ ਹਾਂ, ਭਾਵ 'ਦੂਸਰਾ ਜੀਵਨ' ਧਾਰਨ ਕਰ ਸਕਦੇ ਹਾਂ। ਆਪਾਂ ਨੂੰ ਸੁਚੇਤ ਅਤੇ ਸੁਹਿਰਦ ਢੰਗ ਨਾਲ ਇਸ ਤਰ੍ਹਾਂ ਕਰਨ ਦੀ ਬਹੁਤ ਲੋੜ ਹੈ, ਕਿਉਂਕਿ ਸਾਡੀ ਅਜੋਕੀ ਜੀਵਨ-ਸ਼ੈਲੀ, ਦਰਪੇਸ਼ ਸਮੱਸਿਆਵਾਂ ਦੇ ਹੱਲ ਦੀ ਥਾਂ ਇਨ੍ਹਾਂ ਨੂੰ ਵਧਾ ਅਤੇ ਗੁੰਝਲਦਾਰ ਕਰ ਰਹੀ ਹੈ। ਅੱਜ ਦਾ ਸੰਸਾਰ ਪੱਛਮੀ ਤਰਜ਼ ਦੀ ਤਰੱਕੀ ਅਤੇ ਬੇ-ਲਗਾਮ ਸਾਇੰਸੀ ਖੋਜਾਂ ਕਰ ਕੇ ਅਭੂਤ-ਪੂਰਵ ਸਮੱਸਿਆਵਾਂ ਵਿਚ ਘਿਰਿਆ ਹੋਇਆ ਹੈ, ਜਿਨ੍ਹਾਂ ਦਾ ਹੱਲ ਇਕੱਲੀ ਸਾਇੰਸ ਖੁਦ ਨਹੀਂ ਕਰ ਸਕਦੀ। ਇਸ ਨੂੰ ਅਧਿਆਤਮਵਾਦ ਦੀ ਰਹਿਨੁਮਾਈ ਵਿਚ ਰੱਖ ਕੇ, 'ਧਰਤੀ ਇੱਕ ਪਰਿਵਾਰ' (ਵਸੁਧੈਵ ਕੁਟੁੰਬਕਮ) ਅਤੇ 'ਮਾਨਸ ਕੀ ਜਾਤਿ ਸਭੈ ਏਕੈ ਪਹਿਚਾਨਬੋ' ਦੇ ਸਿਧਾਂਤਾਂ 'ਤੇ ਸੁਹਿਰਦਤਾ ਨਾਲ ਅਮਲ ਕਰਨ ਦੀ ਲੋੜ ਹੈ। ਇਸ ਤਰ੍ਹਾਂ ਅਸੀਂ ਇਸ ਜਨਮ ਦੇ ਰਹਿੰਦੇ ਹਿੱਸੇ ਨੂੰ ਸੰਵਾਰ ਕੇ, ਇਸ ਨੂੰ ਸੁਖਮਈ ਅਤੇ ਸਫਲ ਬਣਾਉਣ ਦੇ ਨਾਲ-ਨਾਲ ਆਉਣ ਵਾਲੀਆਂ ਪੀੜ੍ਹੀਆਂ ਨੂੰ ਵਿਰਾਸਤ ਵਿਚ ਹੁਣ ਤੋਂ ਵਧੀਆ ਸੰਸਾਰ ਦੇਣ ਦੇ ਮੁੱਖ ਫਰਜ਼ ਨੂੰ ਨਿਭਾਅ ਸਕਾਂਗੇ।

## ਪਤੀ-ਪਤਨੀ ਅਤੇ ਦਿਆਲੂ ਰੱਬ!

ਸਾਰੀ ਉਮਰ ਪਤੀ-ਪਤਨੀ ਨੇ ਆਪਸ ਵਿਚ ਲੜਦੇ-ਭਿੜਦੇ ਬਿਤਾ ਲਈ ਤੇ ਆਖਰ ਇਸ ਦੁਨੀਆ ਤੋਂ ਰੁਖਸਤ ਹੋ ਗਏ। ਪਰਲੋਕ ਵਿਚ ਜਿਵੇਂ ਸਭ ਨੂੰ 'ਰੱਬ ਜੀ' ਦੇ ਦਰਬਾਰ ਪੇਸ਼ ਹੋਣਾ ਪੈਂਦਾ ਹੈ, ਇਹ ਵੀ ਹੋਏ। ਰੱਬ ਜੀ ਨੇ ਬੜੇ



ਦੁਖੀ ਹੋ ਕੇ ਇਸ ਜੋੜੇ ਨੂੰ ਸਮਝਾਇਆ ਕਿ ਉਨ੍ਹਾਂ ਆਪਣਾ ਕੀਮਤੀ ਜੀਵਨ ਲੜਨ-ਭਿੜਨ ਵਿਚ ਹੀ ਤਬਾਹ ਕਰ ਲਿਆ ਤੇ ਪਿਆਰ ਨਾਲ ਇਸ ਦਾ ਅਨੰਦ ਨਹੀਂ ਮਾਣਿਆ। ਇਸ 'ਤੇ ਪਤੀ-ਪਤਨੀ ਨੂੰ ਬੜਾ ਪਛਤਾਵਾ ਹੋਇਆ ਤੇ ਆਪਣੀ ਗਲਤੀ ਮੰਨੀ। ਰੱਬ ਜੀ ਨੂੰ ਉਨ੍ਹਾਂ 'ਤੇ ਤਰਸ ਆ ਗਿਆ ਅਤੇ ਉਨ੍ਹਾਂ ਨੂੰ ਥੋੜ੍ਹੇ ਸਮੇਂ ਲਈ ਸੰਸਾਰ ਵਿਚ ਮੁੜ ਜਿਊਣ ਲਈ ਭੇਜ ਦਿੱਤਾ ਗਿਆ, ਇਸ ਸ਼ਰਤ 'ਤੇ ਕਿ ਉਹ ਇਹ ਸਮਾਂ ਪਿਆਰ-ਮੁਹੱਬਤ ਨਾਲ ਬਿਤਾਉਣਗੇ।

ਪਤੀ-ਪਤਨੀ ਦੇ ਅੰਤਿਮ ਸੰਸਕਾਰ ਦੀਆਂ ਤਿਆਰੀਆਂ ਕਰ ਰਹੇ ਪਰਿਵਾਰਕ ਲੋਕਾਂ ਦਾ ਤ੍ਰਾਹ ਨਿਕਲ ਗਿਆ, ਜਦ ਇਹ ਜੋੜਾ ਅੱਖਾਂ ਮਲਦਾ ਉਠ ਖਲੋਤਾ। ਖੈਰ! ਘਰ ਆ ਕੇ ਇਨ੍ਹਾਂ ਬੜੇ ਪਿਆਰ ਨਾਲ ਰਹਿਣਾ ਸ਼ੁਰੂ ਕੀਤਾ। ਇੱਕ ਦਿਨ ਪਤਨੀ ਬੋਲੀ, 'ਦੇਖੋ ਪਿਆਰ ਅਤੇ ਸ਼ਾਂਤੀ ਨਾਲ ਰਹਿਣ ਵਿਚ ਕਿੰਨਾ ਅਨੰਦ ਹੈ। ਅਸਾਂ 'ਤੇ ਆਪਣਾ ਜੀਵਨ ਵਿਅਰਥ ਹੀ ਗੁਆ ਲਿਆ ਸੀ।' ਇਸ 'ਤੇ ਪਤੀ ਬੋਲਿਆ, 'ਭਾਗਵਾਨੇ, ਤਾਲੀ ਇੱਕ ਹੱਥ ਨਾਲ ਨਹੀਂ ਵੱਜਦੀ। ਤੂੰ ਕਦੇ ਮੈਨੂੰ ਸਮਝਣ ਦੀ ਕੋਸ਼ਿਸ਼ ਨਹੀਂ ਕੀਤੀ। ਬਹੁਤਾ ਕਸੂਰ ਤੇਰਾ ਹੀ ਸੀ।'

ਇੱਕ ਪਤਨੀ ਆਪਣਾ ਕਸੂਰ ਮੰਨ ਲਵੇ ਤਾਂ ਉਹ ਪਤਨੀ ਕਾਹਦੀ ਹੋਈ। ਇਸ 'ਤੇ ਪਤਨੀ ਤਿੜਕ ਪਈ ਅਤੇ ਕਹਿਣ ਲੱਗੀ, 'ਤੂੰ ਤਾਂ ਹਮੇਸ਼ਾ ਸਾਰੀ ਉਮਰ ਮੇਰੇ ਵਿਚ ਹੀ ਦੋਸ਼ ਕੱਢਦਾ ਰਿਹਾ। ਕਦੇ ਆਪਣੀਆਂ ਕਰਤੂਤਾਂ 'ਤੇ ਨਿਗਾਹ ਮਾਰੀ! ਤੇਰੇ ਵਰਗੇ ਬੋਕ ਦੇ ਲੜ ਲੱਗ ਕੇ ਤਾਂ ਮੈਂ ਜ਼ਿੰਦਗੀ ਤਬਾਹ ਕਰ ਲਈ।' ਇਸ 'ਤੇ ਪਤੀ ਅੱਗ ਬਬੂਲਾ ਹੋ ਗਿਆ ਤੇ ਲੱਗਾ ਪਤਨੀ ਨੂੰ ਖਰੀਆਂ-ਖਰੀਆਂ ਸੁਣਾਉਣ। ਇਸ ਝਗੜੇ ਦਾ ਅੰਤ ਤਦ ਹੋਇਆ, ਜਦ ਰੱਬ ਦੁਆਰਾ ਦਿੱਤਾ ਉਨ੍ਹਾਂ ਦਾ ਸਮਾਂ ਸਮਾਪਤ ਹੋ ਚੁਕਾ ਸੀ ਅਤੇ ਝੋਟੇ ਉੱਤੇ ਸਵਾਰ ਯਮਰਾਜ ਉਨ੍ਹਾਂ ਦੇ ਬੂਹੇ ਅੱਗੇ ਆ ਖਲੋਤਾ। ਫੇਰ ਦਿਆਲੂ ਰੱਬ ਅੱਗੇ ਪੇਸ਼ੀ ਹੋਈ ਅਤੇ ਬੜੀ ਝਾੜ-ਝੰਬ ਦਾ ਸਾਹਮਣਾ ਕਰਨਾ ਪਿਆ। ਪਤੀ-ਪਤਨੀ ਬੜੇ ਸ਼ਰਮਿੰਦਾ ਹੋਏ ਤੇ ਰੱਬ ਜੀ ਦੇ ਪੈਰਾਂ 'ਤੇ ਡਿੱਗ ਮਾਫੀਆਂ ਮੰਗਣ ਲੱਗੇ। ਨਾਲ ਹੀ ਮਿੰਨਤਾ ਤਰਲੇ ਕਰ ਰੱਬ ਜੀ ਨੂੰ ਥੋੜ੍ਹਾ ਜਿਹਾ ਸਮਾਂ ਹੋਰ ਬਖਸ਼ਿਸ਼ ਕਰਨ ਦੀ ਬੇਨਤੀ ਕੀਤੀ, ਜੋ ਬਖਸ਼ਣਹਾਰ ਰੱਬ ਜੀ ਨੇ ਫੇਰ ਮੰਨ ਲਈ। ਉਨ੍ਹਾਂ ਨੂੰ ਫੇਰ ਜੀਵਤ ਕਰ ਦੁਨੀਆ ਵੱਲ ਭੇਜਣ ਦਾ ਹੁਕਮ ਜਾਰੀ ਹੋ ਗਿਆ; ਪਰ ਰੰਗ ਵਿਚ ਭੰਗ ਉਦੋਂ ਪੈ ਗਿਆ, ਜਦ ਚਿੱਤਰਗੁਪਤ ਹੁਰਾਂ ਰੱਬ ਜੀ ਨੂੰ ਦੱਸਿਆ ਪਈ ਜਨਾਬ ਇਹ ਹੁਣ ਸੰਭਵ ਨਹੀਂ ਹੋ ਸਕਦਾ, ਕਿਉਂਕਿ ਘਰਵਾਲਿਆਂ ਇਸ ਵਾਰ ਉਨ੍ਹਾਂ ਦੇ ਅੰਤਿਮ ਸੰਸਕਾਰ ਵਿਚ ਦੇਰ ਨਾ ਕਰਦਿਆਂ ਦੋਹਾਂ ਦਾ ਦਾਹ ਸੰਸਕਾਰ ਭੁਗਤਾ ਦਿੱਤਾ ਹੈ।

ਰੱਬ ਜੀ ਨੇ ਮੋਢੇ ਛੰਡ ਆਪਣੀ ਲਾਚਾਰੀ ਦਾ ਪ੍ਰਗਟਾਵਾ ਕੀਤਾ ਅਤੇ ਨਿਰਾਸ਼ ਪਤੀ-ਪਤਨੀ ਮਾਯੂਸ ਹੋ ਪਰਲੋਕ ਦੀ ਅਗਲੇਰੀ ਕਾਰਵਾਈ ਲਈ ਲੱਗੀ ਲਾਈਨ ਵਿਚ ਜਾ ਖਲੋਤੇ।

-ਹਰਜੀਤ ਦਿਓਲ, ਬਰੈਂਪਟਨ

# ਮੱਝੀਆਂ, ਪਰੰਪਰਾ ਤੇ ਇਸ਼ਕ

ਸਾਲ 1970 ਦੇ ਅਕਤੂਬਰ ਮਹੀਨੇ ਅੰਮ੍ਰਿਤਸਰ ਸ਼ਹਿਰ ਦੀ ਸਥਾਪਨਾ ਦੀ ਚੌਥੀ ਸ਼ਤਾਬਦੀ ਦੇ ਜਸ਼ਨ ਮਨਾਏ ਗਏ ਸਨ। ਇਸੇ ਸਬੰਧ ਵਿਚ ਭਾਰਤ ਸਰਕਾਰ ਦਾ ਉਸ ਵੇਲੇ ਦਾ ਗ੍ਰਹਿ ਮੰਤਰੀ ਚੌਧਰੀ ਚਰਨ ਸਿੰਘ ਵੀ ਅੰਮ੍ਰਿਤਸਰ ਆਇਆ ਜਿਸ ਨੇ ਭਾਰੀ ਇਕੱਠ ਨੂੰ ਸੰਬੋਧਨ ਕਰਨਾ ਸੀ। ਇਕੱਠ ਵਿਚ ਜ਼ਿਆਦਾਤਰ ਆਲੇ ਦੁਆਲੇ ਦੇ ਪਿੰਡਾਂ ਤੋਂ ਆਏ ਲੋਕ ਜੁੜੇ ਸਨ। ਮੈਂ ਵੀ ਸਰੋਤਿਆਂ ਦੇ ਇਸ ਹਜੂਮ ਵਿਚ ਸ਼ਾਮਲ ਹੋ ਗਿਆ ਸਾਂ।

ਮੈਂ ਬੈਠਾ ਮਨ ਹੀ ਮਨ ਲੇਖਣ ਲਾ ਰਿਹਾ ਸੀ ਕਿ 'ਕੀ ਪੰਜਾਬ ਦੇ ਜੱਟ ਮੇਰਠ ਤੋਂ ਆਏ ਏਸ 'ਜਾਟ' ਨਾਲ ਆਪਣਾ ਕੋਈ ਨਾਤਾ ਜੋੜ ਸਕਣਗੇ?'

ਲਗਦਾ ਸੀ ਗੱਲ ਬਣਨੀ ਨਹੀਂ। ਉਸ ਦਾ ਕੱਦ-ਕਾਠ ਪੰਜਾਬੀਆਂ ਨਾਲ ਮੇਲ ਨਹੀਂ ਸੀ ਖਾਂਦਾ। ਉਹ ਮਧਰਾ ਵੀ ਸੀ ਤੇ ਮਾੜਚੂ ਜਿਹਾ ਵੀ; ਅਤੇ ਫੇਰ ਉਹਦੀ ਜ਼ੁਬਾਨ ਵੀ ਓਪਰੀ ਸੀ।

ਆਪਣੇ ਭਾਸ਼ਨ ਦੀਆਂ ਥੋੜ੍ਹੀਆਂ ਮੁੱਢਲੀਆਂ ਰਸਮੀ ਜਿਹੀਆਂ ਗੱਲਾਂ ਪਿੱਛੋਂ ਉਸ ਨੇ ਆਖਿਆ, 'ਇੰਦਰਾ ਜੀ ਸਮਝਦੇ ਨੇ ਕਿ ਮੈਂ ਉਹਨਾਂ ਨਾਲ ਵੈਰ-ਭਾਵ ਰੱਖਦਾ ਹਾਂ। ਹੁਣ ਦੱਸੋ ਭਲਾ ਮੈਂ ਉਹਨਾਂ ਦਾ ਦੋਖੀ ਕਿਉਂ ਹੋਵਾਂਗਾ, ਉਹਨਾਂ ਨੇ ਕਿਹੜਾ ਮੇਰੀ ਮੱਝ ਚੋਰੀ ਕੀਤੀ ਹੋਈ ਹੈ।' ਆਪਣੀ ਹਿੰਦੀ ਭਾਸ਼ਾ ਵਿਚ ਚੌਧਰੀ ਚਰਨ ਸਿੰਘ ਨੇ ਬੋਲਿਆ ਸੀ, "ਉਨਹੋਂ ਨੇ ਕੌਨ ਸੀ ਮੇਰੀ ਭੈਂਸ ਖੋ ਰੱਖੀ



ਹੈ?" ਚੌਧਰੀ ਸਾਹਿਬ ਦੇ ਏਨਾ ਬੋਲਣ ਨਾਲ ਹਰੇਕ ਹਿਰਦਾ ਛੂਹਿਆ ਗਿਆ ਤੇ ਸਭ ਦੀ ਜ਼ੁਬਾਨ ਉਤੇ ਖੁਸ਼ੀ ਤੇ ਪ੍ਰਸ਼ੰਸਾ ਦੇ ਬੋਲ ਉਭਰ ਆਏ। ਪੰਜਾਬ ਦੇ ਪੇਂਡੂ

**ਕੁਲਵੰਤ ਸਿੰਘ ਵਿਰਕ**
**ਅਨੁਵਾਦ: ਡਾ. ਰਘਬੀਰ ਸਿੰਘ**

ਭਾਉਆਂ ਨਾਲ ਉਸ ਦੀ ਸੁਰ ਮਿਲ ਗਈ ਸੀ। ਦਿੱਲੀ ਵਿਚ ਆਪਣੀ ਥਾਂ ਉਹ ਵੱਡਾ ਵਜ਼ੀਰ ਹੋਊਗਾ ਪਰ ਏਥੇ ਉਹ ਉਹਨਾਂ ਵਰਗੀ ਜ਼ੁਬਾਨ ਵਿਚ ਗੱਲ ਕਰ ਰਿਹਾ ਸੀ। ਉਤਰੀ ਭਾਰਤ ਦੀ ਪੇਂਡੂ ਰਹਿਤਲ ਵਿਚ ਸਭ ਤੋਂ ਵੱਡਾ ਦੁਸ਼ਮਣ ਉਸ ਨੂੰ ਮੰਨਿਆ ਜਾਂਦਾ ਸੀ ਜਿਸ ਨੇ ਤੁਹਾਡੀ ਮੱਝ ਚੁਰਾ ਕੇ ਆਪਣੇ ਘਰ ਦੀ ਖੁਰਲੀ ਉਤੇ ਬੰਨ੍ਹ ਰੱਖੀ ਹੋਵੇ।

ਇਸ ਭਾਵਨਾ ਲਈ ਠੋਸ ਆਰਥਿਕ ਆਧਾਰ ਮੌਜੂਦ ਹੈ। ਭਾਰਤ ਵਿਚ ਗਊਆਂ ਮੱਝਾਂ ਨਾਲੋਂ ਚਾਰ ਗੁਣਾਂ ਜ਼ਿਆਦਾ ਹਨ। ਫਿਰ ਵੀ ਗਿਣਤੀ ਕਿਤੇ ਥੋੜ੍ਹੀ ਹੋਣ ਦੇ ਬਾਵਜੂਦ ਦੇਸ਼ ਵਿਚਲੇ ਦੁੱਧ ਦੇ ਉਤਪਾਦਨ ਵਿਚ ਮੱਝਾਂ ਗਊਆਂ ਨੂੰ ਮਾਤ ਪਾਉਂਦੀਆਂ ਹਨ।

ਦੇਸ਼ ਤੋਂ ਬਾਹਰ ਦੇ ਕਿਸੇ ਗਿਆਨ ਜਾਂ ਤਕਨਾਲੋਜੀ ਦੀ ਸਹਾਇਤਾ ਤੋਂ ਬਿਨਾ ਉਤਰੀ ਭਾਰਤ ਦੇ ਕਿਸਾਨ ਨੇ ਜੋ ਸਾਂਭ ਸੰਭਾਲ ਮੱਝ ਦੀ ਕੀਤੀ ਹੈ, ਉਸੇ ਕਰਕੇ ਹੀ ਇਕ ਉਤਮ ਪਸ਼ੂ ਵਜੋਂ ਇਸ ਦੀ ਹੁਣ ਵਾਲੀ ਸ਼ਾਨ ਬਣੀ ਹੈ। ਮੱਝ ਦੀ ਖਾਸ ਸਾਂਭ ਸੰਭਾਲ ਦਾ ਇਹ ਵਰਤਾਰਾ ਖਾਸ ਤੌਰ 'ਤੇ ਪੰਜਾਬ ਤੇ ਹਰਿਆਣਾ ਦਾ ਸੱਚ ਹੈ। ਪੰਜਾਬ ਵਿਚ ਦੁੱਧ ਦੀ ਖਪਤ ਸਮੁੱਚੇ ਦੇਸ਼ ਵਿਚਲੀ ਦੁੱਧ ਦੀ ਖਪਤ ਨਾਲੋਂ ਚਾਰ ਗੁਣਾ ਜ਼ਿਆਦਾ ਹੈ, ਯਾਨੀ 115 ਮਿਲੀਲਿਟਰ ਦੇ ਟਾਕਰੇ 500 ਮਿਲੀਲਿਟਰ। ਐਪਰ ਏਥੇ ਰੋਜ਼ਾਨਾ ਖਪਤ ਹੁੰਦੇ ਹਰ ਪੰਜ ਲਿਟਰ ਦੁੱਧ ਵਿਚੋਂ ਚਾਰ ਲਿਟਰ ਦੁੱਧ ਮੱਝ ਦਾ ਹੁੰਦਾ ਹੈ; ਅਤੇ ਇਹ ਸਥਿਤੀ ਇਸ ਤੱਥ ਦੇ ਬਾਵਜੂਦ ਹੈ ਕਿ ਵਿਗਿਆਨਕ ਤਕਨਾਲੋਜੀ ਦੀ ਵਰਤੋਂ ਨਾਲ ਯੂਰਪੀ ਤੇ ਅਮਰੀਕਾ ਦੀਆਂ ਦੋਗਲੀ ਨਸਲ ਦੀਆਂ ਗਊਆਂ ਨੂੰ ਵਧਾਉਣ ਦੀ ਸਾਲਾਂ-ਬੱਧੀ ਕੋਸ਼ਿਸ਼ ਹੁੰਦੀ ਰਹੀ ਹੈ। ਇਹ ਤਾਂ ਦੱਸਣ ਦੀ ਸ਼ਾਇਦ ਲੋੜ ਨਹੀਂ ਕਿ ਗਊ ਦੇ ਦੁੱਧ ਨਾਲੋਂ ਮੱਝ ਦੇ ਦੁੱਧ ਵਿਚ ਚਿਕਨਾਈ ਕਿਤੇ ਜ਼ਿਆਦਾ ਹੁੰਦੀ ਹੈ। ਭਾਰਤ ਤੋਂ ਬਿਨਾ ਤਿੰਨ ਦੇਸ਼ ਹੋਰ ਹਨ ਜਿਹਨਾਂ ਵਿਚ ਮੱਝ ਦੇ ਦੁੱਧ ਦਾ ਉਤਪਾਦਨ ਗਊ ਦੇ ਦੁੱਧ ਨਾਲੋਂ ਵਧੇਰੇ ਹੁੰਦਾ ਹੈ। ਇਹ ਤਿੰਨ ਦੇਸ਼ ਹਨ- ਪਾਕਿਸਤਾਨ, ਯੂ.ਏ.ਆਰ. (ਯੂਨਾਈਟਡ ਅਰਬ ਰਿਪਬਲਿਕ) ਅਤੇ ਥਾਈਲੈਂਡ। ਮੱਝਾਂ ਤਾਂ ਤੁਰਕੀ, ਇਟਲੀ, ਈਰਾਨ, ਇਰਾਕ, ਬੁਲਗਾਰੀਆ, ਨਿਪਾਲ, ਬਰਮਾ ਤੇ ਕਈ ਹੋਰ ਦੇਸ਼ਾਂ ਵਿਚ ਵੀ ਮਿਲਦੀਆਂ ਹਨ। ਐਪਰ, ਪੰਜਾਬ ਤੇ ਹਰਿਆਣੇ ਦੀਆਂ ਮੱਝਾਂ ਸਭ ਤੋਂ ਸ੍ਰੇਸ਼ਟ ਹਨ; ਇਹਨਾਂ ਦਾ ਕੋਈ ਮੁਕਾਬਲਾ ਨਹੀਂ।

ਥੋੜ੍ਹਾ ਹੀ ਸਮਾਂ ਪਹਿਲਾਂ ਤਕ ਪੰਜਾਬ ਵਿਚ ਮੱਝ ਨੂੰ ਇਕ ਲਾਹੇਵੰਦਾ ਦੁਧਾਰੂ ਪਸ਼ੂ ਹੀ ਨਹੀਂ ਸੀ ਸਮਝਿਆ ਜਾਂਦਾ, ਇਸਨੂੰ ਦਿਲਕਸ਼ ਹੁਸੀਨ ਜੀਵ ਵੀ ਗਿਣਿਆ ਜਾਂਦਾ ਸੀ। ਸ਼ੇਰ ਸਿੰਘ ਸ਼ੇਰ, ਜਿਸਨੂੰ ਹੁਣੇ ਜਿਹੇ ਪਦਮ ਸ੍ਰੀ ਨਾਲ ਸਨਮਾਨਿਆ ਗਿਆ ਹੈ, ਦੀ ਲੋਕਗੀਤਾਂ ਦੇ ਸੰਗ੍ਰਹਿ ਵਾਲੀ ਪੁਸਤਕ 'ਬਾਰ ਦੇ ਢੋਲੇ' ਵਿਚਲੇ ਗੀਤਾਂ ਵਿਚ ਤਾਂ ਸੱਚਮੁਚ ਹੀ ਮੱਝ 'ਹੁਸੀਨ ਨਾਜ਼' ਵਜੋਂ ਸਾਹਮਣੇ ਆਉਂਦੀ ਹੈ। ਮੱਝ ਨੂੰ ਧਰਤੀ ਦੀ ਨਫੀਸ ਰਚਨਾ, ਜਾਣੋ ਫੁੱਲ ਆਖਿਆ ਗਿਆ ਹੈ। ਰਾਵੀ ਤੋਂ ਪਾਰ ਬਾਰ ਦੇ ਇਲਾਕੇ ਵਿਚਲੇ ਇਹਨਾਂ ਗੀਤਾਂ ਵਿਚ ਮੱਝਾਂ ਦੀ ਚੋਰੀ ਦੀਆਂ ਵਾਰਦਾਤਾਂ, ਚੁਰਾ ਲਈ ਗਈਆਂ ਮੱਝਾਂ ਨੂੰ ਵਾਪਸ ਲਿਆਉਣ ਦੀਆਂ ਕੋਸ਼ਿਸ਼ਾਂ ਅਤੇ ਇਹਨਾਂ ਕੋਸ਼ਿਸ਼ਾਂ ਨੂੰ ਰੋਕਣ ਦੀ ਖਾਤਰ ਸਿਰ-ਧੜ ਦੀਆਂ ਲੜਾਈਆਂ ਤਕ ਦਾ ਜ਼ਿਕਰ ਹੈ। ਮੱਝ ਇਸ ਤਰ੍ਹਾਂ ਸ਼ਿੰਗਾਰੀ ਹੋਈ ਨਜ਼ਰ ਆਉਂਦੀ ਹੈ ਜਿਵੇਂ ਉਹ ਕਿਸੇ ਸ਼ਾਹ ਦੀ ਧੀ ਹੋਵੇ। ਮਦੀਨ ਮੱਝ ਅਤੇ ਉਸਦਾ ਨਰ ਮਹਿਆਂ ਜਾਂ ਸੰਢਾ ਪਸ਼ੂਆਂ ਦੇ ਖੰਘੇ ਵਿਚ 'ਲਾੜੇ ਤੇ ਵਹੁਟੀ ਵਾਂਗੂੰ' ਸੁਹਣੇ ਸਜੇ ਨਿਵੇਕਲੇ ਨਜ਼ਰ ਆਉਂਦੇ ਹਨ।


ਇਹਨਾਂ ਹੀ ਇਲਾਕਿਆਂ ਦੇ ਪਿੰਡਾਂ ਦਾ ਜੰਮਿਆ ਪਲਿਆ ਹੋਣ ਕਰਕੇ ਆਪਣੇ ਲੜਕਪਨ ਵਿਚ ਮੈਂ ਜਦੋਂ ਮੱਝੀਆਂ ਨੂੰ ਛੇੜ ਕੇ ਬਾਹਰ ਲਿਜਾਂਦਾ ਸਾਂ ਤਾਂ ਰੇਲ ਗੱਡੀ ਫੜਨ ਲਈ ਪਹੇ ਤੋਂ ਦੀ ਲੰਘਦੇ ਪੈਦਲ ਰਾਹੀ ਉਹਨਾਂ ਨੂੰ ਚੰਗੀ ਤਰ੍ਹਾਂ ਨਿਹਾਰਦੇ ਅਤੇ ਜੋ ਸੋਹਣੀ ਦਿਸਦੀ, ਉਸਦੀ ਸਿਫਤ ਕਰਨ ਲਈ ਰੁਕ ਵੀ ਜਾਂਦੇ। ਉਹਨਾਂ ਦੀ ਇਹ ਸਿਫਤ ਸਲਾਹ ਧੁਰ ਅੰਦਰੋਂ ਨਿਕਲਦੀ ਜਦੋਂ ਉਹ ਖੁਸ਼ੀ ਦੇ ਰੌਅ ਵਿਚ ਉਚੇ ਬੋਲਾਂ ਰਾਹੀਂ ਖੁਲ੍ਹਕੇ ਆਖਦੇ, 'ਬਈ ਵਾਹ ਕਿੰਨੀ ਪਿਆਰੀ ਚੀਜ਼ ਹੈ।' ਮੈਂ ਅਨੁਮਾਨ ਲਾ ਸਕਦਾ ਹਾਂ ਕਿ ਇਸ ਤਰ੍ਹਾਂ ਦੀ ਗੱਲ ਸੁਣਕੇ ਕੁਝ ਲੋਕ ਹੱਸਣਗੇ ਕਿਉਂਕਿ ਉਹਨਾਂ ਦੀ ਨਜ਼ਰ ਵਿਚ ਮੱਝ ਸ਼ਾਇਦ ਸਭ ਤੋਂ ਬਦਸੂਰਤ ਜਾਨਵਰ ਹੈ। ਰੂਸੀ ਲੇਖਕ ਮੈਕਸਿਮ ਗੋਰਕੀ ਇਸ ਅੜਾਉਣੀ ਦਾ ਹੱਲ ਸੁਝਾਉਂਦਾ ਹੈ। ਉਸਦਾ ਕਹਿਣਾ ਹੈ: "ਆਖਰ ਰੇਗਿਸਤਾਨ ਵਿਚ ਤਾਂ ਕੋਈ ਖੂਬਸੂਰਤੀ ਨਹੀਂ, ਇਹ ਖੂਬਸੂਰਤੀ ਤਾਂ ਕਿਸੇ ਅਰਬ ਵਾਸੀ ਦੀ ਆਤਮਾ ਵਿਚ ਹੈ। ਅਤੇ ਫਿਨਲੈਂਡ ਦੀ ਖੂਬਸੂਰਤੀ ਉਥੋਂ ਦੇ ਕਠੋਰ ਨਜ਼ਾਰੇ ਵਿਚ ਨਹੀਂ, ਇਹ ਤਾਂ ਫਿਨਲੈਂਡਵਾਸੀ ਨੇ ਈਜਾਦ ਕੀਤੀ ਅਤੇ ਆਪਣੇ ਸਾਦਾ ਜਿਹੇ ਦੇਸ਼ ਉਤੇ ਲੱਦ ਦਿੱਤੀ।"

ਸ਼ੇਰ ਸਿੰਘ ਦੀ ਕਿਤਾਬ ਵਿਚ ਇਹੋ ਜਿਹੇ ਗੀਤ ਵੀ ਹਨ ਜਿਹਨਾਂ ਤੋਂ ਮੱਝ ਨਾਲ ਮੋਹ ਤੇ ਨੇੜਤਾ ਇਸ ਹੱਦ ਤਕ ਉਜਾਗਰ ਹੁੰਦੀ ਹੈ ਜਿਵੇਂ ਉਹ ਮਾਂ ਹੋਵੇ। ਲੜਾਈ ਲੜਨ ਲਈ ਮਜਬੂਰ ਇਕ ਆਦਮੀ ਆਖਦਾ ਹੈ, "ਜੇ ਮੈਂ ਹੁਣ ਲੜਨ ਤੋਂ ਪਿੱਛੇ ਹਟਿਆ ਤਾਂ ਇਹ ਮੱਝ ਦੇ ਉਹਨਾਂ ਥਣਾਂ ਨਾਲ ਦਗਾ ਕਰਨ ਵਰਗੀ ਗੱਲ ਹੋਵੇਗੀ, ਜਿਹਨਾਂ ਤੋਂ ਮੈਂ ਦੁੱਧ ਚੁੰਘਿਆ ਹੈ।

ਕਵੀ ਕਾਲੀਦਾਸ ਗੁੱਜਰਾਂਵਾਲੀਏ ਦੇ ਬਾਲ ਸ਼ਹੀਦ ਹਕੀਕਤ ਰਾਏ ਬਾਰੇ ਲਿਖੇ ਕਿੱਸੇ ਵਿਚ ਮਾਂ ਆਪਣੇ ਪੁੱਤਰ ਨੂੰ ਵਾਸਤਾ ਪਾਉਂਦੀ ਹੈ ਕਿ ਉਹ ਬਾਦਸ਼ਾਹ ਦੀ ਇੱਛਾ ਦਾ ਉਲੰਘਣ ਨਾ ਕਰੇ ਅਤੇ ਇਉਂ ਆਪਣੀ ਜਾਨ ਬਚਾ ਲਵੇ। ਇਹ ਵਾਸਤਾ ਪਾਉਣ ਸਮੇਂ ਉਹ ਮੋਹ ਦਾ ਪ੍ਰਗਟਾਵਾ ਕਰਦੀ ਹੋਈ ਆਪਣੇ ਪੁੱਤਰ ਨੂੰ 'ਮੱਝ ਦੇ ਮੱਖਣ ਨਾਲ ਪਲਿਆ ਹੋਇਆ' ਕਹਿ ਕੇ ਸੰਬੋਧਨ ਕਰਦੀ ਹੈ।

ਹੈਰਾਨਕੁਨ ਤੱਥ ਇਹ ਹੈ ਕਿ ਮੱਝ ਵਿਚ ਮੁੜਕਾ ਲਿਆ ਸਕਣ ਵਾਲੀ ਸਕਤੀ ਬਹੁਤ ਨਿਗੂਣੀ ਹੈ। ਗਊ ਦੇ ਟਾਕਰੇ ਇਸ ਦੀਆਂ ਮਾਸ ਗ੍ਰੰਥੀਆਂ ਹੈ ਵੀ ਥੋੜ੍ਹੀਆਂ ਅਤੇ ਫਿਰ ਉਹ ਆਕਾਰ ਵਿਚ ਵੀ ਛੋਟੀਆਂ ਹਨ। ਗਰਮੀ ਤੋਂ ਬਚਣ ਲਈ ਇਹ ਜਾਂ ਤਾਂ ਤੈਰਨ ਲਗਦੀ ਹੈ ਅਤੇ ਜਾਂ ਫਿਰ ਪਾਣੀ ਵਿਚ ਟਿਕੇ ਰਹਿਣ ਦੇ ਨਾਲ ਨਾਲ ਚਿੱਕੜ ਵਿਚ ਲਿਟਣ ਲਗਦੀ ਹੈ। ਏਸੇ ਕਰਕੇ ਇਸਨੂੰ ਅੰਗਰੇਜ਼ੀ ਵਿਚ 'ਵਾਟਰ ਬਫੈਲੋ' ਕਿਹਾ ਜਾਂਦਾ ਹੈ। ਐਪਰ ਇਸਦੇ ਬਾਵਜੂਦ ਇਹ ਉਹਨਾਂ ਇਲਾਕਿਆਂ ਵਿਚ ਵਧੇਰੇ ਪ੍ਰਫੁੱਲਤ ਹੋਈ ਜਿੱਥੇ ਪਾਣੀ ਵੱਡੀ ਮਾਤਰਾ ਵਿਚ ਪ੍ਰਾਪਤ ਨਹੀਂ ਸੀ। ਵੈਸੇ ਵੀ ਇਸਦੇ ਪ੍ਰਫੁੱਲਣ ਦਾ ਵਰਤਾਰਾ ਇਤਿਹਾਸ ਦੇ ਕਾਫੀ ਮਗਰਲੇ ਪੜਾਅ ਉਤੇ ਹੋਇਆ ਜਾਪਦਾ ਹੈ, ਕਿਉਂਕਿ ਆਰੀਆ ਲੋਕਾਂ ਦੇ ਆਮ ਪਾਲਤੂ ਜਾਨਵਰ ਤਾਂ ਗਊ ਅਤੇ ਘੋੜਾ ਸਨ।

ਇਸ ਵਿਸ਼ੇ ਬਾਰੇ ਬਹੁਤ ਮਹੱਤਵਪੂਰਨ ਪਾਠ-ਪੁਸਤਕ ਦਾ ਦਰਜਾ ਰਖਦੀ ਆਪਣੀ ਅੰਗਰੇਜ਼ੀ ਦੀ ਕਿਤਾਬ 'ਡੋਮੈਸਟਿਕ ਵਾਟਰ ਬਫੈਲੋ' ਵਿਚ ਮਿਸਟਰ ਐਮ. ਫਾਹਿਮੁਦੀਨ ਲਿਖਦਾ ਹੈ: "ਸਿੰਧ ਵਾਦੀ ਸਭਿਅਤਾ ਦੇ ਲੋਕਾਂ ਲਈ ਮੱਝ ਕਈ ਤਰ੍ਹਾਂ ਨਾਲ ਕੰਮ ਆਉਂਦੀ ਰਹੀ ਹੈ, ਭੋਜਨ ਲਈ, ਖੇਤੀਬਾੜੀ ਲਈ ਅਤੇ ਜੰਗਾਂ ਯੁੱਧਾਂ ਲਈ। ਗੰਗਾ ਦੇ ਮੈਦਾਨ ਵਿਚ ਲੜਾਈ ਦੌਰਾਨ ਅਤੇ ਇਸ ਧਰਤੀ ਨੂੰ ਫਤਹਿ ਕਰਨ ਸਮੇਂ ਆਰੀਅਨਾਂ ਨੇ ਵੇਖਿਆ ਕਿ ਉਹਨਾਂ ਦੇ ਕਾਲੇ-ਕਲੂਟੇ ਨੀਚ ਦੁਸ਼ਮਣਾਂ ਕੋਲ ਅਜੀਬ ਜਿਹੇ ਕਾਲੇ ਰੰਗ ਦਾ ਇਹ ਚੁਪਾਇਆ ਮੌਜੂਦ ਸੀ। ਪ੍ਰਤੀਤ ਹੁੰਦਾ ਹੈ ਆਰੀਆ ਲੋਕ ਇਸ ਜਾਨਵਰ ਨੂੰ ਬਹੁਤ ਨਫਰਤ ਦੀ ਭਾਵਨਾ ਨਾਲ ਵੇਖਦੇ ਸਨ। ਹਿੰਦੂ ਮਿਥਿਆਸ ਵਿਚ ਮੱਝ ਨੂੰ ਜਿਵੇਂ ਦਾਨਵਾਂ ਅਤੇ ਹੋਰ ਬੁਰਾਈਆਂ ਦੇ ਨਾਲ ਜੋੜਿਆ ਗਿਆ ਹੈ, ਉਸਦੀ ਇਹ ਖਾਸ ਵਜ੍ਹਾ ਹੋ ਸਕਦੀ ਹੈ। ਹਿੰਦੂ ਮਿਥਿਆਸ ਵਿਚ 'ਮਹਿਸ਼ਾਸੁਰ' ਇਕ ਅਜਿਹਾ ਦੈਂਤ ਹੈ ਜਿਸ ਦਾ ਦੇਵੀ 'ਦੁਰਗਾ' ਨੇ ਲੜਾਈ ਵਿਚ ਨਾਸ ਕੀਤਾ ਸੀ। ਭਾਰਤ ਅਤੇ ਨਿਪਾਲ




ਫਾਹਿਮੁਦੀਨ ਦੀ ਕਿਤਾਬ 'ਡੋਮੈਸਟਿਕ ਵਾਟਰ ਬਫੈਲੋ' ਦਾ ਮੁਖੜਾ।

ਵਿਚ ਹਰ ਸਾਲ ਧਾਰਮਿਕ ਜਸ਼ਨਾਂ ਦੇ ਰੂਪ ਵਿਚ ਮਨਾਈ ਜਾਂਦੀ 'ਦੁਰਗਾ ਪੂਜਾ' ਦੌਰਾਨ ਦੁਰਗਾ ਮਾਤਾ ਦੀ ਬੇਦੀ ਉਤੇ ਵੱਡੀ ਗਿਣਤੀ ਵਿਚ ਨਰ ਮੱਝ ਯਾਨੀ ਸੰਢੇ ਦੀ ਬਲੀ ਚੜ੍ਹਾਈ ਜਾਂਦੀ ਹੈ"।

ਇਸ ਲਈ ਇਹ ਕੋਈ ਅਚੰਭੇ ਵਾਲੀ ਗੱਲ ਨਹੀਂ ਕਿ ਮੱਝ ਦਾ ਸਭ ਤੋਂ ਜ਼ਿਆਦਾ ਵਿਕਾਸ ਪੰਜਾਬ, ਹਰਿਆਣਾ ਅਤੇ ਪੱਛਮੀ ਉਤਰ ਪ੍ਰਦੇਸ਼ ਵਰਗੇ ਉਹਨਾਂ ਖੇਤਰਾਂ ਵਿਚ ਵਧੇਰੇ ਹੋਇਆ ਹੈ ਜਿੱਥੇ ਬ੍ਰਾਹਮਣੀ ਪ੍ਰਭਾਵ ਬਹੁਤ ਸ਼ਕਤੀਵਰ ਨਹੀਂ ਸੀ। ਬ੍ਰਾਹਮਣ ਲਈ ਮੱਝ ਨਾਲ ਨਾਤਾ ਜੋੜ ਸਕਣਾ ਕਾਫੀ ਮੁਸ਼ਕਲ ਪ੍ਰਤੀਤ ਹੁੰਦਾ ਹੈ। ਕਾਂਗੜੇ ਤੋਂ ਇਕ ਬ੍ਰਾਹਮਣ ਮੁੰਡੂ ਨੂੰ ਰੋਟੀ ਆਦਿ ਪਕਾਉਣ ਵਿਚ ਸਹਾਇਕ ਵਜੋਂ ਅਸੀਂ ਆਪਣੇ ਘਰ ਨੌਕਰ ਰੱਖਿਆ ਸੀ। ਜਦੋਂ ਉਸਨੇ ਸਾਨੂੰ ਮੱਝ ਦੇ ਦੁੱਧ ਦੀਆਂ ਧਾਰਾਂ ਆਪਣੇ ਮੂੰਹ ਵਿਚ ਪਾਉਂਦੇ ਵੇਖਿਆ, ਤਾਂ ਉਹ ਸਾਡੇ ਘਰੋਂ ਹੀ ਭੱਜ ਗਿਆ। ਜਦਕਿ ਸਾਡੇ ਲਈ ਸਵੇਰੇ ਸਵੇਰੇ ਮੱਝ ਦੀਆਂ ਧਾਰਾਂ ਲੈਣਾ ਹੀ ਛਾਹ ਵੇਲਾ ਸੀ।

"ਇਹਨਾਂ ਨੂੰ ਤਾਂ ਮੱਝ ਦੇ ਥਣ ਆਪਣੇ ਮੂੰਹ ਵਿਚ ਪਾਉਂਦਿਆਂ ਵੀ ਸ਼ਰਮ ਨਹੀਂ ਆਉਂਦੀ, ਮੈਂ ਨਹੀਂ ਇਹਨਾਂ ਦੇ ਨਾਲ ਰਹਿ ਸਕਦਾ", ਉਸਦਾ ਕਹਿਣਾ ਸੀ (ਸਾਇੰਸ ਨੇ ਹੁਣ ਸਾਬਤ ਕਰ ਦਿੱਤਾ ਹੈ ਕਿ ਇਸ ਤਰ੍ਹਾਂ ਦੁੱਧ ਪੀਣਾ ਬਹੁਤ ਅਰੋਗਤਾਦਾਇਕ ਹੈ ਕਿਉਂਕਿ ਇਸ ਤਰ੍ਹਾਂ ਇਸਦੇ ਮਲੀਨ ਹੋਣ ਦੀ ਕੋਈ ਸੰਭਾਵਨਾ ਨਹੀਂ ਹੁੰਦੀ)।

ਇਹ ਗੱਲ ਅਜੀਬ ਜਾਪੇਗੀ ਕਿ ਕਿਸੇ ਇਕ ਥਾਂ ਮੱਝਾਂ ਦਾ ਸਭ ਤੋਂ ਵੱਡਾ ਚੋਣਾ ਇਸਦੇ ਆਪਣੇ ਖੇਤਰ ਵਿਚ ਨਹੀਂ, ਇਸ ਤੋਂ ਬਾਹਰ ਮੌਜੂਦ ਹੈ। ਮੁੰਬਈ ਦੇ ਲਾਗੇ ਆਰੇ ਮਿਲਕ ਕਾਲੋਨੀ ਵਿਚ ਸਭ ਤੋਂ ਜ਼ਿਆਦਾ ਮੱਝਾਂ ਹਨ। ਇਸ ਤੱਥ ਲਈ ਵੀ ਪੰਜਾਬ ਤੇ ਹਰਿਆਣਾ ਆਪਣੇ ਆਪ ਨੂੰ ਸ਼ਾਬਾਸ਼ੇ ਦੇ ਸਕਦੇ ਹਨ ਕਿ ਉਥੇ ਮੌਜੂਦ ਮੁਰਾ ਨਸਲ ਦੀ ਮੱਝ ਦਾ ਮੁੱਢਲਾ ਚੋਣਾ ਇਹਨਾਂ ਪ੍ਰਾਂਤਾਂ ਨੇ ਹੀ ਤਿਆਰ ਕੀਤਾ ਸੀ। ਇਹੀ ਗੱਲ ਹਿਰਨਘਾਟ ਡੇਅਰੀ ਫਾਰਮ ਬਾਰੇ ਸਹੀ ਹੈ, ਜਿੱਥੋਂ ਕਲਕੱਤੇ ਸ਼ਹਿਰ ਨੂੰ ਦੁੱਧ ਸਪਲਾਈ ਹੁੰਦਾ ਹੈ। ਏਸੇ ਤਰ੍ਹਾਂ ਹੀ ਹੋਰਨੀਂ ਥਾਈਂ ਵੱਡੇ ਵੱਡੇ ਡੇਅਰੀ ਫਾਰਮ ਕਾਇਮ ਕੀਤੇ ਜਾ ਰਹੇ ਹਨ। ਫਿਲਪਾਈਨ, ਮਲਾਇਆ, ਲੰਕਾ ਆਦਿ ਦੇਸ਼ਾਂ ਵਿਚ ਵੀ ਮੁਰਾ ਨਸਲ ਦੀਆਂ ਮੱਝਾਂ ਦੇ ਚੋਣੇ ਵਿਕਸਤ ਕੀਤੇ ਜਾ ਰਹੇ ਹਨ। ਪਾਕਿਸਤਾਨ ਵਿਚ ਵੀ ਬਹੁਤ ਸਾਰੇ ਮੱਝਾਂ ਦੇ ਫਾਰਮ ਹਨ ਜਿੱਥੇ ਉਹਨਾਂ ਦੀ ਖਾਸ ਆਪਣੀ 'ਕੁੰਡੀ', 'ਨੀਲੀ' ਤੇ 'ਰਾਵੀ' ਨਸਲ ਦੀਆਂ ਮੱਝਾਂ ਵਿਕਸਤ ਕਰਨ ਦਾ ਉਦਮ ਕੀਤਾ ਜਾ ਰਿਹਾ ਹੈ।

ਮੁਰਾ ਨਸਲ ਸਮੇਤ ਇਹ ਸਾਰੀਆਂ ਨਸਲਾਂ ਦੀਆਂ ਮੱਝਾਂ ਕੋਈ ਖਾਸ ਸ਼ੁੱਧ ਜਾਂ ਨਿਵੇਕਲੀਆਂ ਨਹੀਂ। ਪਾਕਿਸਤਾਨ ਤੋਂ ਉਜੜਕੇ ਆਏ ਲੋਕ, ਜੋ ਆਪਣੀਆਂ ਮੱਝਾਂ ਨੂੰ ਸਰਹੱਦ ਪਾਰ ਕਰਾਉਣ ਵਿਚ ਸਫਲ ਰਹੇ, ਭਾਰਤ ਵਿਚ ਜਿੱਥੇ ਵੀ ਜ਼ਮੀਨ ਅਲਾਟ ਹੋਈ, ਉਥੇ ਮੁੜ ਆਬਾਦ ਹੋ ਗਏ ਤੇ ਨਾਲ ਹੀ ਮੱਝਾਂ ਵੀ ਆਪਣੇ ਨਾਲ ਲੈ ਗਏ। ਇਸ ਤਰ੍ਹਾਂ ਹੋਣ ਨਾਲ ਮੱਝਾਂ ਦੀ ਨਸਲ ਵਿਚ ਰਲਾ-ਮਲਾ ਹੋ ਗਿਆ ਅਤੇ ਉਹਨਾਂ ਦੇ ਲੱਛਣਾਂ ਵਿਚਲੀ ਭਿੰਨਤਾ ਵੀ ਰਲ-ਮਿਲ ਗਈ। ਬਨਾਵਟੀ ਗਰਭਣ ਦੇ ਨਾਲ ਨਾਲ ਰੇਲਗੱਡੀ, ਟਰੱਕਾਂ, ਟ੍ਰੈਕਟਰਾਂ ਟਰਾਲੀਆਂ ਰਾਹੀਂ ਮੱਝਾਂ ਦੀ ਤੇਜ਼-ਰਫਤਾਰ ਢੋਆ-ਢੁਆਈ ਨੇ ਵੀ ਨਸਲਾਂ ਦੀ ਇਸ ਮਿਲਾਵਟ ਵਿਚ ਹਿੱਸਾ ਪਾਇਆ ਹੈ। ਮੂਲ ਰੂਪ ਵਿਚ ਇਹਨਾਂ ਨਸਲਾਂ ਦੀ ਇਕ ਦੂਜੀ ਨਾਲ ਸਮਰੂਪਤਾ ਹੈ ਅਤੇ ਭੂਗੋਲਕ ਤੌਰ 'ਤੇ ਇਹ ਮੁਰਾ ਨਸਲ ਨਾਲ ਹੀ ਮੇਲ ਖਾਂਦੀਆਂ ਹਨ।

ਨਸਲ ਕੋਈ ਹੋਵੇ, ਮੰਨਿਆ ਜਾਂਦਾ ਹੈ ਕਿ ਮੱਝ 'ਚ ਬਹੁਤੀ ਅਕਲ ਨਹੀਂ ਹੁੰਦੀ। ਪੰਜਾਬ ਖੇਤੀਬਾੜੀ ਯੂਨੀਵਰਸਿਟੀ ਦੀ ਖੋਜ ਮੁਤਾਬਿਕ ਮੱਝ ਦੇ ਦਿਮਾਗ ਦਾ ਅਗਲਾ ਹਿੱਸਾ ਗਊ ਜਾਂ ਸਾਨ੍ਹ ਦੇ ਦਿਮਾਗ ਦੇ ਇਸ ਹਿੱਸੇ ਨਾਲੋਂ ਬਹੁਤ ਛੋਟਾ ਹੈ। ਇਸਦੇ ਦਿਮਾਗ ਦਾ ਪਿਛਲਾ ਹਿੱਸਾ ਯਾਨੀ ਮਗਜ਼ ਦੇ ਹੇਠਲਾ ਹਿੱਸਾ ਗਊ ਜਾਂ ਸਾਨ੍ਹ ਦੇ ਏਸ ਭਾਗ ਨਾਲੋਂ ਕਿਤੇ ਵੱਡਾ ਹੈ। ਇਸ ਤੋਂ ਸਮਝ ਪੈਂਦੀ ਹੈ ਕਿ ਮੱਝ ਵਿਚ ਆਪਣੀ ਚਾਲ ਵਿਚ ਤਾਲਮੇਲ ਬਿਠਾਉਣ ਜਾਂ ਸੰਤੁਲਨ ਬਣਾ ਸਕਣ ਦੀ ਘਾਟ ਕਿਉਂ ਹੈ। ਹਲਵਾਹਕ ਲਈ ਇਹ ਵੱਡੀ ਮੁਸ਼ਕਲ ਹੁੰਦੀ ਹੈ ਕਿ ਉਹ ਸੰਢੇ ਜੋੜ ਕੇ ਸਿੱਧੇ ਸਿਆੜ ਨਹੀਂ ਖਿੱਚ ਸਕਦਾ, ਕਿਉਂਕਿ ਨਰ ਮੱਝ ਅਥਵਾ ਸੰਢੇ ਦੀ ਚਾਲ ਟੇਢੀ ਮੇਢੀ ਹੁੰਦੀ ਹੈ। ਸੰਢਿਆਂ ਨਾਲ ਹਲ ਜੋਤਣ ਪਿੱਛੋਂ ਜਦੋਂ ਆਪਣੇ ਨਬੇੜੇ ਹੋਏ ਕੰਮ ਉਤੇ ਹਲਵਾਹਕ ਝਾਤ ਪਾਉਂਦਾ ਹੈ ਤਾਂ ਉਸਨੂੰ ਬਹੁਤ ਸ਼ਰਮ ਆਉਂਦੀ ਹੈ ਕਿ ਦੇਖਣ ਵਾਲੇ ਉਸ ਦੀ ਯੋਗਤਾ ਬਾਰੇ ਕੀ ਕਹਿਣਗੇ, ਇਸਨੂੰ ਸਿੱਧੇ ਸਿਆੜ ਵੀ ਕੱਢਣੇ ਨਹੀਂ ਆਉਂਦੇ!

ਮੱਝ ਤੁਰਨ ਵਿਚ ਵੀ ਬਹੁਤ ਸੁਸਤ ਹੈ। ਇਕ ਘੰਟੇ ਵਿਚ ਇਹ 3.2 ਕਿਲੋਮੀਟਰ ਦਾ ਫਾਸਲਾ ਹੀ ਤੈਅ ਕਰ ਸਕਦੀ ਹੈ, ਜਦਕਿ ਇਸ ਦੇ ਟਾਕਰੇ ਗਊ ਜਾਂ ਬੌਲਦ 4.8 ਤੋਂ 6.4 ਕਿਲੋਮੀਟਰ ਤਕ ਦੀ ਦੂਰੀ ਤਕ ਜਾ ਸਕਦੇ ਹਨ। ਐਪਰ ਗਾਡੀਵਾਨ ਇਸ ਨੂੰ ਪਸੰਦ ਕਰਦੇ ਹਨ ਕਿਉਂਕ ਬਲਦਾਂ ਨਾਲੋਂ ਸੰਢੇ ਜ਼ਿਆਦਾ ਭਾਰ ਢੋ ਸਕਦੇ ਹਨ। ਮੱਝ ਨੂੰ ਛੋਹ ਜਾਂ ਦਰਦ ਦਾ ਵੀ ਬਹੁਤਾ ਅਹਿਸਾਸ ਨਹੀਂ ਹੁੰਦਾ। ਏਸੇ ਲਈ ਇਹ ਕੀੜਿਆਂ ਦੇ ਕੱਟਣ ਜਾਂ ਜੋਕਾਂ ਆਦਿ ਦੀ ਬਹੁਤੀ ਪਰਵਾਹ ਨਹੀਂ ਕਰਦੀ। ਇਹ ਵੀ ਸ਼ੱਕਾ ਹੈ ਕਿ ਇਹ ਆਪਣੇ ਮਾਲਕ ਨਾਲ ਕੋਈ ਸਨੇਹ ਭਾਵ ਰੱਖਦੀ ਹੈ ਜਾਂ ਉਸਨੂੰ ਮਾਲਕ ਦੀ ਪਛਾਣ ਵੀ ਹੈ। ਜਦਕਿ ਗਊ ਬਾਰੇ ਅਜਿਹੀ ਗੱਲ ਨਹੀਂ ਆਖੀ ਜਾ ਸਕਦੀ। ਰਾਂਝੇ ਨੂੰ ਹੀਰ ਦੇ ਬਾਪ ਵੱਲੋਂ ਕੰਮ ਤੋਂ ਛੁੱਟੀ ਕਰ ਦਿੱਤੇ ਜਾਣ ਪਿੱਛੋਂ ਮੱਝਾਂ ਦੇ ਕਾਬੂ ਵਿਚ ਨਾ ਰਹਿਣ ਦਾ ਜੋ ਜ਼ਿਕਰ ਵਾਰਿਸ ਸ਼ਾਹ ਦੇ ਹੀਰ ਰਾਂਝੇ ਦੇ ਕਿੱਸੇ ਵਿਚ ਕੀਤਾ ਗਿਆ ਹੈ, ਉਸਨੂੰ ਸ਼ਾਇਰ ਦੀ ਸ਼ਾਇਰਾਨਾ ਖੁਲ੍ਹ ਹੀ ਸਮਝਣਾ ਚਾਹੀਦਾ ਹੈ। ਕੋਈ ਵੀ ਹੱਥਿਆ ਵਰਤਿਆ ਛੇੜੂ ਮੱਝਾਂ ਨੂੰ ਉਸੇ ਨਿਪੁੰਨਤਾ ਨਾਲ ਸਾਂਭ ਸਕਦਾ ਸੀ ਜਿਸ ਤਰ੍ਹਾਂ ਰਾਂਝੇ ਵੱਲੋਂ ਉਹਨਾਂ ਨੂੰ ਸੰਭਾਲਿਆ ਦੱਸਿਆ ਜਾਂਦਾ ਹੈ। ਐਪਰ ਕਿਸੇ ਤਰ੍ਹਾਂ ਦੀ ਪਛਾਣ ਕਰ ਸਕਣ ਦਾ ਇਕੋ ਇਕ ਨਿਸਚਤ ਸੰਕੇਤ ਜੋ ਕੁਝ ਮੱਝਾਂ ਦਿੰਦੀਆਂ ਹਨ, ਉਹ ਇਹ ਹੈ ਕਿ ਧਾਰ ਕੱਢਣ ਦੇ ਇਕ ਨਿਸਚਤ ਢੰਗ ਦੀਆਂ ਉਹ ਆਦੀ ਹੋ ਜਾਂਦੀਆਂ ਹਨ ਅਤੇ ਇੰਝ ਉਹਨਾਂ ਨੂੰ ਇਹ ਪਤਾ ਲੱਗ ਜਾਂਦਾ ਹੈ ਕਿ ਧਾਰ ਕੌਣ ਕੱਢ ਰਿਹਾ ਹੈ। ਨਿਸਚਤ ਆਦਮੀ ਤੋਂ ਬਿਨਾਂ ਉਹ ਕਿਸੇ ਹੋਰ ਨੂੰ ਆਪਣਾ ਦੁੱਧ ਚੋਏ ਜਾਣ ਦੀ ਆਗਿਆ ਨਹੀਂ ਦਿੰਦੀਆਂ।

ਪਰ ਇਹ ਡੰਗਰ ਘੱਟੋ ਘੱਟ ਟਾਈਮ ਜ਼ਰੂਰ ਦੱਸ ਸਕਦਾ ਹੈ। ਦਸ ਮੱਝਾਂ ਦੇ ਚੋਣੇ ਵਿਚ ਜੇ ਤੁਸੀਂ ਨਵ ਜਨਮੇ ਕਟਰੂ ਨੂੰ ਸਵੇਰੇ ਤਿੰਨ ਵਜੇ ਵਾਧੂ ਖੁਰਾਕ ਦੇਣੀ ਸ਼ੁਰੂ ਕਰ ਦਿਉ ਤਾਂ ਤੁਸੀਂ ਵੇਖੋਗੇ ਕਿ ਹਰ ਰੋਜ਼ ਸਵੇਰੇ ਤਿੰਨ ਵਜੇ ਵਾੜੇ ਦੇ ਖਿੜਕ ਕੋਲ ਉਹ ਤੁਹਾਡੀ ਉਡੀਕ ਕਰ ਰਿਹਾ ਹੋਵੇਗਾ। ਏਸੇ ਤਰ੍ਹਾਂ ਜੇ ਮੱਝ ਦੀ ਵੇਲੇ ਸਿਰ ਧਾਰ ਨਾ ਕੱਢੀ ਜਾਵੇ ਤਾਂ ਉਹ ਘੋਰੂ ਪਾਉਣ ਲੱਗੇਗੀ। ਮੱਝਾਂ ਹੇਹੇ ਵਿਚ ਵੀ ਇਸ ਢੰਗ ਨਾਲ ਆਉਂਦੀਆਂ ਹਨ ਕਿ ਕਟਰੂ ਵਰਖਾ ਰੁੱਤ ਵਿਚ ਪੈਦਾ ਹੋਵੇ ਤਾਂ ਜੁ ਉਸਦੇ ਚਰਨ ਲਈ ਹਰੇ ਘਾਹ ਦੀ ਬਹੁਤਾਤ ਹੋਵੇ। ਅੰਗਰੇਜ਼ੀ ਮੁਹਾਵਰੇ 'ਬੋਰਨ ਵਿਦ ਏ ਸਿਲਵਰ ਸਪੂਨ ਇਨ ਹਿਜ਼ ਮਾਊਥ' ਦਾ ਪੰਜਾਬੀ ਰੂਪਾਂਤਰਨ ਹੈ 'ਸਾਵਣ ਦਾ ਜੰਮਿਆ'। ਯਾਨੀ ਬਾਰਸ਼ ਦੇ ਦਿਨਾਂ ਵਿਚ ਜਦੋਂ ਜੀਣਾ ਸੁਖਾਲਾ ਹੁੰਦਾ ਹੈ। ਮੱਝ ਵੱਲੋਂ ਆਪਣੇ ਲਈ ਬਣਾਏ ਏਸ 'ਟਾਈਮ ਟੇਬਲ' ਉਤੇ ਵਿਗਿਆਨੀ ਪਰੇਸ਼ਾਨ ਹੁੰਦੇ ਹਨ ਕਿਉਂਕਿ ਮਈ ਜੂਨ ਦੇ ਮਹੀਨੇ ਵਿਚ ਦੁੱਧ ਦੀ ਕਿੱਲਤ ਹੁੰਦੀ ਹੈ।

ਆਧੁਨਿਕ ਵਿਗਿਆਨ ਵੱਲੋਂ ਮੱਝ ਦੇ ਮਾਮਲੇ ਵਿਚ ਕੀ ਕੀਤਾ ਜਾ ਰਿਹਾ ਹੈ? ਇਸ ਦਾ ਬਹੁਤਾ ਜ਼ੋਰ ਮੱਝ ਦੀ ਨਸਲ ਸੁਧਾਰਨ ਉਤੇ ਹੈ। ਇਸ ਮਾਮਲੇ ਵਿਚ ਵਿਗਿਆਨੀ, ਗਊ ਵਾਂਗ, ਵਿਕਸਤ ਦੇਸ਼ਾਂ ਵਿਚ ਪ੍ਰਾਪਤ ਸੋਧੀ ਹੋਈ ਮੱਝ ਦੀ ਨਸਲ ਦਾ ਸਹਾਰਾ ਨਹੀਂ ਲੈ ਸਕਦੇ। ਕਿਸੇ ਹੋਰ ਦੇਸ਼ ਕੋਲ ਮੱਝ ਦੀ ਬਿਹਤਰ ਨਸਲ ਨਹੀਂ। ਇਸ ਲਈ ਇਹ ਕੰਮ ਕਟਰੂਆਂ ਦੀ ਨਵੀਂ ਪੀੜ੍ਹੀ ਤਿਆਰ ਕਰਨ ਵਾਸਤੇ ਮਾਪਿਆਂ ਦੀ ਚੋਣ ਦੀ ਵਿਧੀ ਨਾਲ ਕੀਤਾ ਜਾ ਰਿਹਾ ਹੈ। ਮੋਟੇ ਜਿਹੇ ਤੌਰ 'ਤੇ ਕੋਈ ਮੱਝ ਉਨਾ ਦੁੱਧ ਦਿੰਦੀ ਹੈ ਜਿੰਨਾ ਉਸ ਦੀ ਮਾਂ ਅਤੇ ਉਸ ਦੀ ਦਾਦੀ ਵੱਲੋਂ ਦਿੱਤੇ ਜਾਂਦੇ ਕੁੱਲ ਦੁੱਧ ਦੇ ਅੱਧ ਦੇ ਬਰਾਬਰ ਹੁੰਦਾ ਹੈ। ਪਹਿਲਾਂ ਮੱਝਾਂ ਰੱਖਣ ਵਾਲੇ ਇਸ ਗੱਲ ਦਾ ਤਾਂ ਧਿਆਨ ਰੱਖਦੇ ਸਨ ਕਿ ਕਿਸੇ ਮੱਝ ਦੀ ਮਾਂ ਕਿੰਨਾ ਦੁੱਧ ਦਿੰਦੀ ਸੀ ਪਰ ਉਹ ਇਸ ਗੱਲ ਬਾਰੇ ਚੇਤੰਨ ਨਹੀਂ ਸਨ ਹੁੰਦੇ ਕਿ ਪਿਤਾ ਦੇ ਰਾਹੀਂ ਉਸ ਦੀ ਦਾਦੀ ਦੀ ਦੁੱਧ ਦੇਣ ਦੀ ਮਾਤਰਾ ਦਾ ਵੀ ਇਸ ਵਿਚ ਕੋਈ ਦਖਲ ਹੈ। ਉਹ ਸੰਢੇ ਦੀ ਪਛਾਣ ਉਸ ਦੀ ਸਰੀਰਕ ਬਣਤ ਦੇ ਹਿਸਾਬ ਨਾਲ ਕਰਦੇ ਸਨ; ਕਦੇ ਇਹ ਜਾਣਨ ਦੀ ਕੋਸ਼ਿਸ਼ ਨਹੀਂ ਸਨ ਕਰਦੇ ਕਿ ਉਸ ਸੰਢੇ ਦੀ ਮਾਂ ਕਿੰਨਾ ਦੁੱਧ ਦਿੰਦੀ ਹੁੰਦੀ ਸੀ। ਉਹਨਾਂ ਨੂੰ ਕੋਈ ਅਨੁਮਾਨ ਨਹੀਂ ਸੀ ਹੁੰਦਾ ਕਿ ਸੰਢੇ ਦੀ ਮਾਂ ਦੇ ਦੁੱਧ ਦੇ ਉਤਪਾਦਨ ਦੀ ਮਾਤਰਾ ਦਾ ਉਸ ਸੰਢੇ ਦੀ ਔਲਾਦ ਤੋਂ ਪ੍ਰਾਪਤ ਹੋਣ ਵਾਲੇ ਦੁੱਧ ਦੀ ਮਾਤਰਾ ਨਾਲ ਵੀ ਕੋਈ ਤੁਅੱਲਕ ਹੋ ਸਕਦਾ ਹੈ। ਗਿਆਨ ਅਤੇ ਸੁਲੱਭਤਾ ਦੇ ਇਸ ਖੱਪੇ ਨੂੰ ਹੁਣ ਹਰਿਆਣਾ ਤੇ ਪੰਜਾਬ ਦੀਆਂ ਖੇਤੀਬਾੜੀ ਦੀਆਂ ਯੂਨੀਵਰਸਿਟੀਆਂ ਵੱਲੋਂ ਪੂਰਨ ਦੀ ਕੋਸ਼ਿਸ਼ ਹੋ ਰਹੀ ਹੈ, ਜਿੱਥੇ ਵੱਧ ਦੁੱਧ ਦੇਣ ਵਾਲੀਆਂ ਨਰੋਈਆਂ ਮੱਝਾਂ ਦੇ ਵੱਡੇ ਚੋਣੇ ਰੱਖੇ ਤੇ ਤਿਆਰ ਕੀਤੇ ਜਾ ਰਹੇ ਹਨ। ਇਹਨਾਂ ਮੱਝਾਂ ਵੱਲੋਂ ਜੰਮੇ ਕੱਟੇ ਸੰਢਿਆਂ ਵਜੋਂ ਵਿਕਸਤ ਕੀਤੇ ਜਾਣਗੇ ਅਤੇ ਅਗਾਂਹ ਉਹਨਾਂ ਦੀ ਔਲਾਦ ਵੱਲੋਂ ਦਿੱਤੇ ਜਾਣ ਵਾਲੇ ਦੁੱਧ ਦੀ ਮਾਤਰਾ ਨੂੰ ਜਾਣਨ ਦੇ ਸੰਬੰਧ ਵਿਚ ਟੈਸਟ ਕੀਤੇ ਜਾਣਗੇ। ਪਰੀਖਣ ਤੇ ਪੁਨਰ ਪਰੀਖਣ ਦੀ ਇਸ ਪ੍ਰਕਿਰਿਆ ਅਤੇ ਛਾਂਟੀ ਰਾਹੀਂ ਸਭ ਤੋਂ ਵਧੀਆਂ ਸੰਢਿਆਂ ਦੀ ਨਿਸ਼ਾਨਦਹੀ ਕੀਤੀ ਜਾ ਰਹੀ ਹੈ। ਮੱਝਾਂ ਨੂੰ ਬਨਾਵਟੀ ਢੰਗ ਨਾਲ ਗੱਭਣ ਕਰਨ ਲਈ ਇਹਨਾਂ ਨਰੋਏ ਸੰਢਿਆਂ ਦੇ ਬੀਰਜ ਦੀ ਵਰਤੋਂ ਕੀਤੀ ਜਾ ਰਹੀ ਹੈ ਅਤੇ ਇੰਝ ਮੱਝਾਂ ਦੀਆਂ ਅਗਲੀਆਂ ਪੀੜ੍ਹੀਆਂ ਨੂੰ ਬਿਹਤਰ ਬਣਾਇਆ ਜਾ ਰਿਹਾ ਹੈ। ਦਿਲਚਸਪ ਤੇ ਚੰਗੀ ਗੱਲ ਇਹ ਹੈ ਕਿ ਗਊਆਂ ਦੇ ਟਾਕਰੇ ਮੱਝਾਂ ਬਨਾਵਟੀ ਤਰਜ਼ ਦੇ ਇਸ ਗਰਭ ਧਾਰਨ ਵਿਚ ਕੋਈ ਸਮੱਸਿਆ ਨਹੀਂ ਖੜ੍ਹੀਆਂ ਕਰ ਰਹੀਆਂ। ਪੰਜਾਬ ਖੇਤੀਬਾੜੀ ਯੂਨੀਵਟਸਿਟੀ ਦੇ ਡਾਕਟਰ ਐਮ. ਐਸ. ਟਿਵਾਣਾ ਅਨੁਸਾਰ ਪਿਤਰਤਾਈ ਤਬਦੀਲ ਕਰਨ ਨਾਲ ਦੁੱਧ ਦੇ ਉਤਪਾਦਨ ਦੀ ਇਹ ਵਧੀ ਹੋਈ ਮਾਤਰਾ ਸਥਾਈ ਹੋਵੇਗੀ, ਕਿਉਂਕਿ ਇਸ ਤਰ੍ਹਾਂ ਲਿਆਂਦੀ ਤਬਦੀਲੀ ਅਗਲੀਆਂ ਪੀੜ੍ਹੀਆਂ ਵਿਚ ਵੀ ਜਾਰੀ ਰਹੇਗੀ। ਪਰਿਵਾਰ ਵਿਚ ਖੁਸ਼ੀ ਦੇ ਮੌਕਿਆਂ ਉਤੇ ਧੀ ਜਾਂ ਭੈਣ ਨੂੰ ਲਵੇਰੀ ਮੱਝ ਦੇਣ ਦਾ ਆਮ ਹੀ ਰਿਵਾਜ ਸੀ। ਇਹ ਬੋਲੀ ਏਸੇ ਰਿਵਾਜ ਦੀ ਗਵਾਹੀ ਦਿੰਦੀ ਹੈ. 'ਬਾਪੂ ਮੱਝੀਆਂ ਦੇ ਸੰਗਲ ਫੜਾਵੇ, ਵੀਰ ਘਰ ਪੁੱਤ ਜੰਮਿਆ'। ਪਿੰਡਾਂ ਹੀ ਨਹੀਂ ਸ਼ਹਿਰਾਂ ਵਿਚ ਵੀ ਪੰਜਾਬੀਆਂ ਦੀ ਮੱਝ ਪ੍ਰਤੀ ਚਾਹਤ ਪ੍ਰਤੱਖ ਨਜ਼ਰ ਆਉਂਦੀ ਹੈ। ਕਈ ਸਾਲਾਂ ਦੇ ਵਕਫੇ ਪਿੱਛੋਂ ਅਲੀਗੜ੍ਹ ਦੇ ਇਕ ਮੁਸਲਮਾਨ ਰਈਸ ਦੋਸਤ ਦੀ ਬੇਗਮ ਮੈਨੂੰ ਮਿਲੀ। ਉਸ ਨੇ ਬਹੁਤ ਤਪਾਕ ਨਾਲ ਪੁੱਛਿਆ, "ਕਿਵੇਂ ਚੱਲ ਰਿਹਾ ਤੁਹਾਡਾ ਅੱਜ ਕੱਲ"?

"ਬਹੁਤ ਵਧੀਆ, ਸ਼ੁਕਰੀਆ", ਮੈਂ ਜਵਾਬ ਵਿਚ ਕਿਹਾ।

" ਤੁਹਾਡੇ ਕੋਲ ਮੱਝ ਹੈਗੀ"?

"ਨਹੀਂ ", ਮੈਂ ਆਖਿਆ।

"ਤਾਂ ਫੇਰ ਤੁਹਾਡਾ ਹਾਲ ਬਹੁਤਾ ਚੰਗਾ ਨਹੀਂ ਹੋ ਸਕਦਾ", ਉਸਦਾ ਕਹਿਣਾ ਸੀ, " ਚੰਗੇ ਗੁਜ਼ਾਰੇ ਵਾਲੇ ਪੰਜਾਬੀ ਕੋਲ ਮੱਝ ਤਾਂ ਜ਼ਰੂਰ ਹੁੰਦੀ ਹੈ"?

ਡਾਕਟਰ ਮਹਿੰਦਰ ਸਿੰਘ ਰੰਧਾਵਾ ਅਤੇ ਦੇਵਿੰਦਰ ਸਤਿਆਰਥੀ ਵੱਲੋਂ ਸਾਹਿਤ ਅਕਾਦਮੀ ਲਈ ਤਿਆਰ ਕੀਤੇ ਗਏ ਲੋਕਗੀਤਾਂ ਦੇ ਸੰਗ੍ਰਹਿ ਵਿਚ ਕੁਝ ਢੋਲੇ ਮੱਝਾਂ ਬਾਰੇ ਵੀ ਹਨ। ਇਹ ਢੋਲੇ ਰਾਵੀ ਪਾਰਲੇ ਕਿਸਾਨਾਂ ਤੇ ਜਾਂਗਲੀਆਂ ਦੇ ਰਵਾਇਤੀ ਗੀਤ ਹਨ। ਇਹਨਾਂ ਗੀਤਾਂ ਵਿਚ ਮੱਝ ਦੇ ਸੰਬੰਧ ਵਿਚ ਪ੍ਰਗਟ ਹੋਏ ਕੋਮਲ ਭਾਵ ਲਗਪਗ ਉਸੇ ਤਰ੍ਹਾਂ ਦੇ ਹਨ ਜਿਹੋ ਜਿਹੇ ਭਾਵ ਆਮ ਤੌਰ 'ਤੇ ਤੀਵੀਂ ਦੇ ਸੰਬੰਧ ਵਿਚ ਮਹਿਸੂਸ ਕੀਤੇ ਜਾਂਦੇ ਹਨ। ਇਕ ਨਮੂਨਾ ਵੇਖੋ:

ਕੈਲੀਆਂ ਤੇ ਕਾਲੀਆਂ ਮੱਝੀਂ,
ਔਲਾ ਅਰਸ਼ਾਂ ਤੋਂ ਆਂਦੀਆਂ।
ਦਰਿਆ ਪਏ ਸੋਹਣੇ ਲਗਦੇ ਨੇ ਜਿਸ ਵੇਲੇ
ਚਰ ਚਰ ਕੇ ਪੱਤਣਾਂ 'ਚੋਂ ਬੇਲੇ 'ਤੇ ਲਾਂਹਦੀਆਂ।
ਮਾਰਨ ਟੁੱਭੀਆਂ, ਲੈਣ ਤਾਰੀਆਂ
ਜਿਵੇਂ ਝਾਂਬਾਂ ਨਾਲ ਪੱਕੇ ਦੇ ਖਾਂਹਦੀਆਂ।
ਛੇੜੂਆਂ ਗੋਡੇ ਮਾਰ ਉਠਾਲੀਆਂ
ਸਾਵਣ ਮਾਹ ਖਾੜੀ ਜਾਣ ਉਗਲਾਂਦੀਆਂ
ਸਵਾਨੀਆਂ ਨੂੰ ਟੁਕਰ ਨਾ ਰੁੱਚਦਾ,
ਜਿਸ ਵੇਲੇ ਵੇਖਣ ਭੁੱਖੀਆਂ ਤੇ ਮਾਂਦੀਆਂ।
ਖੜੀਆਂ ਤੇ ਮੋਈਆਂ ਸੱਟਾਂ ਉਹ ਝੱਲਦੇ ਨੇ,
ਜਿਨ੍ਹਾਂ ਦੀਆਂ ਪੱਸਲੀਆਂ ਸਾਰ ਦੀਆਂ।
ਮੱਝੀਂ ਮਾਲ ਵਰਿਆਮਾਂ ਦਾ, ਮਾੜਿਆਂ ਕੋਲ
ਨਾ ਰਾਂਹਦੀਆਂ।
ਮੱਝੀਆਂ ਉਡਾਰ ਪਰੀਆਂ ਦਾ, ਨਾਲ ਨਸੀਬਾਂ
ਦੇ ਰਾਂਹਦੀਆਂ।

ਮੱਝ ਦੀ ਚੋਰੀ ਨੂੰ ਬਰਦਾਸ਼ਤ ਕਰਨਾ ਬਹੁਤ ਕਠਿਨ ਹੁੰਦਾ ਹੈ। ਮੱਝ ਚੋਰੀ ਹੀ ਨਹੀਂ ਹੋਈ ਹੁੰਦੀ, ਤੁਹਾਨੂੰ ਨਮੋਸ਼ੀ ਦਾ ਸਾਹਮਣਾ ਵੀ ਕਰਨਾ ਪੈਂਦਾ ਹੈ। ਅੰਮ੍ਰਿਤਸਰ ਵਿਚ ਆਪਣਾ ਭਾਸ਼ਣ ਦੇਣ ਸਮੇਂ ਚੌਧਰੀ ਚਰਨ ਦੇ ਮਨ ਵਿਚ ਸ਼ਾਇਦ ਇਹੋ ਗੱਲ ਸੀ।

# ਸੱਜਣਤਾਈ ਦੀ ਸਰਗਮ

***ਡਾ. ਗੁਰਬਖਸ਼ ਸਿੰਘ ਭੰਡਾਲ ਫਿਜ਼ਿਕਸ ਦੇ ਅਧਿਆਪਕ ਹਨ, ਪਰ ਉਨ੍ਹਾਂ ਦੀਆਂ ਲਿਖਤਾਂ ਵਿਚ ਫਿਜ਼ਿਕਸ ਜਿਹੀ ਖੁਸ਼ਕੀ ਨਹੀਂ, ਸਗੋਂ ਕਾਵਿਕ ਰਵਾਨਗੀ ਹੁੰਦੀ ਹੈ। ਉਹ ਜ਼ਿੰਦਗੀ ਦੇ ਸੱਚ ਦੀਆਂ ਗੱਲਾਂ ਇੰਨੇ ਸਹਿਜ ਭਾਅ ਕਰੀ ਜਾਂਦੇ ਹਨ, ਜਿਵੇਂ ਕੋਈ ਬੜਾ ਸਿਆਣਾ ਬਜ਼ੁਰਗ ਆਪਣੇ ਤੋਂ ਅਗਲੀ ਪੀੜ੍ਹੀ ਨੂੰ ਜ਼ਿੰਦਗੀ ਦੇ ਸੱਚ ਦੱਸ ਰਿਹਾ ਹੋਵੇ। ਪਿਛਲੇ ਲੇਖ ਵਿਚ ਡਾ. ਭੰਡਾਲ ਨੇ ਜ਼ਿੰਦਗੀ ਦੇ ਬੋਝੇ 'ਚ ਹੱਥ ਮਾਰਦਿਆਂ ਹੋਰ ਕਈ ਰੰਗ ਕੱਢੇ ਸਨ, 'ਜ਼ਿੰਦਗੀ ਦਾ ਬੋਝਾ ਹਰੇਕ ਨੂੰ ਹੀ ਮਿਲਦਾ, ਪਰ ਸਭ ਤੋਂ ਜਰੂਰੀ ਹੁੰਦਾ ਕਿ ਮਨੁੱਖ ਨੂੰ ਉਸ ਬੋਝੇ ਦੀ ਸੋਝੀ ਹੋਵੇ ਕਿ ਇਸ ਵਿਚ ਕੀ ਕੀ ਪਾਉਣਾ? ਕੀ ਕੀ ਨਕਾਰਨਾ?... ਜ਼ਿੰਦਗੀ ਦੇ ਬੋਝੇ ਵਿਚ ਮਨੁੱਖ ਕੀ ਚੁੱਕੀ ਫਿਰਦਾ, ਕਿਸੇ ਨੂੰ ਵੀ ਦੱਸਣ ਦੀ ਲੋੜ ਨਹੀਂ। ਸਮਾਜ ਵਿਚ ਤੁਹਾਡੇ ਬਿੰਬ ਨੇ ਹੀ ਸਭ ਕੁਝ ਬਿਆਨ ਕਰ ਦੇਣਾ। ਹਥਲੇ ਲੇਖ ਵਿਚ ਡਾ. ਭੰਡਾਲ ਨੇ ਕਿਹਾ ਹੈ, 'ਸੱਜਣਤਾਈ ਦੀ ਸਰਗਮ ਵਿਚ ਖੁਦ ਨੂੰ ਸੁਰਬੱਧ ਕਰਨ ਵਾਲੇ ਅਤੇ ਇਸ ਨੂੰ ਜੀਵਨ-ਨਾਦ ਦਾ ਹਿੱਸਾ ਬਣਾਉਣ ਵਾਲੇ ਸਾਹ-ਸੰਗੀਤਕਤਾ ਦਾ ਸੁੱਚਾ ਨਗਮਾ ਹੁੰਦੇ ਹਨ।...ਕੁਝ ਲੋਕ ਸੱਜਣਤਾਈ ਦਾ ਮਾਣ ਹੁੰਦੇ, ਜਿਨ੍ਹਾਂ ਦੀ ਸੰਗਤ ਵਿਚ ਰੂਹ ਖਿੜ ਜਾਂਦੀ। ਮਸਤਕ ਤੇ ਖੇੜਾ ਫੈਲਦਾ ਅਤੇ ਮੁੱਖੜਾ ਬਣ ਜਾਂਦਾ ਰੂਹਾਨੀਅਤ ਤੇ ਰਵਾਨਗੀ ਦਾ ਮੁਜੱਸਮਾ।' ਦੁਨੀਆਂਦਾਰੀ ਪ੍ਰਤੀ ਉਨ੍ਹਾਂ ਦੇ ਨਜ਼ਰੀਏ ਮੁਤਾਬਕ, 'ਕੁਝ ਲੋਕ ਆਪਣੇ ਤੋਂ ਆਪਣੇ ਤੀਕ ਦੇ ਪੈਂਡੇ ਦੇ ਰਾਹੀ ਤੇ ਸਿਰਫ ਮੁਖੌਟਿਆਂ ਦਾ ਜੀਵਨ ਜਿਉਂਦੇ, ਜਦੋਂ ਕਿ ਕੁਝ ਲੋਕ ਖਰੇ ਸੋਨੇ ਵਰਗੇ, ਜੋ ਖੁਦ ਨੂੰ ਲੋਕਾਈ ਤੇ ਕਾਇਨਾਤ ਲਈ ਅਰਪਿੱਤ ਕਰਦੇ ਅਤੇ ਚੰਗਿਆਈ ਦਾ ਮੁਜੱਸਮਾ ਬਣ ਲੋਕ ਭਲਿਆਈ ਵਿਚੋਂ ਮਾਨਵਤਾ ਨੂੰ ਭਾਲਦੇ।***

## ਸ਼ਬਦ ਜੋਤ



ਡਾ. ਗੁਰਬਖਸ਼ ਸਿੰਘ ਭੰਡਾਲ
ਫੋਨ: 216-556-2080

ਜ਼ਿੰਦਗੀ ਦੇ ਸਫਰ 'ਚ ਬਹੁਤ ਲੋਕ ਮਿਲਦੇ। ਕੁਝ ਸੱਜਣ ਤੇ ਕੁਝ ਦੁਸ਼ਮਣ, ਕੁਝ ਸੁਹਜਮਈ ਤੇ ਕੁਝ ਕੋਹਝੇ। ਕੁਝ ਸਵਾਰਥੀ ਤੇ ਕੁਝ ਨਿਰ-ਸੁਆਰਥ। ਕੁਝ ਮਨ ਦੀਆਂ ਭਾਵਨਾਵਾਂ ਦੀ ਤਰਜਮਾਨੀ ਕਰਦੇ ਤੇ ਕੁਝ ਸੋਚਾਂ ਵਿਚ ਸੂਲਾਂ ਬੀਜਦੇ।

ਕੁਝ ਲੋਕ ਕਲਮਾਂ, ਕਿਤਾਬਾਂ, ਕੀਰਤੀਆਂ ਤੇ ਕ੍ਰਿਸ਼ਮਿਆਂ ਜਿਹੇ ਅਤੇ ਕੁਝ ਲੋਕ ਕਬਰਾਂ, ਕਾਲਖਾਂ ਤੇ ਕੁਕਰਮਾਂ ਦੀ ਕੁਲਹਿਣੀ ਘੜੀ।

ਕੁਝ ਲੋਕ ਸਫਰ ਵਿਚ ਉਗੀਆਂ ਸੂਲਾਂ ਤੇ ਕੁਝ ਇਸ ਪੀੜਾ ਦੀ ਦਵਾਈ। ਕੁਝ ਲੋਕ ਰਾਹਾਂ ਵਿਚ ਹਨੇਰ ਬੀਜਦੇ ਤੇ ਕੁਝ ਜੀਵਨ-ਰਾਹਾਂ ਵਿਚ ਰੌਸ਼ਨੀ ਤ੍ਰੌਂਕਦੇ।

ਕੁਝ ਲੋਕ ਦੀਦਿਆਂ ਵਿਚ ਜਗਦੇ ਸੁਪਨਿਆਂ ਵਰਗੇ ਤੇ ਕੁਝ ਲੋਕ ਸੁਪਨਿਆਂ ਦੀ ਅੱਖ ਵਿਚ ਲਟਕਦੇ ਹੰਝੂਆਂ ਦੀ ਦਾਸਤਾਨ।

ਕੁਝ ਚੰਗਿਆਈ ਦਾ ਮੁਜੱਸਮਾ ਅਤੇ ਕੁਝ ਲੋਕ ਬੁਰਿਆਈ ਦਾ ਖਲੀਫਾ ਬੁਰਜ। ਕੁਝ ਲੋਕ ਭਲਿਆਈ ਵਿਚੋਂ ਮਾਨਵਤਾ ਨੂੰ ਭਾਲਦੇ ਤੇ ਕੁਝ ਲੋਕ ਬਦਖੋਹੀ ਵਿਚੋਂ ਮਾਨਵਤਾ ਦਾ ਗਲਾ ਘੁੱਟਣ ਦੇ ਆਦੀ।

ਕੁਝ ਲੋਕ ਕਿਸੇ ਦੇ ਦਰਦ ਵਿਚ ਪੀੜ-ਪੀੜ ਹੋ ਜਾਂਦੇ, ਜਦੋਂ ਕਿ ਕੁਝ ਕਿਸੇ ਦੀ ਪੀੜ ਨੂੰ ਮਸ਼ਕਰੀ ਬਣਾਉਂਦੇ ਅਤੇ ਪੀੜਤ ਦੀਆਂ ਚਾਂਗਰਾਂ ਵਿਚੋਂ ਹਾਸਾ ਕਿਆਸਦੇ।

ਕੁਝ ਲੋਕ ਤੁਹਾਡੀ ਉਂਗਲ ਫੜ ਕੇ ਧੁੰਦਲੇ ਦਿਸਹੱਦਿਆਂ ਵਿਚ ਚਾਨਣ ਦੀ ਲੀਕ ਵਰਗੇ ਅਤੇ ਕੁਝ ਲੋਕ ਤੁਹਾਡੇ ਕੋਲੋਂ ਹੱਥ ਛੁਡਾ ਕੇ, ਤੁਹਾਨੂੰ ਜ਼ਿੰਦਗੀ ਦੇ ਵਲਵਲੇਵਿਆਂ ਦਾ ਮੁਥਾਜ ਬਣਾ ਦਿੰਦੇ।

ਕੁਝ ਲੋਕ ਤੁਹਾਡੀਆਂ ਤਰਜ਼ੀਹਾਂ ਤੇ ਤਮੰਨਾਵਾਂ ਵਿਚੋਂ ਤੁਹਾਡੀ ਤਕਦੀਰ ਦੇ ਨਕਸ਼ ਦੇਖਦੇ, ਜਦੋਂ ਕਿ ਕੁਝ ਆਪਣੀਆਂ ਕਰਤੂਤਾਂ ਨਾਲ ਤੁਹਾਡੀਆਂ ਤਮੰਨਾਵਾਂ ਤੇ ਤਾਂਘਾਂ ਨੂੰ ਤਤਫਣ ਲਾ ਦਿੰਦੇ।

ਕੁਝ ਲੋਕ ਫੁੱਲਵਾੜੀ ਵਰਗੇ, ਜੋ ਰੰਗਾਂ ਤੇ ਮਹਿਕਾਂ ਦੇ ਵਣਜ ਵਿਚੋਂ ਜ਼ਿੰਦਗੀ ਦਾ ਸੁੱਚਮ ਸਿਰਜਦੇ, ਜਦੋਂ ਕਿ ਕੁਝ ਲੋਕ ਮਨ ਵਿਚ ਪਸਰੀ ਉਜਾੜ ਵਰਗੇ। ਉਹ ਫੁੱਲਪੱਤੀਆਂ ਮਸਲਦੇ ਤੇ ਮਹਿਕ ਨੂੰ ਬਦਬੂ ਵਿਚ ਬਦਲਨ ਲੱਗਿਆਂ ਦੇਰ ਨਹੀਂ ਲਾਉਂਦੇ।

ਕੁਝ ਲੋਕ ਅੱਖਰਾਂ ਵਿਚ ਜਗਦੇ ਜੁਗਨੂੰਆਂ ਦਾ ਜਮਘਟਾ ਅਤੇ ਕੁਝ ਲੋਕ ਸ਼ਬਦਾਂ ਵਿਚੋਂ ਸਿਰਫ ਸੋਗ, ਸੰਤਾਪ ਤੇ ਸਿੱਸਕੀਆਂ ਨੂੰ ਉਗਾਉਣ ਵਿਚ ਮਸ਼ਰੂਫ।

ਕੁਝ ਲੋਕ ਸਾਹ-ਸਕੂਨ ਦਾ ਵਣਜ ਕਰਦੇ, ਜਦੋਂ ਕਿ ਕੁਝ ਲੋਕ ਸਿਵਿਆਂ ਨੂੰ ਮੱਚਦਾ ਰੱਖਣ ਲਈ ਹੀ ਯਤਨਸ਼ੀਲ।

ਕੁਝ ਲੋਕ ਸਬੰਧਾਂ ਨੂੰ ਸਿਰਜਣ ਦੀ ਪਹਿਲ ਤੇ ਪਹੁਲ ਵਰਗੇ ਅਤੇ ਇਨ੍ਹਾਂ ਵਿਚੋਂ ਜ਼ਿੰਦਗੀ ਦੇ ਨਵੇਂ ਸਰੋਕਾਰਾਂ ਤੇ ਅਰਥਾਂ ਦੀ ਨਿਸ਼ਾਨਦੇਹੀ ਕਰਦੇ, ਜਦੋਂ ਕਿ ਕੁਝ ਲੋਕ ਬੋਲਾਂ ਵਿਚ ਦਮ ਤੋੜ ਰਹੀ ਸਾਂਝ, ਸਿਆਣਪ ਅਤੇ ਸਬੰਧਾਂ ਦਾ ਆਖਰੀ ਹਉਕਾ।

ਕੁਝ ਲੋਕ ਅੰਬ, ਜਾਮਣ ਅਤੇ ਪਿੱਪਲ ਦੇ ਬਿਰਖਾਂ ਵਰਗੇ, ਜਿਨ੍ਹਾਂ ਦੀ ਸੰਘਣੀ ਛਾਂ ਵਿਚ ਲੂਆਂ ਵੀ ਠਰ ਜਾਂਦੀਆਂ, ਪਰ ਕੁਝ ਲੋਕ ਮਾਰੂਥਲਾਂ ਵਿਚ ਉਗੀ ਥੋਹਰ ਵਰਗੇ, ਜਿਸ ਦੀ ਛਾਂ ਵਿਚ ਸਿਰਫ ਮਾਤਮ ਹੀ ਹੁੰਦਾ।

ਕੁਝ ਲੋਕ ਦਰਿਆਂ ਦੇ ਪੱਤਣ 'ਤੇ ਲੱਗੇ ਮੇਲੇ ਵਰਗੇ ਅਤੇ ਕੁਝ ਲੋਕ ਬਰੇਤਿਆਂ ਵਰਗੇ, ਜਿਨ੍ਹਾਂ ਦੀ ਹਿੱਕ ਵਿਚ ਸਿਰਫ ਸੋਕਾ ਅਤੇ ਸੁੰਨ ਹੀ ਪੈਦਾ ਹੁੰਦੀ।

ਕੁਝ ਲੋਕ ਤੂਤ ਦੇ ਟਾਹਣ ਵਰਗੇ, ਜਿਹੜੇ ਕਦੇ ਕਦਾਈਂ ਲਿਫ ਤਾਂ ਸਕਦੇ, ਪਰ ਟੁੱਟਦੇ ਨਹੀਂ; ਜ਼ਿਆਦਾਤਰ ਲੋਕ ਸਫੈਦੇ ਦੀ ਕੱਚੀ ਲੱਕੜ ਵਰਗੇ, ਜੋ ਜਰਾ ਜਿੰਨੀ ਜੁੰਬਸ਼ ਨਾਲ ਤੜੱਕ ਕਰਕੇ ਟੁੱਟ ਜਾਂਦੇ।

ਕੁਝ ਲੋਕ ਰੂਹ ਦੀ ਅਲਹਾਮੀ ਚੁੱਪ ਵਰਗੇ, ਜਿਸ ਦੇ ਅੰਤਰਨਾਦ ਵਿਚੋਂ ਜ਼ਿੰਦਗੀ ਨੂੰ ਨਵੇਂ ਅਦਬ ਤੇ ਆਗਾਜ਼ ਦੀ ਸੋਝੀ ਤੇ ਸੁਖਨਤਾ ਦਾ ਅਹਿਸਾਸ ਹੁੰਦਾ, ਜਦੋਂ ਕਿ ਕੁਝ ਲੋਕ ਮਨ ਵਿਚ ਬੈਠੀ ਚੁੱਪ ਵਰਗੇ, ਜਿਸ ਨੂੰ ਆਪਣੀ ਹੀ ਸੁੱਧ-ਬੁੱਧ ਨਹੀਂ ਰਹਿੰਦੀ।

ਕੁਝ ਲੋਕ ਮਨ 'ਤੇ ਪਈਆਂ ਝਰੀਟਾਂ ਵਰਗੇ, ਜੋ ਸਮੇਂ ਦੇ ਬੀਤਣ ਨਾਲ ਮਿਟਦੀਆਂ ਨਹੀਂ, ਸਗੋਂ ਹੋਰ ਉਘੜਦੀਆਂ, ਪਰ ਕੁਝ ਲੋਕ ਜਿਸਮ 'ਤੇ ਪਈਆਂ ਲਾਸਾਂ ਵਰਗੇ, ਜਿਨ੍ਹਾਂ ਦੇ ਨਕਸ਼ ਕੁਝ ਸਮੇਂ ਬਾਅਦ ਖੁਦ-ਬ-ਖੁਦ ਮਿਟ ਜਾਂਦੇ।

ਕੁਝ ਲੋਕ ਹੋਠਾਂ 'ਤੇ ਤੜਫ ਰਹੀ ਪਿਆਸ ਵਰਗੇ, ਜੋ ਸਿਰਫ ਮਰ-ਮਿੱਟਣ ਲਈ ਹੀ ਹੁੰਦੀ, ਜਦੋਂ ਕਿ ਕੁਝ ਲੋਕ ਹੋਠਾਂ ਨੂੰ ਛੁਹਾਏ ਜਾਮ ਵਰਗੇ, ਜਿਸ ਵਿਚੋਂ ਜਿੰਦ ਨੂੰ ਜਿਉਂਦੇ ਹੋਣ ਦਾ ਧਰਮ ਤੇ ਧਰਵਾਸ ਮਿਲਦਾ।

ਕੁਝ ਲੋਕ ਸੱਜਣਤਾਈ ਦਾ ਮਾਣ ਹੁੰਦੇ, ਜਿਨ੍ਹਾਂ ਦੀ ਸੰਗਤ ਵਿਚ ਰੂਹ ਖਿੜ ਜਾਂਦੀ। ਮਸਤਕ ਤੇ ਖੇੜਾ ਫੈਲਦਾ ਅਤੇ ਮੁੱਖੜਾ ਬਣ ਜਾਂਦਾ ਰੂਹਾਨੀਅਤ ਤੇ ਰਵਾਨਗੀ ਦਾ ਮੁਜੱਸਮਾ।

ਕੁਝ ਲੋਕ ਆਪਣੇ ਤੋਂ ਆਪਣੇ ਤੀਕ ਦੇ ਪੈਂਡੇ ਦੇ ਰਾਹੀ, ਜਦੋਂ ਕਿ ਕੁਝ ਲੋਕ ਖੁਦ ਤੋਂ ਪਾਰ ਦਾ ਸਫਰ ਕਰ, ਖੁਦ ਨੂੰ ਲੋਕਾਈ ਤੇ ਕਾਇਨਾਤ ਲਈ ਅਰਪਿਤ ਕਰਦੇ।

ਕੁਝ ਲੋਕ ਨਘੋਚੀ, ਨਕਾਰੇ, ਨਿਕੰਮੇ, ਨਿਰਗੁਣੇ ਅਤੇ ਨਾ-ਅਹਿਲ, ਜਦੋਂ ਕਿ ਕੁਝ ਲੋਕ ਨਜ਼ਮੀ, ਨੇਕਦਿਲ, ਅਤੇ ਨੇਕੀ ਦਾ ਭਰ ਵਗਦਾ ਦਰਿਆ। ਉਨ੍ਹਾਂ ਲਈ ਰੂਹਾਨੀ ਖੇੜਾ ਅਤੇ ਖੁਸ਼ੀ ਸਭ ਤੋਂ ਅਹਿਮ। 'ਕੇਰਾਂ ਇਕ ਵਿਅਕਤੀ ਨੇ ਆਪਣਾ ਪੁਰਾਣਾ ਸਕੂਟਰ ਵੇਚਣਾ ਚਾਹਿਆ। ਕੁਝ ਵਪਾਰੀ ਬਿਰਤੀ ਵਾਲੇ ਲੋਕ ਜ਼ਿਆਦਾ ਕੀਮਤ ਦੇਣ ਲਈ ਤਿਆਰ ਸਨ, ਪਰ ਇਕ ਲੋੜਵੰਦ ਨੇ ਘੱਟ ਕੀਮਤ 'ਤੇ ਆਪਣੇ ਬੱਚੇ ਲਈ ਪੁਰਾਣਾ ਸਕੂਟਰ ਚਾਹਿਆ। ਉਸ ਵਿਅਕਤੀ ਨੇ ਜ਼ਿਆਦਾ ਕੀਮਤ ਦੀ ਥਾਂ ਘੱਟ ਕੀਮਤ 'ਤੇ ਆਪਣਾ ਸਕੂਟਰ ਲੋੜਵੰਦ ਨੂੰ ਵੇਚ ਦਿੱਤਾ। ਜਦ ਉਸ ਨੂੰ ਕਿਸ ਨੇ ਪੁੱਛਿਆ ਕਿ ਉਸ ਨੇ ਘੱਟ ਕੀਮਤ 'ਤੇ ਸਕੂਟਰ ਕਿਉਂ ਵੇਚਿਆ ਤਾਂ ਉਸ ਦਾ ਉਤਰ ਸੀ, ਉਸ ਲੋੜਵੰਦ ਵਿਅਕਤੀ ਅਤੇ ਉਸ ਦੇ ਬੱਚੇ ਦੀਆਂ ਅੱਖਾਂ ਵਿਚ ਉਤਰੀ ਖੁਸ਼ੀ ਨੇ ਮੈਨੂੰ ਅਜਿਹੇ ਹੁਲਾਸ ਨਾਲ ਭਰ ਦਿੱਤਾ, ਜਿਸ ਦਾ ਮੈਂ ਕਦੇ ਵੀ ਅਹਿਸਾਸ ਨਹੀਂ ਸੀ ਕੀਤਾ। ਇਸ ਹੁਲਾਸ ਨੂੰ ਪੈਸਿਆਂ ਨਾਲ ਨਹੀਂ ਤੋਲਿਆ ਜਾ ਸਕਦਾ।

ਕੁਝ ਲੋਕ ਸਮਿਆਂ ਦੇ ਸੁੱਚੇ, ਉਚੇ ਅਤੇ ਪਰਮ ਧਰਮ ਵਰਗੇ, ਜਦੋਂ ਕਿ ਕੁਝ ਲੋਕ ਅਧਰਮੀ ਬਣੇ ਖੂਨ, ਖੰਜਰ ਅਤੇ ਖਰਮਸਤੀ ਵਿਚੋਂ ਅੰਧਿਆਰਾ ਪੈਦਾ ਕਰਨ ਜੋਗੇ।

ਕੁਝ ਲੋਕ ਧਰਤ-ਧੌਲ ਵਰਗੇ, ਜਮਾਨੇ ਦਾ ਭਾਰ ਢੋਂਦੇ, ਪਰ ਭਾਰ ਮਹਿਸੂਸਦੇ ਨਹੀਂ, ਜਦੋਂ ਕਿ ਕੁਝ ਲੋਕ ਧਰਤੀ 'ਤੇ ਭਾਰ।

ਕੁਝ ਲੋਕ ਪਹਾੜਾਂ ਵਰਗੇ, ਜੋ ਫੱਕਰਤਾ ਅਤੇ ਵਿਲੱਖਣਤਾ ਕਾਰਨ ਦੂਰੋਂ ਹੀ ਪਛਾਣੇ ਜਾਂਦੇ, ਜਦੋਂ ਕਿ ਕੁਝ ਲੋਕ ਰਸਾਤਲ ਦੀ ਗਰਕਣੀ ਵਰਗੇ, ਜਿਸ ਨੂੰ ਕਿਸ ਨੇ ਨਿਹਾਰਨਾ, ਚਿਤਾਰਨਾ ਜਾਂ ਸੋਚ ਵਿਚ ਵਿਸਥਾਰਨਾ? ਇਹ ਤਾਂ ਸਿਰਫ ਗਰਕਣੀ ਲਈ ਹੀ ਹੁੰਦੇ।

ਕੁਝ ਲੋਕ ਸਕਾਰਾਤਮਿਕਤਾ ਦਾ ਮਘਦਾ ਸੂਰਜ ਤੇ ਜਗਦੇ ਦੀਵਿਆਂ ਦੀ ਡਾਰ ਵਰਗੇ, ਪਰ ਕੁਝ ਲੋਕ ਬੁਝੇ ਚਿਰਾਗਾਂ ਜਾਂ ਤਿੜਕੇ ਬਨੇਰੇ 'ਤੇ ਬੁਝੀਆਂ ਮੋਮਬੱਤੀਆਂ ਦੀ ਅੱਖ ਵਿਚ ਉਤਰੇ ਹਨੇਰ ਵਰਗੇ।

ਜ਼ਿੰਦਗੀ ਦੀ ਬੀਹੀ ਵਿਚ ਵਿਚਰਦਿਆਂ ਅਸੀਂ ਬਹੁਤ ਲੋਕਾਂ ਨਾਲ ਬਾਵਸਤਾ ਹੁੰਦੇ। ਉਨ੍ਹਾਂ ਦੇ ਗੁਣਾਂ-ਔਗੁਣਾਂ, ਕਿਰਦਾਰ ਅਤੇ ਵਿਅਕਤੀਤਵ ਨੂੰ ਪਛਾਨਣ ਦੀ ਕੋਸ਼ਿਸ਼ ਵਿਚ ਕਈ ਵਾਰ ਖੁਦ ਹੀ ਗਵਾਚ ਜਾਂਦੇ; ਕਿਉਂਕਿ ਕੁਝ ਲੋਕ ਸਿਰਫ ਮੁਖੌਟਿਆਂ ਦਾ ਜੀਵਨ ਜਿਉਂਦੇ, ਜਦੋਂ ਕਿ ਕੁਝ ਖਰੇ ਸੋਨੇ ਵਰਗੇ। ਕੋਈ ਮਿਲਾਵਟ, ਕਚਰਾ ਜਾਂ ਕਬਾੜ ਨਹੀਂ ਹੁੰਦਾ ਉਨ੍ਹਾਂ ਦੀ ਤਰਬੀਅਤ, ਤਬੀਅਤ, ਤਸਵੀਰ ਜਾਂ ਤਹਿਜ਼ੀਬ ਵਿਚ। ਉਹ ਪਾਕ-ਪਵਿੱਤਰ, ਅੰਦਰੋਂ-ਬਾਹਰੋਂ ਇਕਸੁਰ, ਇਕਸਾਰ ਅਤੇ ਇਕਤਾਰ। ਉਹ ਪਰਤਾਂ ਵਿਚ ਨਹੀਂ ਜਿਉਂਦੇ। ਉਨ੍ਹਾਂ ਲਈ ਜ਼ਿੰਦਗੀ ਦੀ ਸਮੁੱਚਤਾ ਨੂੰ ਜਿਉਣਾ ਹੀ ਪਰਮ-ਧਰਮ। ਚੰਗਾ ਲੱਗਦਾ ਹੈ, ਅਜਿਹੇ ਮਨੁੱਖਾਂ ਦੀ ਸਾਂਝ। ਸੱਜਣਤਾਈ ਦਾ ਸੰਤੋਖੀ ਅਤੇ ਸਦਭਰਪੂਰ ਸਫਰ। ਅਜਿਹੇ ਵਿਅਕਤੀ ਨੂੰ ਯਾਦ ਕਰਨਾ ਅਤੇ ਬੀਤੇ ਵਿਚ ਵਾਪਸ ਪਰਤਣਾ ਬਹੁਤ ਔਖਾ ਲੱਗਦਾ।

'ਕੇਰਾਂ ਸ਼ਾਮ ਦੇ ਘੁਸਮੁਸੇ ਵਿਚ ਫੋਨ ਆਉਂਦਾ ਕਿ ਜੀ. ਬੀ. ਕਿਥੇ ਏਂ? ਆਵਾਜ਼ ਪਛਾਣ ਕੇ ਜਦ ਦੱਸਿਆ ਕਿ ਘਰੇ ਹੀ ਹਾਂ, ਤਾਂ ਉਸ ਦਾ ਕਹਿਣਾ ਸੀ ਕਿ ਮੈਂ ਅੱਧੇ ਘੰਟੇ ਤੀਕ ਤੇਰੇ ਕੋਲ ਆ ਰਿਹਾ ਹਾਂ। ਇਕਦਮ ਹੈਰਾਨੀ, ਪਰ ਚਿਰਾਂ ਬਾਅਦ ਮਿੱਤਰ ਨੂੰ ਮਿਲਣ ਦਾ ਚਾਅ ਵੀ। ਯਾਦ ਆਇਆ ਡੀ. ਏ. ਵੀ. ਕਾਲਜ, ਹੁਸ਼ਿਆਰਪੁਰ ਵਿਚ ਪਹਿਲਾ ਦਿਨ ਜਦ ਮੈਂ ਵਾਈਬੀ ਨੂੰ ਹੋਸਟਲ ਮੈੱਸ ਵਿਚ ਮਿਲਿਆ ਸਾਂ। ਇਹ ਮਿਲਣੀ ਚਾਰ-ਪੰਜ ਘੰਟੇ ਲੰਮੀ ਹੋ ਗਈ। ਉਸ ਨੇ ਆਪਣੀ ਜੀਵਨ-ਗਾਥਾ ਤੇ ਪਿਆਰ-ਕਹਾਣੀ, ਪਹਿਲੀ ਹੀ ਮਿਲਣੀ ਵਿਚ ਅਜਿਹੀ ਸਾਂਝੀ ਕੀਤੀ ਕਿ ਇਸ ਯਾਦਗਾਰੀ ਮਿਲਣੀ ਵਿਚੋਂ ਉਮਰ ਭਰ ਦੀ ਸਾਂਝ ਪੈਦਾ ਹੋ ਗਈ। ਉਹ ਹਰਿਆਣਾ ਸਿਵਲ ਸਰਵਿਸਿਜ਼ ਵਿਚ ਚਲੇ ਗਿਆ ਤੇ ਮੈਂ ਸਰਕਾਰੀ ਕਾਲਜ ਕਪੂਰਥਲੇ ਆ ਗਿਆ।

ਪਰ ਅੱਜ ਵੀਹ ਕੁ ਸਾਲ ਬਾਅਦ ਮਿਲਣ ਆ ਰਿਹਾ ਸੀ, ਵਾਈਬੀ। ਘਰ ਵੜਦੇਸਾਰ ਉਸ ਨੇ ਕਾਰ ਅੰਦਰ ਕਰਵਾਈ ਤੇ ਗੇਟ ਨੂੰ ਅੰਦਰੋਂ ਬੰਦ ਕਰ, ਬਿਨਾ ਕੁਝ ਕਹੇ ਮੈਨੂੰ ਛੱਤ 'ਤੇ ਲੈ ਗਿਆ। ਮੈਂ ਸ਼ਸ਼ੋਪੰਜ ਵਿਚ ਤੇ ਕੁਝ ਘਬਰਾ ਵੀ ਗਿਆ। ਉਸ ਨੇ ਦੱਸਿਆ ਕਿ ਉਸ ਦੇ ਗੈਰ-ਜਮਾਨਤੀ ਵਰੰਟ ਜਾਰੀ ਹੋ ਗਏ ਹਨ ਅਤੇ ਹਰਿਆਣਾ ਪੁਲਿਸ ਉਸ ਨੂੰ ਲੱਭ ਰਹੀ ਹੈ, ਉਹ ਕੁਝ ਦਿਨਾਂ ਲਈ ਇਥੇ ਲੁਕਣ ਲਈ ਆਇਆ ਅਤੇ ਜੇ ਹੋ ਸਕੇ ਤਾਂ ਪਿੰਡ ਵਿਚ ਠੀਕ ਰਹੇਗਾ। ਜਦ ਮੈਂ ਖੁੱਲ੍ਹ ਕੇ ਦੱਸਣ ਲਈ ਕਿਹਾ ਤਾਂ ਪਤਾ ਲੱਗਾ ਕਿ ਹਰਿਆਣਾ ਦੀਆਂ ਚੋਣਾਂ ਵਿਚ ਓਮ ਪ੍ਰਕਾਸ਼ ਚੌਟਾਲਾ ਦੋ ਸੀਟਾਂ ਤੋਂ ਚੋਣ ਲੜ ਰਿਹਾ ਸੀ। ਇਕ ਸੀਟ ਤੋਂ ਤਾਂ ਉਹ ਜਿੱਤ ਗਿਆ ਸੀ ਅਤੇ ਦੂਸਰੀ ਸੀਟ, ਜਿਥੇ ਵਾਈਬੀ ਐਸ. ਡੀ. ਐਮ. ਵਜੋਂ ਪ੍ਰਜ਼ਾਈਡਿੰਗ ਅਫਸਰ ਸੀ, ਹਾਰ ਗਿਆ ਸੀ ਅਤੇ ਉਸ 'ਤੇ ਜੇਤੂ ਐਲਾਨਣ ਲਈ ਦਬਾ ਪਾਇਆ ਗਿਆ। ਜਦ ਉਸ ਨੇ ਓਮ ਪ੍ਰਕਾਸ਼ ਚੌਟਾਲਾ ਨੂੰ ਹਾਰਿਆ ਐਲਾਨ ਕੀਤਾ ਤਾਂ ਓਮ ਪ੍ਰਕਾਸ਼ ਚੌਟਾਲੇ ਨੇ ਮੁੱਖ ਮੰਤਰੀ ਦੀ ਸਹੁੰ ਚੁੱਕਣ ਤੋਂ ਬਾਅਦ, ਉਸ 'ਤੇ ਝੂਠਾ ਕੇਸ ਪਵਾ, ਗੈਰ-ਜਮਾਨਤੀ ਵਰੰਟ ਜਾਰੀ ਕਰਵਾ, ਗ੍ਰਿਫਤਾਰੀ ਦੇ ਹੁਕਮ ਜਾਰੀ ਕਰਵਾਏ। ਵਾਈਬੀ ਕੁਝ ਦਿਨ ਤਾਂ ਹਰਿਆਣਾ ਵਿਚ ਹੀ ਲੁਕਿਆ ਰਿਹਾ। ਫਿਰ ਕਿਸੇ ਕਾਂਗਰਸ ਦੇ ਐਮ. ਐਲ. ਏ. ਦੀ ਸਰਕਾਰੀ ਗੱਡੀ ਵਿਚ ਹਰਿਆਣਾ ਤੋਂ ਨਿਕਲ ਕੇ ਮੇਰੇ ਕੋਲ ਆ ਗਿਆ। ਮੈਂ ਉਸ ਨੂੰ ਧਰਵਾਸ ਦਿੱਤਾ ਕਿ ਉਹ ਬੇਫਿਕਰ ਹੋ ਜਾਵੇ। ਕੁਝ ਨਹੀਂ ਹੋਵੇਗਾ ਭਾਵੇਂ ਕਿ ਉਸ ਸਮੇਂ ਪੰਜਾਬ ਵਿਚ ਓਮ ਪ੍ਰਕਾਸ਼ ਚੌਟਾਲੇ ਦੇ ਭਾਈਵਾਲ ਅਕਾਲੀ ਦਲ ਦੀ ਸਰਕਾਰ ਸੀ।

> ***ਸੱਜਣਤਾਈ ਸਿਰਫ ਨਿੱਜੀ ਮੁਫਾਦ ਦੀ ਪੂਰਤੀ ਨਹੀਂ। ਇਹ ਤਾਂ ਸੱਜਣ ਲਈ ਜਿੰਦ ਦਾ ਸੌਦਾ, ਕਿਉਂਕਿ ਜਾਨ ਤੋਂ ਪਿਆਰੇ ਸੱਜਣ ਸਿਰਫ ਜਿੰਦ ਵੇਚਿਆਂ ਹੀ ਮਿਲਦੇ।...ਜ਼ਿੰਦਗੀ ਸਾਨੂੰ ਪਿਆਰੇ ਦੋਸਤ ਦਿੰਦੀ, ਪਰ ਇਹ ਖੂਬਸੂਰਤ ਸੱਜਣ ਹੀ ਹੁੰਦੇ ਜੋ ਜ਼ਿੰਦਗੀ ਨੂੰ ਹੋਰ ਹੁਸੀਨ, ਰੰਗੀਨ ਅਤੇ ਖੂਬਸੀਰਤ ਬਣਾਉਂਦੇ।***

ਉਹ ਮੇਰੇ ਕੋਲ ਮਹੀਨਾ ਕੁ ਰਿਹਾ ਅਤੇ ਹਰਿਆਣਾ ਪੁਲਿਸ ਨੂੰ ਉਹ ਕਿਥੋਂ ਲੱਭਣਾ ਸੀ? ਉਸ ਨੂੰ ਅਗਾਊਂ ਜਮਾਨਤ ਮਿਲ ਗਈ ਤਾਂ ਮਹੀਨੇ ਕੁ ਬਾਅਦ ਉਹ ਵਾਪਸ ਚਲਾ ਗਿਆ, ਪਰ ਇਸ ਠਹਿਰ ਨੇ ਸੱਜਣਤਾਈ ਦਾ ਅਜਿਹਾ ਕਾਂਡ ਸਿਰਜਿਆ, ਜਿਸ 'ਤੇ ਵਾਈਬੀ ਅਤੇ ਖੁਦ ਮੈਨੂੰ ਨਾਜ਼ ਹੈ ਕਿ ਮੈਂ ਆਪਣੇ ਮਿੱਤਰ ਦੇ ਕਿਸੇ ਕੰਮ ਆ ਸਕਿਆ। ਕਮਾਲ ਦੀ ਗੱਲ ਇਹ ਸੀ ਕਿ ਸਿਵਾਏ ਉਸ ਦੇ ਇਕ ਖਾਸ ਮਿੱਤਰ ਤੋਂ ਕਿਸੇ ਵੀ ਪਰਿਵਾਰਕ ਮੈਂਬਰ ਨੂੰ ਪਤਾ ਨਹੀਂ ਸੀ ਕਿ ਉਹ ਇਸ ਸਮੇਂ ਦੌਰਾਨ ਕਿਥੇ ਰਿਹਾ? ਇਹ ਰਾਜ਼ ਉਸ ਨੇ ਆਪਣੇ ਰਿਸ਼ਤੇਦਾਰਾਂ ਤੇ ਪਰਿਵਾਰ ਸਾਹਵੇਂ ਉਸ ਸਮੇਂ ਖੋਲ੍ਹਿਆ, ਜਦ ਮੈਂ ਪੱਕੇ ਤੌਰ 'ਤੇ ਕੈਨੇਡਾ ਆਉਣਾ ਸੀ ਅਤੇ ਮੈਂ ਉਸ ਨੂੰ ਹਿਸਾਰ ਮਿਲਣ ਗਿਆ, ਜਿਥੇ ਉਹ ਕਮਿਸ਼ਨਰ ਸੀ। ਸ਼ਾਮ ਨੂੰ ਪਰਿਵਾਰਕ ਮਿਲਣੀ ਦੌਰਾਨ ਉਸ ਨੇ ਕਿਹਾ ਕਿ ਤੁਸੀਂ ਮੈਨੂੰ ਹੁਣ ਤੀਕ ਪੁੱਛਦੇ ਰਹੇ ਹੋ ਕਿ ਮੇਰੇ ਕਿਥੇ ਲੁਕਿਆ ਰਿਹਾ ਸੀ? ਮੈਂ ਜੀ. ਬੀ. ਕੋਲ ਰਿਹਾ ਸਾਂ, ਜੋ ਤੁਹਾਡੇ ਸਾਹਮਣੇ ਹੈ। ਇਹ ਹੁੰਦਾ ਏ ਦੋਸਤੀ 'ਤੇ ਨਾਜ਼ ਅਤੇ ਮਿੱਤਰ ਦੇ ਭੇਤ ਨੂੰ ਭੇਤ ਹੀ ਰਹਿਣ ਦੇਣਾ। ਇਹ ਮਿੱਤਰਤਾ ਹੁਣ ਤੀਕ ਵੀ ਬਰਕਰਾਰ ਅਤੇ ਆਖਰੀ ਸਾਹਾਂ ਤੀਕ ਜਿਉਂਦੀ ਰਹੇਗੀ।

ਸੱਜਣਤਾਈ ਸਿਰਫ ਨਿੱਜੀ ਮੁਫਾਦ ਦੀ ਪੂਰਤੀ ਨਹੀਂ। ਇਹ ਤਾਂ ਸੱਜਣ ਲਈ ਜਿੰਦ ਦਾ ਸੌਦਾ, ਕਿਉਂਕਿ ਜਾਨ ਤੋਂ ਪਿਆਰੇ ਸੱਜਣ ਸਿਰਫ ਜਿੰਦ ਵੇਚਿਆਂ ਹੀ ਮਿਲਦੇ।

ਸੱਜਣਾਤਾਈ ਉਹ ਵੀ ਹੁੰਦੀ, ਜਦ ਵੱਡੇ ਅਹੁਦੇ 'ਤੇ ਬੈਠਾ ਵਿਅਕਤੀ ਆਪਣੀਆਂ ਜੜ੍ਹਾਂ ਯਾਦ ਰੱਖਦਾ। ਪੁਰਾਣੀਆਂ ਸਾਂਝਾਂ ਨੂੰ ਚੇਤਿਆਂ ਵਿਚ ਰੱਖਦਾ ਅਤੇ ਲੋੜ ਪੈਣ 'ਤੇ ਨਿਯਮਾਂ ਤਹਿਤ ਕਿਸੇ ਦੇ ਕੰਮ ਆਉਂਦਾ। ਇਹ ਤਾਂ ਸਬੱਬ ਹੁੰਦਾ ਕਿ ਕੋਈ ਭਾਗਸ਼ਾਲੀ ਕਿਸੇ ਲਈ ਕੁਝ ਕਰ ਸਕਦਾ ਹੋਵੇ, ਜੋ ਕਿਸੇ ਦੇ ਸੁਪਨਿਆਂ ਦਾ ਸੱਚ ਅਤੇ ਤਮੰਨਾਵਾਂ ਦੀ ਤ੍ਰਿਪਤੀ ਬਣੇ।

ਸੱਜਣਤਾਈ ਉਹ ਹੁੰਦੀ, ਜਦ ਕੋਈ ਕੌਲ ਕਰਦਾ ਤੇ ਉਸ ਨੂੰ ਨਿਭਾਉਂਦਾ, ਪਰ ਕਦੇ ਵੀ ਕੀਤੀ ਨੇਕੀ ਚਿਤਾਰਦਾ ਨਹੀਂ। ਦਰਅਸਲ ਅਜਿਹੇ ਲੋਕ ਜ਼ਿੰਦਗੀ ਦੇ ਰੋਲ ਮਾਡਲ, ਜਿਨ੍ਹਾਂ ਕੋਲੋਂ ਬਹੁਤ ਕੁਝ ਸਮਝਿਆ ਤੇ ਸਿਖਿਆ ਜਾ ਸਕਦਾ।

ਸੱਜਣਤਾਈ ਦਾ ਸੁੰਦਰ ਸਰੂਪ ਅਤੇ ਭਲਾਈ ਦਾ ਰੂਪ ਬਹੁਤ ਵਿਰਲੇ ਪਰ ਵਿਰਲਿਆਂ ਵਿਚੋਂ ਵਿਰਲਾ ਸੀ ਪ੍ਰੋ. ਹਰਭਜਨ ਸਿੰਘ ਦਿਓਲ। ਸੁਧਾਰ ਕਾਲਜ ਵਿਚੋਂ ਨੌਕਰੀ ਤੋਂ ਕੱਢਣ (ਮੇਰੇ ਵਿਆਹ ਹੋਣੇ ਨੂੰ ਕੁਝ ਮਹੀਨੇ ਹੀ ਹੋਏ ਸਨ) ਤੋਂ ਕੁਝ ਮਹੀਨੇ ਬਾਅਦ ਪ੍ਰੋ. ਹਰਭਜਨ ਸਿੰਘ ਦਿਓਲ ਪੰਜਾਬ ਪਬਲਿਕ ਸਰਵਿਸ ਕਮਿਸ਼ਨ ਦੇ ਮੈਂਬਰ ਨਿਯੁਕਤ ਹੋ ਗਏ ਸਨ। ਮੈਂ ਉਨ੍ਹਾਂ ਨੂੰ ਪਟਿਆਲੇ ਮਿਲਿਆ। ਉਨ੍ਹਾਂ ਨੇ ਮੈਨੂੰ ਬੁੱਕਲ ਵਿਚ ਲੈ ਕੇ ਕਿਹਾ ਕਿ ਉਦਾਸ ਨਾ ਹੋ। ਸੁਧਾਰ ਕਾਲਜ ਤੈਨੂੰ ਨੌਕਰੀ ਤੋਂ ਕੱਢ ਸਕਦਾ ਏ, ਪਰ ਤੂੰ ਹੁਣ ਸਰਕਾਰੀ ਕਾਲਜ ਵਿਚ ਨੌਕਰੀ ਕਰੇਂਗਾ। ਨਿਰਾਸ਼ ਨਾ ਹੋ। ਜ਼ਿੰਦਗੀ ਵਿਚ ਉਤਰਾਅ-ਚੜ੍ਹਾਅ ਤਾਂ ਆਉਂਦੇ ਹੀ ਰਹਿੰਦੇ। ਉਸ ਨੇ ਆਪਣਾ ਇਕਰਾਰ ਪੁਗਾਇਆ। ਭਾਵੇਂ ਮੈਰਿਟ ਵਿਚ ਮੈਂ ਉਪਰ ਸਾਂ, ਪਰ ਸਾਧਾਰਨ ਪਰਿਵਾਰ ਦੇ ਬੱਚੇ ਨੂੰ ਜਿਸ ਦੀ ਕੋਈ ਸਿਫਾਰਸ਼ ਨਾ ਹੋਵੇ, ਕੌਣ ਪੁੱਛਦਾ ਏ ਕਮਿਸ਼ਨ ਵਿਚ! ਇਹ ਤਾਂ ਡਾ. ਹਰਭਜਨ ਸਿੰਘ ਦੀ ਬਦੌਲਤ ਹੀ ਸੰਭਵ ਹੋਇਆ। ਪ੍ਰੋ. ਦਿਓਲ ਦੀ ਮੌਤ ਤੀਕ ਇਹ ਪਿਆਰ ਭਿੱਜੀ ਸਾਂਝ ਬਰਕਰਾਰ ਅਤੇ ਬਾ-ਦਸਤੂਰ ਜਾਰੀ ਰਹੀ। ਵਿਦੇਸ਼ ਤੋਂ ਫੋਨ ਜਰੂਰ ਕਰਦਾ ਅਤੇ ਪੰਜਾਬ ਵਿਚ ਜਾ ਕੇ ਉਨ੍ਹਾਂ ਨੂੰ ਮਿਲਣਾ ਮੇਰਾ ਪਰਮ ਕਾਰਜ ਹੁੰਦਾ। 'ਕੇਰਾਂ ਉਨ੍ਹਾਂ ਆਪਣਾ ਮਨ ਫਰੋਲਿਆ ਕਿ ਭੰਡਾਲ ਤੇਰੇ ਵਰਗੇ ਇਕ ਦੋ ਹੀ ਹਨ, ਜੋ ਯਾਦ ਰੱਖਦੇ ਨੇ ਤੇ ਫੋਨ ਕਰਦੇ ਨੇ। ਸਾਰੇ ਲੋਕ ਹੀ ਭੁੱਲ ਗਏ, ਜਿਨ੍ਹਾਂ ਦਾ ਬਹੁਤ ਕੁਝ ਸੰਵਾਰਿਆ ਸੀ। ਬੜੇ ਅਕ੍ਰਿਤਘਣ ਨੇ ਲੋਕ, ਜੋ ਮੁਫਾਦ ਪੂਰਾ ਕਰ ਬੇਪਛਾਣ ਹੋ ਗਏ।

ਅਜਿਹੀ ਬੇਰੁਖੀ, ਬੇਗਾਨਗੀ ਅਤੇ ਬੇਪ੍ਰਵਾਹੀ ਨਾਲ ਸੁੰਗੜ ਜਾਂਦੀਆਂ ਨੇ ਸਾਂਝਾਂ ਅਤੇ ਟੁੱਟ ਜਾਂਦੀਆਂ ਨੇ ਮੋਹ ਦੀਆਂ ਤੰਦਾਂ। ਅਜੋਕਾ ਮਨੁੱਖ ਸਿਰਫ ਨਿੱਜ ਦੀ ਪੂਰਤੀ ਤੀਕ ਸੀਮਤ, ਜਿਸ ਨੇ ਮਿੱਤਰਤਾ, ਸੱਜਣਤਾ ਅਤੇ ਦੋਸਤੀ ਨੂੰ ਦਾਗਦਾਰ ਕੀਤਾ ਏ।

ਦਰਅਸਲ ਤਾਂ:

ਸੱਜਣ ਹੁੰਦੇ ਸਾਹਾਂ ਵਰਗੇ
'ਵਾਵੀਂ ਮਹਿਕ ਖਿਲਾਰੀ
ਸੱਜਣ ਹੁੰਦੇ ਚੜ੍ਹਿਆ ਸੂਰਜ
ਚਾਨਣ ਦੀ ਫੁੱਲਕਾਰੀ
ਸੱਜਣ ਹੁੰਦੇ ਚੰਨ ਪੁੰਨਿਆਂ ਦਾ
ਰਿਸ਼ਮਾਂ ਦੀ ਪਿਚਕਾਰੀ
ਸੱਜਣ ਹੁੰਦੇ ਤਾਜ ਸਿਰਾਂ ਦਾ
ਤੇ ਸਾਂਝਾਂ ਦੀ ਸਿਰਦਾਰੀ
ਸੱਜਣ ਦਰਿਆ ਦਾ ਵਹਿੰਦਾ ਪਾਣੀ
ਨਿੱਤ ਲਗਾਈਏ ਤਾਰੀ
ਸੱਜਣ ਹੁੰਦੇ ਅੰਬਰ ਦੀ ਚਾਦਰ
ਰੰਗਣ ਵਾਲੇ ਲਲਾਰੀ
ਸੱਜਣ ਹੁੰਦੇ ਧਰਤੀ ਜਿਹੇ
ਨਿਆਮਤਾਂ ਭਰੀ ਪਟਾਰੀ
ਸੱਜਣ ਹੁੰਦੇ ਰੁਮਕਦੀ ਪੌਣ
ਸਾਹਾਂ ਦੀ ਅਸਵਾਰੀ
ਸੱਜਣ ਨੈਣੀਂ ਸੁਪਨਿਆਂ ਵਰਗੇ
ਨਿੱਤ ਹੀ ਚੜ੍ਹੇ ਖੁਮਾਰੀ
ਸੱਜਣ ਹੁੰਦੇ ਮਹਿਕ ਚਮਨ ਦੀ
ਤੇ ਫੁੱਲਾਂ ਭਰੀ ਕਿਆਰੀ
ਸੱਜਣ ਹੁੰਦੇ ਰੂਹ ਦੀ ਨਗਰੀ
ਸੁੱਖਨਾਂ ਸੰਗ ਸ਼ਿੰਗਾਰੀ
ਸੱਜਣ ਹੁੰਦੇ ਨਿੱਘ ਬੁੱਕਲ ਦਾ
ਪਾਕ ਦਿਲ-ਏ-ਦਿਲਦਾਰੀ
ਸੱਜਣ ਹੁੰਦੇ ਸੋਚ-ਸਮਝ ਦੀ
ਨਿੰਬਦੀ ਹਿੱਸੇਦਾਰੀ
ਸੱਜਣ ਹੁੰਦੇ ਮਨਾਂ ਦੀ ਮਸਤੀ
ਤੇ ਅੰਦਰ ਦੀ ਰੂਹਦਾਰੀ
ਤੇ ਸੱਜਣ ਅੰਦਰ ਜਗਦਾ ਦੀਵਾ
ਵੰਡੇ ਕਿਰਨ-ਕਰਤਾਰੀ।

ਜ਼ਿੰਦਗੀ ਸਾਨੂੰ ਪਿਆਰੇ ਦੋਸਤ ਦਿੰਦੀ, ਪਰ ਇਹ ਖੂਬਸੂਰਤ ਸੱਜਣ ਹੀ ਹੁੰਦੇ ਜੋ ਜ਼ਿੰਦਗੀ ਨੂੰ ਹੋਰ ਹੁਸੀਨ, ਰੰਗੀਨ ਅਤੇ ਖੂਬਸੀਰਤ ਬਣਾਉਂਦੇ।


ਸੱਜਰੇ ਸੱਜਣ ਦੀ ਉਡੀਕ ਵਿਚ ਕੋਈ ਸੱਜਣ ਹੀ ਵਾਸਤਾ ਪਾ ਸਕਦਾ ਕਿ ਐ ਕਾਲੀ ਘਟਾ! ਅਜੇ ਨਾ ਬਰਸ ਕਿ ਮੇਰਾ ਸੱਜਣ ਆ ਨਾ ਸਕੇ। ਜਦ ਆ ਗਿਆ ਤਾਂ ਇੰਨਾ ਬਰਸੀਂ ਕਿ ਉਹ ਜਾ ਨਾ ਸਕੇ।

ਸੱਜਣਤਾਈ ਦੀ ਸਰਗਮ ਵਿਚ ਖੁਦ ਨੂੰ ਸੁਰਬੱਧ ਕਰਨ ਵਾਲੇ ਅਤੇ ਇਸ ਨੂੰ ਜੀਵਨ-ਨਾਦ ਦਾ ਹਿੱਸਾ ਬਣਾਉਣ ਵਾਲੇ ਸਾਹ-ਸੰਗੀਤਕਤਾ ਦਾ ਸੁੱਚਾ ਨਗਮਾ। ਉਨ੍ਹਾਂ ਦੇ ਬੋਲਾਂ, ਅੰਦਾਜ਼, ਅਲਫਾਜ਼ ਅਤੇ ਪਰਵਾਜ਼ ਵਿਚੋਂ ਜ਼ਿੰਦਗੀ ਦੀ ਝੋਲੀ ਵਿਚ ਸਭੇ ਨਿਆਮਤਾਂ ਤੇ ਖੈਰਾਂ ਪੈਂਦੀਆਂ।

ਕੋਸ਼ਿਸ਼ ਕਰੀਏ ਕਿ ਅਸੀਂ ਵੀ ਇਨ੍ਹਾਂ ਬਖਸ਼ਿਸ਼ਾਂ ਅਤੇ ਬਰਕਤਾਂ ਦੇ ਭਾਗੀਦਾਰ ਬਣੀਏ।

# ਧੰਨੁ ਧੰਨੁ ਸਤਿਗੁਰ ਪੁਰਖੁ ਨਿਰੰਕਾਰਿ ਆਕਾਰੁ ਬਣਾਇਆ

ਗੁਰਮੁਖਿ ਜਾਂ ਘਰ ਬਾਰੀ ਸਿੱਖ ਦੀ ਰਹਿਣੀ ਕਿਹੋ ਜਿਹੀ ਹੁੰਦੀ ਹੈ ਜਾਂ ਹੋਣੀ ਚਾਹੀਦੀ ਹੈ? ਦੱਸ ਕੇ ਭਾਈ ਗੁਰਦਾਸ ਅਗਲੀ ਪਉੜੀ ਵਿਚ ਸਤਿਗੁਰ ਅਤੇ ਸਿੱਖ ਦੀ ਉਸਤਤਿ ਕਰਦਿਆਂ ਗੁਰੂ ਤੇ ਗੁਰੂ ਦੇ ਦੱਸੇ ਰਸਤੇ 'ਤੇ ਚੱਲਣ ਵਾਲੇ ਗੁਰਮੁਖਿ ਅਰਥਾਤ ਗ੍ਰਹਿਸਥੀ ਸਿੱਖ ਦੀਆ ਵਿਸ਼ੇਸ਼ਤਾਈਆਂ ਅਤੇ ਸੱਚੇ ਗੁਰੂ ਦੀ ਸ਼ਖ਼ਸੀਅਤ 'ਤੇ ਚਾਨਣਾ ਪਾਉਂਦੇ ਹਨ। ਸੋਲਵੀਂ ਪਉੜੀ ਦੀ ਸ਼ੁਰੂਆਤ ਇਹ ਦੱਸਦਿਆਂ ਕੀਤੀ ਹੈ ਕਿ ਸਿਰਜਣਹਾਰ ਨਿਰੰਕਾਰ ਨੇ ਆਪਣੇ ਸਰੂਪ ਵਿਚ ਹੀ ਗੁਰੂ ਦੀ ਘਾੜਤ ਕੀਤੀ ਹੈ ਭਾਵ ਗੁਰੂ ਪਰਮਾਤਮਾ ਦਾ ਹੀ ਸਰੂਪ ਹੈ; ਗੁਰੂ ਧੰਨ ਹੈ ਕਿਉਂਕਿ ਉਹ ਸਿੱਖਾਂ ਨੂੰ ਪਰਮਾਤਮਾ ਦੀ ਭਗਤੀ ਦਾ ਰਾਹ ਦੱਸਦਾ ਹੈ। ਗੁਰੂ ਦਾ ਸਿੱਖ ਵੀ ਭਾਗਾਂ ਵਾਲਾ ਹੈ, ਉਹ ਗੁਰੂ ਦੀ ਸਿੱਖਿਆ



**ਡਾ. ਗੁਰਨਾਮ ਕੌਰ, ਕੈਨੇਡਾ**

ਨੂੰ ਸੁਣਦਾ ਹੈ, ਗੁਰੂ ਦੇ ਚਰਨਾਂ ਦਾ ਓਟ ਆਸਰਾ ਲੈਂਦਿਆਂ ਅਤੇ ਗੁਰੂ ਦੀ ਸਿੱਖਿਆ 'ਤੇ ਅਮਲ ਕਰਦਿਆਂ ਉਸ ਰਸਤੇ 'ਤੇ ਤੁਰਦਾ ਹੈ। ਗੁਰੂ ਦਾ ਦੱਸਿਆ ਹੋਇਆ ਰਸਤਾ ਵੀ ਧੰਨ ਹੈ, ਕਿਉਂਕਿ ਇਸ ਰਸਤੇ 'ਤੇ ਚੱਲਦਿਆਂ ਗੁਰਸਿੱਖ ਭਲੇ ਮਨੁੱਖਾਂ ਦੀ ਸਤਿਸੰਗਤ ਨਾਲ ਜੁੜਦਾ ਹੈ। ਗੁਰੂ ਦੇ ਚਰਨ ਵੀ ਧੰਨ ਹਨ, ਜੋ ਗੁਰਸਿੱਖ ਨੂੰ ਆਪਣੇ ਨਾਲ ਜੋੜਦੇ ਹਨ ਅਤੇ ਗੁਰੂ ਚਰਨਾਂ ਨਾਲ ਜੁੜਨ ਵਾਲਾ ਸਿੱਖ ਤੇ ਉਸ ਦਾ ਮੱਥਾ ਵੀ ਵਡਿਆਈ ਦਾ ਪਾਤਰ ਹੈ, ਜੋ ਗੁਰੂ ਚਰਨਾਂ 'ਤੇ ਟਿਕਦਾ ਹੈ। ਸੱਚੇ ਗੁਰੂ ਦਾ ਦਰਸ਼ਨ ਵਡਿਆਈ ਵਾਲਾ ਹੈ ਅਤੇ ਗੁਰਸਿੱਖ ਦਾ ਉਸ ਦਰਸ਼ਨ ਨਾਲ ਮੇਲ ਹੋ ਸਕਣਾ ਵੀ ਵਡਿਆਈ ਯੋਗ ਹੈ। ਗੁਰਸਿੱਖ ਦੇ ਮਨ ਵਿਚ ਪ੍ਰੇਮ ਤੇ ਭਗਤੀ ਹੈ ਅਤੇ ਗੁਰੂ ਮਿਹਰ ਕਰਕੇ ਸਿੱਖ ਨੂੰ ਆਪਣੇ ਨਾਲ ਲਾਉਂਦਾ ਹੈ ਅਰਥਾਤ ਮਾਰਗ 'ਤੇ ਤੋਰਦਾ ਹੈ। ਭਾਈ ਗੁਰਦਾਸ ਨੇ ਨਤੀਜਾ ਇਹ ਕੱਢਿਆ ਹੈ ਕਿ ਗੁਰਮਤਿ ਦੇ ਰਸਤੇ 'ਤੇ ਚੱਲਦਿਆਂ ਸਿੱਖ ਦੇ ਮਨ ਵਿਚੋਂ ਦਵੈਤ ਅਰਥਾਤ ਮੇਰ-ਤੇਰ, ਮਾਇਆਵੀ ਦੂਜਾ ਭਾਉ ਆਦਿ ਖਤਮ ਹੋ ਜਾਂਦੇ ਹਨ:

ਧੰਨੁ ਧੰਨੁ ਸਤਿਗੁਰ ਪੁਰਖੁ
ਨਿਰੰਕਾਰਿ ਆਕਾਰੁ ਬਣਾਇਆ।
ਧੰਨੁ ਧੰਨੁ ਸਤਿਗੁਰ ਸਿਖਸੁਣਿ
ਚਰਣਿਸਰਣਿ ਗੁਰਸਿਖ ਜੁਆਇਆ।
ਗੁਰਮੁਖਿ ਮਾਰਗੁ ਧੰਨੁ ਹੈ
ਸਾਧਸੰਗਤਿ ਮਿਲਿ ਸੰਗੁ ਚਲਾਇਆ।
ਧੰਨੁ ਧੰਨੁ ਸਤਿਗੁਰ ਚਰਣ ਧੰਨੁ
ਮਸਤਕੁ ਗੁਰ ਚਰਣੀ ਲਾਇਆ।
ਸਤਿਗੁਰ ਦਰਸਨੁ ਧੰਨੁ ਹੈ
ਧੰਨੁ ਧੰਨੁ ਗੁਰਸਿਖ ਪਰਸਣਿ ਆਇਆ।
ਭਾਉ ਭਗਤਿ ਗੁਰਸਿਖ ਵਿਚਿ ਹੋਇ
ਦਇਆਲ ਗੁਰੂ ਮੁਹਿ ਲਾਇਆ।
ਗੁਰਮਤਿ ਦੂਜਾ ਭਾਉ ਮਿਟਾਇਆ॥16॥

ਅਗਲੀ ਪਉੜੀ ਵਿਚ ਦੱਸਿਆ ਹੈ ਕਿ ਉਹ ਪਲ, ਘੜੀ ਅਤੇ ਪਹਿਰ (ਇਹ ਸਮੇਂ ਨੂੰ ਮਿਣਨ ਦੇ ਪੈਮਾਨੇ ਹਨ), ਥਿਤਾਂ, ਵਾਰ, ਦਿਨ ਆਦਿ ਸੁਭਾਗੇ ਹਨ, ਜਿਨ੍ਹਾਂ ਵਿਚ ਪਰਮਾਤਮਾ ਦਾ ਸਿਮਰਨ ਕੀਤਾ ਜਾਂਦਾ ਹੈ। ਉਹ ਦਿਨ, ਰਾਤ, ਪੰਦਰਵਾੜੇ (ਜਿਵੇਂ ਹਨੇਰਾ ਅਤੇ ਚਾਨਣਾ ਪੱਖ ਆਦਿ), ਰੁੱਤਾਂ, ਮਹੀਨੇ, ਸੰਮਤ ਵੀ ਸੁਭਾਗੇ ਅਤੇ ਵਡਿਆਈ ਵਾਲੇ ਹਨ, ਜਦੋਂ ਮਨ ਉਸ ਦੈਵੀ ਹੋਂਦ ਵੱਲ ਜਾਗਦਾ ਹੈ, ਉਸ ਵੱਲ ਉੱਤੇ ਉਠਦਾ ਹੈ। ਉਹ ਅਭੀਚ ਨਛੱਤਰ ਸ਼ੁਭ ਹੈ, ਜਿਹੜਾ ਮਨੁੱਖ ਨੂੰ ਕਾਮ, ਕ੍ਰੋਧ ਅਤੇ ਹਉਮੈ ਦਾ ਤਿਆਗ ਕਰਨ ਲਈ ਪ੍ਰੇਰਦਾ ਹੈ (ਗੁਰਮਤਿ ਵਿਚ ਕਾਮ, ਕ੍ਰੋਧ, ਲੋਭ, ਮੋਹ ਅਤੇ ਅਹੰਕਾਰ ਨੂੰ ਮਨ ਦੇ ਅਜਿਹੇ ਵਿਕਾਰ ਮੰਨਿਆ ਗਿਆ ਹੈ, ਜੋ ਬੁਰੇ ਕੰਮ ਕਰਨ ਲਈ ਉਕਸਾਉਂਦੇ ਹਨ)। ਉਹ ਸੰਜੋਗੀ ਸਮਾਂ ਵਡਿਆਈ ਵਾਲਾ ਹੈ, ਜਦੋਂ ਮਨੁੱਖ ਦਾ ਮਨ ਪਰਮਾਤਮਾ ਦੀ ਭਗਤੀ ਵੱਲ ਲੱਗਦਾ ਹੈ ਅਤੇ ਅਠਾਹਠ ਤੀਰਥਾਂ ਅਤੇ ਪਰਯਾਗ ਵਰਗੇ ਸਥਾਨਾਂ 'ਤੇ ਇਸ਼ਨਾਨ ਕਰਨ ਦਾ ਫਲ ਮਿਲ ਜਾਂਦਾ ਹੈ। ਗੁਰੂ ਨਾਨਕ ਸਾਹਿਬ ਨੇ ਰਾਗੁ ਮਾਰੂ ਵਿਚ ਦੱਸਿਆ ਹੈ ਕਿ ਅਣਗਿਣਤ ਪਾਪੀ ਪਵਿੱਤਰ ਹੋ ਜਾਂਦੇ ਹਨ, ਜੇ ਉਨ੍ਹਾਂ ਦਾ ਮਨ ਪਰਮਾਤਮਾ ਦੇ ਚਰਨਾਂ ਵਿਚ ਲੱਗ ਜਾਂਦਾ ਹੈ। ਪਰਮਾਤਮਾ ਦਾ ਨਾਮ ਮੱਥੇ ਦੇ ਚੰਗੇ ਭਾਗਾਂ ਨਾਲ ਜਿਸ ਮਨੁੱਖ ਨੂੰ ਮਿਲ ਜਾਂਦਾ ਹੈ, ਜਿਸ ਦਾ ਮਨ ਚੰਗੀ ਕਿਸਮਤ ਨਾਲ ਪਰਮਾਤਮਾ ਦੇ ਸਿਮਰਨ ਵੱਲ ਲੱਗ ਜਾਂਦਾ ਹੈ, ਉਸ ਨੂੰ ਸਮਝੋ ਅਠਾਹਠ ਤੀਰਥਾਂ ਦਾ ਫਲ ਮਿਲ ਗਿਆ, "ਪਤਿਤ ਪੁਨੀਤ ਅਸੰਖ ਹੋਹਿ ਹਰਿ ਚਰਨੀ ਮਨੁ ਲਾਗ॥ ਅਠਸਠ ਤੀਰਥ ਨਾਮੁ ਪ੍ਰਭ ਨਾਨਕ ਜਿਸੁ ਮਸਤਕਿ ਭਾਗ॥ (ਪੰਨ 990)"

ਗੁਰੂ ਦੇ ਦਰ 'ਤੇ ਆ ਕੇ ਮਨੁੱਖ ਦਾ ਮਨ ਗੁਰੂ ਦੇ ਚਰਨਾਂ ਵਿਚ ਲੱਗ ਜਾਂਦਾ ਹੈ ਅਤੇ ਅੰਮ੍ਰਿਤ-ਰਸ ਪੀਂਦਾ ਹੈ, ਅਰਥਾਤ ਨਾਮ-ਰਸ ਰੂਪੀ ਅੰਮ੍ਰਿਤ ਪੀਂਦਾ ਹੈ ਅਤੇ ਖੁਸ਼ੀ ਪ੍ਰਾਪਤ ਕਰਦਾ ਹੈ। ਗੁਰੂ ਦੀ ਦਿੱਤੀ ਸਿੱਖਿਆ ਨੂੰ ਮਨ ਵਿਚ ਵਸਾ ਲੈਣ ਨਾਲ ਉਹ ਨਿਰਭੈ ਹੋ ਜਾਂਦਾ ਹੈ ( ਗੁਰਬਾਣੀ ਅਨੁਸਾਰ ਜੋ ਉਸ ਨਿਰਭਉ ਪਰਮਾਤਮਾ ਨਾਲ ਜੁੜ ਜਾਂਦਾ ਹੈ, ਉਸ ਦੇ ਅੰਦਰੋਂ ਹੋਰ ਸਾਰੇ ਭੈਅ ਮੁੱਕ ਜਾਂਦੇ ਹਨ) ਅਤੇ ਉਸ ਦਾ ਮਨ ਰੱਬੀ ਪ੍ਰੇਮ ਵਿਚ ਖੁਭ ਜਾਂਦਾ ਹੈ। ਸੁਰਤਿ ਨੂੰ ਸ਼ਬਦ ਵਿਚ ਟਿਕਾ ਕੇ ਸਤਿਸੰਗਤਿ ਰਾਹੀਂ ਉਸ ਦਾ ਰੋਮ ਰੋਮ ਪਰਮਾਤਮ-ਰੰਗ ਵਿਚ ਰੰਗਿਆ ਜਾਂਦਾ ਹੈ, ਜੋ ਕਦੀ ਉਤਰਦਾ ਨਹੀਂ; ਅਰਥਾਤ ਇਹ ਰੰਗ ਬਹੁਤ ਪੱਕਾ ਅਤੇ ਸਦੀਵੀ ਹੈ। ਭਾਈ ਗੁਰਦਾਸ ਇਸ ਨਾਮ ਸਿਮਰਨ ਅਤੇ ਸਤਿਸੰਗਤਿ ਦਾ ਸਿੱਟਾ ਸਾਹਮਣੇ ਲਿਆਉਂਦੇ ਹਨ ਕਿ ਇਸ ਰਾਹੀਂ ਸਵਾਸਾਂ ਦੇ ਕੱਚੇ ਧਾਗਿਆਂ ਦੀ ਗੁਰੂ ਦੇ ਸਿੱਖਾਂ ਨੇ ਰਤਨਮਾਲਾ ਬਣਾ ਲਈ ਹੈ ਅਰਥਾਤ ਆਪਣੇ ਸਵਾਸਾਂ ਨੂੰ, ਜੋ ਕਦੇ ਵੀ ਮੁੱਕ ਸਕਦੇ ਹਨ, ਪਰਮਾਤਮਾ ਦੇ ਪ੍ਰੇਮ ਵਿਚ ਲਾ ਕੇ ਕੀਮਤੀ ਬਣਾ ਲਿਆ ਹੈ:

ਧੰਨੁ ਪਲੁ ਚਸਾ ਘੜੀ ਪਹਰੁ
ਧੰਨੁ ਧੰਨੁ ਥਿਤਿ ਸੁ ਵਾਰ ਸਭਾਗੇ।
ਧੰਨੁ ਧੰਨੁ ਦਿਹੁ ਰਾਤਿ ਹੈ
ਪਖੁ ਮਾਹ ਰੁਤਿ ਸੰਮਤਿ ਜਾਗੇ।
ਧੰਨੁ ਅਭੀਚੁ ਨਿਛਤ੍ਰੁ ਹੈ
ਕਾਮੁ ਕ੍ਰੋਧੁ ਅਹੰਕਾਰੁ ਤਿਆਗੇ।
ਧੰਨੁ ਧੰਨੁ ਸੰਜੋਗੁ ਹੈ
ਅਠਸਠਿ ਤੀਰਥ ਰਾਜ ਪਿਰਾਗੇ।
ਗੁਰੂ ਦੁਆਰੈ ਆਇ ਕੈ
ਚਰਣ ਕਵਲ ਰਸ ਅੰਮ੍ਰਿਤੁ ਪਾਗੇ।
ਸਬਦਿ ਸੁਰਤਿ ਲਿਵ ਸਾਧਸੰਗਿ
ਅੰਗਿ ਅੰਗਿ ਇਕ ਰੰਗਿ ਸਮਾਗੇ।
ਰਤਨੁ ਮਾਲੁ ਕਰਿ ਕਚੇ ਧਾਗੇ॥17॥

ਸਿੱਖ ਧਰਮ ਦਰਸਨ ਅਨੁਸਾਰ ਮਨੁੱਖ ਨੇ ਇਸ ਸੰਸਾਰ ਵਿਚ ਰਹਿੰਦਿਆਂ ਅਤੇ ਗ੍ਰਹਿਸਤੀ ਦਾ ਜੀਵਨ ਜਿਉਂਦਿਆਂ ਜੀਵਨ ਮੁਕਤੀ ਪ੍ਰਾਪਤ ਕਰਨੀ ਹੈ। ਜੀਵਨ ਮੁਕਤੀ ਦਾ ਅਰਥ ਹੈ ਕਿ ਇਸ ਜੀਵਨ ਵਿਚ ਸੰਸਾਰਕ ਬੰਧਨਾਂ ਦਾ ਕਾਰਨ ਬਣਨ ਵਾਲੇ ਕਾਮ, ਕ੍ਰੋਧ, ਲੋਭ, ਮੋਹ ਅਤੇ ਹੰਕਾਰ ਆਦਿ ਵਿਕਾਰਾਂ ਤੋਂ ਨਿਰਲੇਪ ਹੋ ਕੇ ਜਿਊਣਾ ਹੈ। ਇਸ ਪ੍ਰਾਪਤੀ ਲਈ ਕਿਸੇ ਇਕਾਂਤ ਵਿਚ ਜਾ ਕੇ ਤਪੱਸਿਆ ਆਦਿ ਕਰਨ ਦੀ ਲੋੜ ਨਹੀਂ ਹੈ, ਸਗੋਂ ਇਹ ਜੀਵਨ ਜਾਚ ਸਤਿਸੰਗਤਿ ਵਿਚ ਜਾ ਕੇ ਗੁਰੂ ਦੇ ਸ਼ਬਦ ਵਿਚ ਆਪਣੀ ਸੁਰਤਿ ਨੂੰ ਟਿਕਾ ਕੇ ਆਉਂਦੀ ਹੈ। ਇਹ ਹੀ ਗੁਰਮੁਖਿ ਦਾ ਰਸਤਾ ਹੈ। ਇਸ ਪਉੜੀ ਵਿਚ ਵੀ ਭਾਈ ਗੁਰਦਾਸ ਗੁਰਮੁਖਿ ਦੀਆਂ ਵਿਸ਼ੇਸ਼ਤਾਈਆਂ, ਉਸ ਦਾ ਜੀਵਨ ਚਲਣ ਕਿਹੋ ਜਿਹਾ ਹੁੰਦਾ ਹੈ, ਉਸ ਦੀ ਵਿਆਖਿਆ ਕਰਦੇ ਹਨ। ਗੁਰਮੁਖਿ ਹਲੀਮ ਹੁੰਦਾ ਹੈ ਅਤੇ ਮਿੱਠਾ ਬੋਲਦਾ ਹੈ, ਉਸ ਦੀ ਮਿੱਠੀ ਜੁਬਾਨ ਰਾਹੀਂ ਜੋ ਵੀ ਉਸ ਦੇ ਦਿਲ ਅਤੇ ਮਨ ਵਿਚ ਹੁੰਦਾ ਹੈ, ਬਾਹਰ ਆ ਜਾਂਦਾ ਹੈ। ਗੁਰੂ ਨਾਨਕ ਸਾਹਿਬ ਨੇ ਮਿੱਠਾ ਬੋਲਣ ਅਤੇ ਨਿਵ ਕੇ ਚੱਲਣ ਅਰਥਾਤ ਹਲੀਮੀ ਨੂੰ ਸਾਰੇ ਗੁਣਾਂ ਦਾ ਸਾਰਤੱਤ ਕਿਹਾ ਹੈ, "ਮਿਠਤੁ ਨੀਵੀ ਨਾਨਕਾ ਗੁਣ ਚੰਗਿਆਈਆ ਤਤੁ॥"

ਗੁਰਮੁਖਿ ਅਰਥਾਤ ਗੁਰਸਿੱਖ ਹਰ ਥਾਂ ਉਸ ਪਾਰਬ੍ਰਹਮ ਦੀ ਵਿਆਪਕਤਾ ਨੂੰ ਆਪਣੀਆਂ ਅੱਖਾਂ ਨਾਲ ਦੇਖਦਾ ਹੈ ਅਤੇ ਉਸ ਬ੍ਰਹਮ ਦੀ ਵਿਆਪਕਤਾ ਨੂੰ ਅਨੁਭਵ ਕਰਨਾ ਹੀ ਯੋਗੀਆਂ ਦੇ ਧਿਆਨ ਧਰਨ ਬਰਾਬਰ ਹੈ। ਗੁਰਮੁਖਿ ਜਾਂ ਗੁਰਸਿੱਖ ਜਦੋਂ ਗੁਰੂ ਦੇ ਸ਼ਬਦ ਨੂੰ ਧਿਆਨ ਨਾਲ ਸੁਣਦਾ ਹੈ ਜਾਂ ਆਪ ਉਸ ਦਾ ਕੀਰਤਨ ਕਰਦਾ ਹੈ ਤਾਂ ਇਹ ਯੋਗੀਆਂ ਦੇ ਪੰਚ ਨਾਦ ਸੁਣਨ ਦੇ ਬਰਾਬਰ ਹੁੰਦਾ ਹੈ। ਗੁਰਸਿੱਖ ਜਦੋਂ ਆਪਣੇ ਹੱਥਾਂ ਨਾਲ ਸੱਚੀ-ਸੁੱਚੀ ਕਿਰਤ ਕਮਾਈ ਕਰਦਾ ਹੈ ਤਾਂ ਇਹ ਯੋਗੀਆਂ ਦੀ ਨਮਸਕਾਰ ਅਤੇ ਡੰਡਾਉਤ ਬੰਦਨਾਂ ਦੇ ਬਰਾਬਰ ਹੁੰਦੀ ਹੈ। ਗੁਰਸਿੱਖ ਵੱਲੋਂ ਗੁਰੂ ਦੇ ਦੱਸੇ ਹੋਏ ਮਾਰਗ 'ਤੇ ਚੱਲਣਾ ਯੋਗੀਆਂ ਦੀ ਪਵਿੱਤਰ ਪਰਿਕਰਮਾ ਕਰਨ ਦੇ ਬਰਾਬਰ ਹੈ। ਗੁਰਮੁਖਿ ਸੰਸਾਰ ਉਤੇ ਖਾਣ-ਪਹਿਨਣ, ਭੋਗ ਆਦਿ ਨੂੰ ਇੱਕ ਸੰਜੋਗ ਦੀ ਤਰ੍ਹਾਂ ਦੇਖਦਾ ਹੈ ਅਰਥਾਤ ਉਹ ਖਾਣ-ਪਹਿਨਣ ਦੀ ਮਰਿਆਦਾ ਨੂੰ ਸਮਝਦਾ ਹੈ। ਜਦੋਂ ਗੁਰਮੁਖਿ ਸੌਂਦਾ ਹੈ ਤਾਂ ਇਹ ਯੋਗੀ ਦੇ ਸਮਾਧੀ ਵਿਚ ਧਿਆਨਮਗਨ ਹੋ ਜਾਣ ਦੀ ਤਰ੍ਹਾਂ ਹੈ, ਕਿਉਂਕਿ ਗੁਰਮੁਖਿ ਆਪਣਾ ਧਿਆਨ ਪਰਮਾਤਮਾ ਵੱਲੋਂ ਅਤੇ ਗੁਰੂ ਵੱਲੋਂ ਹਟਾ ਕੇ ਆਪਣੇ ਆਪ ਵੱਲ ਕਦੇ ਨਹੀਂ ਲਗਾਉਂਦਾ। ਘਰਬਾਰੀ ਸਿੱਖ ਇਸ ਜੀਵਨ ਨੂੰ ਜੀਂਵਦਿਆਂ ਹੀ ਮੁਕਤ ਹੋ ਜਾਂਦਾ ਹੈ, ਕਿਉਂਕਿ ਉਹ ਸੰਸਾਰ-ਸਮੁੰਦਰ ਦੀਆਂ ਲਹਿਰਾਂ ਵਿਚ ਡੁੱਬਦਾ ਨਹੀਂ ਅਤੇ ਉਸ ਦੇ ਅੰਦਰੋਂ ਹਰ ਕਿਸਮ ਦਾ ਭੈਅ ਖਤਮ ਹੋ ਜਾਂਦਾ ਹੈ। ਉਹ ਵਰ ਅਤੇ ਸਰਾਪ ਵਰਗੇ ਖੇਤਰਾਂ ਤੋਂ ਪਾਰ ਲੰਘ ਜਾਂਦਾ ਹੈ:

ਗੁਰਮੁਖਿ ਮਿਠਾ ਬੋਲਣਾ
ਜੋ ਬੋਲੈ ਸੋਈ ਜਪੁ ਜਾਪੈ।
ਗੁਰਮੁਖਿ ਅਖੀ ਦੇਖਣਾ
ਬ੍ਰਹਮ ਧਿਆਨੁ ਧਰੈ ਆਪੁ ਆਪੈ।
ਗੁਰਮੁਖਿ ਸੁਨਣਾ ਸੁਰਤਿ ਕਰਿ
ਪੰਚ ਸਬਦੁ ਗੁਰ ਸਬਦਿ ਅਲਾਪੈ।
ਗੁਰਮੁਖਿ ਕਿਰਤਿ ਕਮਾਵਣੀ
ਨਮਸਕਾਰੁ ਡੰਡਉਤਿ ਸਿਞਾਪੈ।
ਗੁਰਮੁਖਿ ਮਾਰਗਿ ਚਲਣਾ
ਪਰਦਖਣਾ ਪੂਰਨ ਪਰਤਾਪੈ।
ਗੁਰਮੁਖਿ ਖਾਣਾ ਪੈਨਣਾ
ਜਗ ਭੋਗ ਸੰਜੋਗ ਪਛਾਪੈ।
ਗੁਰਮੁਖਿ ਸਵਣੁ ਸਮਾਧਿ ਹੈ
ਆਪੇ ਆਪਿ ਨ ਥਾਪਿ ਉਥਾਪੈ।
ਘਰਬਾਰੀ ਜੀਵਨ ਮੁਕਤਿ ਲਹਰਿ
ਨ ਭਵਜਲ ਭਉ ਨ ਬਿਆਪੈ।
ਪਾਰਿ ਪਏ ਲੰਘਿ ਵਰੈ ਸਰਾਪੈ॥18॥

ਗੁਰੂ ਨਾਨਕ ਸਾਹਿਬ ਨੇ ਸ੍ਰੀ ਰਾਗੁ ਵਿਚ ਮਨੁੱਖ ਦੇ ਖਾਣ-ਪਹਿਨਣ, ਦੁਨਿਆਵੀ ਐਸ਼ੋ-ਇਸ਼ਰਤ ਸਬੰਧੀ ਆਦੇਸ਼ ਕਰਦਿਆਂ ਕਿਹਾ ਹੈ ਕਿ ਪਰਮਾਤਮਾ ਦੇ ਨਾਮ ਦਾ ਮਨਨ ਕਰਨਾ ਸਾਰੇ ਮਿੱਠੇ ਰਸਾਂ ਅਤੇ ਨਾਮ ਨੂੰ ਸੁਣਨਾ ਸਲੂਣੇ ਰਸਾਂ ਦੀ ਪ੍ਰਾਪਤੀ ਹੈ। ਮੂੰਹ ਤੋਂ ਪਰਮਾਤਮਾ ਦੇ ਨਾਮ ਨੂੰ ਉਚਾਰਨਾ ਸਮਝੋ ਖੱਟੇ ਸੁਆਦ ਵਾਲੇ ਪਦਾਰਥ ਹਨ। ਪਰਮਾਤਮਾ ਦੀ ਸਿਫਤਿ-ਸਾਲਾਹ ਦਾ ਕੀਰਤਨ ਕਰਨਾ ਸਮਝੋ ਭੋਜਨ ਵਿਚ ਮਸਾਲੇ ਪਾਉਣਾ ਹੈ। ਪਰਮਾਤਮਾ ਨਾਲ ਇਕਸੁਰਤਾ ਵਾਲਾ ਪ੍ਰੇਮ ਛੱਤੀ ਪ੍ਰਕਾਰ ਦੇ ਭੋਜਨ ਹਨ, ਪਰ ਨਾਮ ਦੀ ਦਾਤ ਪ੍ਰਾਪਤ ਉਸ ਪਰਵਦਗਾਰ ਦੀ ਮਿਹਰ ਸਦਕਾ ਹੁੰਦੀ ਹੈ। ਜਿਨ੍ਹਾਂ ਪਦਾਰਥਾਂ ਦੇ ਖਾਣ ਨਾਲ ਸਰੀਰ ਰੋਗੀ ਹੋ ਜਾਂਦਾ ਹੈ ਅਤੇ ਮਨ ਵਿਚ ਬੁਰੇ ਖਿਆਲ ਪੈਦਾ ਹੁੰਦੇ ਹਨ, ਉਨ੍ਹਾਂ ਪਦਾਰਥਾਂ ਨੂੰ ਖਾਣ ਨਾਲ ਖੁਆਰ ਹੋਈਦਾ ਹੈ। ਇਸੇ ਤਰ੍ਹਾਂ ਪਹਿਰਾਵੇ ਜਾਂ ਪੁਸ਼ਾਕ ਬਾਰੇ ਕਿਹਾ ਹੈ ਕਿ ਪਰਮਾਤਮਾ ਦੇ ਪਿਆਰ ਵਿਚ ਮਨ ਨੂੰ ਰੰਗਣਾ ਲਾਲ ਰੰਗ ਦੀ ਪੁਸ਼ਾਕ ਸਮਾਨ ਹੈ, ਲੋੜਵੰਦਾਂ ਦੀ ਖਿਦਮਤ ਲਈ ਦਾਨ ਦੇਣਾ ਚਿੱਟਾ ਰੰਗ ਪਹਿਨਣਾ ਹੈ ਅਤੇ ਆਪਣੇ ਅੰਦਰੋਂ ਵਿਕਾਰਾਂ ਦੀ ਮੈਲ ਨੂੰ ਬਾਹਰ ਕੱਢ ਦੇਣਾ ਨੀਲੇ ਰੰਗ ਦਾ ਪਹਿਰਾਵਾ ਪਹਿਨਣ ਵਾਂਗ ਹੈ। ਪਰਮਾਤਮਾ ਦੇ ਚਰਨਾਂ ਦਾ ਧਿਆਨ ਦੇਣਾ ਪਹਿਰਨ (ਚੋਗਾ) ਪਹਿਨਣ ਦੇ ਸਮਾਨ ਹੈ। ਸੰਤੋਖ ਨੂੰ ਮੈਂ ਆਪਣਾ ਕਮਰਬੰਦ ਬਣਾਇਆ ਹੈ ਅਤੇ ਉਸ ਪਰਮਾਤਮਾ ਦਾ ਨਾਮ ਹੀ ਮੇਰੀ ਦੌਲਤ ਤੇ ਜੁਆਨੀ ਹੈ; ਜਿਸ ਨੂੰ ਪਹਿਨਣ ਦੇ ਨਾਲ ਸਰੀਰ ਨੂੰ ਤਕਲੀਫ ਹੋਵੇ ਅਤੇ ਮਨ ਵਿਚ ਮੰਦੇ ਖਿਆਲ ਪੈਦਾ ਹੋਣ, ਉਹ ਪਹਿਰਾਵਾ, ਉਸ ਨੂੰ ਪਹਿਨਣ ਦਾ ਸ਼ੌਕ ਖੁਆਰ ਕਰਦਾ ਹੈ:

ਸਭ ਰਸ ਮਿਠੇ ਮੰਨਿਐ
ਸੁਣਿਐ ਸਾਲੋਣੇ॥
ਖਟ ਤੁਰਸੀ ਮੁਖਿ ਬੋਲਣਾ
ਮਾਰਣ ਨਾਦ ਕੀਏ॥
ਛਤੀਹ ਅੰਮ੍ਰਿਤ ਭਾਉ ਏਕੁ
ਜਾ ਕਉ ਨਦਰਿ ਕਰੇਇ॥1॥
ਬਾਬਾ ਹੋਰੁ ਖਾਣਾ ਖੁਸੀ ਖੁਆਰੁ॥
ਜਿਤੁ ਖਾਧੈ ਤਨੁ ਪੀੜੀਐ
ਮਨ ਮਹਿ ਚਲਹਿ ਵਿਕਾਰ॥1॥ ਰਹਾਉ॥
ਰਤਾ ਪੈਨਣੁ ਮਨੁ
ਰਤਾ ਸੁਪੇਦੀ ਸਤੁ ਦਾਨੁ॥
ਨੀਲੀ ਸਿਆਹੀ ਕਦਾ ਕਰਣੀ
ਪਹਿਰਣੁ ਪੈਰ ਧਿਆਨੁ॥
ਕਮਰਬੰਦੁ ਸੰਤੋਖ ਕਾ
ਧਨੁ ਜੋਬਨੁ ਤੇਰਾ ਨਾਮੁ॥2॥
ਬਾਬਾ ਹੋਰੁ ਪੈਨਣੁ ਖੁਸੀ ਖੁਆਰੁ॥
ਜਿਤੁ ਪੈਧੈ ਤਨੁ ਪੀੜੀਐ
ਮਨ ਮਹਿ ਚਲੈ ਵਿਕਾਰੁ॥1॥ (ਪੰਨਾ 16)

ਛੇਵੀਂ ਵਾਰ ਦੀ 19ਵੀਂ ਪਉੜੀ ਵਿਚ ਭਾਈ ਗੁਰਦਾਸ ਦੱਸਦੇ ਹਨ ਕਿ ਗੁਰੂ ਦਾ ਸਿੱਖ ਜਾਣਦਾ ਹੈ ਕਿ ਸਤਿਗੁਰੂ ਸਤਿਸਰੂਪ ਹੈ ਅਤੇ ਉਹ ਇਸ ਦਾ ਧਿਆਨ ਧਰਦਾ ਹੈ। ਉਹ "ੴ ਸਤਿਨਾਮ ਕਰਤਾ ਪੁਰਖੁ... ਗੁਰਪ੍ਰਸਾਦਿ" ਤੱਕ ਦੀ ਬਾਣੀ, ਜਿਸ ਨੂੰ ਭਾਈ ਗੁਰਦਾਸ ਨੇ ਮੂਲ ਮੰਤਰ ਕਿਹਾ ਹੈ, ਦਾ ਸਿਮਰਨ ਕਰਕੇ ਪਰਵਾਨ ਹੁੰਦਾ ਹੈ। ਉਹ ਸਤਿਗੁਰੂ ਦੇ ਚਰਨ ਕੰਵਲਾਂ ਨੂੰ ਮੂਲ ਮਨ ਕੇ ਇਨ੍ਹਾਂ ਨਾਲ ਪ੍ਰੇਮ ਕਰਦਾ ਹੈ ਅਤੇ ਇਨ੍ਹਾਂ ਦੇ ਰਸ ਨੂੰ ਮਾਣਦਾ ਹੈ। ਭਾਵ ਗੁਰਸਿੱਖ ਨੂੰ ਗੁਰੂ ਚਰਨ ਕੰਵਲਾਂ ਨਾਲ ਪ੍ਰੇਮ ਹੁੰਦਾ ਹੈ ਅਤੇ ਉਹ ਇਸ ਪ੍ਰੇਮ-ਰਸ ਦਾ ਅਨੰਦ ਮਾਣਦਾ ਹੈ। ਉਹ ਗੁਰੂ ਅਤੇ ਸਤਿਸੰਗਤ ਰਾਹੀਂ ਆਪਣੀ ਸੁਰਤਿ ਨੂੰ ਸ਼ਬਦ ਵਿਚ ਟਿਕਾਉਂਦਾ ਹੈ ਤੇ ਸ਼ਬਦ ਨਾਲ ਲਿਵ ਲਾਉਂਦਾ ਹੈ। ਗੁਰਮੁਖਿ ਦਾ ਰਸਤਾ ਮਨ ਤੇ ਭਾਖਿਆ ਤੋਂ ਪਾਰ ਦਾ ਹੈ ਅਤੇ ਉਹ ਅਡੋਲ ਹੋ ਕੇ ਭਾਣੇ ਵਿਚ ਚੱਲਦਾ ਹੈ। ਗੁਰਮੁਖਿ ਜਾਣਦਾ ਹੈ ਕਿ ਪਰਮਾਤਮਾ ਵੇਦਾਂ ਅਤੇ ਕਤੇਬਾਂ ਆਦਿ ਧਰਮ ਗ੍ਰੰਥਾਂ ਦੇ ਕਥਨ ਤੋਂ ਵੀ ਉੱਤੇ ਹੈ, ਜਿਸ ਦਾ ਕਥਨ ਕਰ ਸਕਣਾ ਸੰਭਵ ਨਹੀਂ ਅਰਥਾਤ ਉਹ ਅਕੱਥ ਹੈ। ਗੁਰੂ ਅਰਜਨ ਦੇਵ ਇਸ ਤੱਥ ਦਾ ਬਿਆਨ ਰਾਗੁ ਆਸਾ ਵਿਚ ਇਸ ਤਰ੍ਹਾਂ ਕਰਦੇ ਹਨ, "ਬੇਦ ਕਤੇਬ ਸੰਸਾਰ ਹਭਾ ਹੂੰ ਬਾਹਰਾ॥ ਨਾਨਕ ਕਾ ਪਾਤਿਸਾਹੁ ਦਿਸੈ ਜਾਹਰਾ॥" ਵੇਦ ਕਤੇਬ ਅਤੇ ਸੰਸਾਰ ਸਭਨਾਂ ਤੋਂ ਵੱਖਰਾ ਹੈ, ਭਾਵ ਵਾਹਿਗੁਰੂ ਧਾਰਮਕ ਪੁਸਤਕਾਂ ਜਾਂ ਸ੍ਰਿਸ਼ਟੀ ਦੇ ਅੰਦਰ ਹੀ ਨਹੀਂ ਸਮਾਇਆ ਹੋਇਆ, ਉਹ ਤਾਂ ਇੰਨਾ ਵੱਡਾ ਹੈ ਕਿ ਇਨ੍ਹਾਂ ਦੇ ਮਹਿਦੂਦ ਬਿਆਨ ਤੋਂ ਟੱਪ ਕੇ ਬਾਹਰ ਦੀ ਬਿਅੰਤਤਾ ਵਿਚ ਪ੍ਰਕਾਸ਼ਮਾਨ ਹੈ। ਭਾਈ ਗੁਰਦਾਸ ਨਿਚੋੜ ਇਹ ਦਿੰਦੇ ਹਨ ਕਿ ਇਸ ਰਸਤੇ ਨੂੰ ਹੱਦਬੰਦੀਆਂ, ਸੰਸਿਆਂ ਅਤੇ ਉਤੇਜਨਾਵਾਂ ਆਦਿ ਤੋਂ ਪਾਰ ਲੰਘ ਕੇ ਹੀ ਪਛਾਣਿਆ ਜਾ ਸਕਦਾ ਹੈ:

ਸਤਿਗੁਰੁ ਸਤਿਸਰੂਪੁ ਹੈ
ਧਿਆਨ ਮੂਲੁ ਗੁਰ ਮੂਰਤਿ ਜਾਣੈ।
ਸਤਿ ਨਾਮੁ ਕਰਤਾ ਪੁਰਖੁ
ਮੂਲ ਮੰਤ੍ਰ ਸਿਮਰਣੁ ਪਰਵਾਣੈ।
ਚਰਣ ਕਵਲ ਮਕਰੰਦ ਰਸੁ
ਪੂਜਾ ਮੂਲੁ ਪਿਰਮ ਰਸੁ ਮਾਣੈ।
ਸਬਦ ਸੁਰਤਿ ਲਿਵ ਸਾਧਸੰਗਿ
ਗੁਰ ਕਿਰਪਾ ਤੇ ਅੰਦਰਿ ਆਣੈ।
ਗੁਰਮੁਖਿ ਪੰਥੁ ਅਗੰਮੁ ਹੈ
ਗੁਰਮਤਿ ਨਿਹਚਲੁ ਚਲਣੁ ਭਾਣੈ।
ਵੇਦ ਕਤੇਬਹੁੰ ਬਾਹਰੀ
ਅਕਥ ਕਥਾ ਕਉਣੁ ਆਖਿ ਵਖਾਣੈ।
ਵੀਹ ਇਕੀਹ ਉਲੰਘਿ ਸਿਞਾਣੈ॥19॥

ਗੁਰਮੁਖਿ ਦੇ ਬਿਲਕੁਲ ਉਲਟ ਮਨਮੁਖਿ ਦੀ ਗਤੀ ਜਾਂ ਰਸਤਾ ਹੈ, ਕਿਉਂਕਿ ਉਹ ਗੁਰੂ ਦੇ ਦੱਸੇ ਹੋਏ ਰਸਤੇ 'ਤੇ ਚੱਲਣ ਦੀ ਥਾਂ ਆਪਣੇ ਮਨ ਦੀਆਂ ਰੁਚੀਆਂ ਅਨੁਸਾਰ ਚੱਲਦਾ ਹੈ। ਛੇਵੀਂ ਵਾਰ ਦੀ ਵੀਹਵੀਂ ਅਤੇ ਆਖਰੀ ਪਉੜੀ ਵਿਚ ਭਾਈ ਗੁਰਦਾਸ ਮਨਮੁਖਿ ਦੀ ਗਤੀ ਦਾ ਵਰਨਣ ਕਰਦੇ ਹਨ।

ਭਾਈ ਗੁਰਦਾਸ ਅਨੁਸਾਰ ਕਿਸੇ ਵਗਦੇ ਨਾਲੇ ਜਾਂ ਤਲਾਅ ਵਿਚੋਂ ਪਾਣੀ ਕੱਢਣ ਲਈ ਢੀਂਗਲੀ ਨੂੰ ਨੀਵਾਂ ਕੀਤਾ ਜਾਂਦਾ ਹੈ ਤਾਂ ਪਾਣੀ ਭਰ ਕੇ ਉੱਚਾ ਹੋ ਕੇ ਬਾਹਰ ਆਉਂਦਾ ਹੈ (ਢੀਂਗਲੀ ਬਣਾਉਣ ਲਈ ਡੰਡੇ ਦੇ ਇੱਕ ਸਿਰੇ 'ਤੇ ਪਾਣੀ ਭਰਨ ਲਈ ਬਾਲਟੀ ਬੰਨ੍ਹੀ ਜਾਂਦੀ ਹੈ, ਵਿਚਕਾਰ ਇੱਕ ਟੇਕ ਜਾਂ ਧੁਰਾ ਲਾਇਆ ਜਾਂਦਾ ਹੈ ਅਤੇ ਸਿਰੇ ਤੋਂ ਫੜ ਕੇ ਉਸ ਨੂੰ ਨਾਲੇ ਜਾਂ ਤਲਾਅ ਵਿਚ ਨੀਵਾਂ ਕਰਦੇ ਹਨ)। ਇੱਥੇ ਇਹ ਦੱਸਿਆ ਹੈ ਕਿ ਢੀਂਗਲੀ ਆਪਣੇ ਆਪ ਨੀਵੀਂ ਨਹੀਂ ਹੁੰਦੀ, ਉਸ ਨੂੰ ਕਰਨਾ ਪੈਂਦਾ ਹੈ। ਉੱਲੂ ਨੂੰ ਸੂਰਜ ਦਾ ਚਾਨਣ ਚੰਗਾ ਨਹੀਂ ਲੱਗਦਾ, ਕਿਉਂਕਿ ਉਹ ਸੂਰਜ ਦੀ ਰੌਸ਼ਨੀ ਵਿਚ ਦੇਖ ਨਹੀਂ ਸਕਦਾ। ਇਸੇ ਤਰ੍ਹਾਂ ਚਕਵੀ ਨੂੰ ਚੰਦ੍ਰਮਾ ਚੰਗਾ ਨਹੀਂ ਲੱਗਦਾ, ਕਿਉਂਕਿ ਚਕਵੀ ਨੂੰ ਸੂਰਜ ਨਾਲ ਪਿਆਰ ਹੁੰਦਾ ਹੈ। ਗੁਰੂ ਅਰਜਨ ਦੇਵ ਚਕਵੀ ਦੇ ਸੂਰਜ ਨਾਲ ਪ੍ਰੇਮ ਦੀ ਮਿਸਾਲ ਦਿੰਦੇ ਹਨ, "ਚਕਵੀ ਸੂਰ ਸਨੇਹੁ ਚਿਤਵੈ ਆਸ ਘਣੀ ਕਦਿ ਦਿਨੀਅਰੁ ਦੇਖੀਐ॥" ਅਰਥਾਤ ਚਕਵੀ ਅਤੇ ਸੂਰਜ ਦਾ ਪ੍ਰੇਮ ਹੈ, ਇਸ ਲਈ ਉਹ ਤਾਂਘ ਕਰਦੀ ਰਹਿੰਦੀ ਹੈ ਕਿ ਕਦੋਂ ਦਿਨ ਚੜ੍ਹੇ ਅਤੇ ਉਹ ਸੂਰਜ ਨੂੰ ਦੇਖੇ। ਸਿੰਮਲ ਦਾ ਰੁੱਖ ਦੇਖਣ ਨੂੰ ਬੜਾ ਉੱਚਾ-ਲੰਬਾ ਅਤੇ ਸੋਹਣਾ ਹੁੰਦਾ ਹੈ, ਪਰ ਉਸ ਨੂੰ ਕੋਈ ਫਲ ਨਹੀਂ ਪੈਂਦਾ, ਇਸ ਲਈ ਉਹ ਸਫਲ ਨਹੀਂ ਹੁੰਦਾ, ਕਿਸੇ ਕੰਮ ਨਹੀਂ ਆਉਂਦਾ। ਬਾਂਸ ਦਾ ਦਰਖਤ ਚੰਦਨ ਕੋਲ ਉਗਿਆ ਹੋਣ 'ਤੇ ਵੀ ਚੰਦਨ ਦੀ ਖੁਸ਼ਬੋ ਆਪਣੇ ਅੰਦਰ ਨਹੀਂ ਸਮੇਟਦਾ।

ਭਾਈ ਗੁਰਦਾਸ ਕਹਿੰਦੇ ਹਨ, ਸੱਪਾਂ ਨੂੰ ਜਿੰਨਾ ਮਰਜੀ ਦੁੱਧ ਪਿਆਲ ਲਈਏ, ਉਹ ਜ਼ਹਿਰ ਉਗਲਣ ਦਾ ਆਪਣਾ ਸੁਭਾਅ ਨਹੀਂ ਤਿਆਗਦੇ; ਇਸੇ ਤਰ੍ਹਾਂ ਕੌੜ-ਤੁੰਮੇ ਦੀ ਕੁੜੱਤਣ ਵੀ ਨਹੀਂ ਜਾਂਦੀ, ਜੋ ਮਰਜੀ ਯਤਨ ਕਰੀਏ, ਕਿਉਂਕਿ ਸੱਪ ਵਾਂਗ ਹੀ ਇਹ ਕੌੜ-ਤੁੰਮੇ ਦਾ ਸੁਭਾਅ ਹੈ। ਚਿੱਚੜੀ ਗਊ ਜਾਂ ਮੱਝ ਦੇ ਥਣਾਂ ਦੇ ਨਾਲ ਚੰਬੜੀ ਰਹਿੰਦੀ ਹੈ, ਪਰ ਉਹ ਦੁੱਧ ਨਹੀਂ ਪੀਂਦੀ, ਲਹੂ ਹੀ ਪੀਂਦੀ ਹੈ। ਭਾਈ ਸਾਹਿਬ ਕਹਿੰਦੇ ਹਨ, ਮੇਰੇ ਅੰਦਰ ਅਰਥਾਤ ਮਨੁੱਖ ਮਨ ਵਿਚ ਸਾਰੇ ਔਗੁਣ ਭਰੇ ਪਏ ਹਨ, ਜੇ ਕੋਈ ਮੇਰੇ ਨਾਲ ਚੰਗਾ ਵੀ ਕਰਦਾ ਹੈ ਤਾਂ ਮੈਂ ਬਦਲੇ ਵਿਚ ਉਸ ਨੂੰ ਕੁਝ ਚੰਗਾ ਦੇਣ ਦੀ ਥਾਂ ਆਪਣੇ ਔਗੁਣਾਂ ਕਰਕੇ ਬੁਰਾ ਹੀ ਦਿੰਦਾ ਹਾਂ। ਲਸਣ ਵਿਚੋਂ ਕਸਤੂਰੀ ਦੀ ਖੁਸ਼ਬੋ ਕਦੇ ਵੀ ਨਹੀਂ ਆ ਸਕਦੀ, ਲਸਣ ਦੀ ਗੰਧ ਹੀ ਆਵੇਗੀ:

ਸੀਸੁ ਨਿਵਾਏ ਢੀਂਗੁਲੀ
ਗਲਿ ਬੰਧੈ ਜਲੁ ਉਚਾ ਆਵੈ।
ਘੁਘੂ ਸੁਝੁ ਨ ਸੁਝਈ
ਚਕਵੀ ਚੰਦੁ ਨ ਡਿਠਾ ਭਾਵੈ।
ਸਿੰਮਲ ਬਿਰਖੁ ਨ ਸਫਲੁ ਹੋਇ
ਚੰਦਨ ਵਾਸੁ ਨ ਵਾਸਿ ਸਮਾਵੈ।
ਸਪੈ ਦੁਧੁ ਪੀਆਲੀਐ
ਤੁਮੇ ਦਾ ਕਉੜਤੁ ਨ ਜਾਵੈ।
ਜਿਉ ਥਣਿ ਚੰਬੜਿ ਚਿਚੁੜੀ
ਲੋਹੂ ਪੀਐ ਦੁਧੁ ਨ ਖਾਵੈ।
ਸਭ ਅਵਗੁਣ ਮੈ ਤਨਿ ਵਸਨਿ
ਗੁਣ ਕੀਤੇ ਅਵਗੁਣ ਨੋ ਧਾਵੈ।
ਥੋਮ ਨ ਵਾਸੁ ਕਥੂਰੀ ਆਵੈ॥ 20॥

## ਕਬਿੱਤ

ਕੇਸਗੜ੍ਹ ਤਖਤ 'ਤੇ ਆ ਕੇ ਬੰਦਾ ਬੀੜੀ ਪੀਵੇ
ਦੁਨੀਆਂ ਪਈ ਆਖੇ ਇਹ ਜ਼ਰੂਰ ਕੋਈ ਸ਼ੈਤਾਨ ਹੈ।
ਆਓ ਜ਼ਰਾ ਪੁੱਛੀਏ ਜੀ ਸਿੰਘਾਂ ਸਰਦਾਰਾਂ ਕੋਲੋਂ
ਤਿੰਨ ਤਿੰਨ ਫੁਟੀ ਜਿਨ੍ਹਾਂ ਫੜੀ ਕਿਰਪਾਨ ਹੈ।
ਕਿੱਥੇ ਗਈਆਂ ਅਣਖਾਂ ਤੇ ਗੈਰਤਾਂ ਸੀ ਸਿੰਘੋ
ਕਿਉਂ ਨਾ ਓਸੇ ਵੇਲੇ ਲਿਤੀ ਉਸ ਜਾਲਮ ਦੀ ਜਾਨ ਹੈ।
ਸ਼ਰਮ ਧਰਮ ਦੋਵੇਂ ਛਿੱਕੇ ਉਤੇ ਟੰਗ ਕੇ ਖਲੋਤੇ ਰਹੇ
ਏਵੇਂ, ਜਿਵੇਂ ਮੂੰਹ 'ਚ ਨਾ ਜ਼ੁਬਾਨ ਹੈ।

ਚੌਧਰਾਂ ਨੇ ਕੋਲ ਅਤੇ ਲੁੱਟ ਰਹੇ ਓ ਗੋਲਕਾਂ
ਜਾਗੀ ਨਾ ਜ਼ਮੀਰ ਮੋਇਆ ਦੀਨ ਤੇ ਈਮਾਨ ਹੈ।
ਪੜ੍ਹਦੇ ਓ ਬਾਣੀ ਅਤੇ ਗੁਰੂ ਦਾ ਏ ਬਾਣਾ ਪਾਇਆ
ਅੰਦਰੇ ਤੁਹਾਡੇ ਬੈਠਾ ਅਜੇ ਵੀ ਹੈਵਾਨ ਹੈ।

ਨਾ ਹੈ ਸਿਰਦਾਰ ਕੋਈ, ਨਾ ਹੈ ਜਥੇਦਾਰ ਕੋਈ
ਨਾ ਹੈ ਕਿਰਦਾਰ ਕੋਈ, ਟੋਲਾ ਬੇਈਮਾਨ ਹੈ।
ਵੱਡੇ ਵੱਡੇ ਢਿੱਡ ਅਤੇ ਢਿੱਡਾਂ ਵਿਚ ਗੰਦਗੀ ਏ
ਇਨ੍ਹਾਂ ਦੀ ਤਾਂ ਇਕੋ ਪਰਿਵਾਰ ਕੋਲੇ ਜਾਨ ਹੈ।

ਜਾਗ ਕੌਮੇ ਮੇਰੀਏ ਨੀ, ਜਾਗਣੇ ਦਾ ਵੇਲਾ ਆਇਆ
ਝੱਟ ਪੱਟ ਜਾਗ ਅਤੇ ਸੌਣਾ ਹੁਣ ਛੱਡ ਦੇ,
ਕਰ ਤੂੰ ਸੰਭਾਲ ਆਪੇ ਸੋਹਣੇ ਗੁਰੂਧਾਮਾਂ ਦੀ ਨੀ
ਚੋਰ, ਠੱਗ ਸਾਰੇ ਗੁਰੂਧਾਮਾਂ ਵਿਚੋਂ ਕੱਢ ਦੇ।
ਹੋ ਕੇ 'ਸੁਰਜੀਤ', ਕਰੋ ਗੁਰੂ ਨਾਲ ਪ੍ਰੀਤ
ਇਸ ਘਰ ਦੀ ਏ ਰੀਤ, ਇਤਿਹਾਸ ਨੂੰ ਦੁਹਰਾ ਲਵੋ,
ਉਠੋ ਮੇਰੀ ਕੌਮ ਦਿਓ ਸਿਰਲੱਥ ਯੋਧਿਓ ਵੇ
ਆਨ, ਬਾਨ, ਸ਼ਾਨ ਹੁਣ ਆਪਣੀ ਬਚਾ ਲਵੋ।

*-ਬੀਬੀ ਸੁਰਜੀਤ ਕੌਰ ਸੈਕਰਾਮੈਂਟੋ*
*ਫੋਨ: 916-687-3536*

# ਪ੍ਰੋ. ਗੁਰਭਜਨ ਸਿੰਘ ਗਿੱਲ ਦੀ ਖੇਡ ਰਚਨਾ

ਪੰਜਾਬੀ ਖੇਡ ਸਾਹਿਤ

61



**ਪ੍ਰਿੰ. ਸਰਵਣ ਸਿੰਘ**
ਫੋਨ: 647-785-1661

ਗੁਰਭਜਨ ਗਿੱਲ ਦਾ ਜੁੱਸਾ ਕਬੱਡੀ ਦੇ ਖਿਡਾਰੀਆਂ ਵਰਗਾ ਸੀ, ਪਰ ਬਣਿਆ ਉਹ ਸ਼ਬਦਾਂ ਦਾ ਖਿਡਾਰੀ। ਕਵੀਆਂ ਦਾ ਕਵੀ, ਲੇਖਕਾਂ ਦਾ ਲੇਖਕ ਤੇ ਕਲਾਕਾਰਾਂ ਦਾ ਕਲਾਕਾਰ। ਸਟੇਜ ਦਾ ਸ਼ਾਹਸਵਾਰ। ਜਗਦੇਵ ਜੱਸੋਵਾਲ ਦਾ ਛੋਟਾ ਭਰਾ ਸਮਝ ਲਓ। ਪੰਜਾਬੀ ਸਾਹਿਤ ਤੇ ਸਭਿਆਚਾਰਕ ਮੇਲਿਆਂ ਵਿਚ ਹੁਣ ਉਹਦਾ ਸਥਾਨ 'ਉਹ ਕਿਹੜੀ ਗਲੀ ਜਿੱਥੇ ਭਾਗੋ ਨਹੀਂ ਖਲੀ' ਵਾਲਾ ਹੈ। ਰਹਿੰਦਾ ਭਾਵੇਂ ਲੁਧਿਆਣੇ ਹੈ, ਪਰ ਧਮਕ ਜਲੰਧਰ ਛੱਡ ਲਾਹੌਰ, ਲੰਡਨ ਤੇ ਲਾਸ ਏਂਜਲਸ ਤਕ ਪੈਂਦੀ ਹੈ। ਜੇ ਉਹ ਆਪਣੇ ਬਾਪ ਵੱਲੋਂ ਲਾਇਆ ਤਕੜਾ ਖਿਡਾਰੀ ਬਣਨ ਦਾ ਸ਼ੌਕ ਪਾਲਦਾ ਰਹਿੰਦਾ ਤਾਂ ਦੂਜਾ ਸੁਰਜੀਤ ਬਣ ਸਕਦਾ ਸੀ। ਹਾਕੀ ਦਾ ਸੁਰਜੀਤ ਰੰਧਾਵਾ ਨਾ ਬਣਦਾ ਤਾਂ ਕਬੱਡੀ ਦਾ ਬਲਵਿੰਦਰ ਫਿੱਡਾ ਤਾਂ ਵੱਟ 'ਤੇ ਪਿਆ ਸੀ!


ਫਿਰ ਮੋਟੀ ਸਾਈ ਫੜ ਕੇ ਕਬੱਡੀ ਕੱਪਾਂ 'ਤੇ ਜਾਂਦਾ, ਧੰਨ-ਧੰਨ ਕਰਾਉਂਦਾ ਤੇ ਡਾਲਰਾਂ ਪੌਂਡਾਂ 'ਚ ਖੇਡਦਾ। ਪਈ 'ਭਜਨ ਭਾਅ ਜੀ, ਭਜੀ ਭਾਅ ਜੀ' ਹੁੰਦੀ। ਭਜੀ ਦੀ ਇਕ ਇਕ ਰੇਡ ਫਿੱਡੇ ਵਾਂਗ ਹਜ਼ਾਰ ਹਜ਼ਾਰ ਡਾਲਰ 'ਚ ਪੈਂਦੀ। ਫਿਰ ਮੈਂ ਵੀ ਕੁਮੈਂਟਰੀ ਕਰਦਿਆਂ ਕਹਿੰਦਾ, "ਲਓ ਚੱਲਿਆ ਬਸੰਤਕੋਟੀਆ ਭਜੀ ਕਬੱਡੀ ਪਾਉਣ...ਜੁਆਨ ਦੀ ਚੜ੍ਹਤ ਦੇਖੋ ਤੇ ਦੇਖੋ ਬੁਰਜ ਵਰਗਾ ਕੱਦ-ਕਾਠ, ਥੱਬੇ-ਥੱਬੇ ਦੇ ਪੱਟ, ਸਿਧਵਾਈਆਂ ਵਰਗੀਆਂ ਲੱਤਾਂ, ਮੂੰਗਲੀਆਂ ਵਰਗੇ ਡੌਲੇ, ਖਰਾਸ ਦੇ ਪੁੜ ਵਰਗੀ ਛਾਤੀ, ਦੁੱਧ ਮੱਖਣਾਂ ਨਾਲ ਪਾਲਿਆ ਸਵਾ ਕੁਇੰਟਲ ਦਾ ਜੁੱਸਾ... ਦਿੰਦਾ ਧੱਕੇ, ਹੋ'ਜੇ ਪਾਸੇ, ਹੋਰ ਨਾ ਕਿਸੇ ਦੀ ਹੇਠਾਂ ਆ ਕੇ ਜਾਹ ਜਾਂਦੀ ਹੋ'ਜੇ... ਔਹ ਮਾਰਿਆ ਜਾਫੀ ਨੂੰ ਚਲਾ ਕੇ ਮੱਕੀ ਦੇ ਪੂਲੇ ਅੰਗੂੰ, ਚੱਕ-ਲੈ ਕਰ'ਤਾ ਫਸਟ ਏਡ ਦੇਣ ਵਾਲਾ, ਪੁਆਇੰਟ ਬਸੰਤਕੋਟੀਏ ਭਜੀ ਦਾ...।

ਉਂਜ ਮਹਿਮਾ ਉਸ ਨੇ ਸ਼ਬਦਾਂ ਦਾ ਖਿਡਾਰੀ ਬਣ ਕੇ ਵੀ ਘੱਟ ਨਹੀਂ ਖੱਟੀ। ਸਾਹਿਤ ਸਭਾਵਾਂ, ਅਕੈਡਮੀਆਂ ਤੇ ਸੈਮੀਨਾਰਾਂ ਗੋਸ਼ਟੀਆਂ ਦੀ ਤਾਂ ਗੱਲ ਹੀ ਕੀ, ਉਹ ਦੇਸ਼-ਵਿਦੇਸ਼ ਦੇ ਖੇਡ ਮੇਲਿਆਂ, ਸਭਿਆਚਾਰਕ ਮੇਲਿਆਂ, ਏਥੋਂ ਤਕ ਕਿ ਮਿਸ ਪੰਜਾਬਣਾਂ ਦੇ ਮੇਲਿਆਂ ਗੇਲਿਆਂ ਦੀਆਂ ਹਾਜ਼ਰੀਆਂ ਭਰਦਾ ਵੀ ਦਿਸਦਾ ਹੈ। ਗੁਣਾਂ ਦੀ ਖਾਣ ਜੁ ਹੋਇਆ। ਬਹੁਗੁਣਾ ਹੋਣ ਵਿਚ ਉਹਦਾ ਵਧੀਆ ਬੁਲਾਰਾ ਹੋਣਾ, ਲੋਕ ਕਵੀ ਹੋਣਾ, ਸੋਹਣਾ ਸੁਨੱਖਾ ਤੇ ਬਣਦਾ-ਫਬਦਾ ਹੋਣਾ ਅਤੇ ਜੁੱਸੇ ਦਾ ਸਵਾ ਕੁਇੰਟਲੀ ਹੋਣਾ, ਸਭ ਕੁਝ ਸ਼ਾਮਲ ਹੈ। ਸਰੀਰ ਸੁੱਖ ਨਾਲ ਖੁੱਲ੍ਹੀਆਂ ਖੁਰਾਕਾਂ ਨਾਲ ਏਨਾ ਪਾਲਿਆ ਹੈ ਕਿ ਸ਼ਿਵ ਕੁਮਾਰ ਤੇ ਸੁਰਜੀਤ ਪਾਤਰ ਵਰਗਿਆਂ ਦੇ ਤਿੰਨ ਤੋਲ ਬਣ ਜਾਣ! ਕੀ ਪੁੱਛਦੇ ਓ ਖਾਣ-ਪੀਣ? ਦਾਰੂ ਉਹਨੇ ਤਿੱਪ ਵੀ ਨਹੀਂ ਪੀਤੀ, ਪਰ ਪੀਣ ਵਾਲਿਆਂ ਦੀ ਨਿੰਦਿਆ ਵੀ ਘੱਟ ਨਹੀਂ ਕੀਤੀ। ਮੀਟ ਮੱਛੀ? ਕਿਸੇ ਦਿਨ ਨੇਂਦਾ ਦੇ ਕੇ ਦੇਖ ਲੈਣਾ! ਮੇਰਾ ਉਹ ਸ਼ਿੰਦਾ ਵੀਰ ਹੈ, ਮੇਰੀ ਕਹੀ ਨੂੰ ਹਾਸੇ ਮਜ਼ਾਕ ਵਿਚ ਹੀ ਲੈਂਦੈ। ਮੈਂ ਤੇ ਸ਼ਮਸ਼ੇਰ ਸੰਧੂ ਤਾਂ ਉਹਦੀ ਬਰਾਤੇ ਜਾ ਕੇ ਵੀ ਉਹਨੂੰ ਛੇੜਨੋਂ ਨਹੀਂ ਸੀ ਟਲੇ।

70ਵਿਆਂ 'ਚ ਜਦੋਂ ਉਹ ਲਾਜਪਤ ਰਾਏ ਕਾਲਜ ਵਿਚ ਪੜ੍ਹਾਉਂਦਾ ਜਗਰਾਓਂ ਰਹਿੰਦਾ ਸੀ ਤੇ ਮੈਂ ਢੁੱਡੀਕੇ, ਤਾਂ ਰਾਇਕੋਟ ਪੜ੍ਹਾਉਂਦੀ ਉਹਦੀ ਪਤਨੀ ਨਿਰਪਜੀਤ ਨੂੰ ਮੈਂ ਕਹਿਣਾ, ਬੀਬਾ ਇਹਨੂੰ ਪਰੌਂਠੇ ਘੱਟ ਖੁਆਇਆ ਕਰੋ। ਇਹਦਾ ਭਾਰ ਹੋਰ ਵਧੂ ਤੇ ਵਧਿਆ ਭਾਰ ਗੋਡੇ ਲੈ ਬਹੂ। ਗੁਰਭਜਨ ਨੇ ਕਹਿਣਾ, ਭਾਅ ਜੀ ਹੁਣ ਤਾਂ ਦੋ ਪਰੌਂਠੀਆਂ ਈ ਖਾਨਾਂ, ਕਿਉਂ ਬਦਨਾਮ ਕਰਦੇ ਓ? ਪਰ ਪਿੱਛੋਂ ਪਤਾ ਲਗਣਾ ਪਈ ਮੇਰੇ ਸਾਹਮਣੇ ਤਾਂ ਦੋ ਪਰੌਂਠੇ ਹੀ ਖਾਧੇ ਪਰ ਰਸੋਈ 'ਚੋਂ ਚਾਰ ਹੋਰ ਲੇੜ੍ਹ ਲਏ। ਐਡੇ 'ਦਰਸ਼ਨੀ' ਜੁੱਸੇ ਐਵੇਂ ਨਹੀਂ ਬਣਦੇ! ਸ਼ਮਸ਼ੇਰ ਸੰਧੂ ਉਹਦਾ ਪੂਰਾ ਭੇਤੀ ਐ। ਹੁਣ ਬਰਖੁਰਦਾਰ ਨਵਦੀਪ ਗਿੱਲ ਤੇ ਨਿੰਦਰ ਘੁਗਿਆਣਵੀ ਹੋਰੀਂ ਭੇਤੀ ਬਣਦੇ ਜਾ ਰਹੇ ਹਨ।

ਨਵਦੀਪ ਗਿੱਲ ਨੇ ਆਪਣੀ ਪੁਸਤਕ 'ਨੌਲੱਖਾ ਬਾਗ' ਵਿਚ ਉਹਦੇ ਰੇਖਾ ਚਿੱਤਰ ਦਾ ਨਾਂ 'ਗੂਗਲ ਗਿੱਲ ਅੰਕਲ ਗੁਰਭਜਨ ਗਿੱਲ' ਰੱਖਿਆ






ਹੈ। ਲਿਖਿਆ ਹੈ: ਗੁਰਭਜਨ ਗਿੱਲ ਹਰ ਇਕ ਦਾ ਗੂਗਲ ਅੰਕਲ ਹੈ। ਉਨ੍ਹਾਂ ਦੇ ਦਾਇਰੇ ਵਾਲੇ ਕਿਸੇ ਸਿਆਸਤਦਾਨ, ਅਫਸਰ, ਪ੍ਰੋਫੈਸਰ, ਲੇਖਕ ਜਾਂ ਖਿਡਾਰੀ ਨੂੰ ਕੋਈ ਜਾਣਕਾਰੀ ਚਾਹੀਦੀ ਹੋਵੇ ਤਾਂ ਗੂਗਲ ਵਿਚ 'ਸਰਚ' ਕਰਨ ਦੀ ਥਾਂ ਉਹ ਗੁਰਭਜਨ ਗਿੱਲ ਨੂੰ ਸਿੱਧਾ ਫੋਨ ਕਰ ਕੇ ਹਰ ਤਰ੍ਹਾਂ ਦੀ ਜਾਣਕਾਰੀ ਹਾਸਲ ਕਰ ਲੈਂਦੇ ਹਨ...। ਉਹ ਪੰਜਾਬੀ ਸਾਹਿਤ, ਸਭਿਆਚਾਰ ਤੇ ਖੇਡ ਖੇਤਰ ਦੀ ਤ੍ਰਿਵੈਣੀ ਹੈ। ਉਹ ਸੱਤ ਪੱਤਣਾਂ ਦਾ ਤਾਰੂ ਹੈ। ਹਰ ਖੇਤਰ ਵਿਚ ਜਾਣੀ-ਪਛਾਣੀ ਸ਼ਖਸੀਅਤ ਹੈ। ਸਾਹਿਤ ਦੇ ਨਾਲ ਕਲਾ, ਸਭਿਆਚਾਰ, ਖੇਡਾਂ ਸਮੇਤ ਹਰ ਖੇਤਰ ਵਿਚ ਗੁਰਭਜਨ ਗਿੱਲ ਨੇ ਵੱਡੇ ਮੀਲ ਪੱਥਰ ਸਥਾਪਤ ਕੀਤੇ ਤੇ ਉਨ੍ਹਾਂ ਦਾ ਘੇਰਾ ਸਮਾਜ ਦੇ ਹਰ ਵਰਗ ਤਕ ਪੁਚਾਇਆ। ਵਿਦਿਆਰਥੀ, ਖਿਡਾਰੀ, ਪੱਤਰਕਾਰ, ਸਾਹਿਤਕਾਰ, ਕਲਾਕਾਰ, ਕਿਸਾਨ, ਅਫਸਰ, ਸਮਾਜ ਸੇਵੀ ਤੇ ਰਾਜਨੀਤਕ ਸ਼ਖਸੀਅਤਾਂ ਹਰ ਕੋਈ ਉਨ੍ਹਾਂ ਨੂੰ ਨਾ ਸਿਰਫ ਜਾਣਦਾ ਹੈ, ਸਗੋਂ ਇਸ ਖੇਤਰ ਦਾ ਹਰ ਵਡੇਰਾ ਉਸ ਨੂੰ ਪਿਆਰ ਕਰਦਾ ਤੇ ਹਰ ਛੋਟਾ ਸਤਿਕਾਰ ਦਿੰਦਾ ਹੈ। ਗੁਰਭਜਨ ਗਿੱਲ ਦੀ ਰਹਿਣੀ-ਬਹਿਣੀ, ਕਹਿਣੀ-ਕਥਨੀ ਅਤੇ ਲੇਖਣੀ ਨੇ ਹਮੇਸ਼ਾ ਹੀ ਪੰਜਾਬ, ਪੰਜਾਬੀ ਤੇ ਪੰਜਾਬੀਅਤ ਦਾ ਝੰਡਾ ਬੁਲੰਦ ਰੱਖਿਆ ਹੈ...ਉਨ੍ਹਾਂ ਦੀ ਸ਼ਾਇਰੀ ਕੁਦਰਤ, ਇਤਿਹਾਸਕ ਪ੍ਰਸੰਗਾਂ, ਪੰਜਾਬ, ਪੰਜਾਬੀ ਤੇ ਪੰਜਾਬੀਅਤ ਦੀ ਤਰਜਮਾਨੀ ਕਰਦੀ ਹੋਈ ਸਮਾਜਕ ਸਰੋਕਾਰਾਂ ਦੇ ਬਹੁਤ ਨੇੜੇ ਵਿਚਰਦੀ ਹੈ। ਅਣਜੰਮੀ ਧੀ ਦੀ ਗਾਥਾ ਸੁਣਾਉਂਦੀ ਕਵਿਤਾ 'ਲੋਰੀ' ਨੇ, ਜਿਸ ਵਿਚ ਭਰੂਣ ਹੱਤਿਆ ਜਿਹੀ ਲਾਹਨਤ ਨੂੰ ਕਰੁਣਾਮਈ ਸ਼ਬਦਾਂ ਵਿਚ ਬਿਆਨ ਕੀਤਾ ਹੈ, ਗੁਰਭਜਨ ਗਿੱਲ ਨੂੰ ਸਮਾਜ ਵਿਚ ਬੜਾ ਸਨਮਾਨ ਦਿਵਾਇਆ ਹੈ। ਸੰਨ ਸੰਤਾਲੀ ਦੀ ਪੰਜਾਬ ਵੰਡ ਦਾ ਸੰਤਾਪ ਗੁਰਭਜਨ ਗਿੱਲ ਦੀ ਸ਼ਾਇਰੀ ਵਿਚੋਂ ਛਲਕਦਾ ਸਾਫ ਨਜ਼ਰ ਆਉਂਦਾ ਹੈ...।

ਗੁਰਭਜਨ ਜਦੋਂ ਸਕੂਲੇ ਪੜ੍ਹਦਾ ਸੀ ਤਾਂ ਉਸ ਦੇ ਬਾਪੂ ਜੀ ਚੋਖੀ ਖਾਧ ਖੁਰਾਕ ਖੁਆ ਕੇ ਉਸ ਨੂੰ ਤਕੜਾ ਖਿਡਾਰੀ ਬਣਾਉਣਾ ਚਾਹੁੰਦੇ ਸਨ। ਕਦੇ ਪੱਥਰ ਦੇ ਬਾਲੇ ਕਢਾਉਂਦੇ, ਕਦੇ ਬੋਰੀ ਚੁਕਾਉਂਦੇ ਤੇ ਕਦੇ ਕਬੱਡੀਆਂ ਪੁਆਉਂਦੇ। ਉਹ ਖੁਦ ਮੂੰਗਲੀਆਂ ਫੇਰਦੇ ਤੇ ਸੁਹਾਗੇ ਚੁੱਕਦੇ ਰਹੇ ਸਨ। ਆਪਣੇ ਲਾਡਲੇ ਪੁੱਤਰ ਨੂੰ ਖੁੱਲ੍ਹਾ-ਡੁੱਲ੍ਹਾ ਦੁੱਧ-ਘਿਉ ਖੁਆਉਂਦੇ-ਪਿਲਾਉਂਦੇ ਹੀ ਨਹੀਂ, ਸਗੋਂ ਚਾਰਦੇ ਸਨ। ਹੁਣ ਵੀ ਜਦੋਂ ਇਹ ਗੱਲਾਂ ਗੁਰਭਜਨ ਦਸਦਾ ਹੈ ਤਾਂ ਉਹਦਾ ਤਿੰਨ ਮਣ ਦਾ ਜੁੱਸਾ ਪੂਰਾ ਹੁੰਗਾਰਾ ਭਰਦਾ ਹੈ।

ਗੁਰਭਜਨ ਖੁਦ ਭਾਵੇਂ ਤਕੜਾ ਖਿਡਾਰੀ ਨਾ ਬਣ ਸਕਿਆ, ਪਰ ਖਿਡਾਰੀਆਂ ਦੀ ਸੰਗਤ ਕਰਨੀ ਨਹੀਂ ਛੱਡੀ। ਬਸੰਤ ਕੋਟ ਦੇ ਪੇਂਡੂ ਖੇਡ ਮੇਲੇ ਤੋਂ ਲੈ ਕੇ ਉਹ ਕਿਲਾ ਰਾਇਪੁਰ ਦੀਆਂ ਖੇਡਾਂ ਤਕ ਦਾ ਦਰਸ਼ਕ ਹੀ ਨਹੀਂ ਬਣਿਆ, ਸਗੋਂ ਦਰਜਨਾਂ ਖੇਡ ਮੇਲਿਆਂ ਬਾਰੇ ਅਖਬਾਰਾਂ ਵਿਚ ਲਿਖਦਾ ਰਿਹਾ। ਕਦੇ ਕਿਸੇ ਖੇਡ ਮੇਲੇ ਦਾ ਅੱਖੀਂ ਡਿੱਠਾ ਹਾਲ, ਕਦੇ ਕਿਸੇ ਖਿਡਾਰੀ ਦਾ ਰੇਖਾ ਚਿੱਤਰ, ਕਦੇ ਕਾਲਜਾਂ ਦੀਆਂ ਖੇਡ ਸਰਗਰਮੀਆਂ, ਕਦੇ ਖੇਡ ਸਾਹਿਤ ਤੇ ਖੇਡ ਸਭਿਆਚਾਰ ਬਾਰੇ ਗੰਭੀਰ ਲੇਖ। ਉਸ ਦੇ ਤੀਹ-ਚਾਲੀ ਖੇਡ ਲੇਖ ਮੇਰੀ ਨਜ਼ਰੋਂ ਲੰਘੇ ਹਨ। ਮੇਰੀ ਉਹਨੂੰ ਸਲਾਹ ਹੈ ਕਿ ਆਪਣੀ ਖੇਡ ਪੁਸਤਕ ਛਪਵਾਏ ਤੇ ਪੰਜਾਬੀ ਖੇਡ ਸਾਹਿਤ ਵਿਚ ਵਾਧਾ ਕਰੇ।

ਕਈਆਂ ਦੀ ਰੀਝ ਤਕੜੇ ਖਿਡਾਰੀ ਬਣਨ ਦੀ ਹੁੰਦੀ ਹੈ, ਪਰ ਬਣ ਨਹੀਂ ਸਕਦੇ। ਜਿਵੇਂ ਵਰਿਆਮ ਸਿੰਘ ਸੰਧੂ ਤੇ ਮੈਂ ਚੋਟੀ ਦੇ ਖਿਡਾਰੀ ਬਣਨ ਦੀ ਪਰਬਲ ਰੀਝ ਰੱਖਦੇ ਹੋਏ ਵੀ ਨਾ ਬਣ ਸਕੇ, ਪਰ ਉਸੇ ਰੀਝ ਨੇ ਸਾਨੂੰ ਸ਼ਬਦਾਂ ਦੇ ਖਿਡਾਰੀ ਬਣਾ ਦਿੱਤਾ। ਇਵੇਂ ਹੀ ਗੁਰਭਜਨ ਗਿੱਲ ਨੇ ਖੁਦ ਖਿਡਾਰੀ ਬਣਨ ਤੇ ਕਬੱਡੀਆਂ ਪਾਉਣ ਦੀ ਥਾਂ ਖੇਡਾਂ ਦੇ ਗੀਤ ਲਿਖੇ ਤੇ ਰਿਕਾਰਡ ਕਰਵਾਏ:

ਖੇਡਣ ਦੇ ਦਿਨ ਚਾਰ ਦੋਸਤੋ,
ਖੇਡਣ ਦੇ ਦਿਨ ਚਾਰ।
ਵਿਚ ਮੈਦਾਨੇ ਜੋ ਨਾ ਨਿੱਤਰੇ,
ਉਹ ਧਰਤੀ 'ਤੇ ਭਾਰ
ਦੋਸਤੋ! ਖੇਡਣ ਦੇ ਦਿਨ ਚਾਰ।

ਧਰਤੀ ਦੇਸ ਪੰਜਾਬ ਦੀ
ਜਿਥੇ ਪੰਜ ਦਰਿਆ ਦੇ ਹਾਣੀ।
ਸਿੰਜਦੇ ਮਾਲਵਾ, ਮਾਝਾ
ਦੇਂਦੇ ਦੋਆਬੇ ਨੂੰ ਪਾਣੀ।
ਹਰੀਆਂ ਭਰੀਆਂ ਫਸਲਾਂ ਸਦਕਾ,
ਜੱਗ 'ਤੇ ਤੁਰੀ ਕਹਾਣੀ।
ਵਿਗਿਆਨੀ, ਕਿਰਸਾਨਾਂ ਰਲ ਕੇ
ਅੰਨ ਦੇ ਭਰੇ ਭੰਡਾਰ।
ਦੋਸਤੋ! ਖੇਡਣ ਦੇ ਦਿਨ ਚਾਰ।

ਕਿੱਕਰ ਸਿੰਘ ਗਾਮੇ ਤੇ ਦਾਰੇ,
ਪਹਿਲਵਾਨ ਕਰਤਾਰਾਂ।
ਕੁੱਲ ਦੁਨੀਆਂ ਤੇ ਝੰਡੀ ਕੀਤੀ,
ਕਦੇ ਨਾ ਮੰਨੀਆਂ ਹਾਰਾਂ।
ਪਿਰਥੀਪਾਲ, ਸੁਰਜੀਤ ਦੇ ਮਗਰੋਂ
ਪਰਗਟ ਸਿੰਘ ਦੇ ਯਾਰਾਂ।
ਰਮਨਦੀਪ ਦੇ ਸਾਥੀ ਬਣ ਗਏ
ਹਾਕੀ ਵਿਚ ਸਰਦਾਰ।
ਵੀਰਿਓ! ਖੇਡਣ ਦੇ ਦਿਨ ਚਾਰ।

ਰੱਸਾ ਖਿੱਚਦੇ ਬਾਬੇ,
ਖੇਡਣ ਮੁੰਡੇ ਕੌਡ-ਕਬੱਡੀ।
ਸਭ ਧਰਮਾਂ ਦਾ ਸਾਂਝਾ ਮੁੜ੍ਹਕਾ,
ਊਚ ਨੀਚ ਸਭ ਛੱਡੀ।
ਮਿਲਖਾ ਸਿੰਘ ਜਿਹੇ ਉਡਣ-ਖਟੋਲੇ
ਮਾਰ ਮਾਰਦੇ ਵੱਡੀ।
ਚਲੋ ਅਖਾੜੇ ਦੇ ਵਿਚ ਚੱਲੀਏ,
ਕੱਲ੍ਹ ਦਾ ਨਹੀਂ ਇਤਬਾਰ।
ਵੀਰਿਓ! ਖੇਡਣ ਦੇ ਦਿਨ ਚਾਰ।

ਬਾਜ਼ਾਂ ਵਰਗੇ ਗੱਭਰੂ ਵੇਖੋ,
ਮਿਰਗਣੀਆਂ ਮੁਟਿਆਰਾਂ।
ਵਿਚ ਮੈਦਾਨ ਦੇ ਉੱਡਦੀਆਂ ਨੇ
ਅਹੁ ਕੂੰਜਾਂ ਦੀਆਂ ਡਾਰਾਂ।
ਮੇਰੀ ਇਹ ਅਰਦਾਸ ਇਨ੍ਹਾਂ ਨੂੰ
ਕਦੇ ਨਾ ਆਵੇ ਹਾਰ।
ਵੀਰਿਓ! ਖੇਡਣ ਦੇ ਦਿਨ ਚਾਰ...।

ਦਹਿਸ਼ਤੀ ਦੌਰ ਦੀ ਹਨੇਰੀ 'ਚ ਗੁਰਭਜਨ ਦਾ ਲਿਖਿਆ ਇਹ ਗੀਤ 1986 'ਚ ਨਰਿੰਦਰ ਬੀਬਾ ਨੇ ਕਿਲ੍ਹਾ ਰਾਏਪੁਰ ਦੀਆਂ ਖੇਡਾਂ ਲਈ ਰਿਕਾਰਡ ਕਰਵਾਇਆ, ਜੋ ਪਿੱਛੋਂ ਉਹਦੇ ਕਾਵਿ ਸੰਗ੍ਰਹਿ 'ਝਾਂਜਰ' ਵਿਚ ਛਪਿਆ:

ਖੇਡਾਂ ਖੇਡੋ ਤੇ ਖਿਡਾਓ ਐ ਪੰਜਾਬ ਵਾਸੀਓ!
ਜੜ੍ਹੋਂ ਈਰਖਾ ਮੁਕਾਓ ਐ ਪੰਜਾਬ ਵਾਸੀਓ!
ਖੇਡਾਂ ਖੇਡਣਾ ਖਿਡਾਉਣਾ ਸਾਡਾ ਧਰਮ ਨਿਸ਼ਾਨ।
ਸਾਡੇ ਵਾਸਤੇ ਹੈ ਏਹੀ ਹੁਣ ਦੀਨ ਤੇ ਈਮਾਨ।
ਸਾਰੇ ਰਲ ਮਿਲ ਗਾਓ ਐ ਪੰਜਾਬ ਵਾਸੀਓ!

ਸਾਡੇ ਧਰਮਾਂ ਦੇ ਲੋਕ ਰਲ ਖੇਡਦੇ ਕਬੱਡੀ।
ਕਦੇ ਆਵੇ ਨਾ ਧਿਆਨ ਕਿਹੜੀ ਜਾਤ ਛੋਟੀ ਵੱਡੀ।
ਏਹੀ ਸਬਕ ਪੜ੍ਹਾਓ ਐ ਪੰਜਾਬ ਵਾਸੀਓ!

ਬੈਲਗੱਡੀਆਂ ਦੀ ਦੌੜ ਦਾ ਨਜ਼ਾਰਾ ਵੇਖ ਲਓ।
ਏਕਾ ਬੌਲਦਾਂ ਦਾ ਜਿੱਤਦੈ ਇਸ਼ਾਰਾ ਵੇਖ ਲਓ।
ਪਿਆਰ ਚੇਤਨਾ ਵਧਾਓ ਐ ਪੰਜਾਬ ਵਾਸੀਓ!

ਪਵੇ ਕਿੱਕਲੀ ਤੇ ਗਿੱਧਾ ਬੋਲੀ ਪਾਉਣ ਮੁਟਿਆਰਾਂ।
ਲੱਗੇ ਅੰਬਰਾਂ ਤੋਂ ਲੱਥੀਆਂ ਨੇ ਕੂੰਜਾਂ ਦੀਆਂ ਡਾਰਾਂ।
ਕੂੰਜਾਂ ਅੱਗ ਤੋਂ ਬਚਾਓ ਐ ਪੰਜਾਬ ਵਾਸੀਓ!
ਜੜ੍ਹੋਂ ਈਰਖਾ ਮੁਕਾਓ ਐ ਪੰਜਾਬ ਵਾਸੀਓ!

ਗੁਰਭਜਨ ਗਿੱਲ ਦਾ ਜਨਮ 2 ਮਈ 1953 ਨੂੰ ਜਿਲਾ ਗੁਰਦਾਸਪੁਰ ਦੀ ਤਹਿਸੀਲ ਡੇਰਾ ਬਾਬਾ ਨਾਨਕ ਦੇ ਪਿੰਡ ਬਸੰਤ ਕੋਟ ਵਿਖੇ ਪਿਤਾ ਸ. ਹਰਨਾਮ ਸਿੰਘ ਗਿੱਲ ਦੇ ਘਰ ਮਾਤਾ ਤੇਜ ਕੌਰ ਦੀ ਕੁੱਖੋਂ ਹੋਇਆ। ਦੇਸ਼ ਵੰਡ ਤੋਂ ਪਹਿਲਾਂ ਉਨ੍ਹਾਂ ਦਾ ਪਿੰਡ ਨਿੰਦੋਕੇ ਤਹਿਸੀਲ ਨਾਰੋਵਾਲ ਜਿਲਾ ਸਿਆਲਕੋਟ ਵਿਚ ਸੀ। ਵੱਡੀ ਭੈਣ ਪ੍ਰਿੰਸੀਪਲ ਮਨਜੀਤ ਕੌਰ ਵੜੈਚ, ਵੱਡੇ ਵੀਰਾਂ ਪ੍ਰਿੰਸੀਪਲ ਜਸਵੰਤ ਸਿੰਘ ਗਿੱਲ ਤੇ ਪ੍ਰੋ. ਸੁਖਵੰਤ ਸਿੰਘ ਗਿੱਲ ਦਾ ਨਿੱਕਾ ਵੀਰ ਗੁਰਭਜਨ ਗਿੱਲ ਸਮਰੱਥ ਤੇ ਕ੍ਰਿਆਸ਼ੀਲ ਪੰਜਾਬੀ ਕਵੀ, ਸਾਹਿਤਕ ਟਿੱਪਣੀਕਾਰ, ਖੇਤੀ ਵਿਗਿਆਨ ਸਾਹਿਤ ਦਾ ਸੰਪਾਦਕ ਅਤੇ ਖੇਡਾਂ ਦੇ ਖੇਤਰ ਵਿਚ ਬਹੁਤ ਹੀ ਸਰਗਰਮ ਸਭਿਆਚਾਰਕ ਸ਼ਖਸੀਅਤ ਹੈ। ਪੰਜਾਬੀ ਸਾਹਿਤ ਅਕਾਦਮੀ ਲੁਧਿਆਣਾ ਵੱਲੋਂ ਪੰਜਾਬੀ ਭਵਨ ਵਿਚ ਉਹ 1980 ਤੋਂ ਲਗਾਤਾਰ ਸਰਗਰਮ ਹੈ। ਇਸ ਅਕਾਦਮੀ ਦਾ ਉਹ 2010 ਤੋਂ 2014 ਤੀਕ ਪ੍ਰਧਾਨ ਰਿਹਾ। ਪ੍ਰੋ. ਮੋਹਨ ਸਿੰਘ ਫਾਊਂਡੇਸ਼ਨ ਦਾ 1978 ਤੋਂ ਕਾਰਜਸ਼ੀਲ ਅਹੁਦੇਦਾਰ ਹੈ। ਕਿਲ੍ਹਾ ਰਾਏਪੁਰ, ਗੁੱਜਰਵਾਲ ਤੇ ਕੋਟਲਾ ਸ਼ਾਹੀਆ ਵਿਚ ਹੁੰਦੀਆਂ ਕਮਲਜੀਤ ਖੇਡਾਂ ਦੇ ਪ੍ਰਬੰਧ 'ਚ ਅਹਿਮ ਭੂਮਿਕਾ ਨਿਭਾਉਂਦਾ ਆ ਰਿਹੈ।

ਪੰਜਾਬ ਖੇਤੀਬਾੜੀ ਯੂਨੀਵਰਸਿਟੀ 'ਚ 30 ਅਪਰੈਲ 1983 ਤੋਂ 31 ਮਈ 2013 ਤਕ ਸੀਨੀਅਰ ਸੰਪਾਦਕ ਰਿਹਾ। ਪਹਿਲਾਂ ਗੁਰੂ ਨਾਨਕ ਨੈਸ਼ਨਲ ਕਾਲਜ ਦੋਰਾਹਾ, ਫਿਰ ਲਾਜਪਤ ਰਾਏ ਮੈਮੋਰੀਅਲ ਕਾਲਜ ਜਗਰਾਓਂ ਵਿਚ 6 ਸਾਲ ਤੋਂ ਵੱਧ ਸਮਾਂ ਪੜ੍ਹਾਇਆ। ਪੰਜਾਬ ਖੇਤੀ ਯੂਨੀਵਰਸਿਟੀ ਤੋਂ ਸੇਵਾਮੁਕਤ ਹੋ ਕੇ ਗੁਰੂ ਕਾਸ਼ੀ ਯੂਨੀਵਰਸਿਟੀ ਤਲਵੰਡੀ ਸਾਬੋ ਵਿਚ ਵੀ ਕੁਝ ਸਮਾਂ ਡਾਇਰੈਕਟਰ ਯੋਜਨਾ ਤੇ ਵਿਕਾਸ ਰਿਹਾ। ਉਸ ਦੀਆਂ ਡੇਢ ਦਰਜਨ ਪੁਸਤਕਾਂ ਵਿਚ ਗਜ਼ਲਾਂ, ਗੀਤ, ਰੁਬਾਈਆਂ ਤੇ ਨਜ਼ਮਾਂ ਦੇ ਸੰਗ੍ਰਹਿ ਹਨ, ਜਿਨ੍ਹਾਂ ਦੇ ਨਾਂ ਹਨ: ਸ਼ੀਸ਼ਾ ਝੂਠ ਬੋਲਦਾ ਹੈ, ਹਰ ਧੁਖਦਾ ਪਿੰਡ ਮੇਰਾ ਹੈ (ਗਜ਼ਲਾਂ), ਸੁਰਖ ਸਮੁੰਦਰ, ਦੋ ਹਰਫ ਰਸੀਦੀ (ਗਜ਼ਲਾਂ), ਅਗਨ ਕਥਾ, ਮਨ ਦੇ ਬੂਹੇ ਬਾਰੀਆਂ (ਗਜ਼ਲਾਂ), ਧਰਤੀ ਨਾਦ, ਖੈਰ ਪੰਜਾਂ ਪਾਣੀਆਂ ਦੀ (ਹਿੰਦ-ਪਾਕਿ ਰਿਸ਼ਤਿਆਂ ਬਾਰੇ ਕਵਿਤਾਵਾਂ), ਫੁੱਲਾਂ ਦੀ ਝਾਂਜਰ (ਗੀਤ ਸੰਗ੍ਰਹਿ), ਪਾਰਦਰਸ਼ੀ, ਮੋਰਪੰਖ (ਗਜ਼ਲਾਂ), ਤਾਰਿਆਂ ਦੇ ਨਾਲ ਗੱਲਾਂ ਕਰਦਿਆਂ (ਸੁਲੱਖਣ ਸਰਹੱਦੀ ਵੱਲੋਂ ਸੰਪਾਦਿਤ ਚੋਣਵੀਆਂ ਗਜ਼ਲਾਂ), ਗੁਲਨਾਰ (ਗਜ਼ਲਾਂ) ਤੇ ਮਿਰਗਾਵਲੀ। ਪੱਤੇ ਪੱਤੇ ਲਿਖੀ ਇਬਾਰਤ (ਕੁਦਰਤ ਬਾਰੇ 103 ਰੁਬਾਈਆਂ) ਤੇਜ ਪ੍ਰਤਾਪ ਸਿੰਘ ਸੰਧੂ ਦੇ ਫੋਟੋ ਚਿੱਤਰਾਂ ਸਮੇਤ ਕੌਫੀ ਟੇਬਲ ਕਿਤਾਬ ਹੈ।

**ਵਾਤਾਵਰਣ ਬਾਰੇ ਇਕਲੌਤੀ ਵਾਰਤਕ ਪੁਸਤਕ:** ਕੈਮਰੇ ਦੀ ਅੱਖ ਬੋਲਦੀ 1999 'ਚ ਛਪੀ ਸੀ, ਜੋ ਪਹਿਲਾਂ ਰੋਜ਼ਾਨਾ ਅਖਬਾਰ ਅਜੀਤ 'ਚ ਲਗਾਤਾਰ ਤਿੰਨ ਸਾਲ ਛਪੇ ਲੇਖਾਂ ਤੇ ਤੇਜਪ੍ਰਤਾਪ ਸਿੰਘ ਸੰਧੂ ਦੇ ਫੋਟੋ ਚਿੱਤਰਾਂ ਨਾਲ ਸੁਸੱਜਿਤ ਹੈ। ਅੱਜ ਕੱਲ੍ਹ ਉਹ ਮਹਾਰਾਜਾ ਦਲੀਪ ਸਿੰਘ ਮੈਮੋਰੀਅਲ ਟਰੱਸਟ ਬੱਸੀਆਂ ਅਤੇ ਪੰਜਾਬੀ ਲੋਕ ਵਿਰਾਸਤ ਅਕਾਦਮੀ ਦਾ ਵੀ ਚੇਅਰਮੈਨ ਹੈ। ਉਹ ਚਾਰ ਪੰਜ ਦਹਾਕਿਆਂ ਤੋਂ ਪਰਿਵਾਰ ਸਮੇਤ 113 ਐੱਫ ਸ਼ਹੀਦ ਭਗਤ ਸਿੰਘ ਨਗਰ ਪੱਖੋਵਾਲ ਰੋਡ ਲੁਧਿਆਣੇ ਰਹਿ ਰਿਹੈ।

'ਛੱਟਾ ਚਾਨਣਾਂ ਦਾ ਦੇਈ ਜਾਣਾ ਹੋ' ਗੀਤ ਗਾਉਣ ਵਾਲੇ ਸੁਰਿੰਦਰ ਗਿੱਲ ਨੇ ਗੁਰਭਜਨ ਦੇ ਗੀਤ ਸੰਗ੍ਰਹਿ 'ਝਾਂਜਰ' ਦੇ ਸਰਵਰਕ ਉਤੇ ਲਿਖਿਆ ਹੈ: ਬਸੰਤ ਕੋਟ ਲਾਗੇ ਧਿਆਨਪੁਰ ਤੋਂ ਸਕੂਲ ਦੀ ਪੜ੍ਹਾਈ ਕਰ ਕੇ ਉਹ ਗੁਰੂ ਨਾਨਕ ਕਾਲਜ, ਕਾਲਾ ਅਫਗਾਨਾ ਵਿਚ ਦਾਖਲ ਹੋ ਕੇ ਮੇਰੇ ਸੰਪਰਕ ਵਿਚ ਆਇਆ ਅਤੇ 1971 ਵਿਚ ਲੁਧਿਆਣੇ ਦੇ ਜੀ. ਜੀ. ਐਨ. ਕਾਲਜ ਵਿਚ ਪੜ੍ਹਨ ਲੱਗ ਪਿਆ। ਇਥੇ ਉਸ ਨੂੰ ਮੇਰੇ ਮਿੱਤਰ ਐਸ. ਪੀ. ਸਿੰਘ ਨੇ ਉਂਗਲੀ ਫੜ ਕੇ ਸਾਹਿਤਕ ਮਾਰਗ 'ਤੇ ਤੋਰਿਆ...। ਗੀਤ ਉਹਦੇ ਸਾਹਾਂ, ਸੁਆਸਾਂ ਵਿਚ ਬਚਪਨ ਤੋਂ ਹੀ ਗੁੜ੍ਹਤੀ ਵਾਂਗ ਘੁਲੇ-ਮਿਲੇ ਹਨ। ਗੁਰਭਜਨ ਗਿੱਲ ਇਕ ਸੁਹਿਰਦ ਤੇ ਸਮਰੱਥਾਵਾਨ ਸ਼ਾਇਰ ਹੈ। ਸ਼ਾਇਰੀ ਉਹਦੇ ਲਈ ਗੁਆਚੇ ਆਪੇ ਦੀ ਪਛਾਣ ਹੈ। ਇਹ ਪਿੰਡ ਦੀ ਸਾਦੀ ਮੋਹਵੰਤੀ ਰਹਿਣੀ-ਬਹਿਣੀ ਦੇ ਹੇਰਵੇ ਅਤੇ ਸਮਾਜਿਕ ਅਨਿਆਂ ਦੇ ਖਿਲਾਫ ਵਜਾਇਆ ਬਿਗਲ ਹੈ, ਜਬਰ ਜ਼ੁਲਮ ਦੇ ਵਿਰੁੱਧ ਰੋਹ ਤੇ ਵਿਦਰੋਹ ਦੀ ਪੁਕਾਰ ਹੈ। ਦੁੱਲੇ ਦੀ ਵੰਗਾਰ ਹੈ। ਉਹਦੇ ਗੀਤਾਂ ਦਾ ਸਭਿਆਚਾਰ ਪ੍ਰਚਲਿਤ ਗੀਤਾਂ ਨਾਲੋਂ ਵੱਖਰਾ ਅਤੇ ਬਦਲਵਾਂ ਸਭਿਆਚਾਰ ਪੇਸ਼ ਕਰਦਾ ਹੈ। ਤੁਸੀਂ ਉਹਦੇ ਗੀਤਾਂ ਦੇ ਅੰਗ-ਸੰਗ ਤੁਰੋ, ਤੁਹਾਨੂੰ ਇਸ ਗੱਲ ਦੀ ਗਵਾਹੀ ਮਿਲੇਗੀ ਕਿ ਪੰਜਾਬੀ ਕਵਿਤਾ ਵਿਚ ਸਰੋਦੀ ਗੀਤ ਹਾਲੇ ਜਿਉਂਦਾ ਹੈ।

ਪ੍ਰਿੰ. ਬਲਕਾਰ ਸਿੰਘ ਬਾਜਵਾ ਗੁਰਭਜਨ ਦੀ ਭੂਆ ਦਾ ਪੁੱਤ ਹੈ। ਉਹਦੇ ਦੱਸਣ ਅਨੁਸਾਰ ਜਦੋਂ ਉਹਨੇ ਨਾਨਕੀਂ ਨਿੰਦੋਕੇ ਜਾਣਾ ਤਾਂ ਆਪਣੇ ਮਾਮੇ ਹਰਨਾਮ ਸਿੰਘ ਨੂੰ ਪੱਥਰਾਂ, ਬੋਰੀਆਂ, ਅਹਿਰਨਾਂ ਤੇ ਸੁਹਾਗੇ ਦੇ ਬਾਲੇ ਕੱਢਦਿਆਂ ਵੇਖਣਾ। ਹਰਨਾਮ ਸਿੰਘ ਲੰਮੀਆਂ ਵਾਟਾਂ ਦੇ ਰਾਹੀ ਸਨ। ਪੰਜਾਹ ਮੀਲ ਪੈਂਡਾ ਤਾਂ ਲੱਤਾਂ ਹਿਲਾਉਣ ਲਈ ਹੀ ਮਾਰ ਲੈਂਦੇ ਸਨ। ਉਨ੍ਹਾਂ ਨਿੰਦੋਕੇ ਤੋਂ ਉਜੜ ਕੇ ਬਸੰਤ ਕੋਟ ਡੇਰਾ ਲਾਇਆ ਤਾਂ ਸਭ ਤੋਂ ਛੋਟੇ ਪੁੱਤਰ ਗੁਰਭਜਨ ਨੂੰ ਪਹਿਲਵਾਨ ਬਣਾਉਣ ਦੀ ਠਾਣੀ। ਦੁੱਧ ਘਿਉ ਤੇ ਖੋਏ ਪੰਜੀਰੀਆਂ ਦੀ ਬਰਕਤ ਨਾਲ ਲਾਡਲਾ ਪੁੱਤ ਨਿਸਰਿਆ ਵੀ ਖੂਬ। ਬਾਪ ਦੀ ਰੀਝ ਸੀ ਕਿ ਇਲਾਕੇ ਦਾ ਨਾਮਵਰ ਪਹਿਲਵਾਨ ਬਣੇ, ਪਰ ਉਹ ਬਚਪਨ ਦੀਆਂ ਖੇਡਾਂ ਖੇਡਣ, ਅਹਿਰਨਾਂ ਦੇ ਬਾਲੇ ਕੱਢਣ ਤੇ ਪੇਂਡੂ ਖੇਡ ਮੇਲਿਆਂ ਵਿਚ ਕਬੱਡੀਆਂ ਪਾਉਣ ਤੋਂ ਅੱਗੇ ਨਾ ਤੁਰਿਆ। ਸੁਰਜੀਤ ਰੰਧਾਵਾ ਵੀ ਉਸ ਨੂੰ ਹਾਕੀ ਵਿਚ ਅੱਗੇ ਨਾ ਤੋਰ ਸਕਿਆ। ਆਖਰ ਉਹ ਸ਼ਬਦਾਂ ਦਾ ਖਿਡਾਰੀ ਬਣ ਗਿਆ। ਪੇਸ਼ ਹਨ ਉਹਦੀਆਂ ਖੇਡ ਲਿਖਤਾਂ ਦੇ ਕੁਝ ਨਮੂਨੇ:

### ਪੰਜਾਬ ਦੇ ਪੇਂਡੂ ਖੇਡ ਮੇਲੇ

ਪੰਜਾਬੀ ਜ਼ਿੰਦਗੀ ਦਾ ਆਧਾਰ ਪਿੰਡ ਹਨ। ਪਿੰਡ ਇਕਾਈ ਹੈ ਪੰਜਾਬੀ ਸਭਿਆਚਾਰ ਦੀ। ਪਿੰਡ ਦੀ ਲਾਜ, ਪਿੰਡ ਦੀ ਪੱਤ, ਪਿੰਡ ਦਾ ਸੁਆਲ ਵਾਰ ਵਾਰ ਸੁਣਨ ਨੂੰ ਮਿਲਦੇ ਹਨ। ਵਿਅਕਤੀ ਜਦੋਂ

*(ਬਾਕੀ ਅਗਲੇ ਸਫੇ 'ਤੇ)*

# ਬਰਸਾਤਾਂ

**ਸ. ਠਾਕਰ ਸਿੰਘ ਬਸਾਤੀ ਦੇ ਲੇਖ 'ਬਰਸਾਤਾਂ' ਵਿਚ ਸਿਰਫ ਮੀਂਹ ਦਾ ਜ਼ਿਕਰ ਨਹੀਂ, ਇਸ ਅੰਦਰ ਪਿੰਡ ਦੀਆਂ ਮੋਹ-ਮੁਹੱਬਤਾਂ ਦੇ ਹਾਰ ਗੁੰਦੇ ਹੋਏ ਹਨ। ਇਹ ਅਸਲ ਵਿਚ ਪੁਰਾਣੇ ਵਕਤਾਂ ਦੀਆਂ ਉਹ ਗੱਲਾਂ-ਬਾਤਾਂ ਹਨ, ਜਿਨ੍ਹਾਂ ਤੋਂ ਹੁਣ ਅਸੀਂ ਬਹੁਤ ਦੂਰ ਆ ਗਏ ਹਾਂ। ਅੱਜ ਦੇ ਵਿਕਾਸ ਨੇ ਮਨੁੱਖ ਤੋਂ ਬਹੁਤ ਵੱਡੀ ਕੀਮਤ ਵਸੂਲ ਕੀਤੀ ਹੈ, ਜੋ ਜ਼ਿੰਦਗੀ ਦੇ ਬਹੁਤ ਸਾਰੇ ਰੰਗ ਉਡਾ ਕੇ ਲੈ ਗਿਆ ਹੈ।**



ਸੂਫੀ ਮੱਤ ਦਾ ਵਿਚਾਰ ਹੈ ਕਿ ਜਦੋਂ ਮਨੁੱਖ ਧਰਤੀ 'ਤੇ ਪੈਦਾ ਹੁੰਦਾ ਹੈ ਤਾਂ ਰੱਬ ਉਸ ਦੇ ਕੰਨ ਵਿਚ ਕਹਿੰਦਾ ਹੈ, "ਮੈਂ ਤੇਰੇ ਲਈ ਖੂਬਸੂਰਤ ਦੁਨੀਆ ਵਸਾਈ ਹੈ। ਬਸ ਇੰਨਾ ਖਿਆਲ ਰੱਖੀਂ ਕਿ ਜਦੋਂ ਵਾਪਸ ਆਵੇਂ ਤਾਂ ਉਸ ਤੋਂ ਬਿਹਤਰ ਹੋਵੇ।" ਗੁਰਬਾਣੀ ਦਾ ਫਰਮਾਨ ਹੈ- ਪਵਣੁ ਗੁਰੂ ਪਾਣੀ ਪਿਤਾ...। ਜਦੋਂ 1976 ਵਿਚ ਅਸੀਂ ਅਮਰੀਕਾ ਆਏ ਤੇ ਮੌਸਮ ਦੀ ਭਵਿਖਬਾਣੀ ਸੁਣਨੀ ਕਿ ਆਉਣ ਵਾਲੇ ਸਮੇਂ 'ਚ ਮੀਂਹ ਪੈਣ ਦੀ ਸੰਭਾਵਨਾ ਹੈ ਤਾਂ ਮੱਲੋ-ਮੱਲੀ ਹਾਸਾ ਆਉਣਾ ਕਿਉਂਕਿ ਉਦੋਂ ਮੀਂਹ ਦਾ ਮਤਲਬ ਸੀ ਕਿਣਮਿਣ ਕਾਣੀ। ਪਹਿਲੇ ਕਈ ਸਾਲ ਤਾਂ ਅਸੀਂ ਛਤਰੀ ਵੀ ਨਹੀਂ ਸੀ ਖੋਲ੍ਹੀ, ਜ਼ਰੂਰਤ ਹੀ ਨਹੀਂ ਸੀ ਪੈਂਦੀ ਪਰ ਹੁਣ ਜਦੋਂ ਮੋਹਲੇਧਾਰ ਝੱਖੜ ਅਮਰੀਕਾ ਵਿਚ ਵਰਸਦੇ ਹਨ ਤਾਂ ਪਿੰਡ ਦੀਆਂ ਬਰਸਾਤਾਂ ਯਾਦ ਆਉਂਦੀਆਂ ਹਨ।



ਇੰਡੀਆ ਵਿਚ ਉਦੋਂ ਮਾਨਸੂਨ ਦੋ ਵਾਰ ਆਉਂਦਾ ਸੀ; ਇਕ ਭਾਦੋਂ ਤਕ ਤੇ ਇਕ ਸਰਦੀਆਂ ਵਿਚ। ਸਰਦੀਆਂ ਵਾਲਾ ਨਾ

**ਠਾਕਰ ਸਿੰਘ ਬਸਾਤੀ**
**ਫੋਨ: 847-736-6092**

ਇੰਨਾ ਤਾਕਤਵਰ ਤੇ ਨਾ ਬਹੁਤੀ ਦੇਰ ਚੱਲਣ ਵਾਲਾ ਪਰ ਬਰਸਾਤ ਜ਼ਬਰਦਸਤ ਤੇ ਦੋ-ਢਾਈ ਮਹੀਨੇ। ਬਚਪਨ ਵੀ ਸੀ, ਕਿੰਨੀ ਕੁ ਦੇਰ ਅੰਦਰ ਡੱਕੇ ਰਹਿ ਸਕਦੇ ਸੀ! ਸਾਡੇ ਪਿੰਡ ਉਦੋਂ ਤਿੰਨ ਟੋਭੇ ਹੁੰਦੇ ਸਨ: ਲੁਹਾਰਾਂ ਵਾਲਾ, ਜੁਗਿੰਦਰ ਸਿੰਘ ਵਾਲਾ ਤੇ ਬਾਗ ਵਾਲਾ। ਹੁਣ ਸਿਰਫ ਬਾਗ ਵਾਲਾ ਹੀ ਰਹਿ ਗਿਆ, ਉਹ ਵੀ ਚੁਫੇਰਿਉਂ ਘਿਰਿਆ ਹੋਇਆ। ਹੁਣ ਇਸ ਵਿਚ ਬਰਸਾਤੀ ਪਾਣੀ ਨਹੀਂ ਪੈਂਦਾ, ਹੁਣ ਤਾਂ ਉਥੇ ਨਵਾਂ ਗੁਰਦੁਆਰਾ ਬਣਾਉਣ ਦੀ ਗੱਲ ਚੱਲ ਰਹੀ ਹੈ। ਉਦੋਂ ਹਵਾ ਦਾ ਰੁਖ ਦੇਖ ਕੇ ਦੱਸ ਦੇਈਦਾ ਸੀ ਕਿ ਮੀਂਹ ਕਦੋਂ ਆਵੇਗਾ। ਜੇ ਪੁਰੇ ਦੀ 'ਵਾ ਦੋ ਕੁ ਦਿਨ ਚੱਲ ਪਈ ਤੇ ਹਵਾ ਰੁਕ ਗਈ, ਬਸ ਬੱਦਲ ਆਏ ਕਿ ਆਏ। ਜੇ ਪੱਛਮ ਤੋਂ ਘਟਾ ਚੜ੍ਹ ਆਈ ਤਾਂ ਸਮਝੋ ਹਨੇਰੀ ਤੇ ਫਿਰ ਝੱਖੜ। ਦਰੱਖਤਾਂ ਦੇ ਟਾਹਣੇ ਟੁੱਟ ਜਾਣੇ। ਬਿਜਲੀ ਦੀ ਤਾਰਾਂ ਉਦੋਂ ਪਿੰਡਾਂ ਵਿਚ ਹੁੰਦੀਆਂ ਨਹੀਂ ਸਨ। ਮਕਾਨ ਜ਼ਿਆਦਾ ਕੱਚੇ ਸਨ, ਸੋ ਪਹਿਲਾਂ ਮੋਰੀਆਂ ਬੰਦ ਕਰਨੀਆਂ। ਘਰਾਂ ਵਿਚ ਮੋਘੇ ਰੱਖੇ ਹੁੰਦੇ ਸਨ, ਰੋਸ਼ਨੀ ਅੰਦਰ ਆਣ ਲਈ; ਉਨ੍ਹਾਂ 'ਤੇ ਤਸਲੇ ਮੂਧੇ ਮਾਰਨੇ। ਜੇ ਕਿਤੇ ਬਨੇਰੇ ਨੇੜੇ ਪਾਣੀ ਚੋਣ ਦੇ ਆਸਾਰ ਨਜ਼ਰ ਆਉਣੇ ਤਾਂ ਬੋਰੀ ਨਾਲ ਢਕ ਦੇਣਾ।

ਬਰਸਾਤ ਆਉਣ ਤੋਂ ਪਹਿਲਾਂ ਬਨੇਰਿਆਂ ਨੂੰ ਚੀਕਣੀ ਮਿੱਟੀ 'ਚ ਤੂੜੀ ਦੀਆਂ ਗੰਢਾਂ ਮਿਲਾ ਕੇ ਗਾਰਾ ਬਣਾਉਣਾ। ਦੋ-ਤਿੰਨ ਦਿਨਾਂ ਬਾਅਦ ਬਨੇਰੇ ਲਿੰਪਣੇ। ਕਈ ਵਾਰ ਕੰਮ ਨਿਬੇੜਨ ਲਈ ਮਜ਼ਦੂਰ ਜਾਂ ਆਬਤ ਲਾ ਲੈਣੀ। ਮਣਾਂ ਮੂੰਹੀਂ ਰੋਟੀ-ਦਾਲ ਬਣਨੀ। ਚਾਹ ਜੱਗ ਭਰ ਭਰ ਵਰਤਾਉਣੇ। ਹਈ ਸ਼ੇਰਾ, ਚੱਕ ਲੈ ਫੱਟੇ, ਹਾਹਾ ਹੀਹੀ, ਚਲਦੀ ਰਹਿਣੀ। ਕਿਤੇ-ਕਿਤੇ ਬਜ਼ੁਰਗਾਂ ਕੋਲੋਂ ਸ਼ਾਬਾਸ਼, ਕਿਤੇ ਝਿੜਕਾਂ। ਉਨ੍ਹਾਂ ਦਾ ਤਜਰਬਾ ਹੁੰਦਾ ਸੀ ਤੇ ਸਾਡੇ ਕੋਲ ਅੱਲੜਪੁਣਾ। ਕੋਠੇ ਨੀਵੇਂ ਹੁੰਦੇ ਸਨ। ਕੋਠਿਆਂ ਤੋਂ ਖਾਲੀ ਤਸਲੇ ਥੱਲੇ ਚਲਾ-ਚਲਾ ਮਾਰਨੇ। ਕਦੇ ਆਪ ਵੀ ਛਾਲ ਮਾਰ ਦੇਣੀ। ਸਾਡੇ ਪਿੰਡ ਕੁਝ ਅਜਿਹੇ ਲੋਕ ਵੀ ਸਨ ਜੋ ਭੱਜ ਕੇ ਕੋਠੇ 'ਤੇ ਚੜ੍ਹ ਜਾਂਦੇ ਸਨ। ਬਰਸਾਤਾਂ ਵਿਚ ਗੁਹਾਰੇ ਲਿੰਪ ਕੇ ਪਾਥੀਆਂ ਭਰ ਲਈਦੀਆਂ ਸਨ। ਇਕ ਵਾਰ ਮੇਰੀ ਬੇਬੇ ਕੋਲ ਖੜ੍ਹੀ ਗੁਹਾਰਾ ਲਿਪਾ ਰਹੀ ਸੀ, ਉਧਰੋਂ ਬਾਬੂ ਸਿੰਘ ਆ ਗਿਆ ਜੋ ਬੇਬੇ ਨੂੰ ਮਾਸੀ ਕਹਿੰਦਾ ਹੁੰਦਾ ਸੀ। ਬੇਬੇ ਬਾਬੂ ਨੂੰ ਕਹਿ ਬੈਠੀ ਕਿ ਮਰ ਜਾਣਿਆ ਮੁਹਾਰਾ ਲਿਪਵਾ ਦੇ। ਕਹਿੰਦਾ, ਠੀਕ ਹੈ ਮਾਸੀ, ਚਾਹ ਲੈ ਆ, ਮੈਂ ਲਿਪਵਾ ਦਿੰਨਾ। ਬੇਬੇ ਚਾਹ ਲੈ ਕੇ ਆਈ, ਬਾਬੂ ਗਾਇਬ। ਬੇਬੇ ਖੜ੍ਹ ਕੇ ਗਾਲਾਂ ਕੱਢਣ ਲੱਗ ਪਈ- ਪਤਾ ਨ੍ਹੀਂ ਕਿਥੇ ਮਰ ਗਿਆ। ਥੋੜ੍ਹੀ ਦੇਰ ਬਾਬੂ ਕਹਿੰਦਾ, "ਮਾਸੀ, ਕਿਸ ਨੂੰ ਗਾਲਾਂ ਕੱਢੀ ਜਾਨੀ?" ਨਿਗਾਹ ਮਾਰੀ ਤਾਂ ਬਾਬੂ ਗੁਹਾਰੇ ਦੇ ਸਿਖਰ 'ਤੇ ਬੈਠਾ ਸੀ।

ਜਦੋਂ ਮੀਂਹ ਪੈਣ ਲੱਗ ਪੈਣਾ ਤਾਂ ਜੇ ਕਿਤੇ ਪਾਣੀ ਰੁਕ ਜਾਵੇ ਤਾਂ ਡੱਕੇ ਨਾਲ ਘਰਾਲਾਂ ਬਣਾ ਕੇ ਪਾਣੀ ਲਈ ਰਸਤਾ ਬਣਾ ਦੇਣਾ। ਕਈ ਵਾਰ ਪਾਣੀ ਪਿੱਛੇ ਡਾਂਗਾਂ ਵੀ ਚੱਲ ਪੈਣੀਆਂ। ਪਾਣੀ ਦਾ ਵਹਾਓ ਹੁੰਦਾ ਹੀ ਇੰਨਾ ਤੇਜ਼ ਸੀ ਕਿ ਕਈ ਵਾਰ ਤਾਂ ਖਦਾਨ ਬਣ ਜਾਂਦੇ। ਸਾਡੇ ਪਿੰਡ ਕੋਲ ਦੀ ਗੰਦਾ ਨਾਲਾ ਵਗਦਾ ਹੈ ਜਿਸ ਵਿਚ ਚੰਡੀਗੜ੍ਹ ਦੇ ਸੀਵਰੇਜ ਦਾ ਪਾਣੀ ਆਉਂਦਾ ਹੈ। ਉਸ ਵਿਚ ਸ਼ਿਵਾਲਿਕ ਦੀਆਂ ਪਹਾੜੀਆਂ ਦਾ ਬਰਸਾਤੀ ਪਾਣੀ ਇਕ ਦਮ ਚੜ੍ਹ ਆਉਂਦਾ ਸੀ। ਪੁਲ ਤਾਂ ਉਦੋਂ ਹੁੰਦੇ ਨਹੀਂ ਸੀ, ਸੋ ਕਈ ਵਾਰ ਪਾਰ ਗਏ ਲੋਕ ਫਸ ਜਾਂਦੇ। ਕਈ ਵਾਰ ਦੋ-ਚਾਰ ਦਿਨ ਨਾਲ ਦੇ ਪਿੰਡਾਂ ਵਿਚ ਮਜਬੂਰਨ ਪ੍ਰਾਹੁਣੇ ਬਣ ਜਾਂਦੇ। ਸਾਡੇ ਸਕੂਲ ਦੇ ਵਿਚ ਵੀ ਬਰਸਾਤੀ ਨਦੀ ਪੈਂਦੀ ਸੀ। ਕਈ ਵਾਰ ਸਵੇਰੇ ਚੰਗੇ ਭਲੇ ਸਕੂਲ ਚਲੇ ਜਾਂਦੇ ਪਰ ਸ਼ਾਮੀਂ ਨਦੀ ਵਿਚ ਹੜ੍ਹ ਆ ਜਾਣਾ। ਫਿਰ ਤਿੰਨ ਕੁ ਮੀਲ ਵਲ ਪਾ ਕੇ ਘਰੇ ਪਹੁੰਚਣਾ। ਨਦੀ ਕਿਉਂਕਿ ਬਰਸਾਤੀ ਸੀ, ਸੋ ਖਦਾਨਾਂ (ਵੈੜਾਂ) ਵਿਚ ਲੋਕੀ ਸ਼ਰਾਬ ਦੇ ਮਟਕੇ ਦੱਬ ਜਾਂਦੇ ਸਨ। ਕਈ ਵਾਰ ਸ਼ਰਾਬ ਕੱਢ ਕੇ ਲਾਹਣ ਨਦੀ ਵਿਚ ਰੋੜ੍ਹ ਦਿੰਦੇ ਸਨ। ਭਾਰੀ ਬਰਸਾਤ ਪੈਣੀ ਤਾਂ ਮੱਟ ਨੰਗੇ ਵੀ ਹੋ ਜਾਂਦੇ ਸਨ। ਸਾਡਾ ਸਕੂਲ ਪਿੰਡੋਂ ਦੋ ਮੀਲ ਸੀ ਤੇ ਕੱਚੀ ਗੋਹਰ ਸੀ ਜੋ ਤਿੰਨ ਮਹੀਨੇ ਬਰਸਾਤੀ ਪਾਣੀ ਨਾਲ ਭਰੀ ਰਹਿੰਦੀ ਸੀ। ਪਜਾਮਾ ਜੁੱਤੀ ਅਸੀਂ ਸਕੂਲ ਤੋਂ ਅੱਧਾ ਮੀਲ ਪਹਿਲਾਂ ਘੁਮਿਆਰਾਂ ਦੇ ਨਲਕੇ 'ਤੇ ਪੈਰ ਧੋ ਕੇ ਪਾਉਂਦੇ ਅਤੇ ਸਕੂਲ ਨਿਕਲਦਿਆਂ ਹੀ ਪਜਾਮਾ ਝੋਲੇ ਵਿਚ ਤੇ ਜੁੱਤੀਆਂ ਹੱਥ 'ਚ ਫੜ ਲੈਂਦੇ। ਤੈਰਨਾ ਸਾਨੂੰ ਆਉਂਦਾ ਨਹੀਂ ਸੀ, ਅਸੀਂ ਤਾਂ ਬਸ ਮੱਝਾਂ ਕੱਟੀਆਂ ਨੂੰ ਲੁਹਾਰਾਂ ਵਾਲੇ ਟੋਭੇ 'ਚ ਨਹਾਉਣ ਲੈ ਜਾਂਦੇ ਸਾਂ ਤੇ ਕਿਸੇ ਦੀ ਪੂਛ ਫੜ ਕੇ ਦੋ ਕੁ ਪੈਰ ਮਾਰ ਲੈਣੇ। ਬਸ ਸਾਡੇ ਲਈ ਇਹੀ ਚੈਂਪੀਅਨਸ਼ਿਪ ਬਰਾਬਰ ਸੀ ਪਰ ਪਿੰਡ ਵਾਲੇ ਚੋਏ ਵਿਚ ਬਰਸਾਤ ਵਿਚ ਕਿਤੋਂ ਲੱਕੜਾਂ, ਫਿੰਡਾਂ (ਗੇਂਦਾਂ) ਅਤੇ ਵਰਤੇ ਹੋਏ ਨਿਰੋਧ ਆਮ ਆ ਜਾਂਦੇ। ਲੱਕੜਾਂ ਘੁਮਿਆਰਾਂ ਦੇ ਤੈਰਾਕ ਮੁੰਡੇ ਭੱਜ ਫੜ ਲੈਂਦੇ ਸਨ।

ਘਰੇ ਬੈਠੇ ਮੀਂਹਾਂ ਤੋਂ ਤੰਗ ਆ ਕੇ ਕਦੇ-ਕਦੇ ਬੋਰੀ ਦੀ ਝੁੰਮੀ ਮਾਰ ਲੈਣੀ, ਹੱਥ 'ਚ ਸੋਟੀ ਲੈ ਬਾਹਰ ਨਿਕਲ ਜਾਣਾ। ਕਿਤੇ-ਕਿਤੇ ਸ਼ਰਾਰਤ ਕਰਕੇ ਪਾਣੀ ਕਿਸੇ ਖੁੰਡ ਵਿਚ ਪਾ ਦੇਣਾ ਤੇ ਫਿਰ ਵਿਚੋਂ ਕਦੇ ਚੂਹਾ ਕਦੇ ਸੱਪ ਬਾਹਰ ਨਿਕਲ ਆਉਣਾ। ਜੇ ਤਾਂ ਸੋਟੀ ਸਹੀ ਵੱਜ ਗਈ, ਫਿਰ ਜਿੱਤ ਸਾਡੀ, ਨਹੀਂ ਚੀਕ ਮਾਰ ਕੇ ਜਿੱਧਰ ਨੂੰ ਮੂੰਹ ਹੋਇਆ, ਭੱਜ ਜਾਣਾ। ਇਕ ਵਾਰ ਮੱਕੀ ਨੂੰ ਪਾਣੀ ਲਾ ਰਿਹਾ ਸਾਂ। ਖੁੰਡ ਵਿਚ ਪਾਣੀ ਭਰ ਦਿੱਤਾ, ਅੰਦਰੋਂ ਖੂੰਖਾਰ ਚੂਹਾ ਮੇਰੇ ਵੱਲ ਕਚੀਚੀਆਂ ਵੱਟੇ। ਮੈਂ ਕਹੀ ਮਾਰੀ ਤਾਂ ਉਸ ਦੇ ਨਾ ਲੱਗੀ, ਉਸ ਨੇ ਕਹੀ ਨੂੰ ਦੰਦੀ ਵੱਢ ਲਈ। ਮੈਂ ਚੀਕਾਂ ਮਾਰਦਾ ਛੋਟੇ ਤਾਏ ਕੋਲ ਭੱਜਾ ਆਇਆ। ਅੱਗਿਓਂ ਉਹ ਹੱਸੇ- "ਬੱਲੇ ਓ ਬਹਾਦਰਾ! ਹਥਿਆਰ ਵੀ ਛੱਡ ਆਇਆਂ"।

ਇਸੇ ਤਰ੍ਹਾਂ ਇਕ ਵਾਰ ਢੱਕਾਂ 'ਚੋਂ ਚਕਰਚੂੰਡਾ ਵੱਢਣ ਚਲਾ ਗਿਆ। ਪਿੰਡ 'ਚ ਕਿਸੇ ਹੋਰ ਦੇ ਘਰ ਵਿਚ ਚਕਰਚੂੰਡਾ ਲਾਇਆ ਸੀ। ਮੈਂ ਕੁਝ ਲੈਣ ਲਈ ਕਿਹਾ ਤਾਂ ਕਿਸੇ ਨੇ ਬੋਲੀ ਮਾਰ ਦਿੱਤੀ, "ਵੱਡੇ ਲੰਬੜਦਾਰ ਬਣੀ ਫਿਰਦੇ ਹੋ, ਆਪਣੇ ਢੱਕਾਂ ਵਿਚੋਂ ਵੱਢ ਲਿਆ।" ਦੂਜੇ ਦਿਨ ਸਵੇਰੇ ਝੁੰਮੀ ਮਾਰੀ, ਕੁਹਾੜੀ ਲੈ ਕੇ ਢੱਕ ਵੱਢਣ ਚਲਾ ਗਿਆ। ਦੂਜਾ ਹੀ ਟੱਕ ਮਾਰਿਆ ਸੀ ਕਿ ਇਕ ਜਾਨਵਰ ਨੇ ਚੀਕਾਂ ਛੱਡ ਦਿੱਤੀਆਂ। ਦੇਖਿਆ ਤਾਂ ਉਹ ਮੇਰੇ ਵਲ ਦੰਦ ਕਰੀਚ ਰਿਹਾ ਸੀ। ਲੰਗੂਰ ਸੀ। ਕੁਹਾੜੀ ਤੇ ਝੁੰਮੀ ਸਿੱਟੀ ਉਥੇ ਹੀ, ਤੇ ਸਿੱਧਾ ਘਰ। ਹੌਂਕਦੇ ਨੂੰ ਘਰਦਿਆਂ ਨੇ ਪੁੱਛਿਆ, "ਮੱਲਾ, ਲਾਲ ਕਿਉਂ ਹੋਇਆਂ?" ਦਾਸਤਾਂ ਦਸ ਦਿੱਤੀ ਤਾਂ ਬਜ਼ੁਰਗ ਹੱਸਣੋਂ ਨਾ ਹਟਣ। ਆਖਰ ਉਨ੍ਹਾਂ ਮੇਰੇ ਨਾਲ ਕਾਮਾ ਭੇਜ ਦਿੱਤਾ ਤੇ ਅਸੀਂ ਆਪਣੀ ਮੁਹਿੰਮ ਵਿਚ ਕਾਮਯਾਬੀ ਹਾਸਲ ਕੀਤੀ। ਕੁਹਾੜੀ ਵੀ ਉਥੇ ਹੀ ਸੀ, ਸੋ ਡਾਂਟ ਪੈਣੋਂ ਬਚ ਗਈ ਕਿਉਂਕਿ ਕੁਹਾੜੀ ਮਹਿੰਗੀ ਸੀ।

ਕਈ ਵਾਰ ਖੇਤਾਂ ਵਿਚ ਵਗਦੇ ਪਾਣੀ ਕਰਕੇ ਪੰਗੇ ਵੀ ਪੈ ਜਾਂਦੇ। ਸਾਡੀ ਗਲੀ ਵਿਚ ਇਕ ਪਰਿਵਾਰ ਸੀ ਜਿਸ ਨਾਲ ਗੁਆਂਢੀਆਂ ਦੀ ਅਣਬਣ ਰਹਿੰਦੀ ਸੀ। ਸਾਡੇ ਘਰਦੇ ਇਨ੍ਹਾਂ ਖਿਲਾਫ ਉਸ ਪਰਿਵਾਰ ਦੇ ਹੱਕ ਵਿਚ ਖੜ੍ਹਦੇ ਸਨ। ਇਕ ਦਿਨ ਕਾਮੇ ਨੇ ਆ ਕੇ ਦੱਸਿਆ ਕਿ ਇਨ੍ਹਾਂ ਨੇ ਆਪਣੇ ਖੇਤ ਵਿਚੋਂ ਸਾਡੇ ਖੇਤ ਵਿਚ ਪਾਣੀ ਪਾ ਦਿੱਤਾ ਤੇ ਨਾਲ ਕਿਹਾ ਕਿ ਕੋਈ ਆ ਕੇ ਕਿਵੇਂ ਰੋਕੇਗਾ। ਪਿੱਛੇ-ਪਿੱਛੇ ਉਹ ਆਦਮੀ ਵੀ ਆ ਗਿਆ। ਬਜ਼ੁਰਗ ਨੇ ਝੱਟ ਨਹੀਂ ਪੈਣ ਦਿੱਤੀ ਕਿ ਚਾਹ ਲਿਆ ਤੇ ਚੰਗੀ ਖੜਕੈਂਤੀ ਕੀਤੀ। ਸਾਡੇ ਦੋ ਹਲਾਂ ਦੀ ਖੇਤੀ ਸੀ। ਇਕ ਦੋ ਵਹਿੜਕਾ, 4-5 ਮੱਝਾਂ, ਦੋ ਕੁ ਗਊਆਂ ਹੁੰਦੀਆਂ; ਸੋ ਚਾਰਾ ਵਾਹਵਾ ਲਗਦਾ ਸੀ। ਮੈਨੂੰ ਯਾਦ ਹੈ, ਚਰ੍ਹੀ ਦੇ 7 ਭਾਰ (ਭਰੀ) ਲੈ ਕੇ ਆਏ, 5 ਭਾਰਾਂ ਦਾ ਟੋਕਾ ਤਾਂ ਮੈਂ ਕਰ ਦਿੱਤਾ ਪਰ ਅਗਲੇ ਦੋਹਾਂ ਲਈ ਕਾਮੇ ਦੀ ਮਦਦ ਲਈ। ਉਦੋਂ ਹੱਥ-ਟੋਕਾ ਹੀ ਹੁੰਦਾ ਸੀ। ਇੰਜਣ ਤੇ ਬਿਜਲੀ ਵਾਲੇ ਤਾਂ ਬਾਅਦ ਵਿਚ ਆਏ। ਉਦੋਂ ਤਾਂ ਪੱਟਾਂ 'ਤੇ ਖੱਲਾਂ ਪੈਂਦੀਆਂ ਸਨ, ਹੁਣ ਝੁਰਣੀਆਂ। ਸਾਡੇ 2 ਕੁ ਸਾਂਝੀ ਹੁੰਦੇ ਸਨ, ਦੋ ਕੁ ਕਾਮੇ।

ਗੁਆਂਢ ਵਿਚ ਇਕ ਪਧਾਨੀ ਰਹਿੰਦੀ ਸੀ ਇਕੱਲੀ। ਮੇਰੀ ਦਾਦੀ (ਅੰਮਾ) ਦੀ ਉਹ ਕਦੇ ਪੱਕੀ ਸਹੇਲੀ, ਕਦੇ ਸੌਕਣ। ਜਦੋਂ ਖੜਕ ਪੈਣੀ, ਦੋ ਕੁ ਦਿਨ ਬਿਲਕੁਲ ਚੁੱਪ; ਫਿਰ 'ਮੈਂ ਤੇਰੀ ਬੋਬੋ, ਤੂੰ ਮੇਰੀ ਬੋਬੋ, ਭੈਣੇ ਕੌਣ ਹੈ ਕਿਸੇ ਦਾ। ਆ ਬਹਿ ਜਾ'। ਉਹ ਆਪਣੇ ਇਸ਼ਟ ਦੀ ਪੱਕੀ ਸੀ। ਖੂਹ ਦੇ ਪਾਣੀ ਨਾਲ ਹੀ ਨਹਾਉਣਾ-ਧੋਣਾ। ਜੇ ਕਿਤੇ ਕਥਿਤ ਛੋਟੀ ਜਾਤ ਦਾ ਕੋਈ ਸਾਹਮਣੇ ਆ ਗਿਆ, ਰਾਹ ਬਦਲ ਲੈਂਦੀ ਸੀ। ਸਾਡੇ ਘਰੇ ਜਦੋਂ ਦਾ ਚਮੜੇ ਦੀ ਬੋਕੀ ਵਾਲਾ ਨਲਕਾ ਲੱਗ ਗਿਆ, ਉਸ ਚਾਹ ਪੀਣੀ ਛੱਡ ਦਿੱਤੀ। ਇਕ ਵਾਰ ਰੱਬ ਦਾ ਭਾਣਾ, ਤਿੰਨ ਕੁ ਦਿਨ ਬਰਸਾਤ ਲੱਗ ਗਈ। ਚੰਗੀ ਝੜੀ ਲੱਗੀ। ਉਸ ਦਾ ਕੱਚਾ ਕੋਠਾ ਜਿਥੇ ਉਹ ਮੰਜੀ 'ਤੇ ਪਈ ਸੀ, ਉਸ ਉਤੇ ਡਿੱਗ ਪਿਆ। ਉਧਰੋਂ ਸਾਡਾ ਕਾਮਾ ਕਹੀ ਲੈ ਕੇ ਖੇਤੋਂ ਵਾਪਸ ਆ ਰਿਹਾ ਸੀ। ਉਸ ਨੇ ਦੇਖ ਲਿਆ। ਰੌਲਾ ਪਾ ਦਿੱਤਾ ਤੇ ਪਿੰਡ ਦੇ ਇਕੱਠੇ ਹੋਏ ਲੋਕਾਂ ਨੇ ਉਸ ਨੂੰ ਕੱਢ ਲਿਆ। ਸਭ ਤੋਂ ਪਹਿਲਾਂ ਉਸ ਕਥਿਤ ਨੀਵੀਂ ਜਾਤ ਦੇ ਨੌਕਰ ਨੇ ਉਸ ਦੇ ਮੂੰਹ ਵਿਚ ਪਾਣੀ ਪਾਇਆ ਤੇ ਉਹ ਬਚ ਗਈ। ਥੋੜ੍ਹੇ ਦਿਨਾਂ ਬਾਅਦ ਉਸ ਦਾ ਕੋਠਾ ਫਿਰ ਬਣਵਾ ਦਿੱਤਾ।

ਬਰਸਾਤ ਵਿਚ ਨਾਲ ਦੇ ਪਿੰਡੋਂ ਗੁੱਗੇ ਦੀ ਛੜੀ ਆਉਂਦੀ ਸੀ। ਬੇਸਣ ਦੇ ਪੂੜੇ ਤੇ ਖੀਰ ਬਣਨੇ। ਹੋਰ ਵੀ ਕਿੰਨੇ ਤਿਉਹਾਰ ਮਨਾਉਂਦੇ ਸਾਂ। ਗੁੱਗੇ ਪੀਰ ਦੀ ਕਹਾਣੀ ਡਮਰੂ ਨਾਲ ਸੁਣਾਈ ਜਾਂਦੀ। ਹੁਣ ਤਾਂ ਬਸ ਪੱਕੇ ਮਕਾਨਾਂ ਵਿਚ ਬਾਹਰ ਝੱਖੜ, ਅੰਦਰ ਟੀ.ਵੀ.। ਨਾ ਕੋਠੇ ਲਿਪਣੇ, ਨਾ ਮੋਰੀਆਂ ਬੰਦ ਕਰਨੀਆਂ ਪਰ ਤਾਂ ਵੀ ਵਾਤਾਵਰਨ ਦਾ ਖਿਆਲ ਰੱਖਣਾ ਪੈਣਾ; ਨਹੀਂ ਤਾਂ ਪਤਾ ਨਹੀਂ ਆਉਣ ਵਾਲੀ ਨਸਲਾਂ ਲਈ ਕੀ-ਕੀ ਆਫਤਾਂ ਆਉਣਗੀਆਂ।

# ਪ੍ਰੋ. ਗੁਰਭਜਨ ਸਿੰਘ ਗਿੱਲ ਦੀ ਖੇਡ ਰਚਨਾ

*(ਪਿਛਲੇ ਸਫੇ ਦੀ ਬਾਕੀ)*

ਜੰਗਲ 'ਚੋਂ ਤਹਿਜ਼ੀਬ ਵੱਲ ਪਰਤਿਆ ਤਾਂ ਉਹਨੇ ਇਕ ਦੂਜੇ ਦੇ ਡਰੋਂ, ਇਕ ਦੂਜੇ ਦਾ ਆਸਰਾ ਲੱਭ ਕੇ ਪਿੰਡ ਵਸਾਏ ਹੋਣਗੇ। ਪੇਂਡੂ ਜ਼ਿੰਦਗੀ ਦਾ ਆਧਾਰ ਹੀ ਇਕ ਦੂਜੇ ਉਤੇ ਨਿਰਭਰਤਾ, ਇਕ ਦੂਜੇ ਦਾ ਆਸਰਾ ਅਤੇ ਇਕ ਦੂਜੇ ਨਾਲ ਸਹਿਯੋਗ ਦੀ ਭਾਵਨਾ ਹੈ।

ਧਰਤੀ ਮਾਂ ਹੈ। ਕਿਸਾਨ ਇਸ ਦਾ ਪੁੱਤਰ ਹੈ। ਇਨ੍ਹਾਂ ਮਾਂ-ਪੁੱਤਰਾਂ ਦਾ ਰਿਸ਼ਤਾ ਪਿੰਡ 'ਚ ਏਨਾ ਪਵਿੱਤਰ ਹੈ ਕਿ ਸ਼ਹਿਰ ਇਸ ਦੇ ਨੇੜੇ-ਤੇੜੇ ਨਹੀਂ ਖਲੋ ਸਕਦੇ। ਆਪਣੀ ਸੁਰੱਖਿਆ ਅਤੇ ਬਾਹੂਬਲ ਪਰਖਦੇ ਰਹਿਣ ਦੀ ਭਾਵਨਾ ਨੇ ਹੀ ਇਸ ਧਰਤੀ ਪੁੱਤਰ ਨੂੰ ਅਖਾੜੇ ਬਖਸ਼ੇ ਹਨ। ਇਨ੍ਹਾਂ ਅਖਾੜਿਆਂ ਵਿਚ ਕੁਸ਼ਤੀਆਂ, ਵੀਣੀ ਫੜਨਾ, ਬੋਰੀ ਚੁੱਕਣਾ, ਲੱਠ ਚੁੱਕਣਾ ਅਤੇ ਮੁਗਦਰ ਚੁੱਕਣ ਤੇ ਮੁੰਗਲੀਆਂ ਫੇਰਨ ਵਰਗੇ ਵਿਅਕਤੀਗਤ ਮੁਕਾਬਲੇ ਸਮੂਹ ਖੇਡ ਮੁਕਾਬਲੇ ਬਣ ਗਏ। ਵੇਖਦੇ-ਵੇਖਦੇ ਕਬੱਡੀ ਪੰਜਾਬੀਆਂ ਦੀ ਹਰਮਨ ਪਿਆਰੀ ਖੇਡ ਬਣ ਗਈ। ਅੱਜ ਕਿਹੜਾ ਪਿੰਡ ਹੈ, ਜਿਥੇ ਕਬੱਡੀ ਨਾ ਖੇਡੀ ਜਾਂਦੀ ਹੋਵੇ।

ਛੇਵੇਂ ਗੁਰੂ ਹਰਗੋਬਿੰਦ ਸਾਹਿਬ ਜੀ ਨੇ ਜਿਸਮਾਨੀ ਵਰਜਿਸ਼ ਨਾਲ ਸਰੀਰਕ ਬਲ ਨੂੰ ਮਜ਼ਬੂਤ ਕਰਨ ਦੇ ਆਸ਼ੇ ਨਾਲ 'ਮੱਲ ਯੁੱਧ' ਭਾਵ ਕੁਸ਼ਤੀਆਂ ਦੇ ਅਖਾੜੇ ਅਰੰਭੇ। ਗੁਰੂ ਸਾਹਿਬਾਨ ਦੀ ਪ੍ਰੇਰਨਾ ਦੇ ਫਲਸਰੂਪ ਖੇਡਾਂ ਪੰਜਾਬੀ ਜਨ-ਜੀਵਨ ਦਾ ਮਾਣ-ਮੱਤਾ ਚਿੰਨ੍ਹ ਬਣ ਗਈਆਂ। ਜੇਤੂ ਪਹਿਲਵਾਨਾਂ ਨੂੰ ਇਨਾਮ ਸਨਮਾਨ ਬਖਸ਼ੇ ਜਾਂਦੇ। ਪਿੰਡ ਵਾਲੇ ਆਪਣੇ ਪਿੰਡ ਦੇ ਪਹਿਲਵਾਨ ਲਈ ਖੁਰਾਕ 'ਕੱਠੀ ਕਰਦੇ। ਹੋਣਹਾਰ ਪਹਿਲਵਾਨ ਆਪਣੇ ਘਰ ਦਾ ਹੀ ਨਹੀਂ, ਪੂਰੇ ਪਿੰਡ ਦਾ ਪੁੱਤਰ ਸਮਝਿਆ ਜਾਂਦਾ। ਸਾਧਾਂ ਦੇ ਡੇਰਿਆਂ ਤੇ ਪੀਰਾਂ ਦੀਆਂ ਮਜ਼ਾਰਾਂ 'ਤੇ ਲੱਗਦੇ ਮੇਲੇ ਇਨ੍ਹਾਂ ਪਹਿਲਵਾਨਾਂ ਲਈ ਜ਼ੋਰ ਅਜ਼ਮਾਈ ਦਾ ਵਸੀਲਾ ਬਣਦੇ।

ਪੰਜਾਬ ਦੇ ਨਿਰਛਲ, ਨਿਰਕਪਟ ਤੇ ਨਿਰਮਲ ਪੁੱਤਰਾਂ ਨੂੰ ਜੇ ਨਿਖੇੜ ਕੇ ਵੇਖਣਾ ਤਾਂ ਖੇਡ ਅਖਾੜਿਆਂ ਵਿਚ ਹੀ ਵੇਖਿਆ ਜਾ ਸਕਦਾ ਹੈ। 1933 ਤੋਂ ਲੁਧਿਆਣੇ ਜਿਲੇ ਦੇ ਪਿੰਡ ਕਿਲਾ ਰਾਏਪੁਰ ਨੇ ਗਰੇਵਾਲ ਸਪੋਰਟਸ ਐਸੋਸੀਏਸ਼ਨ ਦੇ ਝੰਡੇ ਹੇਠ ਜਦੋਂ ਪਹਿਲੀ ਵਾਰ ਖੇਡਾਂ ਕਰਵਾਉਣ ਦਾ ਸੁਪਨਾ ਲਿਆ ਹੋਵੇਗਾ ਤਾਂ ਕਿਸੇ ਨੂੰ ਪਤਾ ਨਹੀਂ ਹੋਣਾ ਕਿ ਇਹ 'ਖੇਲ੍ਹਾਂ' ਖੇਡ ਲਹਿਰ ਦਾ ਰੂਪ ਧਾਰ ਲੈਣਗੀਆਂ। ਅੱਜ ਪੰਜਾਬ ਦੇ ਅੱਧੇ ਪਿੰਡਾਂ ਵਿਚ ਪੇਂਡੂ ਖੇਡ ਮੇਲੇ ਹੁੰਦੇ ਹਨ। ਪਿੰਡਾਂ ਦੀ ਨੁਹਾਰ ਬਦਲਣ ਵਿਚ ਪੇਂਡੂ ਖੇਡ ਮੇਲਿਆਂ ਦਾ ਵਡਮੁੱਲਾ ਯੋਗਦਾਨ ਹੈ।

ਪੰਜਾਬ ਦੇ ਤੇਰਾਂ ਹਜ਼ਾਰ ਤੋਂ ਵੱਧ ਪਿੰਡਾਂ ਦੀ ਸ਼ਕਤੀ ਨੂੰ ਨਿਸ਼ਚਿਤ ਦਿਸ਼ਾ ਵਿਚ ਖੇਡ-ਸਭਿਆਚਾਰ ਅਧੀਨ ਵਿਕਸਿਤ ਕਰਨ ਲਈ ਮੁੜ ਬਲਾਕ ਪੱਧਰ ਦੇ ਖੇਡ ਮੁਕਾਬਲੇ ਵਿਓਂਤਣ ਦੀ ਸਰਕਾਰੀ ਪੱਧਰ 'ਤੇ ਜ਼ਰੂਰਤ ਹੈ। ਖੇਡ ਕਲੱਬਾਂ ਦਾ ਭਰਪੂਰ ਸਹਿਯੋਗ ਲਿਆ ਜਾ ਸਕਦਾ ਹੈ। ਪੰਜਾਬ ਰਾਜ ਪੇਂਡੂ ਖੇਡ ਪ੍ਰਮੋਸ਼ਨ ਕੌਂਸਲ ਇਸ ਕਾਰਜ ਵਿਚ ਵੱਡੀ ਧਿਰ ਬਣ ਸਕਦੀ ਹੈ। ਸਾਫ ਨੀਅਤ ਤੇ ਸਪੱਸ਼ਟ ਨੀਤੀ ਨਾਲ, ਪੇਂਡੂ ਖੇਡ ਮੇਲਿਆਂ ਦੀ ਸ਼ਕਤੀ ਨਾਲ ਪੰਜਾਬ ਦਾ ਸ਼ਕਤੀਸ਼ਾਲੀ ਖੇਡ ਸਭਿਆਚਾਰ ਉਸਰ ਸਕਦਾ ਹੈ ਅਤੇ ਪੰਜਾਬੀਆਂ ਦੇ ਬਾਹੂਬਲ ਨੂੰ ਕੌਮੀ ਤੇ ਕੌਮਾਂਤਰੀ ਪੱਧਰ 'ਤੇ ਪਛਾਣ ਦਿਵਾਈ ਜਾ ਸਕਦੀ ਹੈ।

ਗੁਰਭਜਨ ਗਿੱਲ ਸਹੁਰੇ ਪਿੰਡ ਕਿਲਾ ਰਾਏਪੁਰ, ਗੁੱਜਰਵਾਲ, ਲਲਤੋਂ, ਘਮੋਟ ਆਦਿ ਦੇ ਪੇਂਡੂ ਖੇਡ ਮੇਲਿਆਂ ਨਾਲ ਪ੍ਰਬੰਧਕ ਦੇ ਤੌਰ 'ਤੇ ਜੁੜਿਆ ਆ ਰਿਹੈ। ਖੇਤੀਬਾੜੀ ਯੂਨੀਵਰਸਿਟੀ ਲੁਧਿਆਣੇ ਦੇ ਪ੍ਰਿਥੀਪਾਲ ਸਿੰਘ ਯਾਦਗਾਰੀ ਹਾਕੀ ਟੂਰਨਾਮੈਂਟ ਵਿਚ ਹੱਥ ਵਟਾਉਂਦਾ ਰਿਹੈ। ਵੀਹ ਸਾਲਾਂ ਤੋਂ ਮਾਝੇ ਦੀਆਂ ਮਸ਼ਹੂਰ 'ਕੋਟਲਾ ਸ਼ਾਹੀਆਂ ਦੀਆਂ ਖੇਡਾਂ' ਕਰਾਉਣ ਵਿਚ ਖੇਡ ਪ੍ਰੋਮੋਟਰ ਪ੍ਰਿਥੀਪਾਲ ਸਿੰਘ ਦੇ ਅੰਗ-ਸੰਗ ਹੈ। ਇਨ੍ਹਾਂ ਖੇਡਾਂ ਵਿਚ ਪੰਜਾਬ ਦੇ ਹੋਣਹਾਰ ਖਿਡਾਰੀਆਂ ਤੇ ਖੇਡ ਲੇਖਕਾਂ ਨੂੰ ਸਨਮਾਨਿਤ ਕੀਤਾ ਜਾਂਦਾ ਹੈ ਅਤੇ ਪੰਜਾਬੀ ਦੀਆਂ ਖੇਡ ਪੁਸਤਕਾਂ ਖਿਡਾਰੀਆਂ ਨੂੰ ਇਨਾਮ ਵਜੋਂ ਵੰਡੀਆਂ ਜਾਂਦੀਆਂ ਹਨ। ਗੁਰਭਜਨ ਸਿੰਘ ਨੇ ਦਰਜਨ ਤੋਂ ਵੱਧ ਉੱਘੇ ਖਿਡਾਰੀਆਂ ਦੇ ਰੇਖਾ ਚਿੱਤਰ ਰੂਹ ਨਾਲ ਉਲੀਕੇ ਹਨ, ਜਿਨ੍ਹਾਂ 'ਚ ਉਸ ਦੇ ਨੇੜਲੇ ਮਿੱਤਰ ਸਵਰਗੀ ਸੁਰਜੀਤ ਸਿੰਘ ਦਾ ਸ਼ਬਦ ਚਿੱਤਰ ਵੀ ਹੈ। ਪੇਸ਼ ਹੈ, ਲੰਮੇ ਸ਼ਬਦ ਚਿੱਤਰ ਦਾ ਆਖਰੀ ਭਾਗ:

**ਹਾਕੀ ਦਾ ਫੁੱਲਬੈਕ ਸੁਰਜੀਤ ਰੰਧਾਵਾ**


ਮੇਰਾ ਸੁਭਾਗ ਹੈ ਕਿ ਲੁਧਿਆਣੇ ਰਹਿਣ ਕਰਕੇ ਮੈਂ ਹਾਕੀ ਉਲੰਪੀਅਨ ਪ੍ਰਿਥੀਪਾਲ ਸਿੰਘ ਤੇ ਸੁਰਜੀਤ ਸਿੰਘ ਰੰਧਾਵਾ ਦੀਆਂ ਬਹੁਤ ਸਾਰੀਆਂ ਗੱਲਾਂ ਨੂੰ ਨੇੜਿਓਂ ਜਾਣਿਆ ਤੇ ਮਾਣਿਆ ਹੈ। 1982 ਦੀਆਂ ਏਸ਼ਿਆਈ ਖੇਡਾਂ ਮੌਕੇ ਪ੍ਰਿਥੀਪਾਲ ਸਿੰਘ ਵੀ ਭਾਰਤੀ ਉਲੰਪਿਕ ਸੰਘ ਨਾਲ ਗੁੱਸੇ ਸੀ ਤੇ ਸੁਰਜੀਤ ਵੀ। ਪ੍ਰਿਥੀਪਾਲ ਨੂੰ ਉਸ ਦਾ ਸਮਕਾਲੀ ਪਾਕਿਸਤਾਨੀ ਖਿਡਾਰੀ ਗੁਲਾਮ ਰਸੂਲ ਨਵੀਂ ਦਿੱਲੀ 'ਚ ਉਡੀਕਦਾ ਰਿਹਾ, ਪਰ ਪ੍ਰਿਥੀਪਾਲ ਉਥੇ ਨਹੀਂ ਗਿਆ। ਗੁਲਾਮ ਰਸੂਲ ਪਾਕਿਸਤਾਨ ਪਰਤਦਿਆਂ ਪ੍ਰਿਥੀਪਾਲ ਨੂੰ ਲੁਧਿਆਣੇ ਖੇਤੀਬਾੜੀ ਯੂਨੀਵਰਸਿਟੀ ਵਿਚ ਮਿਲ ਕੇ ਗਿਆ। ਮੈਨੂੰ ਸੁਰਜੀਤ ਤੇ ਪ੍ਰਿਥੀਪਾਲ ਵਿਚਕਾਰ ਸਾਂਝੀ ਤੰਦ ਉਹ ਹਾਵ-ਭਾਵ ਅਤੇ ਜਜ਼ਬਾਤ ਦਿਸਦੇ ਹਨ, ਜਿਨ੍ਹਾਂ ਕਾਰਨ ਉਹ ਸਮੇਂ ਦੀ ਖੁਦਗਰਜ਼ ਮੁੱਖ ਧਾਰਾ ਨਾਲ ਤੁਰਨੋਂ ਅਸਮਰੱਥ ਰਹੇ। ਦੋਵੇਂ ਕਿਸੇ ਦੀ ਟੈਅ ਨਹੀਂ ਸਨ ਮੰਨਦੇ। ਬਿਲਕੁਲ ਪ੍ਰੋ. ਪੂਰਨ ਸਿੰਘ ਦੀ ਕਵਿਤਾ ਦੇ ਨਾਇਕ ਪੰਜਾਬ ਦੇ ਜੁਆਨਾਂ ਵਾਂਗ ਬਿਊਨਿਸ ਏਅਰਜ਼ ਵਰਲਡ ਕੱਪ ਦੀ ਤਿਆਰੀ ਵੇਲੇ ਉਹ ਬਲਦੇਵ ਅਤੇ ਵਰਿੰਦਰ ਸਮੇਤ ਐਨ. ਆਈ. ਐਸ. ਪਟਿਆਲਾ ਵਿਚ ਲੱਗਿਆ ਕੈਂਪ ਛੱਡ ਕੇ ਘਰੋ ਘਰੀਂ ਆ ਗਏ। ਪੂਰੇ ਹਾਕੀ ਜਗਤ ਵਿਚ ਤਹਿਲਕਾ ਮੱਚ ਗਿਆ। ਖੇਡ ਪ੍ਰੇਮੀ ਪ੍ਰੇਸ਼ਾਨ ਸਨ ਕਿ ਭਾਰਤ ਹੁਣ ਕੀ ਕਰੇਗਾ? ਹਾਕੀ ਟੀਮ ਦੇ ਇਕ ਚੋਣਕਾਰ ਨੇ ਪੰਜਾਬ ਦੇ ਖਿਲਾਫ ਕੋਈ ਬੇਹੂਦਾ ਗੱਲ ਆਖੀ ਸੀ, ਜੋ ਸੁਰਜੀਤ ਨੂੰ ਨਾਖੁਸ਼ਗਵਾਰ ਗੁਜ਼ਰੀ। ਉਸ ਨੇ ਰੋਸ ਵਜੋਂ ਸਾਰਾ ਕੁਝ ਕਹਿ ਸੁਣਾਇਆ, ਜੋ ਅਣਖੀਲੇ ਪੰਜਾਬੀ ਵੱਲੋਂ ਕਹਿਣਾ ਬਣਦਾ ਸੀ। ਮਸਲੇ ਨੂੰ ਸੁਲਝਾਉਣ ਵਾਲਿਆਂ ਨੇ ਵਰਿੰਦਰ ਅਤੇ ਬਲਦੇਵ ਨੂੰ ਤਾਂ ਟੀਮ ਵਿਚ ਵਾਪਸ ਲੈ ਲਿਆ, ਪਰ ਸੁਰਜੀਤ ਨੂੰ ਨਾ ਲਿਆ। ਭਾਰਤੀ ਟੀਮ ਬੁਰੀ ਤਰ੍ਹਾਂ ਹਾਰੀ। ਇਸ ਨਮੋਸ਼ੀ ਭਰੀ ਹਾਰ ਦੀ ਰੇਡੀਓ ਕੁਮੈਂਟਰੀ ਸੁਰਜੀਤ ਦੇ ਕੋਲ ਬੈਠ ਕੇ ਸੁਣਨ ਦਾ ਮੈਨੂੰ ਵੀ ਮੌਕਾ ਮਿਲਿਆ। ਰੇਡੀਓ ਕੁਮੈਂਟੇਟਰ ਜਸਦੇਵ ਸਿੰਘ ਵਾਰ-ਵਾਰ ਸੁਰਜੀਤ ਨੂੰ ਚੇਤੇ ਕਰ ਰਿਹਾ ਸੀ, ਪਰ ਲੁਧਿਆਣੇ ਬੈਠਾ ਸੁਰਜੀਤ ਕੇਵਲ ਕਚੀਚੀਆਂ ਵੱਟ ਰਿਹਾ ਸੀ। 1978 ਦੀਆਂ ਬੈਂਕਾਕ ਏਸ਼ਿਆਈ ਖੇਡਾਂ ਵਿਚ ਸੁਰਜੀਤ ਦੀ ਭਾਰਤੀ ਹਾਕੀ ਟੀਮ ਵਿਚ ਮੁੜ ਵਾਪਸੀ ਹੋਈ। ਜਦੋਂ ਉਹ ਪਾਕਿਸਤਾਨ ਖਿਲਾਫ ਫਾਈਨਲ ਮੈਚ ਖੇਡ ਰਿਹਾ ਸੀ ਤਾਂ ਕੁਮੈਂਟਰੀ ਕਰਨ ਵਾਲੇ ਕਹਿ ਰਹੇ ਸਨ, ਇਕ ਪਾਸੇ ਪੂਰੀ ਪਾਕਿਸਤਾਨੀ ਟੀਮ ਹੈ ਤੇ ਦੂਜੇ ਪਾਸੇ 'ਕੱਲਾ ਸੁਰਜੀਤ ਹੀ ਪਾਕਿਸਤਾਨੀ ਟੀਮ ਨੂੰ ਡੱਕੀ ਖੜ੍ਹਾ ਹੈ!

1984 ਦੀ ਉਹ ਮਨਹੂਸ ਸਵੇਰ ਹੁਣ ਵੀ ਮੇਰੀ ਰੀੜ੍ਹ ਦੀ ਹੱਡੀ ਵਿਚ ਕਾਂਬਾ ਛੇੜ ਜਾਂਦੀ ਹੈ, ਜਦ ਦੂਰਦਰਸ਼ਨ ਦੇ ਚੀਫ ਨਿਊਜ਼ ਐਡੀਟਰ ਜਗਦੀਸ਼ ਚੰਦਰ ਵੈਦਿਆ ਨੇ ਇਹ ਮੰਦੀ ਖਬਰ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਲੁਧਿਆਣੇ ਵਿਖੇ ਆ ਸੁਣਾਈ ਕਿ ਅੱਜ ਸਵੇਰੇ ਸੁਰਜੀਤ ਨਹੀਂ ਰਿਹਾ। ਕਾਰ ਹਾਦਸਾ ਮਾਰੂ ਸਾਬਤ ਹੋਇਆ। ਉਹਦਾ ਸਾਥੋਂ ਏਨੀ ਛੇਤੀ ਵਿਛੜ ਜਾਣਾ ਕਦੇ ਸੁਪਨੇ ਵਿਚ ਵੀ ਨਹੀਂ ਸੀ ਸੋਚਿਆ। ਸੁਰਜੀਤ ਨੂੰ ਚੇਤੇ ਕਰਦਿਆਂ ਅੱਜ ਵੀ ਮੇਰੀਆਂ ਅੱਖਾਂ ਵਿਚ ਅੱਥਰੂ ਹਨ ਅਤੇ ਉਹ ਹਉਕਾ ਵੀ, ਜਿਸ ਨੂੰ ਹੁਣ ਮੈਂ ਇਕੱਲਾ ਹੀ ਮਹਿਸੂਸ ਕਰ ਸਕਦਾ ਹਾਂ, ਕਿਉਂਕਿ ਮੇਰੇ ਨਾਲ ਦਰਦਾਂ ਦੀ ਭਾਈਵਾਲ ਮੇਰੀ ਜੀਵਨ ਸਾਥਣ ਨਿਰਪਜੀਤ ਵੀ 1993 ਵਿਚ ਮੈਨੂੰ ਸਦੀਵੀ ਅਲਵਿਦਾ ਆਖ ਗਈ। ਸੁਰਜੀਤ ਦੇ ਵਿਆਹ ਮੌਕੇ ਉਸ ਵੱਲੋਂ ਗਾਈਆਂ ਘੋੜੀਆਂ ਅਤੇ ਉਸ ਦੀ ਘੋੜੀ ਦੀ ਗੁੰਦੀ ਵਾਗ ਵਾਲੀਆਂ ਤਸਵੀਰਾਂ ਮੈਨੂੰ ਅੱਜ ਵੀ ਉਦਾਸ ਕਰਦੀਆਂ ਹਨ...।

###

# ਮੇਰੀ ਪਹਿਲੀ ਕਾਰ

ਮੈਂ ਪਿਛਲੀ ਸਦੀ ਦੇ ਸੱਤਰਵਿਆਂ ਦੇ ਦਹਾਕੇ ਦੇ ਅਖੀਰ 'ਚ ਕੈਨੇਡਾ ਆਇਆ। ਬੜਾ ਚਾਅ ਕਿ ਵਧੀਆ ਮੁਲਕ 'ਚ ਪਹੁੰਚ ਗਿਆ। ਆਉਂਦਿਆਂ ਸਾਰ ਹੀ ਇਹ ਗੱਲ ਰੜਕਣ ਲੱਗੀ ਕਿ ਇੱਥੇ ਕਾਰ ਬਿਨਾ ਸਰਨਾ ਨਹੀਂ; ਸੋ ਜਿੰਨੀ ਛੇਤੀ ਹੋ ਸਕੇ ਪਹਿਲਾਂ ਡਰਾਈਵਿੰਗ ਲਾਇਸੈਂਸ ਲਿਆ ਜਾਏ ਅਤੇ ਨਾਲ ਹੀ ਕਾਰ। ਆਉਣ ਦੇ ਕੁਝ ਹਫਤਿਆਂ ਬਾਅਦ ਹੀ ਪਹਿਲਾ ਕੰਮ ਡਰਾਈਵਿੰਗ ਲਾਇਸੈਂਸ ਲੈਣ ਦਾ ਕੀਤਾ ਅਤੇ ਫਿਰ ਬਾਏ ਐਂਡ ਸੈਲ (ਆਟੋ ਟਰੇਡਰ) ਅਖਬਾਰ 'ਚ ਕਾਰਾਂ ਦੇਖਣ ਲੱਗੇ। ਮੈਨੂੰ ਤਾਂ ਕਾਰਾਂ ਬਾਰੇ ਕੁਝ ਨਹੀਂ ਸੀ ਪਤਾ, ਕਿਉਂਕਿ ਪਿੰਡੋਂ ਤਾਂ ਸਾਈਕਲ ਚਲਾਉਂਦੇ ਹੀ ਆਏ ਸੀ, ਉਸ ਤੋਂ ਪਹਿਲਾਂ ਘਰ ਦੇ ਗੱਡੇ 'ਤੇ ਝੂਟੇ ਲੈਂਦੇ ਤੇ ਸ਼ਹਿਰ ਜਾਣ ਲਈ ਤਾਂਗਿਆਂ ਦੀ ਸਵਾਰੀ ਆਮ ਮਿਲ ਜਾਂਦੀ ਸੀ। ਸਾਡੇ ਪਿੰਡ ਦੇ ਰਾਮਜੀ ਦਾ ਤਾਂਗਾ ਸਾਰੇ ਪਿੰਡ ਲਈ ਹੀ ਇੱਕ ਕੈਡਿਲਿਕ ਕਾਰ ਵਾਂਗ ਸੀ, ਜਿਸ ਨੂੰ ਲੋੜ ਪੈਣ ਉਤੇ ਭਾੜੇ 'ਤੇ ਕਰ ਜਿੱਥੇ ਮਰਜੀ ਲੈ ਜਾਈਦਾ ਸੀ। ਪੰਜਾਬ



**ਕਲਵੰਤ ਸਿੰਘ ਸਹੋਤਾ**
ਫੋਨ: 604-589-5919

ਦੇ ਸਧਾਰਨ ਪੇਂਡੂ ਪਰਿਵਾਰਾਂ ਦੀ ਪਹੁੰਚ 'ਚ ਕਾਰਾਂ ਲੈਣ ਦੀ ਗੁੰਜਾਇਸ਼ ਵੀ ਨਹੀਂ ਸੀ; ਕਾਰਾਂ ਦੀ ਤਾਂ ਗੱਲ ਛੱਡੋ, ਸਾਈਕਲ ਲੈਣ ਜੋਗੀ ਵੀ ਹਿੰਮਤ ਨਹੀਂ ਸੀ ਹੁੰਦੀ।

ਖੈਰ, ਆਟੋ ਟਰੇਡਰ 'ਚ ਸਸਤੀ ਜਿਹੀ ਕਾਰ ਦੀ ਸੇਧ-ਵੇਧ ਕਰਕੇ ਕਾਰ ਦੇਖਣ ਤੁਰ ਪਏ। ਮੇਰੇ ਨਾਲ ਸਨ ਮੇਰੇ ਦੋ ਕਰੀਬੀ ਰਿਸ਼ਤੇਦਾਰ, ਜੋ ਮੈਥੋਂ ਕਈ ਸਾਲ ਪਹਿਲਾਂ ਦੇ ਕੈਨੇਡਾ ਆਏ ਹੋਏ ਸਨ। ਮੈਨੂੰ ਉਨ੍ਹਾਂ ਦੀ ਤਾੜਵੀਂ ਅੱਖ ਅਤੇ ਸੂਝ-ਬੂਝ 'ਤੇ ਪੂਰਨ ਭਰੋਸਾ ਸੀ ਕਿ ਹੁਣ ਅਸੀਂ ਵਧੀਆ ਕਾਰ ਖਰੀਦ ਕੇ ਆਵਾਂਗੇ। ਕਾਰ ਹਰੇ ਰੰਗ ਦੀ, ਬੜੀ ਪਿਆਰੀ ਲੱਗੇ, ਹਰਾ ਰੰਗ ਇਉਂ ਭਾਸੇ, ਜਿਵੇਂ ਨਿੱਸਰਨ 'ਤੇ ਆਈ ਮੱਕੀ ਦੇ ਟਾਂਡੇ ਹਰੀ ਹਰੀ ਭਾਅ ਮਾਰਦੇ ਹੋਣ। ਇੱਕ ਵਾਰੀ ਤਾਂ ਮੈਂ ਹਰਾ ਰੰਗ ਦੇਖ ਕੇ ਮੁੜ ਪਿੰਡ ਆਪਣੇ ਖੂਹ 'ਤੇ ਹੀ ਪਹੁੰਚ ਗਿਆ ਲੱਗਿਆ। ਭਾਅ ਮੁਕਾਇਆ ਸੱਤ ਸੌ ਡਾਲਰ; ਅਗਲੇ ਦਿਨ ਸੱਤ ਸੌ ਡਾਲਰ ਕੈਸ਼ ਦੇ ਕੇ, ਕਾਗਜ਼ ਪੱਤਰ ਬਣਾ ਕਾਰ ਘਰ ਲੈ ਆਏ। ਬੜਾ ਚਾਅ ਕਿ ਹੁਣ ਆਪਣੀ ਮੌਜ ਨਾਲ ਬਾਜ਼ਾਰ ਜਾਇਆ ਕਰਾਂਗੇ। ਭਾਵੇਂ ਹਾਲੇ ਨਵਾਂ ਨਵਾਂ ਵਿਆਹ ਹੋਇਆ ਹੀ ਸੀ, ਪਰ ਮੈਨੂੰ ਕਾਰ ਦਾ ਆਪਣੀ ਨਵ-ਵਿਆਹੀ ਵਹੁਟੀ ਨਾਲੋਂ ਵੀ ਜ਼ਿਆਦਾ ਚਾਅ ਸੀ। ਹੁਣ ਕਿਸੇ ਦੀ ਮੁਥਾਜੀ ਨਹੀਂ ਰਹੀ। ਟੌਹਰ ਨਾਲ ਅਸੀਂ ਦੋਵੇਂ ਮੌਜਾਂ ਨਾਲ ਜਿੱਥੇ ਜੀਅ ਕਰੂ, ਜਾ ਆਇਆ ਕਰਾਂਗੇ।


ਕੁਝ ਦਿਨ ਕਾਰ ਚਲਾਉਂਦਿਆਂ ਨੂੰ ਹੋਏ ਤਾਂ ਦੇਖਿਆ ਕਿ ਉਸ ਦੇ ਥੱਲੇ ਪਾਣੀ ਚੋਂਦਾ ਹੈ। ਜਾਂਚ ਕੀਤੀ ਤਾਂ ਪਤਾ ਲੱਗਾ ਕਿ ਉਸ ਦਾ ਵਾਟਰ ਪੰਪ ਲੀਕ ਕਰਦਾ ਹੈ। ਹੋਵੇ ਇਉਂ ਕਿ ਚਲਦੀ 'ਤੇ ਤਾਂ ਚੋਵੇ ਨਾ, ਪਰ ਜਦੋਂ ਖੜ੍ਹੀ ਹੋਵੇ ਤਾਂ ਤੁਬਕਾ ਤੁਬਕਾ ਡਿਗਦਾ ਰਹੇ। ਤਰਕੀਬ ਇਹ ਸੋਚੀ ਕਿ ਜਦੋਂ ਕਿਤੇ ਜਾਣਾ ਹੋਇਆ ਕਰੂ ਤਾਂ ਰੇਡੀਏਟਰ 'ਚ ਪਾਣੀ ਭਰ ਲਿਆ ਕਰੂੰਗਾ ਤੇ ਇੱਕ ਪੀਪੀ ਪਾਣੀ ਦੀ ਕਾਰ ਦੀ ਡਿੱਗੀ 'ਚ ਰੱਖ ਲਊਂ, ਜੇ ਕਿਤੇ ਰਸਤੇ 'ਚ ਲੋੜ ਪਏ ਤਾਂ। ਇਹ ਵੀ ਹਾਲੇ ਪਤਾ ਨਹੀਂ ਸੀ ਕਿ ਇਕੱਲਾ ਪਾਣੀ ਹੀ ਨਹੀਂ ਸਗੋਂ ਐਂਟੀਫਰੀਜ਼ (ਕੂਲੈਂਟ) ਵੀ ਨਾਲ ਮਿਲਾ ਕੇ ਪਾਉਣਾ ਪੈਂਦਾ ਹੈ। ਮੇਰੀ ਇਹ ਯੁਗਤ ਕਰਨ ਨਾਲ ਕਾਰ ਚਲਦੀ ਰਹੀ। ਇੱਕ ਦਿਨ ਤੇਲ ਚੈਕ ਕਰਨ ਲੱਗਾ ਤਾਂ ਦੇਖਿਆ ਕਿ ਤੇਲ ਤਾਂ ਜਮਾਂ ਹੀ ਡਿੱਪਸਟਿੱਕ ਨੂੰ ਛੂੰਹਦਾ ਵੀ ਨਹੀਂ। ਉਸ ਵੇਲੇ ਤੇਲ ਲਿਟਰਾਂ 'ਚ ਨਹੀਂ ਸਗੋ ਕੁਆਰਟਾਂ 'ਚ ਟੀਨ ਦੇ ਡੱਬਿਆਂ 'ਚ ਆਉਂਦਾ ਸੀ; ਜਿਸ ਨੂੰ ਆਮ 'ਕੋਟ' ਹੀ ਕਿਹਾ ਜਾਂਦਾ ਸੀ। ਕੁਝ ਤਾਂ ਪੰਜਾਬੀ ਸੁਭਾਅ ਕਰਕੇ ਤੇ ਕੁਝ ਸੁਤੇ ਸਿੱਧ ਹੀ ਅੰਗਰੇਜ਼ੀ ਲਫਜ਼ਾਂ ਦੀ ਤੋੜ-ਭੰਨ ਅਤੇ ਤੁਰਸ਼ਾ-ਤੁਰਸ਼ੀ ਕਰਕੇ ਆਪਣਾ ਹੀ ਨਵਾਂ ਲਫਜ਼ ਬਣ-ਬਣਾ ਲਈਦਾ ਸੀ। ਜਦੋਂ ਤੇਲ ਪਾਇਆ ਤਾਂ ਦੋ ਕੋਟ ਤੇਲ ਦੇ ਪੈ ਗਏ, ਮੈਕਸ ਲੈਵਲ ਤੱਕ। ਕੁਝ ਦਿਨਾਂ ਬਾਅਦ ਇੰਜਣ ਦਾ ਤੇਲ ਮੁੜ ਚੈਕ ਕੀਤਾ ਤਾਂ ਤੇਲ ਫਿਰ ਘੱਟ। ਸੋਚ ਬਣੀ ਕਿ ਹੁਣ ਜੇ ਕਿਤੇ ਮੈਟਰੋ ਵੈਨਕੂਵਰ 'ਚ 25-30 ਮੀਲ 'ਤੇ ਕੰਮ ਲੱਭਣ ਜਾਂ ਕਰਨ ਜਾਣਾ ਪਿਆ, ਤਾਂ ਕਾਰ ਦੀ ਡਿੱਗੀ 'ਚ ਦੋ ਕੋਟ ਤੇਲ ਦੇ ਵੀ ਰੱਖਣੇ ਪੈਣਗੇ। ਇਉਂ ਦੋ ਕੋਟ ਤੇਲ ਦੇ ਅਤੇ ਇੱਕ ਪੀਪੀ ਪਾਣੀ ਦੀ ਡਿੱਗੀ 'ਚ ਇੱਕ ਖੂੰਜੇ ਟਿਕਾ ਲਈਆਂ। ਥੋੜ੍ਹੀ ਖੋਜ ਕਰਨ 'ਤੇ ਪਤਾ ਲੱਗਾ ਕਿ ਜਦੋਂ ਪੁਰਾਣੀ ਕਾਰ ਖਰੀਦਣੀ ਹੋਵੇ ਤਾਂ ਸਭ ਤੋਂ ਪਹਿਲਾਂ ਉਸ ਦੀ ਤੇਲ ਪਾਈਪ ਦੇਖਣੀ ਚਾਹੀਦੀ ਹੈ ਕਿ ਕਾਲਖ ਜੰਮ ਕੇ ਕਾਲੀ ਤਾਂ ਨਹੀਂ ਹੋਈ ਹੋਈ! ਜੇ ਕਾਲਖ ਜੰਮੀ ਹੈ ਤਾਂ ਇਸ ਦਾ ਸਿੱਧਾ ਭਾਵ ਹੈ ਕਿ ਇਹ ਕਾਰ ਤੇਲ ਖਾਂਦੀ ਹੈ। ਨਾਲ ਹੀ ਆਲੇ-ਦੁਆਲੇ ਗੇੜਾ ਕੱਢ ਕੇ ਦੇਖੋ ਕਿ ਇਸ ਦੇ ਥੱਲੇ ਤੇਲ ਪਾਣੀ ਤਾਂ ਨਹੀਂ ਚੋਂਦਾ! ਅਸੀਂ ਤਾਂ ਇਨ੍ਹਾਂ ਗੱਲਾਂ ਵਲ ਉੱਕਾ ਹੀ ਧਿਆਨ ਨਹੀਂ ਕੀਤਾ ਅਤੇ ਨਾ ਹੀ ਅਜਿਹੀ ਕੋਈ ਜਾਂਚ ਕੀਤੀ। ਮੈਨੂੰ ਤਾਂ ਕਾਰਾਂ ਬਾਰੇ ਕੁਝ ਪਤਾ ਨਹੀਂ ਸੀ, ਪਰ ਮੇਰੇ ਨਾਲ ਗਏ ਮੇਰੇ ਦੋ ਰਿਸ਼ਤੇਦਾਰਾਂ ਨੇ ਵੀ ਇਹ ਦੇਖਣ-ਸੋਚਣ ਤੋਂ ਉੱਕ ਕਰ ਲਈ ਅਤੇ ਇਨ੍ਹਾਂ ਨੁਕਸਾਂ ਬਾਰੇ ਘਰ ਆ ਕੇ ਕਾਰ ਚਲਾਉਣ ਉਪਰੰਤ ਹੀ ਪਤਾ ਲੱਗਿਆ।

ਸਾਡੇ ਘਰੋਂ ਦੋ ਕੁ ਘਰ ਛੱਡ ਕੇ ਇੱਕ ਗੋਰਾ ਮੈਨੂੰ ਦੇਖਦਾ ਰਿਹਾ ਕਿ ਮੈਂ ਰੋਜ਼ ਹੀ ਹਰੀ ਪਿੰਟੋ ਕਾਰ ਦਾ ਬੌਨਟ (ਹੁੱਡ) ਖੋਲ੍ਹੀ ਰੱਖਦਾ ਹਾਂ, ਇੱਕ ਦਿਨ ਮੈਂ ਤੇਲ-ਪਾਣੀ ਚੈਕ ਕਰ ਰਿਹਾ ਸਾਂ, ਤੇ ਉਹ ਮੇਰੇ ਕੋਲ ਆਇਆ, ਹੱਥ 'ਚ ਉਸ ਦੇ ਕਾਰਡ ਬੋਰਡ ਦਾ ਡੱਬਾ ਫੜਿਆ ਹੋਇਆ। ਮੇਰੀ ਟਿੱਪੀਦਾਰ ਪਟਿਆਲੇਸ਼ਾਹੀ ਬੰਨੀ ਪੱਗ ਅਤੇ ਵੈਲਬਾਟਮ ਵਾਲੀ ਪਾਈ ਪੈਂਟ ਦੇਖ ਕੇ ਉਸ ਨੂੰ ਇਹ ਅਨੁਮਾਨ ਲਾਉਣਾ ਕੋਈ ਔਖਾ ਨਾ ਲੱਗਿਆ ਕਿ ਮੈਂ ਹੁਣੇ-ਹੁਣੇ ਹੀ ਤਾਜ਼ਾ-ਤਾਜ਼ਾ ਪੰਜਾਬ ਤੋਂ ਅਇਆ ਹਾਂ। ਪੁੱਛਣ ਲੱਗਾ ਕਿ ਤੂੰ ਰੋਜ਼ ਹੀ ਕਾਰ ਦਾ ਹੁੱਡ ਖੋਲ੍ਹੀ ਰੱਖਦੈਂ, ਕੀ ਗੱਲ ਹੈ? ਆਪਣੀ ਟੁੱਟੀ ਭੱਜੀ ਅੰਗਰੇਜ਼ੀ 'ਚ ਸਾਰੀ ਵਿਥਿਆ ਉਸ ਨੂੰ ਸੁਣਾ ਮਾਰੀ; ਸਮਝ ਉਸ ਨੂੰ ਪਤਾ ਨਹੀਂ ਕਿੰਨੀ ਕੁ ਪਈ, ਪਰ ਮੈਂ ਆਪਣਾ "ਯੂ ਨੋ-ਮੀਂ ਅੱਪ ਬਲੱਕ ਡਾਊਨ-ਕਾਰ ਵਾਟਰ ਲੀਕ-ਆਇਲ ਈਟ-ਬਲੈਕ ਸਮੋਕ..." ਸਭ ਕੁਝ ਹੀ ਸੁਣਾ ਮਾਰਿਆ। ਪਿੰਡਾਂ ਤੋਂ ਪੜ੍ਹ ਕੇ ਆਇਆਂ ਦਾ ਅੰਗਰੇਜ਼ੀ 'ਚ ਹੱਥ ਤੰਗ ਹੋਣਾ ਕੋਈ ਨਵੀਂ ਤੇ ਹੈਰਾਨੀ ਵਾਲੀ ਗੱਲ ਨਹੀਂ। ਭਾਵੇਂ ਤੁਸੀਂ ਸਹੀ ਵੀ ਬੋਲੋ, ਫਿਰ ਵੀ ਸਥਾਨਕ ਤਕੀਆ-ਕਲਾਮ ਅਤੇ ਉਚਾਰਨ ਦਾ ਡਾਢਾ ਫਰਕ ਹੁੰਦਾ ਹੈ। ਖੈਰ, ਮੈਨੂੰ ਆਪਣਾ ਬੁੱਤਾ ਲੱਗ ਗਿਆ ਲੱਗਿਆ। ਨਾਲ ਲਿਆਇਆ ਡੱਬਾ ਮੈਨੂੰ ਫੜਾਉਂਦਾ ਕਹਿੰਦਾ, ਇਹ ਪਿਛਲੀਆਂ ਬਰੇਕਾਂ ਦੇ ਸੂਅ ਹਨ, ਤੂੰ ਆਪੇ ਪਾ ਲਈਂ, ਤੇ ਅੱਗੋਂ ਹੱਲਾਸ਼ੇਰੀ ਦਿੱਤੀ ਕਿ ਇਹ ਕੋਈ ਬਹੁਤਾ ਔਖਾ ਕੰਮ ਨਹੀਂ। ਬਰੇਕਾਂ ਪਾਉਣ ਦੇ ਕੁਝ ਟਿੱਪ ਦੇ ਕੇ ਤੇ ਮੇਰੇ ਨਾਲ ਪੂਰੀ ਹਮਦਰਦੀ ਜੁਟਾ ਕੇ ਉਹ ਚਲਾ ਗਿਆ।

ਕੁਝ ਦਿਨਾਂ ਬਾਅਦ ਮੈਂ ਪਿਛਲੇ ਟਾਇਰ ਖੋਲ੍ਹ ਬਰੇਕਾਂ ਉਧੇੜ ਲਈਆਂ, ਜਦੋਂ ਨਵੇਂ ਬਰੇਕ ਸੂਅ ਪਾਉਣ ਲੱਗਾ ਤਾਂ ਉਹ ਕਿਸੇ ਸਿਰੇ ਪੱਤਣ ਨਾ ਲੱਗਣ; ਇੱਕ ਸਪਰਿੰਗ ਪਵੇ ਤਾਂ ਦੂਜਾ ਨਿਕਲ ਜਾਏ; ਦੋ ਘੰਟੇ ਮੱਥਾ ਮਾਰਨ ਬਾਅਦ ਜਦੋਂ ਕੰਮ ਸਿਰੇ ਨਾ ਚੜ੍ਹਿਆ ਤਾਂ ਅੱਕ ਕੇ ਢਿੱਲ੍ਹੇ ਲਟਕਦੇ ਬਰੇਕ ਸੂਆਂ 'ਤੇ ਓਵੇਂ ਹੀ ਡਰੰਮ ਚਾੜ੍ਹ ਤੇ ਟਾਇਰ ਕੱਸ ਕੇ ਜਦੋਂ ਕਾਰ ਤੋਰੀ ਤਾਂ ਲਟਕਦੇ ਬਰੇਕ-ਸੂਅ ਡਰੰਮਾਂ ਨਾਲ ਖਹਿ ਕੇ ਇਉਂ ਖੜਕਣ ਜਿਵੇਂ ਹਾਲੀਆਂ ਦੇ ਬਲਦਾਂ ਦੇ ਗਲ ਟੱਲੀਆਂ ਘੁੰਗਰੂ ਖੜਕਦੇ ਹੋਣ; ਉਸੇ ਤਰ੍ਹਾਂ ਹੀ ਟੱਲੀਆਂ ਵਜਾਉਂਦੀ ਜਾਂਦੀ ਕਾਰ ਚਲਾ ਨੇੜਲੀ ਕਾਰ ਰੀਪੇਅਰ ਸ਼ਾਪ ਜਾ ਵੜਿਆ। ਉਨ੍ਹਾਂ ਕਾਰ ਦੀਆਂ ਬਰੇਕਾਂ ਤਾਂ ਕਰ ਦਿੱਤੀਆਂ ਸਹੀ, ਪਰ ਮੈਨੂੰ ਚਾਰ ਸੌ ਡਾਲਰ ਦਾ ਬਿੱਲ ਲਿਆ ਹੱਥ ਫੜਾਇਆ। ਇਹ ਦੇਖ ਕੇ ਮੇਰੀ ਹੈਰਾਨੀ ਦੀ ਕੋਈ ਹੱਦ ਨਾ ਰਹੀ। ਮੇਰੇ ਕਮਲ ਤੇ ਮੇਰੀ ਮਜਬੂਰੀ ਦਾ ਰੱਜ ਕੇ ਫਾਇਦਾ ਲੈਂਦਿਆਂ, ਲਗਦੈ ਉਨ੍ਹਾਂ ਮੇਰੀ ਡਾਢੀ ਛਿੱਲ ਲਾਹੀ। ਉਨ੍ਹਾਂ ਦਿਨਾਂ 'ਚ ਘੱਟੋ ਘੱਟ ਉਜਰਤ ਤਿੰਨ ਡਾਲਰ ਪ੍ਰਤੀ ਘੰਟਾ ਸੀ। ਸੋਚਾਂ ਕਿ ਕੰਮ ਮਿਲੇ ਤੇ ਲਗਾਤਾਰ ਸਤਾਰਾਂ ਦਿਨ ਅੱਠ ਘੰਟੇ ਰੋਜ਼ ਕੰਮ ਕਰਾਂ ਤਾਂ ਗਰੌਸ ਬਰੇਕਾਂ ਯੋਗੇ ਪੈਸੇ ਬਣਨਗੇ। ਮੈਂ ਤਾਂ ਸਾਂ ਹੀ ਵਿਹਲਾ; ਹਾਲੇ ਵਾਟਰ ਪੰਪ ਪੈਣ ਵਾਲਾ ਸੀ।

ਜਲੰਧਰ ਕਾਲਜ ਪੜ੍ਹਦਾ ਮੈਂ ਕਾਲਜ ਦੀ ਭੰਗੜਾ ਟੀਮ 'ਚ ਸਾਂ। ਮੈਂ ਚਾਰ ਕੁ ਸਾਲ, ਕਾਲਜ ਦੇ ਫੰਕਸ਼ਨਾਂ ਅਤੇ ਯੂਥ-ਫੈਸਟੀਵਲਾਂ 'ਚ ਖੂਬ ਭੰਗੜਾ ਪਾਇਆ ਅਤੇ ਬੜੀ ਵਾਹ ਵਾਹ ਖੱਟੀ। ਕੈਨੇਡਾ ਆ ਕੇ ਮੈਨੂੰ ਇਸ ਸ਼ੌਕ ਦੀ ਪੂਰਤੀ ਨਾ ਹੋ ਸਕਣ ਦੀ ਘਾਟ ਮਹਿਸੂਸ ਹੋਣ ਲੱਗੀ। ਕੋਈ ਕੰਮ-ਕਾਰ ਨਾ ਮਿਲਣ ਕਰਕੇ ਸਮਾਂ ਬਤੀਤ ਕਰਨ ਦਾ ਹੋਰ ਕੋਈ ਆਹਰ ਵੀ ਨਾ ਲੱਭੇ। ਕਿਸੇ ਜਾਣੂ ਤੋਂ ਪਤਾ ਲੱਗਾ ਕਿ ਵੈਨਕੂਵਰ ਇੱਕ ਭੰਗੜੇ ਦਾ ਗਰੁੱਪ ਹੈ, ਜੋ ਹਰ ਐਤਵਾਰ ਸ਼ਾਮ ਨੂੰ ਭੰਗੜੇ ਦੀ ਪ੍ਰੈਕਟਿਸ ਕਰਦਾ ਹੈ। ਭੰਗੜੇ ਦੇ ਮੁਖੀ ਨਾਲ ਜਦ ਮੈਂ ਸੰਪਰਕ ਕੀਤਾ ਤਾਂ ਉਸ ਨੂੰ ਤਾਂ ਜਿਵੇਂ ਚਾਅ ਹੀ ਚੜ੍ਹ ਗਿਆ, ਜਦ ਮੈਂ ਦੱਸਿਆ ਕਿ ਮੈਂ ਵੀ ਪੰਜਾਬ ਕਾਲਜ 'ਚ ਭੰਗੜਾ ਪਾਉਂਦਾ ਆਇਆ ਹਾਂ। ਮੈਨੂੰ ਖੁਸ਼ੀ ਉਸ ਨਾਲੋਂ ਵੀ ਜ਼ਿਆਦਾ ਹੋਈ ਕਿ ਘੱਟੋ ਘੱਟ ਹਫਤੇ 'ਚ ਇੱਕ ਦਿਨ ਮੈਨੂੰ ਮਨ ਪਸੰਦ ਰੁਝੇਵਾਂ ਮਿਲ ਗਿਆ। ਪਹਿਲੇ ਦਿਨ ਮਿਥੇ ਸਮੇਂ 'ਤੇ ਮੈਂ ਆਪਣੀ ਨਵੀਂ ਖਰੀਦੀ ਹਰੇ ਰੰਗ ਦੀ ਪਿੰਟੋ ਕਾਰ 'ਚ ਉੱਥੇ ਜਾ ਹਾਜ਼ਰ ਹੋਇਆ। ਸਾਰੀ ਟੀਮ ਦੇ ਮੈਂਬਰ ਬੜੇ ਤਪਾਕ ਤੇ ਉਤਸ਼ਾਹ ਨਾਲ ਮਿਲੇ, ਮੈਨੂੰ ਵੀ ਮਿਲ ਕੇ ਇਉਂ ਲੱਗਿਆ ਜਿਵੇਂ ਮੈਂ ਸੱਚੀਂ ਹੀ ਜਲੰਧਰ ਆਪਣੇ ਕਾਲਜ ਦੀ ਟੀਮ ਨੂੰ ਹੀ ਮਿਲ ਪਿਆ ਹੋਵਾਂ।





ਭੰਗੜੇ ਦੀ ਰੀਹਰਸਲ ਤੋਂ ਬਾਅਦ ਜਦੋਂ ਸਾਰੇ ਆਪੋ ਆਪਣੇ ਘਰਾਂ ਨੂੰ ਜਾਣ ਲਈ ਪਾਰਕਿੰਗ ਲਾਟ 'ਚ ਆਏ ਤਾਂ ਮੇਰੀ ਹਰੇ ਰੰਗ ਦੀ ਫੋਰਡ ਪਿੰਟੋ ਕਾਰ ਦੇਖ ਕੇ ਢੋਲੀ ਹੱਸਿਆ ਤੇ ਆਖਣ ਲੱਗਾ ਕਿ ਇਸ ਕਾਰ ਦਾ ਪਿੱਛਾ ਬਚਾ ਕੇ ਰੱਖੀਂ! ਕਿਤੇ ਪਿੱਛਿਓਂ ਕੋਈ ਟੱਕਰ ਨਾ ਮਾਰ ਦਏ। ਅੱਗੋਂ ਮੈਂ ਕਿਹਾ ਕਿ ਬਚਾਅ ਵਾਲੀ ਕਿਹੜੀ ਗੱਲ ਹੈ, ਇਹ ਤਾਂ ਕਿਸੇ ਸਮੇਂ ਵੀ ਅਣਗਹਿਲੀ ਨਾਲ ਬੇਧਿਆਨਾ ਡਰਾਈਵਰ ਕਿਸੇ ਦੀ ਵੀ ਕਾਰ ਦੇ ਮਗਰ ਟੱਕਰ ਮਾਰ ਸਕਦਾ ਹੈ: ਮੈਨੂੰ ਖਾਸ ਧਿਆਨ ਰੱਖਣ ਦੀ ਕਿਹੜੀ ਲੋੜ ਹੈ? ਤਾਂ ਅੱਗੋਂ ਬੋਲਿਆ ਕਿ ਜਦੋਂ ਤੂੰ ਕਾਰ ਖਰੀਦੀ ਤਾਂ ਧਿਆਨ ਨਹੀਂ ਰੱਖਿਆ ਕਿ ਇਨ੍ਹਾਂ ਪਿੰਟੋ ਕਾਰਾਂ ਦੇ ਮਗਰ ਜੇ ਕੋਈ ਟੱਕਰ ਮਾਰ ਦਏ ਤਾਂ ਇਨ੍ਹਾਂ ਨੂੰ ਅੱਗ ਲੱਗ ਕੇ ਭਾਂਬੜ ਮੱਚ ਜਾਂਦਾ ਹੈ; ਉਹ ਇਸ ਕਰਕੇ ਕਿ ਇਨ੍ਹਾਂ ਦੀ ਪੈਟਰੌਲ ਵਾਲੀ ਟੈਂਕੀ ਜ਼ਿਆਦਾ ਪਿੱਛੇ ਨੂੰ ਅਤੇ ਕਾਰ ਦੀ ਚੈਸੀ ਦੇ ਆਹਟਾ ਗਲਤ ਥਾਂ 'ਤੇ ਲੱਗੀ ਹੈ। ਅੱਗੇ ਉਸ ਇਹ ਵੀ ਦੱਸਿਆ ਕਿ ਅਮਰੀਕਾ ਅਤੇ ਕੈਨੇਡਾ ਵਿਚ ਅਜਿਹੇ ਕਈ ਹਾਦਸਿਆਂ ਨਾਲ ਕਿੰਨੀਆਂ ਹੀ ਮੌਤਾਂ ਹੋ ਚੁਕੀਆਂ ਹਨ। ਇਹ ਸੁਣ ਕੇ ਮੇਰੇ ਤਾਂ ਖਾਨਿਓਂ ਗਈ। ਭੰਗੜਾ ਪਾਰਟੀ ਨਾਲ ਸਮਾਂ ਬਿਤਾਉਣ ਦੇ ਚਾਅ ਦੇ ਭੁਕਾਨੇ ਦੀ ਤਾਂ ਸਾਰੀ ਹੀ ਹਵਾ ਨਿਕਲ ਗਈ ਲੱਗੀ। ਘਰ ਨੂੰ ਮੁੜਦਿਆਂ ਅੱਧੇ ਘੰਟੇ ਦੀ ਵਾਟ ਮੁੱਕਣ 'ਚ ਨਾ ਆਵੇ! ਧਿਆਨ ਮੇਰਾ ਰੀਅਰ ਵਿਊ ਮਿਰਰ ਵਲ ਹੀ ਰਿਹਾ, ਜਦੋਂ ਪਿੱਛਿਓਂ ਕੋਈ ਵੱਡੀ ਮੋਟਰ ਜਾਂ ਟਰੱਕ ਆਉਂਦਾ ਨਜ਼ਰ ਪਏ ਤਾਂ ਡਰ ਨਾਲ ਜਾਨ ਨਿੱਕਲੇ ਕਿ ਸੱਚੀਂ ਹੀ ਨਾ ਕੋਈ ਪਿੱਛਿਓਂ ਠੋਕ ਦਏ। ਘਰ ਪਹੁੰਚਣ ਲਈ ਜੀਅ ਕਾਹਲਾ ਪਏ। ਚਾਅ ਨਾਲ ਗਿਆ, ਪਰ ਸਾਰਾ ਹੀ ਚਾਅ ਕਿਰਕਰਾ ਕਰ ਘਰ ਪੁੱਜਾ।

ਮੇਰੇ ਵੱਡੇ ਭਰਾ ਦਾ ਇੱਕ ਵਾਕਫਕਾਰ ਵੀ ਥੋੜ੍ਹਾ ਚਿਰ ਪਹਿਲਾਂ ਇੰਗਲੈਂਡ ਤੋਂ ਕੈਨੇਡਾ ਪੁੱਜਾ ਸੀ। ਮੇਰੇ ਭਰਾ ਦੀ ਬਦੌਲਤ ਹੀ ਉਸ ਨੇ ਮੇਰੇ ਨਾਲ ਸੰਪਰਕ ਕੀਤਾ, ਅਸੀਂ ਬੜੇ ਚਾਅ ਨਾਲ ਮਿਲੇ। ਸਮੱਸਿਆ ਉਸ ਦੀ ਵੀ ਮੇਰੇ ਵਾਲੀ ਹੀ ਸੀ। ਉਹ ਵੀ ਕੰਮ ਤੋਂ ਵਿਹਲਾ ਅਤੇ ਆਪਣੇ ਕਿਸੇ ਰਿਸ਼ਤੇਦਾਰ ਕੋਲ ਟਿਕਾਣਾ ਕੀਤਾ ਹੋਇਆ ਸੀ। ਮੇਰੇ ਵਾਂਗ ਹੀ ਉਸ ਨੂੰ ਵੀ ਸਮਾਂ ਬਿਤਾਉਣ ਅਤੇ ਕਿਸੇ ਆਹਰੇ ਲੱਗਣ ਦੀ ਡਾਢੀ ਘਾਟ ਸੀ। ਇਸ ਕਰਕੇ ਉਸ ਨਾਲ ਛੇਤੀ ਛੇਤੀ ਮਿਲਣ-ਗਿਲਣ ਦਾ ਵਸੀਲਾ ਬਣਦਾ ਰਿਹਾ। ਅਕਤੂਬਰ ਦਾ ਮਹੀਨਾ ਸੀ, ਰਾਤ ਦਾ ਸਮਾਂ। ਮੈਂ ਇੱਕ ਆਪਣੇ ਬਹੁਤ ਹੀ ਪਿਆਰੇ ਮਿੱਤਰ ਨੂੰ ਆਪਣੀ ਹਰੀ ਪਿੰਟੋ ਕਾਰ 'ਚ ਵੈਨਕੂਵਰ ਏਅਰਪੋਰਟ 'ਤੇ ਛੱਡ ਕੇ ਘਰ ਨੂੰ ਮੁੜ ਰਿਹਾ ਸਾਂ। ਇੰਗਲੈਂਡ ਵਾਲਾ ਨਵਾਂ ਨਵਾਂ ਬਣਿਆ ਵਾਕਫਕਾਰ ਵੀ ਮੇਰੇ ਨਾਲ ਹੀ ਗਿਆ ਸੀ। ਜਿਸ ਮਿੱਤਰ ਨੂੰ ਏਅਰਪੋਰਟ 'ਤੇ ਛੱਡਿਆ ਉਹ ਇੱਕ ਟਰੇਡ ਯੂਨੀਅਨ ਨਾਲ ਕੰਮ ਕਰਦਾ ਸੀ। ਉਸ ਨਾਲ ਮੇਰਾ ਵਾਹ ਇੱਕ ਸਾ-ਮਿੱਲ 'ਚ ਯੂਨੀਅਨ ਬਣਾਉਣ ਕਰਕੇ ਪਿਆ ਸੀ। ਐਸਾ ਉਸ ਨਾਲ ਸਨੇਹ ਬਣਿਆ ਕਿ ਹੁਣ ਵੀ ਸਾਡਾ ਬਹੁਤ ਪਿਆਰ ਅਤੇ ਮਿਲਣ ਵਰਤਣ ਹੈ। ਉਹ ਇੱਕ ਬੇਗਰਜ, ਹਮੇਸ਼ਾ ਹੋਰਾਂ ਦੇ ਕੰਮ ਆਉਣ ਵਾਲਾ ਇਨਸਾਨ ਹੈ; ਉਸ ਪ੍ਰਤੀ ਮੇਰੇ ਮਨ 'ਚ ਅਥਾਹ ਸਤਿਕਾਰ ਹੈ।

ਜਦ ਮੇਰੇ ਉਸ ਮਿੱਤਰ ਨਾਲ ਮੇਲ ਮਿਲਾਪ ਦੀ ਭਿਣਕ ਇੰਗਲੈਂਡ ਵਾਲੇ ਵਾਕਫਕਾਰ ਨੂੰ ਪਈ ਤਾਂ ਉਸ ਵੀ ਉਸ ਨੂੰ ਮਿਲ ਕੇ ਆਪਣੇ ਕੰਮ ਦੇ ਜੁਗਾੜ ਦੀ ਵਿਉਂਤ ਲਾਉਣ ਦਾ ਯਤਨ ਕਰਨਾ ਚਾਹਿਆ। ਇਸੇ ਕਰਕੇ ਉਸ ਏਅਰਪੋਰਟ ਨੂੰ ਜਾਂਦਿਆਂ ਸਾਰੇ ਰਾਹ ਪੂਰੇ ਤਰੱਦਦ ਨਾਲ ਉਸ ਨੂੰ ਪ੍ਰਭਾਵਿਤ ਕਰਨ ਦਾ ਯਤਨ ਕਰਨੋਂ ਕੋਈ ਕਸਰ ਨਾ ਛੱਡੀ ਕਿ ਉਹ ਯੂਨੀਅਨ ਅਫਸਰ ਕਿਸੇ ਤਰ੍ਹਾਂ ਉਸ ਦੇ ਕੰਮ ਦਾ ਕੋਈ ਜੁਗਾੜ ਬਣਾ ਦਏ। ਜਦ ਬੰਦਾ ਫਸਿਆ ਹੋਵੇ ਤਾਂ ਹਰ ਪਾਸੇ ਅੱਕੀਂ-ਪਲਾਹੀਂ ਹੱਥ ਮਾਰਦਾ ਹੈ ਕਿ ਕਿਸੇ ਪਾਸੇ ਹੱਥ ਪੈ ਹੀ ਜਾਏ। ਉਹ ਆਪਣੇ ਖੁਦ ਨੂੰ ਪਰਮੋਟ ਅਤੇ ਆਪਣਾ ਮਤਲਬ ਕੱਢਣ ਲਈ ਬੜਾ ਸ਼ਾਤਰ ਸੀ। ਹੋਰਾਂ ਨੂੰ ਆਪਣੇ ਸ਼ਾਤਰਪੁਣੇ ਨਾਲ ਭੁਚਲਾ ਕੇ ਆਪਣਾ ਉੱਲੂ ਸਿੱਧਾ ਕਰਨ ਲਈ ਹਰ ਹੀਲਾ-ਹਰਬਾ ਵਰਤਣ ਦੀ ਬੜੀ ਮੁਹਾਰਤ ਰੱਖਦਾ ਸੀ।

ਅਸੀਂ ਦੋਵੇਂ ਗੱਲਾਂ-ਬਾਤਾਂ ਕਰਦੇ ਤੇ ਏਧਰਲੀਆਂ-ਓਧਰਲੀਆਂ ਮਾਰਦੇ ਹਾਸਾ ਮਖੌਲ ਕਰਦੇ ਘਰ ਨੂੰ ਆ ਰਹੇ ਸਾਂ, ਮੈਂ ਪਹਿਲਾਂ ਉਸ ਨੂੰ ਉਸ ਦੇ ਟਿਕਣੇ ਲਾਹ ਫਿਰ ਆਪਣੇ ਘਰ ਨੂੰ ਆਉਣਾ ਸੀ। ਜਦੋਂ ਉਸ ਦੇ ਘਰ ਤੋਂ ਮੀਲ ਕੁ ਰਹਿ ਗਏ ਤਾਂ ਉਹ ਖਹਿੜਾ ਕਰਨ ਲੱਗਾ ਕਿ ਰਸਤੇ 'ਚ ਪੈਂਦੇ ਮੈਕਡੌਨਲਡ ਤੋਂ ਕੁਝ ਖਾਣਾ ਹੈ। ਮੈਂ ਬਥੇਰਾ ਕਿਹਾ ਕਿ ਘਰ ਚੱਲ ਕੇ ਰੋਟੀ ਖਾ ਲਾਂ'ਗੇ, ਕਿਉਂਕਿ ਮੈਂ ਜਿਉਂ ਹੀ ਕੈਨੇਡਾ ਆਇਆ ਤਾਂ ਸਾਡੇ ਘਰ ਕੋਈ ਕਿਸੇ ਵੇਲੇ ਵੀ ਆ ਜਾਏ ਤਾਂ ਉਸ ਨੂੰ ਚਾਹ-ਪਾਣੀ ਪਿਆਉਣਾ, ਤੇ ਜੇ ਰੋਟੀ ਦਾ ਟਾਈਮ ਹੈ ਤਾਂ ਰੋਟੀ ਖੁਆਉਣਾ ਕਦੇ ਵੀ ਖੇਚਲ ਨਹੀਂ ਸੀ ਮੰਨਿਆ ਜਾਂਦਾ। ਇੱਥੇ ਮੇਰੀ ਭੈਣ ਦੇ ਘਰ, ਮੇਰੇ ਸਹੁਰਿਆਂ ਦੇ ਘਰ ਅਤੇ ਸਾਡੇ ਆਪਣੇ ਘਰ ਪ੍ਰਾਹੁਣਚਾਰੀ ਪੰਜਾਬ ਵਾਂਗ ਹੀ ਖੁੱਲ੍ਹ-ਡੁੱਲ੍ਹ ਨਾਲ ਕੀਤੀ ਜਾਂਦੀ ਸੀ। ਮੈਨੂੰ ਲੱਗਦੈ, ਮੇਰੇ ਉਸ ਵਲੈਤੀਏ ਵਾਕਫਕਾਰ ਦੇ, ਜਿੱਥੇ ਉਹ ਰਹਿੰਦਾ ਸੀ, ਅਜਿਹੀ ਗੱਲ ਨਹੀਂ ਸੀ; ਇਸੇ ਕਰਕੇ ਹੀ ਉਹ ਬਹੁਤ ਤਰਲੋਮੱਛੀ ਹੋਈ ਜਾ ਰਿਹਾ ਸੀ ਕਿ ਬਾਹਰੋਂ ਮੈਕਡੌਨਲਡ ਖਾ ਕੇ ਹੀ ਘਰ ਜਾਣਾ ਹੈ। ਉਸ ਦੇ ਬਹੁਤ ਖਹਿੜਾ ਕਰਨ 'ਤੇ ਮੈਂ ਕਾਰ ਮੈਕਡੌਨਲਡ ਵੱਲ ਨੂੰ ਮੋੜ ਲਈ। ਉਹ ਅੰਦਰੋਂ ਜਾ ਕੇ ਦੋ ਫਰੈਂਚ ਫਰਾਈਆਂ ਦੇ ਪੈਕਟ ਲੈ ਆਇਆ, ਇੱਕ ਮੇਰੇ ਲਈ ਤੇ ਇੱਕ ਆਪਣੇ ਲਈ। ਮੈਂ ਵੈਸ਼ਨੂੰ ਸਾਂ। ਸ਼ਾਇਦ ਇਸੇ ਕਰਕੇ ਉਸ ਨੇ ਵੀ ਹੈਮ-ਬਰਗਰ ਲੈਣਾ ਮੁਨਾਸਬ ਨਾ ਸਮਝਿਆ। ਪਾਰਕਿੰਗ ਲਾਟ 'ਚ ਕਾਰ 'ਚ ਹੀ ਅਸੀਂ ਫਰਾਈਆਂ ਖਾ ਕੇ ਉਸ ਦੇ ਘਰ ਨੂੰ ਕਾਰ ਮੋੜ ਲਈ। ਥੋੜ੍ਹੀ ਦੂਰ ਜਾ ਕੇ ਸੜਕ 'ਤੇ ਖੱਬਾ ਮੋੜ ਕੱਟਣ ਲਈ ਚੌਰਸਤੇ (ਇੰਟਰਸੈਕਸ਼ਨ) 'ਤੇ ਖੜ੍ਹ, ਆਪਣੀ ਵਾਰੀ ਦੀ ਇੰਤਜਾਰ ਕਰਨ ਲੱਗੇ ਤਾਂ ਸਾਹਮਣਿਓਂ ਇੱਕ ਵੱਡੀ ਮੈਟਾਡੋਰ ਕਾਰ ਠਾਹ ਪਿੰਟੋ ਕਾਰ ਦੇ ਮੋਹਰਲੇ ਹਿੱਸੇ ਨਾਲ ਖਹਿ ਕੇ, ਸੜਕ ਦੇ ਮੱਧ ਦਾ ਆਈਲੈਂਡ ਟੱਪਦੀ, ਉਲਟ ਪਾਸੇ ਖੜ੍ਹੀਆਂ ਚਾਰ-ਪੰਜ ਕਾਰਾਂ ਭੰਨ ਕੇ ਰੁਕੀ ਤੇ ਉਸ ਕਾਰ ਦਾ ਡਰਾਈਵਰ ਕਾਰ ਉੱਥੇ ਹੀ ਛੱਡ ਤਿੱਤਰ ਹੋ ਗਿਆ। ਅਸੀਂ ਦੋਵੇਂ ਜਣੇ ਮੌਤ ਦੇ ਲਪੇਟੇ 'ਚ ਆਉਂਦੇ ਆਉਂਦੇ ਮਸਾਂ ਬਚੇ। ਮੇਰੀ ਹਰੀ ਪਿੰਟੋ ਕਾਰ ਦਾ ਮੂਹਰਲਾ ਹਿੱਸਾ ਚਕਨਾਚੂਰ ਹੋ ਕੇ ਉੱਥੇ ਹੀ ਖਿੱਲਰ-ਪੁੱਲਰ ਗਿਆ। ਰੱਬ ਖੈਰ ਕੀਤੀ, ਜੇ ਉਹੀ ਕਾਰ ਇੱਕ ਫੁੱਟ ਹੋਰ ਪਿਛਾਂਹ ਨੂੰ ਵੱਜਦੀ ਤਾਂ ਸਾਡੀਆਂ ਦੋਹਾਂ ਦੀਆਂ ਕਲਮਾਂ ਉੱਥੇ ਹੀ ਪੜ੍ਹੀਆਂ ਜਾਣੀਆਂ ਸਨ। ਉਸ ਵੱਡੀ ਮੈਟਾਡੋਰ, ਸ਼ਰਮਨ ਟੈਂਕ ਜਿੰਨੀ ਭਾਰੀ ਕਾਰ ਨੇ ਸਾਨੂੰ ਕਾਰ ਵਿਚ ਹੀ ਮਸਲ-ਮਿੱਧ ਕੇ ਪਿੰਟੋ ਨੂੰ ਅੱਗ ਦੇ ਭਾਂਬੜ ਦੀ ਲਪੇਟ 'ਚ ਲੈ ਸਾਨੂੰ ਵਿੱਚੇ ਸਾੜ ਸੁੱਟਣਾ ਸੀ।



ਕਾਰ ਦੀਆਂ ਕਲਮਾਂ ਤਾਂ ਉੱਥੇ ਹੀ ਪੜ੍ਹੀਆਂ ਗਈਆਂ, ਤੇ ਮੇਰਾ ਉਸ ਕਾਰ ਤੋਂ ਖਹਿੜਾ ਛੁੱਟਿਆ; ਜਿਸ ਦੇ ਮਗਰੋਂ ਹਿੱਟ ਹੋਣ 'ਤੇ ਕਾਰ ਦਾ ਭਾਂਬੜ ਮੱਚਣ ਦੇ ਭੈਅ ਨੇ ਮੈਨੂੰ ਫਿਕਰਾਂ 'ਚ ਪਾ ਮੇਰਾ ਖੂਨ ਸੁਕਾਈ ਰੱਖਿਆ ਸੀ। ਇਸ ਹਾਦਸੇ ਮਗਰੋਂ ਮੈਂ ਕਿੰਨਾ ਹੀ ਚਿਰ ਇਹ ਵਿਚਾਰ ਮਨ 'ਚ ਲਿਆ-ਲਿਆ ਕੇ ਸੋਚੀਂ ਪਿਆ ਰਿਹਾ ਕਿ ਮੈਂ ਤਾਂ ਨਵਾਂ-ਨਵਾਂ ਸਾਂ, ਜਿਹੜੇ ਦੋ ਰਿਸ਼ਤੇਦਾਰ ਮੇਰੇ ਨਾਲ ਕਾਰ ਖਰੀਦਣ ਗਏ ਸਨ, ਉਨ੍ਹਾਂ ਵੀ ਨਾ ਗਹੁ ਕੀਤਾ ਕਿ ਇਸ ਦੀ ਟੇਲ ਪਾਈਪ ਕਾਲੀ ਸ਼ਾਹ ਹੈ, ਜੋ ਸਿੱਧਾ ਸਬੂਤ ਸੀ ਕਿ ਇਹ ਤੇਲ ਖਾਂਦੀ ਹੈ; ਥੱਲੇ ਵੀ ਝਾਤੀ ਨਾ ਮਾਰੀ ਕਿ ਇਸ ਦਾ ਕੋਈ ਤੇਲ ਪਾਣੀ ਤਾਂ ਲੀਕ ਨਹੀਂ ਕਰਦਾ? ਸਭ ਤੋਂ ਹੈਰਾਨੀ ਵਾਲੀ ਗੱਲ ਕਿ ਉਹ ਦੋਵੇਂ ਜਣੇ ਇਸ ਗੱਲੋਂ ਪੂਰਨ ਅਗਿਆਨਤਾ 'ਚ ਸਨ ਕਿ ਜੇ ਇਹ ਪਿੱਛਿਓਂ ਹਿੱਟ ਹੋਵੇ ਤਾਂ ਇਸ ਨੂੰ ਅੱਗ ਲੱਗ ਜਾਂਦੀ ਹੈ। ਇਸ ਸਭ ਕਾਸੇ ਨੂੰ ਵਾਪਰਿਆਂ 42-43 ਸਾਲ ਹੋ ਗਏ ਹਨ, ਪਰ ਇਸ ਦਾ ਚੇਤਾ ਆ ਕੇ ਮੇਰੀ ਹਾਲੇ ਵੀ ਲੂੰਈ ਕੰਡਿਆ ਜਾਂਦੀ ਹੈ ਕਿ ਕਿਵੇਂ ਡਾਢਾ ਭਿਆਨਕ ਦੁਖਾਂਤ ਵਾਪਰਨ ਤੋਂ ਬਚਾਓ ਹੋ ਗਿਆ। ਇਹ ਸੀ ਮੇਰੀ ਪਹਿਲੀ ਕਾਰ ਦੀ ਵਿਥਿਆ, ਜੋ ਯਾਦ ਆ ਕੇ ਅੱਜ ਵੀ ਇਉਂ ਭਾਸਦਾ ਹੈ, ਜਿਵੇਂ ਕੱਲ੍ਹ ਦੀ ਗੱਲ ਹੋਵੇ।

# ਪੰਜਾਬ ਜੀਂਦਾ ਗੁਰਾਂ ਦੇ ਨਾਮ 'ਤੇ



***ਪੰਜਾਬ ਵਿਚ ਆਪਣੀ ਚੌਧਰ ਸਥਾਪਤ ਕਰਨ ਲਈ ਸਿਖ ਭਾਈਚਾਰੇ ਕੋਲ ਦੋ ਬਦਲ ਮੌਜੂਦ ਸਨ। ਇਕ ਸੀ ਪ੍ਰੋ. ਪੂਰਨ ਸਿੰਘ ਦੁਆਰਾ ਸੁਝਾਇਆ ਸਿਖ ਸਿਧਾਂਤਾਂ ਦੇ ਆਧਾਰ 'ਤੇ ਸਿਖ ਸਪਿਰਟ ਵਾਲੇ ਬਹੁ-ਧਰਮੀ, ਬਹੁ-ਭਾਸ਼ਾਈ ਅਤੇ ਬਹੁ-ਸੰਸਕ੍ਰਿਤਕ ਪੰਜਾਬ ਦਾ ਨਿਰਮਾਣ ਜਿਸ ਨੂੰ ਉਹ ਪੰਜਾਬ ਪਿਆਰ ਅਤੇ ਸਿਖ ਪੰਜਾਬ ਦਾ ਨਾਮ ਦਿੰਦੇ ਹਨ। ਦੂਸਰਾ ਸੀ ਅਜਿਹੇ ਸਿਖ ਬਹੁਗਿਣਤੀ ਵਾਲੇ ਖਿੱਤੇ ਦੀ ਸਥਾਪਨਾ ਜਿਥੇ ਸਿਖ ਲੀਡਰਸ਼ਿਪ ਆਪਣੀ ਹਕੂਮਤ ਸਥਾਪਤ ਕਰ ਸਕੇ। ਅਕਾਲੀ ਦਲ ਨੇ ਸਿਖ ਸਪਿਰਟ ਦੀ ਥਾਂ ਸਿਖ ਲੀਡਰਸ਼ਿਪ ਦੀ ਚੌਧਰ ਵਾਲਾ ਰਾਹ ਅਪਣਾ ਕੇ ਕੇਵਲ ਆਪਣੇ ਆਪ ਨੂੰ ਹੀ ਨਹੀਂ ਸਗੋਂ ਪੰਜਾਬ ਅਤੇ ਪੰਜਾਬੀ ਭਾਈਚਾਰੇ ਨੂੰ ਵੀ ਇਸ ਦੀ ਮੌਜੂਦਾ ਸੰਕਟਮਈ ਸਥਿਤੀ ਵਿਚ ਲਿਆ ਖੜ੍ਹਾ ਕੀਤਾ ਹੈ।***

ਪੰਜਾਬ ਨਾ ਹਿੰਦੂ ਨਾ ਮੁਸਲਮਾਨ,
ਪੰਜਾਬ ਸਾਰਾ ਜੀਂਦਾ ਗੁਰਾਂ ਦੇ ਨਾਮ 'ਤੇ

ਇਹ ਕਾਵਿ ਸਤਰਾਂ ਪ੍ਰੋ. ਪੂਰਨ ਸਿੰਘ ਦੀ ਕਵਿਤਾ 'ਜਵਾਨ ਪੰਜਾਬ ਦੇ' ਵਿਚੋਂ ਲਈਆਂ ਗਈਆਂ ਹਨ ਜੋ ਉਨ੍ਹਾਂ ਦੀ 1922 ਵਿਚ ਛਪੀ ਪੁਸਤਕ 'ਖੁਲ੍ਹੇ ਮੈਦਾਨ' ਵਿਚ ਦਰਜ ਹੈ। ਜਿਸ ਪੰਜਾਬ ਬਾਰੇ ਪ੍ਰੋ. ਸਾਹਿਬ ਨੇ ਇਹ ਕਾਵਿ ਸਤਰਾਂ ਲਿਖੀਆਂ, ਉਹ ਪੰਜਾਬ ਅੱਜ ਵਾਲਾ 50,362 ਵਰਗ ਕਿਲੋਮੀਟਰ ਵਿਚ ਸੁੰਗੜਿਆ ਸਿਖ ਬਹੁਗਿਣਤੀ ਵਾਲਾ ਪੰਜਾਬ ਨਹੀਂ ਸੀ। ਸੁਲੇਮਾਨ ਪਹਾੜੀਆਂ ਤੋਂ ਲੈ ਕੇ ਜਮੁਨਾ ਦਰਿਆ ਤੱਕ 12 ਲੱਖ ਵਰਗ ਕਿਲੋਮੀਟਰ ਵਿਚ ਫੈਲਿਆ ਹੋਇਆ ਸਿਖ ਘੱਟ ਗਿਣਤੀ ਵਾਲਾ ਬਹੁ ਧਰਮੀ, ਬਹੁ ਭਾਸ਼ਾਈ ਅਤੇ ਬਹੁ ਸਭਿਆਚਾਰਕ ਸੂਬਾ ਸੀ।

1947 ਵਿਚ ਜਦੋਂ ਪੰਜਾਬ ਦੀ ਵੰਡ ਹੋਈ। ਸਿਖ ਭਾਈਚਾਰੇ ਦੀ ਨੁਮਾਇੰਦਗੀ ਕਰਨ ਵਾਲੇ ਸ਼੍ਰੋਮਣੀ ਅਕਾਲੀ ਦਲ ਨੇ ਦੇਖਿਆ ਕਿ ਪੰਜਾਬ ਦੇ ਕਿਸੇ ਵੀ ਹਿਸੇ ਵਿਚ ਸਿਖਾਂ ਦੀ ਬਹੁ ਗਿਣਤੀ ਨਹੀਂ ਸੀ। ਇਸ ਲਈ ਉਹ ਸੰਪਰਦਾਇਕ ਲੀਹਾਂ ਉਪਰ ਵੰਡੇ ਜਾ ਰਹੇ ਹਿੰਦੋਸਤਾਨ ਵਿਚ ਕਿਸੇ ਵੀ ਅਜਿਹੇ ਖਿਤੇ ਦੀ ਨਿਸ਼ਾਨਦੇਹੀ ਨਹੀਂ ਸਨ



ਅਮਰਜੀਤ ਸਿੰਘ ਗਰੇਵਾਲ

ਕਰ ਸਕਦੇ, ਜਿਥੇ ਪਾਕਿਸਤਾਨ ਦੀਆਂ ਲੀਹਾਂ ਤੇ ਸਿਖਾਂ ਲਈ ਵੱਖਰੇ ਮੁਲਕ ਦਾ ਨਿਰਮਾਣ ਕੀਤਾ ਜਾ ਸਕਦਾ। ਸਿਖ ਲੀਡਰਸ਼ਿਪ ਪੰਜਾਬ ਦੀ ਵੰਡ ਅਤੇ ਜਨਸੰਖਿਆ ਦੇ ਤਬਾਦਲੇ ਲਈ ਸਹਿਮਤ ਹੋ ਗਈ। ਪੰਜਾਬ ਦੇ ਹਿਸਿਆਂ ਵਿਚ ਵੰਡਿਆ ਗਿਆ। ਅਣਵੰਡੇ ਪੰਜਾਬ ਦੇ 29 ਜ਼ਿਲ੍ਹਿਆਂ ਵਿਚੋਂ 16 ਜ਼ਿਲ੍ਹੇ ਪਾਕਿਸਤਾਨ ਵਿਚ ਜਾ ਕੇ ਮੁਸਲਿਮ ਪੰਜਾਬ ਵਿਚ ਰੂਪਾਂਤ੍ਰਿਤ ਹੋ ਗਏ। ਬਾਕੀ ਦੇ 13 ਜ਼ਿਲ੍ਹੇ ਭਾਰਤ ਵਿਚ ਰਹਿ ਗਏ। ਪੁਰਾਣੇ ਪੰਜਾਬ ਦੇ ਇਸ 33 ਪ੍ਰਤੀਸ਼ਤ ਹਿਸੇ ਅੰਦਰ ਵੀ ਸਿਖ ਬਹੁਗਿਣਤੀ ਵਿਚ ਨਹੀਂ ਸਨ। ਅਕਾਲੀ ਦਲ ਦੀ ਸਰਕਾਰ ਬਣਨ ਵਿਚ ਦਿੱਕਤਾਂ ਸਨ।

ਪਹਿਲੀ ਨਵੰਬਰ 1966 ਨੂੰ ਬੋਲੀ ਦੇ ਆਧਾਰ 'ਤੇ ਪੰਜਾਬ ਦੇ ਪਹਾੜੀ ਇਲਾਕਿਆਂ ਨੂੰ ਹਿਮਾਚਲ ਵਿਚ ਸ਼ਾਮਲ ਕਰਕੇ ਅਤੇ ਦੱਖਣੀ ਜ਼ਿਲ੍ਹਿਆਂ ਦਾ ਵੱਖਰਾ ਰਾਜ ਹਰਿਆਣਾ ਬਣਾ ਕੇ ਅਕਾਲੀ ਦਲ ਦੀ ਮੰਗ ਤੇ ਪੰਜਾਬ ਨੂੰ ਸਿਖ ਬਹੁਗਿਣਤੀ ਵਾਲਾ ਪੰਜਾਬੀ ਬੋਲਦਾ ਇਕ ਭਾਸ਼ੀ ਸੂਬਾ ਬਣਾ ਦਿਤਾ ਗਿਆ। ਕੀ ਸ਼੍ਰੋਮਣੀ ਅਕਾਲੀ ਦਲ ਦੀਆਂ ਰਾਜਸੀ ਆਕਾਂਖਿਆਵਾਂ ਵਿਚੋਂ ਪੈਦਾ ਹੋਏ ਇਸ ਨਿਕੇ ਜਿਹੇ ਸਿਖ ਬਹੁ ਗਿਣਤੀ ਵਾਲੇ ਖਿਤੇ ਨੂੰ ਗੁਰਾਂ ਦੇ ਨਾਮ 'ਤੇ ਜੀਣ ਵਾਲਾ ਪੰਜਾਬ ਆਖਿਆ ਜਾ ਸਕਦਾ ਹੈ? ਜੇ ਨਹੀਂ ਤਾਂ ਕਿਉਂ ਨਹੀਂ, ਇਹ ਕੇਵਲ ਸੁਆਲ ਹੀ ਨਹੀਂ, ਚੁਣੌਤੀ ਵੀ ਹੈ। ਨਿਰਸੰਦੇਹ, ਇਹ ਸ਼੍ਰੋਮਣੀ ਅਕਾਲੀ ਦਲ ਦੁਆਰਾ ਆਪਣੀਆਂ ਸਰਕਾਰਾਂ ਦੌਰਾਨ, ਗੁਰਮਤਿ ਸਿਧਾਂਤਾਂ ਰਾਹੀਂ ਉਸਾਰਿਆ ਜਾ ਰਿਹਾ ਪੰਜਾਬ ਨਹੀਂ ਹੈ, ਪੱਛਮੀ ਉਦਾਰ ਜਮਹੂਰੀਅਤ ਦੇ ਆਧੁਨਿਕਤਾਵਾਦੀ ਸਿਧਾਂਤਾਂ ਰਾਹੀਂ ਨਿਰਮਿਤ ਹੋ ਰਿਹਾ ਪੰਜਾਬ ਹੈ। ਪਿਆਰ ਦੀ ਉਹ ਜੋਤ ਜੋ ਗੁਰਾਂ ਨੇ ਕੇਵਲ ਸਾਡੇ ਦਿਲਾਂ ਵਿਚ ਹੀ ਨਹੀਂ ਸਗੋਂ ਪੰਜਾਬ ਦੇ ਪਹਾੜਾਂ, ਦਰਿਆਵਾਂ, ਬਨਸਪਤੀ, ਪਸ਼ੂ ਪੰਛੀਆਂ, ਜੰਗਲ ਬੇਲਿਆਂ, ਬਾਗ ਬਗੀਚਿਆਂ, ਖੇਤਾਂ, ਸੁੰਦਰ ਮੁਟਿਆਰਾਂ, ਗੱਭਰੂ ਛੈਲ ਛਬੀਲਿਆਂ, ਕਿਸਾਨਾਂ ਮਜ਼ਦੂਰਾਂ ਆਦਿ ਸਭ ਵਿਚ ਜਗਾਈ ਜਾਂ ਜਗਾਉਣੀ ਚਾਹੀ ਸੀ, ਉਸ ਜੋਤ ਦਾ ਕੀ ਬਣਿਆ:

ਮਾਣੀ ਮਾਣੀ ਤੂੰ ਆਪਣਾ ਸਿਦਕ ਤੇ ਸਿਖੀ,
ਮਾਣੀ ਤੂੰ ਆਪਣਾ ਪਿਆਰ ਉਚਾ ਉਹ ਗੁਰਾਂ ਵਾਲਾ ਸਦਕੇ।
ਗੰਢ ਪਾਈਂ ਇਹ ਤੂੰ ਪੀਡੀ,
ਰੱਖੀਂ ਟੇਕ ਤੂੰ ਸਾਰੀ ਆਪਣੀ ਸੱਚੀ ਸਰਕਾਰ 'ਤੇ।
ਜਗਾਈਂ ਜਗਾਈਂ ਉਹ ਲਾਟ ਵੇ ਲਾਲਾ।
ਬੁਝਣ ਦੇਈਂ ਨਾਂਹ ਜੋਤ ਜਿਹੜੀ ਗੁਰਾਂ ਆਣ ਸਥਾਪੀ ਤੇਰੇ ਵਿਚ,
ਦੇਖ ਜਿਹੜੀ ਬਲ ਰਹੀ ਤੇਰੇ ਦਰਿਆਵਾਂ ਦੇ ਦਿਲ ਵਿਚ,
ਉਹ ਦੇਖ ਜਿਹੜੀ ਚਮਕ ਰਹੀ ਹਿਮਾਲਾ ਦੀਆਂ ਜੋਤਾਂ ਵਿਚ,
ਉਹ ਦੇਖ, ਖੋਲ੍ਹ ਦਿਲ ਦਾ ਬੂਹਾ,
ਜਿਹੜੀ ਗੁਰਾਂ ਦੀ ਮਿਹਰ ਨਾਲ ਲਟ ਲਟ, ਬਲ ਰਹੀ ਤੇਰੇ ਆਪਣੇ ਅੰਦਰ॥

ਮੈਂ ਇਹ ਨਹੀਂ ਆਖ ਰਿਹਾ ਕਿ ਪੂਰਨ ਸਿੰਘ ਦੇ ਸਮਿਆਂ ਵਿਚ ਗੁਰਾਂ ਦੁਆਰਾ ਸਥਾਪੀ ਇਹ ਲਾਟ ਲਟ ਲਟ ਬਲ ਰਹੀ ਸੀ। ਇਹ ਬਸਤੀਵਾਦ ਦਾ ਸਮਾਂ ਸੀ; ਬਲ ਵੀ ਕਿੰਝ ਸਕਦੀ ਸੀ। ਇਸੇ ਲਈ ਤਾਂ ਪੂਰਨ ਸਿੰਘ ਉਸ ਪੁਰਾਣੇ ਪੰਜਾਬ ਨੂੰ ਕੂਕਾਂ ਮਾਰ ਰਿਹਾ ਹੈ:

ਆ ਪੰਜਾਬ ਪਿਆਰ ਤੂੰ ਮੁੜ ਆ।
ਆ ਸਿਖ ਪੰਜਾਬ ਤੂੰ ਘਰ ਆ।

ਉਸ ਪੰਜਾਬ ਦੇ ਨਿਰਮਾਣ ਲਈ ਹੋਕਾ ਦੇ ਰਿਹਾ ਹੈ ਜਿਥੇ ਗੁਰਾਂ ਦੁਆਰਾ ਸਥਾਪਤ ਕੀਤੀ ਆਜ਼ਾਦੀ, ਬਰਾਬਰੀ ਅਤੇ ਪਿਆਰ ਵਾਲੀ ਇਹ ਲਾਟ ਲਟ ਲਟ ਬਲ ਸਕੇ। ਬਸਤੀਵਾਦੀ ਸਮਾਂ ਗੁਜ਼ਰ ਗਿਆ। ਅਸੀਂ ਗੁਲਾਮੀ ਦੀ ਇਕ ਕੈਦ ਵਿਚੋਂ ਨਿਕਲ ਕੇ ਦੂਜੀ ਵਿਚ ਫਸ ਗਏ ਹਾਂ। ਪਹਿਲਾਂ ਅਸੀਂ ਕਿਸੇ ਦੇ ਗੁਲਾਮ ਹੁੰਦੇ ਸੀ, ਹੁਣ ਅਸੀਂ ਆਪਣੀਆਂ ਹੀ ਆਕਾਂਖਿਆਵਾਂ ਦੇ ਗੁਲਾਮ ਹੋ ਗਏ ਹਾਂ। ਮਾਲਕ ਅਤੇ ਗੁਲਾਮ, ਦੋਨੋਂ ਸਾਡੇ ਸਭਨਾ ਅੰਦਰ ਬਰਾਬਰ ਮੌਜੂਦ ਹਨ।

ਮੈਂ ਜੋ ਕਹਿਣਾ ਚਾਹੁੰਦਾ ਹਾਂ, ਉਹ ਇਹ ਹੈ ਕਿ ਸਾਡਾ ਵਰਤਮਾਨ ਪੰਜਾਬ ਬਾਰੇ ਸੁਪਨਾ ਉਹ ਨਹੀਂ, ਜੋ ਸੁਪਨਾ ਪੂਰਨ ਸਿੰਘ ਨੇ ਲਿਆ ਸੀ। ਅਸੀ ਉਸ ਤਰ੍ਹਾਂ ਦੇ ਪੰਜਾਬ ਦੀ ਕਲਪਨਾ ਨਹੀਂ ਕਰਦੇ ਜਿਹੋ ਜਿਹੇ ਪੰਜਾਬ ਦੀ ਕਲਪਨਾ ਪੂਰਨ ਸਿੰਘ ਨੇ ਕੀਤੀ ਸੀ। ਅਸੀਂ ਪੰਜਾਬ ਨੂੰ ਪ੍ਰੋ. ਪੂਰਨ ਸਿੰਘ ਵਾਂਗ ਨਹੀਂ, ਮਾਸਟਰ ਤਾਰਾ ਸਿੰਘ, ਸੰਤ ਫਤਹਿ ਸਿੰਘ, ਪ੍ਰਕਾਸ਼ ਸਿੰਘ ਬਾਦਲ ਅਤੇ ਕੈਪਟਨ ਅਮਰਿੰਦਰ ਸਿੰਘ ਵਾਂਗ ਖਿਆਲ ਕਰ ਰਹੇ ਹਾਂ। ਅਸੀਂ ਪ੍ਰੋ. ਪੂਰਨ ਸਿੰਘ ਦੇ ਸੁਪਨਿਆਂ ਦਾ ਨਹੀਂ, ਸਿੰਘ ਸਭਾ ਅਤੇ ਅਕਾਲੀ ਦਲ ਦੇ ਸੁਪਨਿਆਂ ਦਾ ਪੰਜਾਬ ਸਿਰਜਣਾ ਲੋਚਦੇ ਹਾਂ। ਪ੍ਰੋ. ਪੂਰਨ ਸਿੰਘ ਆਪਣੇ ਸੁਪਨਿਆਂ ਦੀ ਗੱਲ ਕਰਦੇ ਹੋਏ ਆਖਦੇ ਹਨ:

ਖਾੜ ਖਾੜ ਚੱਲਣ ਵਿਚ ਮੇਰੇ ਸੁਫਨਿਆਂ,
ਪੰਜਾਬ ਦੇ ਦਰਿਆ।
ਪਿਆਰ ਅੱਗ ਇਨ੍ਹਾਂ ਨੂੰ ਲੱਗੀ ਹੋਈ,
ਪਿਆਰਾ ਜਪੁ ਸਾਹਿਬ ਗਾਉਂਦੇ, ਠੰਢੇ ਤੇ ਠਾਰਦੇ, ਪਿਆਰਦੇ।

ਪ੍ਰੋ. ਪੂਰਨ ਸਿੰਘ ਦੇ ਦਰਿਆ ਵੀ ਕੇਵਲ ਪਿਆਰਾ ਜਪੁ ਸਾਹਿਬ ਹੀ ਗਾਉਂਦੇ ਹਨ; ਪਿਆਰੀ ਗੀਤਾ ਜਾਂ ਪਿਆਰੀ ਕੁਰਾਨ ਨਹੀਂ। ਪੰਜਾਬ ਵਿਚ ਕੇਵਲ ਸਿਖ ਹੀ ਨਹੀਂ, ਹਿੰਦੂ, ਮੁਸਲਮਾਨ, ਇਸਾਈ, ਬੋਧੀ, ਜੈਨੀ ਆਦਿ ਵੱਖ-ਵੱਖ ਅਕੀਦਿਆਂ ਵਾਲੇ ਸਭ ਤਰ੍ਹਾਂ ਦੇ ਲੋਕ ਵਸਦੇ ਹਨ। ਫੇਰ ਕੇਵਲ ਸਿਖ ਪੰਜਾਬ ਦਾ ਹੋਕਾ ਹੀ ਕਿਉਂ। ਇਸ ਤਰ੍ਹਾਂ ਤਾਂ ਪੂਰਨ ਸਿੰਘ ਦੇ ਪੰਜਾਬ ਅਤੇ ਸਿੰਘ ਸਭਾ/ਅਕਾਲੀ ਦਲ ਦੇ ਪੰਜਾਬ ਵਿਚ ਕੋਈ ਅੰਤਰ ਨਹੀਂ ਰਹਿ ਜਾਂਦਾ। ਨਿਰਸੰਦੇਹ ਦੋਨੋਂ ਧਿਰਾਂ ਸਿਖ-ਪੰਜਾਬ ਦਾ ਹੀ ਨਿਰਮਾਣ ਕਰਨਾ ਚਾਹੁੰਦੀਆਂ ਹਨ: ਸਿਖ-ਚੌਧਰ ਵਾਲੇ ਪੰਜਾਬ ਦਾ ਪਰ ਦੋਨਾਂ ਦੀ ਸਿਖ-ਚੌਧਰ ਦੀ ਪਰਿਭਾਸ਼ਾ ਵਖੋ-ਵਖਰੀ ਹੈ। ਪ੍ਰੋ. ਪੂਰਨ ਸਿੰਘ ਦੇ ਪ੍ਰੇਰਨਾ ਸ੍ਰੋਤ ਸਿਖ ਸਿਧਾਂਤ ਹਨ ਜਦੋਂ ਕਿ ਅਕਾਲੀ ਦਲ ਦੀ ਰਾਜਨੀਤੀ ਦਾ ਆਧਾਰ ਪੱਛਮ ਦੇ ਆਧੁਨਿਕਤਾਵਾਦੀ ਵਿਚਾਰਾਂ ਤੋਂ ਪ੍ਰਭਾਵਿਤ ਸਿੰਘ ਸਭਾ ਲਹਿਰ।

ਪ੍ਰੋ. ਪੂਰਨ ਸਿੰਘ ਪੰਜਾਬ ਦੇ ਵੰਨ-ਸਵੰਨੇ ਭਾਈਚਾਰਿਆਂ ਨੂੰ ਸਿਖ ਸਪਿਰਟ ਵਿਚ ਬੰਨ੍ਹਣਾ ਚਾਹੁੰਦੇ ਸਨ। ਇਸ ਦੇ ਉਲਟ ਸ਼੍ਰੋਮਣੀ ਅਕਾਲੀ ਦਲ ਦਾ ਏਜੰਡਾ ਪੰਜਾਬ ਵਿਚ ਸਿਖ ਲੀਡਰਸ਼ਿਪ ਦੀ ਚੌਧਰ/ਹਕੂਮਤ ਸਥਾਪਤ ਕਰਨਾ ਸੀ। ਸਿਖ ਲੀਡਰਸ਼ਿਪ ਦੀ ਚੌਧਰ ਦਾ ਅਰਥ ਸਿਖ ਭਾਈਚਾਰੇ ਦੀ ਚੌਧਰ ਵੀ ਨਹੀਂ ਸੀ।

ਸਿਖ ਲੀਡਰਸ਼ਿਪ ਦੇ ਨਿਰਮਾਣ ਲਈ ਸਭ ਤੋਂ ਪਹਿਲਾਂ ਤਾਂ ਸਿਖ ਸਿਧਾਂਤਾਂ/ਸਿਖ ਸਪਿਰਟ ਦੀ ਥਾਂ 'ਤੇ ਸਿਖ ਰਹਿਤ-ਮਰਯਾਦਾ ਨੂੰ ਸਿਖ ਪਛਾਣ ਦਾ ਆਧਾਰ ਬਣਾਇਆ ਗਿਆ। ਫਿਰ ਇਸ ਪਛਾਣ ਦੇ ਆਧਾਰ 'ਤੇ ਸਿਖਾਂ ਦੀ ਅੰਦਰੂਨੀ (ਆਰਥਕ-ਸਿਆਸੀ ਅਤੇ ਸਭਿਆਚਾਰਕ) ਵੰਨ-ਸਵੰਨਤਾ ਰੌਂਦ ਕੇ ਉਨ੍ਹਾਂ ਨੂੰ ਹੋਮੋਜੀਨੀਅਸ ਭਾਈਚਾਰੇ ਵਿਚ ਰੂਪਾਂਤ੍ਰਿਤ ਕਰ ਦਿਤਾ ਜਾਂਦਾ ਹੈ। ਆਪਣੇ ਆਪ ਨੂੰ ਸਹਿਜਧਾਰੀ ਸਿਖ ਮੰਨਣ ਵਾਲੇ ਪੰਜਾਬ ਦੇ ਉਹ ਲੋਕ ਜੋ ਇਸ ਨਵੀਂ ਸਿੰਘ ਸਭਾਈ ਪਰਿਭਾਸ਼ਾ ਵਿਚ ਫਿਟ ਨਹੀਂ ਸਨ ਬੈਠਦੇ, ਅਚਾਨਕ ਹੀ ਗੈਰ-ਸਿਖ ਹੋ ਕੇ 'ਹੋਰ' ਹੋ ਗਏ। ਕਿਉਂਕਿ ਪੰਜਾਬ ਵਿਚ ਇਸ ਨਵੀਂ ਪਛਾਣ ਵਾਲੇ ਸਿਖਾਂ ਦੀ ਬਹੁ ਗਿਣਤੀ ਸੀ, ਇਸ ਲਈ ਸਿਖ ਸਿਧਾਂਤਾਂ/ਸਿਖ ਸਪਿਰਟ ਤੋਂ ਸੱਖਣੀ ਇਲੀਟ ਲੀਡਰਸ਼ਿਪ ਨੇ ਗਿਣਤੀ ਦੇ ਆਧਾਰ 'ਤੇ ਪੰਜਾਬ ਨੂੰ ਸਿਖ ਭਾਈਚਾਰੇ ਦੇ ਹੋਮਲੈਂਡ ਵਜੋਂ ਕਲਪਿਤ ਕਰਨਾ ਸ਼ੁਰੂ ਕਰ ਦਿਤਾ। ਅਕਾਲੀ ਦਲ ਦਾ ਸਮੁਚਾ ਇਤਿਹਾਸ ਅਜਿਹੇ ਖਿਤੇ/ਹੋਮਲੈਂਡ ਦੇ ਨਿਰਮਾਣ ਦਾ ਹੀ ਇਤਿਹਾਸ ਹੈ। ਸਿਖ ਸਪਿਰਟ ਨੂੰ ਦਰ ਕਿਨਾਰ ਕਰਕੇ ਉਹ ਸਿਖ ਬਹੁ ਗਿਣਤੀ ਵਾਲੇ ਪੰਜਾਬੀ ਖਿਤੇ ਦਾ ਨਿਰਮਾਣ ਵੀ ਕਰ ਵੀ ਲੈਂਦੇ ਹਨ ਪਰ ਉਹ ਖਿਤਾ ਸਿਖ ਲੀਡਰਸ਼ਿਪ ਦੀਆਂ ਝੋਲੀਆਂ ਭਰਦਾ-ਭਰਦਾ ਆਪ ਹਰ ਪੱਖੋਂ ਗਰੀਬ ਹੁੰਦਾ ਚਲਾ ਗਿਆ।

ਪ੍ਰੋ. ਪੂਰਨ ਸਿੰਘ ਦਾ ਪ੍ਰੋਜੈਕਟ ਇਸ ਤੋਂ ਬਿਲਕੁਲ ਵੱਖਰਾ ਹੈ। ਉਹ ਵੱਖਰੀ ਤਰ੍ਹਾਂ ਦੇ ਹੈਜਮੋਨਿਕ ਪ੍ਰਵਚਨਾਂ ਦਾ ਨਿਰਮਾਣ ਕਰਦੇ ਹਨ। ਪ੍ਰੋ. ਪੂਰਨ ਸਿੰਘ ਦੇ ਪ੍ਰਵਚਨਾਂ ਦੀ ਗੱਲ ਕਰਨ ਤੋਂ ਪਹਿਲਾਂ, ਹੈਜਮਨੀ ਕੀ ਹੈ, ਇਸ ਬਾਰੇ ਸਪਸ਼ਟ ਹੋਣਾ ਜ਼ਰੂਰੀ ਹੋ ਜਾਂਦਾ ਹੈ।

ਪ੍ਰੋ. ਪੂਰਨ ਸਿੰਘ (1881-1931) ਦੇ ਸਮਕਾਲੀ ਅੰਤੋਨੀਓ ਗਰਾਮਸ਼ੀ (1891-1937) ਦੇ ਹੈਜਮਨੀ ਦੇ ਸਿਧਾਂਤ ਅਨੁਸਾਰ ਕੋਈ ਧਿਰ ਕੇਵਲ ਇਸੇ ਲਈ ਹੀ ਸੱਤਾ ਵਿਚ ਨਹੀਂ ਟਿਕੀ ਹੁੰਦੀ ਕਿ ਉਸ ਨੇ ਸਬੰਧਤ ਮੁਲਕ/ਸੂਬੇ ਦੇ ਆਰਥਕ ਢਾਂਚੇ ਅਤੇ ਰਾਜ ਪ੍ਰਬੰਧ ਉਪਰ ਕਬਜ਼ਾ ਕੀਤਾ ਹੋਇਆ ਹੁੰਦਾ ਹੈ, ਉਸ ਨੇ ਲੋਕਾਂ ਦੇ ਮਨਾਂ ਨੂੰ ਵੀ ਕਾਬੂ ਕੀਤਾ ਹੁੰਦਾ ਹੈ। ਮਨਾਂ ਦੇ ਇਸ ਕੰਟਰੋਲ ਕਰਕੇ ਹੀ ਲੋਕ ਉਸ ਧਿਰ ਦੀਆਂ ਕਦਰਾਂ ਕੀਮਤਾਂ ਨੂੰ ਆਪਣੇ ਸਮਾਜ ਦੀ ਸਾਂਝੀ ਸੋਚ, ਆਸ਼ਿਆਂ ਅਤੇ ਮੁੱਲਾਂ ਦੇ ਰੂਪ ਵਿਚ ਅਪਣਾਉਂਦੇ ਹਨ। ਲੋਕਾਂ ਦੇ ਮਨਾਂ ਉਪਰ ਰਾਜ ਕਰਨ ਵਾਲੀ ਇਸ ਸਭਿਆਚਾਰਕ ਸ਼ਕਤੀ ਨੂੰ ਹੀ ਹੈਜਮਨੀ ਦਾ ਨਾਮ ਦਿਤਾ ਗਿਆ ਹੈ।

ਪ੍ਰੋ. ਪੂਰਨ ਸਿੰਘ ਜਾਣਦੇ ਸਨ ਕਿ ਪੰਜਾਬ ਦੇ ਨਿਰਮਿਤ ਹੋ ਰਹੇ ਆਧੁਨਿਕਤਾਵਾਦੀ ਸਮਾਜ ਵਿਚ ਘੱਟ ਗਿਣਤੀ ਸਿਖ ਭਾਈਚਾਰੇ ਦੀ ਓਨੀ ਦੇਰ ਤੱਕ ਚੌਧਰ ਸਥਾਪਤ ਨਹੀਂ ਹੋ ਸਕਦੀ, ਜਿੰਨੀ ਦੇਰ ਤੱਕ ਉਹ ਬਹੁ-ਧਰਮੀ, ਬਹੁ-ਜਾਤੀ, ਬਹੁ-ਭਾਸ਼ਾਈ ਅਤੇ ਬਹੁ-ਸਭਿਆਚਾਰਕ ਪੰਜਾਬੀ ਭਾਈਚਾਰੇ ਦੇ ਮਨਾਂ ਨੂੰ ਸਿਖ ਸਿਧਾਂਤਾਂ ਅਤੇ ਸਿਖ ਸਪਿਰਟ ਦੇ ਆਸ਼ਿਆਂ ਨਾਲ ਜਿੱਤ ਨਹੀਂ ਲੈਂਦੇ। ਪ੍ਰੋ. ਸਾਹਿਬ ਜਾਣਦੇ ਸਨ ਕਿ ਉਹ ਪੰਜਾਬੀ ਸਮਾਜ ਦੇ ਵਖਰੇਵਿਆਂ ਨੂੰ ਤਾਂ ਦੂਰ ਨਹੀਂ ਕਰ ਸਕਦੇ, ਕਰਨੇ ਵੀ ਨਹੀਂ ਚਾਹੀਦੇ। ਗੁਰੂ ਨਾਨਕ ਸਾਹਿਬ ਨੇ ਤਾਂ ਹਿੰਦੂਆਂ ਨੂੰ ਚੰਗੇ ਹਿੰਦੂ ਅਤੇ ਮੁਸਲਮਾਨਾਂ ਨੂੰ ਨੇਕ ਮੁਸਲਮਾਨ ਬਣਨ ਦਾ ਹੀ ਸੁਨੇਹਾ ਦਿੱਤਾ ਸੀ। ਕੇਵਲ ਏਨਾ ਹੀ ਨਹੀਂ, ਗੁਰੂ ਤੇਗ ਬਹਾਦਰ ਜੀ ਜਿਨ੍ਹਾਂ ਨੇ ਦੂਸਰੇ ਦੇ ਦੂਸਰੇਪਣ ਦੀ ਸੁਰੱਖਿਆ ਅਤੇ ਆਜ਼ਾਦੀ ਲਈ ਆਪਣੀ ਜਾਨ ਤੱਕ ਕੁਰਬਾਨ ਕਰ ਦਿੱਤੀ ਸੀ, ਉਨ੍ਹਾਂ ਦੇ ਸਿਖ ਇਨ੍ਹਾਂ ਵਖਰੇਵਿਆਂ ਨੂੰ ਮਿਟਾਉਣ ਬਾਰੇ ਭਲਾ ਸੋਚ ਵੀ ਕਿਵੇਂ ਸਕਦੇ ਸਨ। ਇਸ ਲਈ ਪ੍ਰੋ. ਸਾਹਿਬ ਪੰਜਾਬ ਅੰਦਰ ਹਰਮਨ ਪਿਆਰੇ ਕਿਰਦਾਰ ਵਾਲੀ, ਇਕ ਸਰਬ ਸਾਂਝੀ 'ਸਮੂਹਿਕ ਇਛਾ' ਦਾ ਨਿਰਮਾਣ ਕਰਨ ਲਈ, ਸਿਖ ਸਿਧਾਂਤਾਂ ਦੇ ਆਧਾਰ ਤੇ, ਸਿਖ ਕੌਣ ਹੈ, ਦੀ ਪਰਿਭਾਸ਼ਾ ਨੂੰ ਹੀ ਵਿਸਤਾਰ ਦਿੰਦੇ ਹਨ।

ਗਰਾਮਸ਼ੀ ਸੋਚਦੇ ਸਨ ਕਿ ਕਿਸੇ ਵੀ ਸਮਾਜ ਅੰਦਰ ਆਪਣੀ ਚੌਧਰ ਦੀ ਸਥਾਪਨਾ ਲਈ ਉਸ ਸਮਾਜ ਦੀਆਂ ਸਭੇ ਧਿਰਾਂ ਸੰਘਰਸ਼ ਕਰਦੀਆਂ ਹਨ ਪਰ ਸਫਲ ਉਹੋ ਧਿਰ ਹੁੰਦੀ ਹੈ ਜੋ ਹਰਮਨ ਪਿਆਰੇ ਕਿਰਦਾਰ ਵਾਲੀ ਸਮੂਹਿਕ ਇਛਾ ਦਾ ਨਿਰਮਾਣ ਕਰ ਲਵੇ। ਪ੍ਰੋ. ਪੂਰਨ ਸਿੰਘ ਸਿਖ ਸਿਧਾਂਤਾਂ ਉਪਰ ਟਿਕੀ ਸਿਖ ਸਪਿਰਟ ਦੇ ਰੂਪ ਵਿਚ ਅਜਿਹੀ ਆਰਗੈਨਿਕ ਵਿਚਾਰਧਾਰਾ ਦਾ ਹੀ ਨਿਰਮਾਣ ਕਰ ਰਹੇ ਸਨ ਜੋ ਸਮੂਹ ਪੰਜਾਬੀਆਂ ਨੂੰ ਸੰਗਠਿਤ ਕਰਕੇ ਨਵੇਂ ਯੁਗ ਦਾ ਨਿਰਮਾਣ ਕਰ ਸਕੇ।

ਆਪਣੇ ਇਸ ਹੈਜਮੋਨਿਕ ਪ੍ਰੋਜੈਕਟ ਦੀ ਰੂਪ ਰੇਖਾ ਤਿਆਰ ਕਰਦੇ ਸਮੇਂ ਜਿਹੜੇ ਚਾਰ ਪ੍ਰੋਜੈਕਟਾਂ ਦੀ ਪ੍ਰੋ. ਸਾਹਿਬ ਡੂੰਘੀ ਘੋਖ ਪੜਤਾਲ ਕਰਦੇ ਹਨ, ਉਹ ਇਸ ਪ੍ਰਕਾਰ ਹਨ: ਨੰਬਰ ਇਕ, ਮਹਾਰਾਜਾ ਰਣਜੀਤ ਸਿੰਘ ਦੇ ਰਾਜ ਦੀ ਸਥਾਪਨਾ ਪਿਛੇ ਕੰਮ ਕਰ ਰਿਹਾ ਹੈਜਮੋਨਿਕ ਪ੍ਰੋਜੈਕਟ; ਨੰਬਰ ਦੋ, ਅੰਗਰੇਜ਼ੀ ਰਾਜ ਦਾ ਬਸਤੀਵਾਦੀ ਪ੍ਰੋਜੈਕਟ; ਨੰਬਰ ਤਿੰਨ, ਅੰਮ੍ਰਿਤਸਰ ਸਿੰਘ ਸਭਾ ਦੁਆਰਾ ਸਨਾਤਨੀ ਪ੍ਰੰਪਰਾ ਦੀ ਸਾਂਭ ਸੰਭਾਲ ਦਾ ਪ੍ਰੋਜੈਕਟ ਅਤੇ ਨੰਬਰ ਚਾਰ, ਪੰਜਾਬ ਦੇ ਪਿੰਡਾਂ ਦੀ ਲੋਕ ਧਾਰਾਈ ਪ੍ਰੰਪਰਾ। ਉਹ ਦਰਅਸਲ ਆਜ਼ਾਦੀ ਅਤੇ ਬਰਾਬਰੀ ਵਰਗੇ ਸਿਖ ਸਿਧਾਂਤਾਂ ਅਤੇ ਸਿਖ ਸਪਿਰਟ ਵਾਲੇ ਬਹੁ-ਧਰਮੀ, ਬਹੁ-ਸੰਸਕ੍ਰਿਤਕ, ਬਹੁ-ਭਾਸ਼ਾਈ ਅਤੇ ਬਹੁ-ਸੰਪਰਦਾਇਕ ਪੰਜਾਬ ਦਾ ਸੁਪਨਾ ਦੇਖ ਰਹੇ ਸਨ:

ਕਿਸੇ ਰੂਮੀ ਟੋਪੀ ਲਾਲ ਬੁੰਬਲ ਕਾਲੇ ਵਾਲੀ ਪਾਈ ਹੈ,
ਇਹ ਕੋਈ ਈਰਾਨ ਦਾ, ਟਰਕੀ ਦਾ ਫੌਜ ਵਾਲਾ।
ਕਿਸੇ ਮਲਮਲ ਦਾ ਸਾਰਾ ਥਾਨ, ਵਾਂਗ ਚਿਟੀਆਂ ਲਹਿਰਾਂ ਸਿਰ ਤੇ ਲਪੇਟਿਆ,
ਇਹ ਕੋਈ ਪੁਰਾਣੇ ਵੇਲੇ ਦਾ ਸ਼ਰੀਫ ਮੁਸਲਮਾਨ ਜ਼ਿਮੀਂਦਾਰ ਹੈ।
ਕਿਸੇ ਦਾ ਬਨਾਰਸੀ ਦੁਪੱਟਾ ਮਾਰੇ ਗੋਟੇ ਦੀ ਝਲਕ,
ਨਵਾਂ ਮਹਾਰਾਜ ਚਲਿਆ ਮੱਥਾ ਟੇਕਨ ਸਤਿਗੁਰ ਰਾਮਦਾਸ ਨੂੰ, ਧੰਨ ਗੁਰੂ ਰਾਮਦਾਸ ਨੂੰ!
ਕਿਧਰੇ ਸੁਹਣੀ ਸਿਖ ਪਗੜੀ ਸਿੱਧੀ ਬੱਧੀ ਦਿਸ ਆਉਂਦੀ।
ਨਵੀਆਂ-ਨਵੀਆਂ ਕੁਤਰੀਆਂ ਤੇ ਮੁੰਨੀਆਂ ਦਾਹੜੀਆਂ ਦਿਸਦੀਆਂ।
ਹਿੰਦੂਆਂ ਤੇ ਮੁਸਲਮਾਨਾਂ ਦੇ ਸ਼ਰੀਫ ਚਿਹਰੇ, ਬੁਢੇ ਤੇ ਜਵਾਨ ਤੇ ਅੱਧਖੜ ਜਿਹੇ।
ਬਾਜ਼ਾਰ ਵਿਚ ਗਦਵਦ ਆਪੇ ਵਿਚ ਛੋਂਹਦੇ, ਖੜਕਦੇ, ਲਗਦੇ
ਸੁਹਣੇ ਨੱਕ, ਕਾਬਲੀ ਤੇ ਚੀਨੀ, ਤੇ ਹੁਨੀ ਤੇ ਈਰਾਨੀ ਯੂਨਾਨੀ ਸਾਰੇ ਮਿਲੇ ਜੁਲੇ,
ਸਭ ਗਦਗਦ ਹੁੰਦੇ ਇਸ ਚਲਦੇ ਸਮਾਜ ਵਿਚ।
ਮੁਸਲਮਾਨ, ਸਿਖ, ਹਿੰਦੂ, ਕੋਈ ਹੋਵੇ,
ਪੰਜਾਬ-ਗਲੀ ਦੀ ਸੱਚੀ ਸਜ ਸਾਰੀ, ਇਹ ਰਲੀ ਮਿਲੀ, ਮਿਲੀ ਜੁਲੀ

ਇਸ ਵਖਰੇਵਿਆਂ ਭਰਪੂਰ ਪੰਜਾਬ ਵਿਚ ਸਿਖ ਚੌਧਰ ਦੀ ਸਥਾਪਨਾ ਵਾਸਤੇ ਉਹ ਪੰਜਾਬ ਨੂੰ ਅਕਾਲੀ ਦਲ ਵਾਂਗ ਛੋਟਾ ਕਰਨੇ ਦੀ ਥਾਂ ਸਿਖੀ ਨੂੰ ਮੋਕਲਾ ਕਰਕੇ ਸਭ ਨੂੰ ਆਪਣੀ ਬੁੱਕਲ ਵਿਚ ਲੈਣ ਦੇ ਹਾਮੀ ਸਨ। ਉਹਨਾਂ ਨੂੰ ਰਾਂਝਾ ਗੁਰੂ ਦਾ ਸਿਖ ਅਤੇ ਅਮਰੀਕੀ ਕਵੀ ਵਾਲਟ ਵਿਟਮੈਨ ਅਮਰੀਕਾ ਵਿਚ ਜੰਮਿਆ ਸਿਖ ਦਿਖਾਈ ਦਿੰਦੇ ਸਨ:

ਬਾਲ ਨਾਥ ਪਛਤਾਇਆ ਰਾਂਝੇ ਨੂੰ ਜੋਗ ਦੇ ਕੇ,
ਸਤਿਗੁਰਾਂ ਦੇ ਸਿਖ ਨੂੰ ਪਾ ਹੱਥ ਰੋਇਆ।
ਆ-ਵੀਰਾ ਰਾਂਝਿਆ।
ਆ-ਭੈਣੇ ਹੀਰੇ।
ਸਾਨੂੰ ਛੱਡ ਨਾ ਜਾਵੋ,
ਬਿਨ ਤੁਸਾਂ ਅਸੀਂ ਸੱਖਣੇ।
ਤੇਰੀ ਬਾਂਸਰੀ ਦੀ ਸੱਦ,
ਅੱਗ ਪਈ ਲਾਉਂਦੀ ਹਵਾਵਾਂ ਨੂੰ, ਛਾਵਾਂ ਨੂੰ,
ਦਰੱਖਤ ਵੀ ਉਠ ਸਾਰੇ ਨੱਚਦੇ,
ਤੇਰੀ ਬਾਂਸਰੀ, ਇਕ ਮਨ ਸਾਰਾ, ਹੀਰ ਹੀਰ ਬੋਲਦੀ।
ਆ ਹੀਰੇ! ਦੇਖ ਤੇਰੇ ਪੱਤਣ ਆਣ ਅੱਜ ਉਤਰਿਆ,
ਇਕ ਪਾਤਸ਼ਾਹ ਦਿਲ ਦਾ;
ਜੋਗੀਆਂ ਵਾਲੇ ਰੇਖ ਉਸ ਦੇ,
ਕੁਝ ਅਗੰਮ ਦੇ ਲੇਖ ਉਸ ਦੇ, ਇਕ ਸੁਹਣਾ ਰੱਬ ਜਿਹਾ ਆਦਮੀ।

ਹੀਰ ਨੂੰ ਉਹ 'ਤੂੰ ਧੀ ਪਾਤਸ਼ਾਹਾਂ ਦੀ' ਆਖਦੇ ਹਨ ਅਤੇ ਸੋਹਣੀ ਦਾ ਬੁੱਤ ਉਹਨਾਂ ਨੂੰ ਕੌਮੀ ਨਿਸ਼ਾਨ ਪ੍ਰਤੀਤ ਹੁੰਦਾ ਹੈ।

ਮਹਾਰਾਜਾ ਰਣਜੀਤ ਸਿੰਘ ਨੇ ਵੀ ਇਸੇ ਹੈਜਮੋਨਿਕ ਪ੍ਰੋਜੈਕਟ ਰਾਹੀਂ ਸਿਖ ਰਾਜ ਦੀ ਸਥਾਪਨਾ ਅਤੇ ਵਿਸਤਾਰ ਕੀਤਾ ਸੀ। ਸਿਖ ਰਾਜ ਨੇ ਅੰਮ੍ਰਿਤਧਾਰੀ ਅਤੇ ਸਹਿਜਧਾਰੀ ਸਿਖਾਂ ਨੂੰ ਸਮਾਨੰਤਰ ਮਹੱਤਵ ਦਿੱਤਾ। ਉਦਾਸੀਆਂ ਅਤੇ ਨਿਰਮਲਿਆਂ ਨੂੰ ਆਪਣੇ ਵਿਸਤਾਰ ਲਈ ਦਿਲ ਖੋਲ੍ਹ ਕੇ ਗਰਾਂਟਾਂ ਦਿਤੀਆਂ। ਸਭ ਧਰਮਾਂ ਨੂੰ ਸਮਾਨੰਤਰ ਰੁਤਬਾ ਪ੍ਰਾਪਤ ਸੀ। ਸਿੰਘ ਸਭਾ ਦੇ ਸ਼ੁਰੂਆਤੀ ਦੌਰ ਵਿਚ ਅੰਮ੍ਰਿਤਸਰ ਸਿੰਘ ਸਭਾ ਦੀ ਵੀ ਇਹੋ ਪਾਲਿਸੀ ਸੀ। ਮਾਨੋਲਿਥਕ ਪੰਥ ਦੀ ਧਾਰਨਾ ਨੂੰ ਬਹੁਤਾ ਮਹੱਤਵ ਪ੍ਰਾਪਤ ਨਹੀਂ ਸੀ।

ਇਹ ਤਾਂ 1873 ਵਿਚ ਕਰਿਸ਼ਚੀਅਨ ਮਿਸ਼ਨਰੀ ਸਕੂਲ ਦੇ ਇਕ ਸਿਖ ਵਿਦਿਆਰਥੀ ਦੇ ਇਸਾਈ ਧਰਮ ਗ੍ਰਹਿਣ ਕਰਨ ਦੀ ਖਬਰ ਨੇ ਜਦੋਂ ਸਿਖ ਭਾਈਚਾਰੇ ਵਿਚ ਹਲਚਲ ਪੈਦਾ ਕੀਤੀ, ਤਾਂ ਧਰਮ ਪਰਿਵਰਤਨ ਵਿਰੁਧ ਦਰਬਾਰ ਸਾਹਿਬ ਨਾਲ ਲਗਦੇ ਮਜੀਠੀਆਂ ਦੇ ਬੁੰਗੇ ਵਿਚ ਸਿਖ ਪਤਵੰਤਿਆਂ ਦੀ ਹੋਣ ਵਾਲੀ ਬੈਠਕ ਵਿਚ ਗਿਆਨੀ, ਗ੍ਰੰਥੀ, ਨਿਰਮਲੇ, ਉਦਾਸੀ ਆਦਿ ਹਰ ਤਰ੍ਹਾਂ ਦੇ ਸਿਖ ਸ਼ਾਮਲ ਹੋਏ ਜਿਨ੍ਹਾਂ ਨੇ ਰਲ ਕੇ ਸ੍ਰੀ ਗੁਰੂ ਸਿੰਘ ਸਭਾ ਦੀ ਸਥਾਪਨਾ ਕੀਤੀ।

ਮੁਸਲਮਾਨ ਪੀਰ ਦੀ ਦਰਗਾਹ ਉਪਰ ਸਿਜਦਾ ਕਰਨ ਵਾਲੇ ਪੰਜਾਬੀ ਬੰਦੇ, ਜੋ ਦਰਬਾਰ ਸਾਹਿਬ ਅਤੇ ਮਾਤਾ ਦੇ ਦਰਸ਼ਨਾਂ ਨੂੰ ਵੀ ਓਨੀ ਹੀ ਸ਼ਰਧਾ ਨਾਲ ਜਾਂਦੇ ਸਨ, ਵਿਚਕਾਰ ਇਨ੍ਹਾਂ ਸਿੰਘ ਸਭਾ ਅਤੇ ਆਰੀਆ ਸਮਾਜ ਵਰਗੀਆਂ ਆਧੁਨਿਕਤਾਵਾਦੀ ਲਹਿਰਾਂ ਦੇ ਪ੍ਰਭਾਵ ਅਧੀਨ ਪੰਜਾਬੀ ਬੰਦੇ ਹਿੰਦੂ, ਸਿਖ ਅਤੇ ਮੁਸਲਿਮ ਕੌਮਾਂ ਵਿਚ ਸੰਗਠਿਤ ਹੋਣ ਲੱਗੇ। ਕੌਮੀ ਵੰਡੀਆਂ ਦੇ ਜ਼ੋਰ ਫੜਨ ਨਾਲ ਪੰਜਾਬ ਅਤੇ ਉਸ ਦੇ ਵਸੀਲਿਆਂ ਨੂੰ ਹਥਿਆਉਣ ਲਈ ਸੰਘਰਸ਼ ਸ਼ੁਰੂ ਹੋ ਗਿਆ। ਆਪੋ ਆਪਣੇ ਭਾਈਚਾਰਿਆਂ ਦੇ ਵਿਕਾਸ ਲਈ ਕੌਮੀ ਨਿਰਮਾਣ ਅਤੇ ਸੁਧਾਰ ਲਹਿਰਾਂ ਜ਼ੋਰ ਫੜਨ ਲੱਗ ਪਈਆਂ। ਵੱਖੋ-ਵੱਖਰੀਆਂ ਕੌਮਾਂ ਅੰਦਰ ਆਪੋ-ਆਪਣੇ ਕੌਮੀ ਰਾਜਾਂ ਦੀ ਤਾਂਘ ਜਾਗ ਪਈ। ਸਿੰਘ ਸਭਾ ਲਹਿਰ ਦੁਆਰਾ ਜਗਾਈ ਇਸੇ ਬਸਤੀਵਾਦੀ ਭਾਵਨਾ ਵਿਚੋਂ ਸ਼੍ਰੋਮਣੀ ਅਕਾਲੀ ਦਲ ਅਤੇ ਪੰਜਾਬੀ ਸੂਬਾ ਜਨਮ ਲੈਂਦੇ ਹਨ।

ਪੰਜਾਬ ਵਿਚ ਆਪਣੀ ਚੌਧਰ ਸਥਾਪਤ ਕਰਨ ਲਈ ਸਿਖ ਭਾਈਚਾਰੇ ਕੋਲ ਦੋ ਬਦਲ ਮੌਜੂਦ ਸਨ। ਇਕ ਸੀ ਪ੍ਰੋ. ਪੂਰਨ ਸਿੰਘ ਦੁਆਰਾ ਸੁਝਾਇਆ ਸਿਖ ਸਿਧਾਂਤਾਂ ਦੇ ਆਧਾਰ 'ਤੇ ਸਿਖ ਸਪਿਰਟ ਵਾਲੇ ਬਹੁ-ਧਰਮੀ, ਬਹੁ-ਭਾਸ਼ਾਈ ਅਤੇ ਬਹੁ-ਸੰਸਕ੍ਰਿਤਕ ਪੰਜਾਬ ਦਾ ਨਿਰਮਾਣ ਜਿਸ ਨੂੰ ਉਹ ਪੰਜਾਬ ਪਿਆਰ ਅਤੇ ਸਿਖ ਪੰਜਾਬ ਦਾ ਨਾਮ ਦਿੰਦੇ ਹਨ। ਦੂਸਰਾ ਸੀ ਅਜਿਹੇ ਸਿਖ ਬਹੁਗਿਣਤੀ ਵਾਲੇ ਖਿੱਤੇ ਦੀ ਸਥਾਪਨਾ ਜਿਥੇ ਸਿਖ ਲੀਡਰਸ਼ਿਪ ਆਪਣੀ ਹਕੂਮਤ ਸਥਾਪਤ ਕਰ ਸਕੇ। ਅਕਾਲੀ ਦਲ ਨੇ ਸਿਖ ਸਪਿਰਟ ਦੀ ਥਾਂ ਸਿਖ ਲੀਡਰਸ਼ਿਪ ਦੀ ਚੌਧਰ ਵਾਲਾ ਰਾਹ ਅਪਣਾ ਕੇ ਕੇਵਲ ਆਪਣੇ ਆਪ ਨੂੰ ਹੀ ਨਹੀਂ ਸਗੋਂ ਪੰਜਾਬ ਅਤੇ ਪੰਜਾਬੀ ਭਾਈਚਾਰੇ ਨੂੰ ਵੀ ਇਸ ਦੀ ਮੌਜੂਦਾ ਸੰਕਟਮਈ ਸਥਿਤੀ ਵਿਚ ਲਿਆ ਖੜ੍ਹਾ ਕੀਤਾ ਹੈ।

***(ਬਾਕੀ ਅਗਲੇ ਸਫੇ 'ਤੇ)***

# ਮਨ

**ਪਲ ਵਿਚ ਮਾਸਾ ਤੇ ਪਲ ਵਿਚ ਤੋਲਾ ਹੋ ਜਾਂਦੇ ਮਨ ਦੀ ਥਾਹ ਪਾ ਲੈਣਾ ਕੋਈ ਸੌਖਾ ਕਾਰਜ ਨਹੀਂ। ਗੁਰਬਾਣੀ ਵਿਚ ਮਨ ਦੇ ਜਿੱਤਣ ਨੂੰ ਜੱਗ ਜਿੱਤਣ ਦੇ ਤੁੱਲ ਮੰਨਿਆ ਗਿਆ ਹੈ। ਕਈ ਵਾਰ ਗਲਤਫਹਿਮੀਆਂ ਵਿਚ ਪਿਆ ਮਨ ਹੋਰ ਹੋਰ ਉਲਝਣਾਂ ਵਿਚ ਉਲਝਦਾ ਜਾਂਦਾ ਹੈ, ਪਰ ਜਦੋਂ ਮਨ-ਮਸਤਕ ਵਿਚ ਲੱਗੇ ਕਿਸੇ ਵੀ ਤਰ੍ਹਾਂ ਦੇ ਜਾਲੇ ਸਾਫ ਹੋਣ ਲੱਗ ਪੈਣ ਤੇ ਜਦੋਂ ਮਨ ਆਸੇ-ਪਾਸੇ ਪਸਰੀਆਂ ਨਿੱਕੀਆਂ ਨਿੱਕੀਆਂ ਗੱਲਾਂ ਵਿਚੋਂ ਵੱਡੀਆਂ ਖੁਸ਼ੀਆਂ ਮਾਣਨ ਲੱਗ ਪਵੇ ਤਾਂ ਮਨ ਚੜ੍ਹਦੀ ਕਲਾ ਦੇ ਰੰਗ ਵਿਚ ਰੰਗਿਆ ਜਾਂਦਾ ਹੈ। ਮਨ ਅੰਦਰ ਪੈਦਾ ਹੋਈਆਂ ਖੁਸ਼ੀ ਤੇ ਗਮੀ ਦੀਆਂ ਤਰੰਗਾਂ ਦੇ ਅਹਿਸਾਸ ਜਿਹੀ ਹੀ ਹੈ, ਇਹ ਲਿਖਤ।**

'ਦਾਦੀ! ਆਹ ਦੇਖੋ ਮੰਮੀ ਨੇ ਸਟੇਟਸ ਪਾਇਆ, 'ਮਾਈ ਸਵੀਟ ਫੈਮਿਲੀ' ਲਿਖ ਕੇ।' ਪੋਤੀ ਨੇ ਮੋਬਾਈਲ ਦਾਦੀ ਅੱਗੇ ਕਰਦਿਆਂ ਕਿਹਾ।

ਦਾਦੀ ਨੇ ਕੋਲ ਪਏ ਮੇਜ਼ 'ਤੇ ਰੱਖੀ ਐਨਕ ਦੇ ਸ਼ੀਸ਼ੇ ਸਾਫ ਕਰਦਿਆਂ ਐਨਕ ਲਾਈ ਤੇ ਮੋਬਾਈਲ ਦੇਖਣ ਲੱਗੀ, ਪਰ ਦਾਦੀ ਨੇ ਜਿੰਨੀ ਖੁਸ਼ੀ ਨਾਲ ਐਨਕ ਲਾਈ ਸੀ, ਉਸ ਦੇ ਚਿਹਰੇ ਨੂੰ ਦੇਖ ਕੇ ਲੱਗਦਾ ਸੀ ਕਿ ਸਾਰੀ ਕਿਤੇ ਉਡ-ਪੁੱਡ ਗਈ।

'ਆਹ ਦੇਖੋ! ਮੈਂ, ਪਾਪਾ ਅਤੇ ਮੰਮੀ...ਕਿੰਨੀ ਸੋਹਣੀ ਐ ਨਾ?'

'ਹਾਂ ਪੁੱਤਰ! ਬਹੁਤ ਸੋਹਣੀ ਐ...ਜਿਉਂਦੇ ਵਸਦੇ ਰਹੋ।' ਦਾਦੀ ਨੇ ਐਨਕ ਉਤਾਰਦਿਆਂ ਆਖਿਆ।

ਉਹ ਪੋਤੀ ਵੱਲ ਪਿੱਠ ਕਰ ਕੇ ਲੇਟ ਗਈ। ਮੱਧਮ ਜਿਹੀ ਆਵਾਜ਼ ਵਿਚ ਉਸ ਨੇ ਪਤਾ ਨਹੀਂ

**ਅੰਮ੍ਰਿਤ ਕੌਰ, ਬਡਰੁੱਖਾਂ (ਸੰਗਰੂਰ)**
**ਫੋਨ: 91-98767-14004**

ਕਿਸ ਨੂੰ ਕਿਹਾ, 'ਮੇਰੇ ਤੋਂ ਬਿਨਾ ਹੀ ਸਵੀਟ ਫੈਮਿਲੀ, ਕਿਤੇ ਮੈਂ ਵਾਧੂ ਤਾਂ ਨਹੀਂ ਲੱਗਣ ਲੱਗ ਪਈ, ਫੋਟੋ ਵਿਚ ਮੇਰੇ ਤੋਂ ਬਿਨਾ ਈ...ਫੈਮਿਲੀ...ਸਵੀਟ ਬਣ ਗਿਆ, ਮੈਂ ਤਾਂ ਕਦੇ ਕਿਸੇ ਨੂੰ ਕੁਝ ਕਿਹਾ ਵੀ ਨਹੀਂ, ਕੋਈ ਤਿੰਨ ਕਰੇ ਕੋਈ ਤੇਰਾਂ, ਅਗਲਿਆਂ ਦਾ ਘਰ ਐ, ਪਰ ਬਣਾਇਆ ਤਾਂ ਮੈਂ ਈ ਐ ਕਿੰਨੀਆਂ ਔਖਾਂ ਕੱਟ ਕੇ...ਕੀ ਮੈਂ ਪਰਿਵਾਰ ਦਾ ਹਿੱਸਾ ਨਹੀਂ?'

ਫਿਰ ਦਾਦੀ ਸਾਹਮਣੇ ਕੰਧ 'ਤੇ ਲੱਗੀ ਆਪਣੇ ਪਤੀ ਦੀ ਤਸਵੀਰ ਵੱਲ ਦੇਖਣ ਲੱਗੀ। ਉਸ ਨੂੰ ਦੁਨੀਆਂ ਛੱਡ ਕੇ ਗਏ ਨੂੰ ਤੀਹ ਸਾਲ ਹੋ ਗਏ ਸਨ। ਦੋਵੇਂ ਬੱਚੇ ਬਹੁਤ ਛੋਟੇ ਸਨ। ਜਿਹੜੀਆਂ ਮੁਸ਼ਕਿਲਾਂ ਨਾਲ ਉਸ ਨੇ ਬੱਚਿਆਂ ਨੂੰ ਪਾਲਿਆ ਤੇ ਪੜ੍ਹਾਇਆ, ਸਭ ਅੱਖਾਂ ਅੱਗੇ ਆ ਗਿਆ। ਬੱਚਿਆਂ ਦੀ ਸਲਾਮਤੀ ਲਈ ਨੰਗੇ ਪੈਰੀਂ ਧਾਰਮਿਕ ਸਥਾਨਾਂ 'ਤੇ ਜਾ ਕੇ ਨੱਕ ਰਗੜੇ। ਪੜ੍ਹਾ ਕੇ ਨੌਕਰੀਆਂ ਕਰਨ ਦੇ ਕਾਬਲ ਬਣਾਇਆ।...ਪੋਤੀ ਨੂੰ ਉਸ ਨੇ ਰਾਤਾਂ ਜਾਗ ਜਾਗ ਪਾਲਿਆ, ਢਿੱਡੋਂ ਜੰਮੀ ਔਲਾਦ ਵਾਂਗ। ਘਰ ਦੇ ਕੰਮ ਵੀ ਉਸ ਨੇ ਛੱਡੇ ਨਹੀਂ ਸਨ। ਅੱਧੇ ਕੰਮ ਉਹ ਖੁਸ਼ੀ ਖੁਸ਼ੀ ਕਰ ਦਿੰਦੀ, ਆਖਦੀ ਕਿ ਹੱਥ-ਪੈਰ ਚਲਦੇ ਰਹਿਣ ਤਾਂ ਸਰੀਰ ਵੀ ਠੀਕ ਰਹਿੰਦਾ ਹੈ। ਅੱਜ ਉਸ ਨੂੰ ਸਰੀਰ ਵੀ ਥੱਕਿਆ-ਥੱਕਿਆ ਲੱਗ ਰਿਹਾ ਸੀ। ਉਸ ਨੂੰ ਜਾਪ ਰਿਹਾ ਸੀ ਜਿਵੇਂ ਚਿਰਾਂ ਤੋਂ ਬਿਮਾਰ ਹੋਵੇ। ਉਸ ਦੀਆਂ ਸਾਰੀਆਂ ਪੀੜਾਂ ਹਰੀਆਂ ਹੋ ਗਈਆਂ...। ਵਾਰ ਵਾਰ 'ਸਵੀਟ ਫੈਮਿਲੀ' ਵਿਚ ਆਪਣੇ ਆਪ ਨੂੰ ਲੱਭਦੀ। ਉੱਠਣ ਲੱਗਿਆਂ ਉਸ ਨੂੰ ਕਮਜ਼ੋਰੀ ਮਹਿਸੂਸ ਹੋਈ। ਨੂੰਹ ਉਸ ਦੇ ਕਮਰੇ ਵਿਚ ਆਈ, ਉਸ ਦਾ ਉਹਨੂੰ ਬੁਲਾਉਣ ਨੂੰ ਜੀਅ ਨਾ ਕੀਤਾ। ਗਵਾਂਢਣਾਂ ਦੀਆਂ ਗੱਲਾਂ ਚੇਤੇ ਆਉਣ ਲੱਗੀਆਂ, ਜਿਹੜੀਆਂ ਆਖਦੀਆਂ ਹੁੰਦੀਆਂ ਸਨ, 'ਜਿੰਨਾ ਮਰਜ਼ੀ ਜ਼ੋਰ ਲਾ ਲਵੋ, ਨੂੰਹਾਂ ਧੀਆਂ ਨਹੀਂ ਬਣ ਸਕਦੀਆਂ।'

'ਧੀਆਂ ਕਿਉਂ ਬਣਾਉਣੈ...ਨੂੰਹਾਂ ਈ ਰਹਿਣ ਦਿਓ ਨਾ। ਨੂੰਹਾਂ ਵੀ ਤਾਂ ਪਿਆਰੀਆਂ ਹੁੰਦੀਆਂ ਨੇ।' ਉਹ ਹੱਸ ਕੇ ਆਖ ਦਿੰਦੀ। ਅੱਜ ਉਹਨੂੰ ਲੱਗ ਰਿਹਾ ਸੀ, ਸ਼ਾਇਦ ਉਹ ਸੱਚ ਈ ਕਹਿੰਦੀਆਂ ਸਨ। ਉਹ ਆਪਣੇ ਆਪ ਨੂੰ ਕੋਸ ਰਹੀ ਸੀ।

ਕਦੇ ਸੋਚਦੀ, ਐਨੀ ਬੁਰੀ ਵੀ ਨਹੀਂ ਉਸ ਦੀ ਨੂੰਹ। ਠੀਕ ਤਾਂ ਚੱਲ ਰਿਹਾ ਪਰਿਵਾਰ। ਫਿਰ ਗਵਾਂਢਣਾਂ ਦੀਆਂ ਗੱਲਾਂ ਭਾਰੂ ਹੋ ਜਾਂਦੀਆਂ। ਫਿਰ ਸੋਚਦੀ, 'ਗਵਾਂਢਣਾਂ ਠੀਕ ਈ ਆਖਦੀਆਂ ਸਨ। ਮੈਂ ਈ ਨਹੀਂ ਉਸ ਨੂੰ ਕਦੇ ਕੁਝ ਕਿਹਾ। ਜਿਸ ਦਿਨ ਆਖ ਦਿੱਤਾ, ਉਸ ਦਿਨ ਪਤਾ ਨਹੀਂ ਕੀ ਕੀ ਸੁਣਨਾ ਪਊ।'...'ਮੈਂ ਸੱਚੀਂ ਕਮਲੀ ਆਂ, ਜੀਹਨੇ ਆਉਂਦੀ ਨੂੰ ਸਿਰ 'ਤੇ ਬਿਠਾ ਲਿਆ। ਅੱਜ ਮੈਂ ਪਰਿਵਾਰ ਵਿਚੋਂ ਕੱਢ ਕੇ ਵਗਾਹ ਮਾਰੀ। ਹੁਣ ਮੈਂ ਕਿੱਥੇ ਜਾਵਾਂ? ਮੈਨੂੰ ਵੀ ਬੁਲਾ ਲੈ ਹੁਣ।' ਉਹ ਪਤੀ ਦੀ ਫੋਟੋ ਵੱਲ ਦੇਖ ਕੇ ਮਨ ਹੀ ਮਨ ਉਸ ਨਾਲ ਗੱਲਾਂ ਕਰ ਰਹੀ ਸੀ। ਉਸ ਦੀਆਂ ਅੱਖਾਂ ਭਰ ਆਈਆਂ। ਇੱਕ ਅੱਖ ਦਾ ਪਾਣੀ ਡੁੱਲ੍ਹ ਗਿਆ ਤੇ ਦੂਜੀ ਦਾ ਪਹਿਲਾਂ ਹੀ ਦੁਪੱਟੇ ਨਾਲ ਸਮੇਟ ਲਿਆ। ਪੋਤੀ ਨੇ ਦੋ-ਤਿੰਨ ਵਾਰ ਦਾਦੀ ਦਾ ਮੂੰਹ ਚੁੰਮਣ ਦੀ ਕੋਸ਼ਿਸ਼ ਕੀਤੀ, ਪਰ ਉਸ ਨੇ ਪਰ੍ਹੇ ਨੂੰ ਧੱਕ ਦਿੱਤਾ। ਪੋਤੀ ਆਮ ਕਰਕੇ ਦਾਦੀ ਨਾਲ ਹੀ ਸ਼ਰਾਰਤਾਂ ਕਰਦੀ, ਕਿਉਂਕਿ ਮਾਂ-ਪਿਉ ਦੋਵੇਂ ਨੌਕਰੀ ਕਰਦੇ ਸਨ।

'ਦਾਦੀ ਕੀ ਹੋ ਗਿਆ?' ਪੋਤੀ ਨੇ ਰੋਣਾ ਜਿਹਾ ਮੂੰਹ ਬਣਾ ਕੇ ਆਖਿਆ।

'ਮੈਨੂੰ ਛੇੜ ਨਾ...ਮੇਰਾ ਮਨ ਨਹੀਂ ਠੀਕ।' ਉਸ ਨੇ ਕੁੜੀ ਵੱਲੋਂ ਮੂੰਹ ਫੇਰਦਿਆਂ ਆਖਿਆ। ਕੁੜੀ ਚੁੱਪ ਹੋ ਗਈ, ਮੋਬਾਈਲ 'ਤੇ ਗੇਮ ਖੇਡਦੀ ਖੇਡਦੀ ਥੋੜ੍ਹੀ ਦੇਰ ਬਾਅਦ ਆਪਣੀ ਦਾਦੀ ਵੱਲ ਦੇਖ ਲੈਂਦੀ।

'ਓ ਦਾਦੀ! ਆਹ ਦੇਖੋ ਪਹਿਲੀ ਫੋਟੋ ਤੋਂ ਵੀ ਘੈਂਟ...।' ਕੁੜੀ ਨੇ ਦਾਦੀ ਨੂੰ ਐਨਕ ਫੜਾਉਂਦਿਆਂ ਕਿਹਾ।

'ਮੈਂ ਨਹੀਂ ਦੇਖਣੀ...ਫੇਰ ਦੇਖ ਲਊਂ।' ਪਰ ਕੁੜੀ ਦੀ ਜ਼ਿੱਦ ਮੂਹਰੇ ਦਾਦੀ ਦੀ ਇੱਕ ਨਾ ਚੱਲੀ।

ਉਹਨੇ ਉਤਰੇ ਜਿਹੇ ਜੀਅ ਨਾਲ ਐਨਕ ਲਾਈ।



'ਦਾਦੀ ਆਹ ਦੇਖੋ...ਤੁਸੀਂ...ਹੇਠਾਂ ਲਿਖਿਆ...ਮੇਰੇ ਪਿਆਰੇ ਪਰਿਵਾਰ ਦੀ ਉਹ ਸ਼ਖਸੀਅਤ, ਜਿਸ ਦੀ ਮਿਹਨਤ ਅਤੇ ਦੁਆਵਾਂ ਸਦਕਾ ਅਸੀਂ ਸਾਰੇ ਖੁਸ਼ ਹਾਂ।...ਪਹਿਲਾਂ ਮੈਂ ਗੇਮ ਖੇਡ ਰਹੀ ਸਾਂ, ਇਸ ਕਰਕੇ ਇਹ ਫੋਟੋ ਦਿਖਾਉਣੀ ਰਹਿ ਗਈ।'

ਦਾਦੀ ਦੇ ਚਿਹਰੇ 'ਤੇ ਮੁਸਕਰਾਹਟ ਆਉਣ ਲੱਗੀ। ਉਹ ਵਾਰ ਵਾਰ ਪੜ੍ਹ ਰਹੀ ਸੀ। ਉਸ ਦੀਆਂ ਅੱਖਾਂ ਵਿਚ ਖੁਸ਼ੀ ਵਾਲੀ ਚਮਕ ਆ ਰਹੀ ਸੀ। ਸੱਚੀ ਉਸ ਦੀ ਫੋਟੋ ਬੜੀ ਟੌਹਰ ਵਾਲੀ ਸੀ। ਸੂਟ ਵੀ ਬੜਾ ਸੋਹਣਾ ਜਚਿਆ ਸੀ। ਦੁਪੱਟੇ ਦੇ ਚਾਰੇ ਪਾਸੇ ਬਾਰੀਕ ਬਾਰੀਕ ਕਢਾਈ ਸੀ। ਇਹ ਸੂਟ ਵੀ ਤਾਂ ਨੂੰਹ ਨੇ ਧੱਕੇ ਨਾਲ ਲੈ ਕੇ ਦਿੱਤਾ ਸੀ, ਆਖਦੀ ਸੀ, 'ਮੰਮੀ ਸੋਹਣੇ ਸੋਹਣੇ ਕੱਪੜੇ ਪਾਇਆ ਕਰੋ। ਦੇਖਣ ਵਾਲਾ ਕੀ ਕਹੂਗਾ ਨੂੰਹ-ਪੁੱਤ ਸਰਕਾਰੀ ਨੌਕਰੀ ਕਰਦੇ ਨੇ, ਮਾਂ ਉਹੀ ਘਸੇ-ਪਿਟੇ ਕੱਪੜੇ ਪਾਈ ਫਿਰਦੀ ਐ। ਕੱਪੜਾ-ਲੀੜਾ ਜੁੱਤੀ-ਜੋੜਾ ਨੂੰਹ ਨੇ ਤਾਂ ਕਦੇ ਕਸਰ ਨਹੀਂ ਛੱਡੀ। ਨਾਲੇ ਜੀਹਨੂੰ ਲੋਕ ਲਾਜ ਦੀ ਪ੍ਰਵਾਹ ਹੋਵੇ, ਉਹ ਆਪਣੇ ਫਰਜ਼ਾਂ ਤੋਂ ਨਹੀਂ ਭੱਜਦਾ ਹੁੰਦਾ।'

ਕੁਝ ਸਮਾਂ ਦੇਖਦੀ ਰਹੀ, ਫਿਰ ਉਸ ਨੇ ਮੋਬਾਈਲ ਕੁੜੀ ਵੱਲ ਵਧਾਇਆ।

'ਨਹੀਂ ਦਾਦੀ ਹੁਣ ਮੈਂ ਆਪਣੀ ਕਿਤਾਬ ਪੜ੍ਹਨ ਲੱਗੀ ਆਂ।'

'ਮੈਂ ਵੀ ਕਿੰਨੀ ਕਮਲੀ ਆਂ। ਪਤਾ ਨਹੀਂ ਕੀ ਪੁੱਠਾ-ਸਿੱਧਾ ਸੋਚੀ ਜਾ ਰਹੀ ਸਾਂ। ਬੰਤੋ ਦੀ ਨੂੰਹ ਆਪਣੇ ਜਵਾਕਾਂ ਨੂੰ ਬੰਤੋ ਦੇ ਕੋਲ ਵੀ ਨਹੀਂ ਲੱਗਣ ਦਿੰਦੀ। ਮੇਰੀ ਨੂੰਹ ਨੇ ਕਦੇ ਨਹੀਂ ਰੋਕਿਆ। ਕੋਈ ਪ੍ਰੋਗਰਾਮ ਹੋਵੇ ਭਾਵੇਂ ਘਰ ਵਿਚ, ਭਾਵੇਂ ਇਹਦੇ ਪੇਕਿਆਂ ਦੇ, ਮੈਨੂੰ ਪੂਰਾ ਮਾਣ ਦਿੰਦੇ ਨੇ। ਹੋਰ ਮੈਨੂੰ ਕੀ ਚਾਹੀਦੈ! ਜੇ ਮੁੰਡਾ ਮੈਨੂੰ ਕਈ ਵਾਰ ਖਿਝਦੈ, ਉਹਨੂੰ ਆਖ ਦਿੰਦੀ ਐ ਕਿ ਮੰਮੀ ਨੂੰ ਆਦਰ ਨਾਲ ਬੋਲਿਆ ਕਰੋ। ਬਸ ਕਦੇ ਕਦੇ ਚੁੱਪ ਜਿਹੀ ਹੋ ਜਾਂਦੀ ਐ। ਉਦੋਂ ਪਤਾ ਨਹੀਂ ਕੀ ਹੋ ਜਾਂਦੈ? ਮਾਂ ਆਖਦੀ ਹੁੰਦੀ ਸੀ, ਕੁੜੀਆਂ ਦੇ ਅੰਦਰ ਕਈ ਖਾਨੇ ਬਣੇ ਹੁੰਦੇ ਨੇ ਦਰਦ ਸਮੋਣ ਲਈ। ਪੇਕਿਆਂ ਦਾ ਦਰਦ ਸਹੁਰਿਆਂ ਸਾਹਮਣੇ ਨਹੀਂ ਦੱਸਦੀਆਂ ਕਿ ਕੱਲ੍ਹ ਨੂੰ ਕੀ ਪਤੈ ਕਿਹੜੀ ਗੱਲ ਦਾ ਮਿਹਣੇ ਬਣਾ ਕੇ ਮਾਰ ਦੇਣ। ਸਹੁਰਿਆਂ ਦਾ ਭੇਤ ਪੇਕਿਆਂ ਕੋਲ ਨਹੀਂ ਦਿੰਦੀਆਂ। ਪੇਕਿਆਂ ਦੀ ਚੰਗਿਆਈ ਨਾਲ ਸਹੁਰੇ ਘਰ ਵਿਚ ਆਦਰ ਮਿਲਦੈ ਅਤੇ ਸਹੁਰਿਆਂ ਦੇ ਚੰਗੇ ਹੋਣ ਨਾਲ ਪੇਕੇ ਘਰ ਮਾਣ ਮਿਲਦੈ; ਪਰ...ਪਰ ਇਹ ਗੱਲਾਂ ਤਾਂ ਪਿੱਛੇ ਛੁਟ ਗਈਆਂ। ਹੁਣ ਤਾਂ ਪਰਿਵਾਰ ਦੇ ਜੀਆਂ ਨੂੰ ਅਜੇ ਪੂਰੀ ਗੱਲ ਦਾ ਪਤਾ ਨਹੀਂ ਹੁੰਦਾ ਰਿਸ਼ਤੇਦਾਰਾਂ ਨੂੰ ਪਹਿਲਾਂ ਪਤਾ ਲੱਗ ਜਾਂਦਾ ਐ। ਫੋਨ ਦਾ ਬਟਨ ਦੱਬਣ ਲੱਗਿਆਂ ਸਕਿੰਟ ਵੀ ਨਹੀਂ ਲੱਗਦਾ। ਦੇਖਦਿਆਂ ਦੇਖਦਿਆਂ ਸਭ ਬਦਲ ਗਿਆ। ਮੈਂ ਵੀ ਬਦਲ ਗਈ ਸਾਂ ਅੱਜ ਤਾਂ, ਭਾਵੇਂ ਥੋੜ੍ਹੀ ਦੇਰ ਲਈ ਹੀ। ਸਿਰਫ ਇੱਕ ਫੋਟੋ ਨੂੰ ਦੇਖ ਕੇ ਮੈਂ ਸਾਰਾ ਕੁਝ ਭੁੱਲ ਚੱਲੀ ਸੀ ਕਿ ਮੇਰੇ ਬੱਚੇ ਮੇਰੀ ਹਰ ਲੋੜ ਦਾ ਕਿੰਨਾ ਖਿਆਲ ਰੱਖਦੇ ਨੇ। ਮੈਂ ਤਾਂ ਲੋਕਾਂ ਦੀਆਂ ਮਾਂਵਾਂ ਨੂੰ ਸਮਝਾਉਂਦੀ ਹੁੰਦੀ ਸੀ, ਜਵਾਕ ਹੁਣ ਸਾਰਾ ਦਿਨ ਮਾਂਵਾਂ ਦੇ ਦੁਆਲੇ ਹੀ ਘੁੰਮਦੇ ਰਹਿਣ? ਉਨ੍ਹਾਂ ਆਪਣੇ ਕੰਮ ਵੀ ਤਾਂ ਕਰਨੇ ਹੁੰਦੇ ਨੇ। ਹਾਂ, ਬਣਦਾ ਸਤਿਕਾਰ ਹਰ ਬਜ਼ੁਰਗ ਨੂੰ ਮਿਲਣਾ ਚਾਹੀਦੈ। ਫਿਰ ਮੈਨੂੰ ਤਾਂ ਮਿਲ ਰਿਹਾ...।' ਕੁਝ ਸਮਾਂ ਪਹਿਲਾਂ ਉਸ ਦੇ ਅੰਦਰ ਪੈਦਾ ਹੋਇਆ ਰਿਸ਼ਤਿਆਂ ਨੂੰ ਮਾਰਨ ਵਾਲਾ ਜ਼ਹਿਰ ਹੌਲੀ ਹੌਲੀ ਆਪਣੇ ਪਰਿਵਾਰ ਲਈ ਦੁਆਵਾਂ ਵਿਚ ਬਦਲ ਰਿਹਾ ਸੀ।

ਉਹ ਇੱਕ ਟੱਕ ਆਪਣੀ ਪੋਤੀ ਵੱਲ ਦੇਖ ਰਹੀ ਸੀ। ਉਸ ਲਈ ਪਿਆਰ ਉਮੜ ਰਿਹਾ ਸੀ।

'ਕਿੰਨਾ ਕੁ ਕੰਮ ਰਹਿ ਗਿਆ ਪੁੱਤ ਤੇਰਾ।' ਉਸ ਨੇ ਪੁੱਛਿਆ।

'ਬੱਸ ਦੋ ਮਿੰਟ ਦਾ ਰਹਿ ਗਿਆ।' ਕੁੜੀ ਨੇ ਦੋ ਉਂਗਲਾਂ ਖੜ੍ਹੀਆਂ ਕਰਕੇ ਆਖਿਆ। ਉਹ ਉਡੀਕ ਰਹੀ ਸੀ, ਕਦੋਂ ਉਸ ਦੀ ਲਾਡਲੀ ਪੋਤੀ ਦਾ ਕੰਮ ਖਤਮ ਹੋਵੇ ਅਤੇ ਉਹ ਉਸ ਨੂੰ ਕੋਲ ਬੁਲਾਵੇ। ਕੰਮ ਖਤਮ ਕਰ ਕੇ ਕੁੜੀ ਨੇ ਕਿਤਾਬਾਂ-ਕਾਪੀਆਂ ਬੜੇ ਸਲੀਕੇ ਨਾਲ ਬਸਤੇ ਵਿਚ ਪਾਈਆਂ। ਉਹ ਥੋੜ੍ਹਾ ਝਿਜਕਦੀ ਜਿਹੀ ਦਾਦੀ ਕੋਲ ਬਿਨਾ ਬੁਲਾਏ ਹੀ ਆ ਗਈ। ਦਾਦੀ ਦਾ ਹੱਥ ਫੜ ਕੇ ਉਸ ਦੀਆਂ ਉਂਗਲਾਂ ਨਾਲ ਖੇਡ ਰਹੀ ਸੀ। ਫਿਰ ਆਪਣੇ ਹੱਥ ਨਾਲ ਹੱਥ ਜੋੜ ਕੇ ਦੇਖਣ ਲੱਗੀ। ਉਹ ਸੋਚ ਰਹੀ ਸੀ, 'ਬੱਚੇ ਦੀ ਛੋਹ ਵਿਚ ਕਿੰਨਾ ਆਨੰਦ ਹੁੰਦੈ, ਮੇਰਾ ਦਿਮਾਗ ਪਤਾ ਨਹੀਂ ਕਿਹੜੇ ਪੁੱਠੇ ਰਾਹ ਤੁਰ ਚੱਲਿਆ ਸੀ।'

'ਮੇਰਾ ਹੱਥ ਅਜੇ ਵੀ ਛੋਟਾ ਐ ਤੁਹਾਡੇ ਹੱਥ ਨਾਲੋਂ।' ਕੁੜੀ ਨੇ ਮੂੰਹ ਜਿਹਾ ਫੁਲਾ ਕੇ ਕਿਹਾ। ਦਾਦੀ ਨੇ ਦੋਹਾਂ ਹੱਥਾਂ ਨਾਲ ਕੁੜੀ ਨੂੰ ਨੇੜੇ ਕੀਤਾ ਤੇ ਉਸ ਦਾ ਮੱਥਾ ਚੁੰਮ ਲਿਆ ਤੇ ਪਿਆਰ ਨਾਲ ਕਿਹਾ, 'ਅਜੇ ਮੇਰਾ ਪੁੱਤ ਛੋਟਾ ਐ, ਇਸ ਲਈ...।'

'ਦਾਦੀ! ਤੁਹਾਡਾ ਮਨ ਠੀਕ ਹੋ ਗਿਆ?' ਉਸ ਨੇ ਦਾਦੀ ਦੀ ਛਾਤੀ 'ਤੇ ਆਪਣਾ ਸਿਰ ਰੱਖਦਿਆਂ ਆਖਿਆ।

'ਮਨ ਦਾ ਕੀ ਐ...ਕਦੇ ਏਧਰ ਨੂੰ ਘੋੜੇ ਭਜਾ ਲੈਂਦੇ, ਕਦੇ ਓਧਰ ਨੂੰ, ਇਹ ਤਾਂ ਡੋਬੇ-ਸੋਕੇ ਹੁੰਦਾ ਈ ਰਹਿੰਦੈ। ਇਹ ਮਨ ਦੀ ਖੇਡ ਐ ਸਾਰੀ।' ਉਸ ਨੇ ਕੁੜੀ ਦੇ ਸਿਰ 'ਤੇ ਹੱਥ ਫੇਰਦਿਆਂ ਕਿਹਾ। ਕੁੜੀ ਨੂੰ ਭਾਵੇਂ ਦਾਦੀ ਦੀ ਪੂਰੀ ਗੱਲ ਦੀ ਸਮਝ ਨਾ ਪਈ, ਪਰ ਉਹ ਖੁਸ਼ ਸੀ ਕਿ ਦਾਦੀ ਦਾ ਮਨ ਹੁਣ ਠੀਕ ਐ।

# ਪੰਜਾਬ ਜੀਂਦਾ ਗੁਰਾਂ ਦੇ ਨਾਮ 'ਤੇ

*(ਪਿਛਲੇ ਸਫੇ ਦੀ ਬਾਕੀ)*

ਪ੍ਰੋ. ਪੂਰਨ ਸਿੰਘ ਆਪਣੇ ਪੰਜਾਬ ਪ੍ਰੋਜੈਕਟ ਲਈ ਸਿਖ ਸਪਿਰਟ ਦੇ ਜਿਹੜੇ ਦੋ ਮੁੱਲਾਂ ਨੂੰ ਆਧਾਰ ਬਣਾਉਂਦੇ ਹਨ, ਉਹ ਹਨ ਆਜ਼ਾਦੀ ਅਤੇ ਬਰਾਬਰੀ। ਪ੍ਰੋ. ਪੂਰਨ ਸਿੰਘ ਪੰਜਾਬੀ ਬੰਦੇ ਨੂੰ 'ਅੱਖੜਖਾਂਦ, ਅਲਬੇਲੇ, ਧੁਰ ਥੀਂ ਸਤਿਗੁਰਾਂ ਦੇ ਆਜ਼ਾਦ ਕੀਤੇ ਬੰਦੇ' ਦੇ ਰੂਪ ਵਿਚ ਦੇਖਦੇ ਹਨ। ਉਹ ਇਸ ਆਜ਼ਾਦੀ ਦਾ ਜਸ਼ਨ ਪੂਰੀ ਸ਼ਿਦਤ ਨਾਲ ਮਨਾਉਂਦੇ ਹਨ:

ਮੰਨਣ ਬਸ ਇਕ ਆਪਣੀ ਜਵਾਨੀ ਦੇ ਜ਼ੋਰ ਨੂੰ
ਅੱਖੜਖਾਂਦ, ਅਲਬੇਲੇ, ਧੁਰ ਥੀਂ ਸਤਿਗੁਰਾਂ ਦੇ,
ਆਜ਼ਾਦ ਕੀਤੇ ਇਹ ਬੰਦੇ।
ਪੰਜਾਬ ਨਾ ਹਿੰਦੂ ਨਾ ਮੁਸਲਮਾਨ,
ਪੰਜਾਬ ਸਾਰਾ ਜੀਂਦਾ ਗੁਰਾਂ ਦੇ ਨਾਮ 'ਤੇ।
ਜਵਾਨ ਖੁਲ੍ਹੇ ਖੋਲ੍ਹੇ ਪਿਆਰਿਆਂ,
ਆਜ਼ਾਦੀ ਦੇ ਪਿਆਰ ਵਿਚ,
ਦੁਨੀਆਂ ਥੀਂ ਵਿਹਲੇ
ਦੀਨ ਥੀਂ ਵਿਹਲੇ
ਰਲੇ ਨਾ ਰਲੀਂਦੇ ਕਦੀ ਹੁਣ ਇਹ ਜਵਾਨ ਪੰਜਾਬ ਦੇ।
ਮੰਨੇ ਨਾ ਮਨੀਂਦੇ ਕਦੀ, ਕੁਦ ਕੁਦ, ਉਛਲਦੇ, ਡੁਲ੍ਹਦੇ,
ਮਰਜ਼ੀ ਦੇ ਮਾਲਕ ਇਹ,
ਦਿਲ ਦੇ ਚਾਅ ਉੱਤੇ ਉੱਲਰਦੇ
ਆਜ਼ਾਦੀ ਪਈ ਠਾਠਾਂ ਮਾਰਦੀ ਮੇਰੇ ਪੰਜਾਬ ਵਿਚ।

ਪੂਰਨ ਸਿੰਘ ਦੀ ਇਹ ਵਿਅਕਤੀਗਤ ਆਜ਼ਾਦੀ ਦੂਸਰੇ ਦੇ ਦੂਸਰੇਪਣ ਦੀ ਕੀਮਤ ਉਪਰ ਹਾਸਲ ਕੀਤੀ ਆਜ਼ਾਦੀ ਨਹੀਂ। ਚੌਧਰ ਰਾਹੀਂ ਹਾਸਲ ਕੀਤੀ ਹੋਈ ਆਜ਼ਾਦੀ ਵੀ ਨਹੀਂ। ਇਹ ਤਾਂ ਪਿਆਰ, ਮੁਹੱਬਤ, ਇਸ਼ਕ ਅਤੇ ਭਾਈਚਾਰਕਤਾ ਵਿਚ ਬੱਝੀ ਹੋਈ ਉਹ ਆਜ਼ਾਦੀ ਹੈ ਜੋ ਕੇਵਲ ਆਪਣੀ ਆਜ਼ਾਦੀ ਲਈ ਹੀ ਨਹੀਂ, ਦੂਸਰੇ ਦੀ ਆਜ਼ਾਦੀ ਲਈ ਵੀ ਜਾਨ ਦਿੱਤੀ ਜਾ ਸਕਦੀ ਹੈ।

ਜੇਕਰ ਪੂਰਨ ਸਿੰਘ ਦਾ ਪੰਜਾਬੀ ਬੰਦਾ ਬੰਧਨਾਂ ਤੋਂ ਮੁਕਤ ਹੋਣਾ ਚਾਹੁੰਦਾ ਹੈ, ਤਾਂ ਇਸ ਪਿਛੇ ਪਿਆਰ ਦੀ ਉਹ ਭਾਵਨਾ ਕੰਮ ਕਰਦੀ ਹੈ ਜੋ ਉਸ ਨੂੰ ਉਦਾਰਵਾਦ ਦੇ ਰਸਤੇ ਨਹੀਂ, ਦੂਸਰਿਆਂ ਦਾ ਪਿਆਰ ਪਾਉਣ ਲਈ ਉਨ੍ਹਾਂ ਦੀ ਗੁਲਾਮੀ ਕਰਨ ਵਾਲੀ ਸਹਿਯੋਗੀ ਭਾਵਨਾ ਦੇ ਮਾਰਗ ਉਪਰ ਵੀ ਬਰਾਬਰ ਤੋਰਦੀ ਹੈ।

ਪ੍ਰੋ. ਪੂਰਨ ਸਿੰਘ ਦਾ ਇਹ ਪ੍ਰੋਜੈਕਟ ਕਿਸੇ ਹੱਦ ਤੱਕ ਉਦਾਰ ਜਮਹੂਰੀਅਤ ਦਾ ਪ੍ਰੋਜੈਕਟ ਤਾਂ ਜ਼ਰੂਰ ਸੀ ਪਰ ਪੱਛਮੀ ਲੀਹਾਂ ਉਪਰ ਉਸਰੇ ਆਧੁਨਿਕਤਾਵਾਦੀ ਪ੍ਰੋਜੈਕਟ ਤੋਂ ਬਿਲਕੁਲ ਵੱਖਰਾ ਇਲਾਹੀ ਸੁਰਾਂ ਵਿਚ ਬੱਝਾ ਸਿਖ ਪ੍ਰੋਜੈਕਟ ਸੀ ਜਿਸ ਤੇ ਨਿਠ ਕੇ ਕੰਮ ਕਰਨ ਦੀ ਲੋੜ ਹੈ:

ਇਥੇ ਬਾਬੇ ਦੇ ਸ਼ਬਦ ਨੇ
ਪੱਥਰਾਂ ਨੂੰ ਪਿਘਲਾਇਆ
ਮਰਦਾਨੇ ਦੀ ਰਬਾਬ ਵੱਜੀ
ਪਰਬਤਾਂ ਸਲਾਮ ਕੀਤਾ
ਬੂਟਾ ਬੂਟਾ ਵਜਦ ਵਿਚ ਨੱਚਿਆ
ਪੰਜਾਬ ਦੀ ਮਿੱਟੀ ਦਾ ਜੱਰਾ ਜੱਰਾ ਕੰਬਿਆ ਪਿਆਰ ਵਿਚ
ਉਸੇ ਇਲਾਹੀ ਸੁਰ ਵਿਚ ਦਰਿਆ ਪਏ ਵਗਦੇ
ਇਹ ਨਵੇਂ ਸੱਜਰੇ ਬਰਫਾਨੀ ਦਰਿਆਵਾਂ ਦਾ ਦੇਸ ਹੈ

ਦਰਿਆ ਹੋ ਰਹਿਣਾ, ਦਰਿਆ ਹੋ ਜੀਣਾ, ਇਥੇ ਇਹ ਸਤਿਗੁਰਾਂ ਦਾ ਆਦੇਸ਼ ਹੈ।

# ਰਾਖਹੁ ਅਪਨੀ ਸਰਣਿ ਪ੍ਰਭ ਮੋਹਿ ਕਿਰਪਾ ਧਾਰੇ

**ਬਿਲਾਵਲੁ ਮਹਲਾ ੫**

ਰਾਖਹੁ ਅਪਨੀ ਸਰਣਿ ਪ੍ਰਭ ਮੋਹਿ ਕਿਰਪਾ ਧਾਰੇ॥
ਸੇਵਾ ਕਛੂ ਨ ਜਾਨਊ ਨੀਚੁ ਮੂਰਖਾਰੇ॥
ਮਾਨੁ ਕਰਉ ਤੁਧੁ ਊਪਰੇ ਮੇਰੇ ਪ੍ਰੀਤਮ ਪਿਆਰੇ॥
ਹਮ ਅਪਰਾਧੀ ਸਦ ਭੂਲਤੇ ਤੁਮ੍ ਬਖਸਨਹਾਰੇ॥ ਰਹਾਉ॥
ਹਮ ਅਵਗਨ ਕਰਹਿ ਅਸੰਖ ਨੀਤਿ ਤੁਮ੍ ਨਿਰਗੁਨ ਦਾਤਾਰੇ॥
ਦਾਸੀ ਸੰਗਤਿ ਪ੍ਰਭੂ ਤਿਆਗਿ ਏ ਕਰਮ ਹਮਾਰੇ॥
ਤੁਮ੍ ਦੇਵਹੁ ਸਭੁ ਕਿਛੁ ਦਇਆ ਧਾਰਿ ਹਮ ਅਕਿਰਤਘਨਾਰੇ॥
ਲਾਗਿ ਪਰੇ ਤੇਰੇ ਦਾਨ ਸਿਉ ਨਹ ਚਿਤਿ ਖਸਮਾਰੇ॥
ਤੁਝ ਤੇ ਬਾਹਰਿ ਕਿਛੁ ਨਹੀ ਭਵ ਕਾਟਨਹਾਰੇ॥
ਕਹੁ ਨਾਨਕ ਸਰਣਿ ਦਇਆਲ ਗੁਰ ਲੇਹੁ ਮੁਗਧ ਉਧਾਰੇ॥

ਗੁਰੂ ਅਰਜਨ ਦੇਵ ਜੀ ਇਸ ਪਵਿੱਤਰ ਸ਼ਬਦ ਵਿਚ ਉਸ ਮਿਹਰਬਾਨ ਪ੍ਰਭੂ ਕੋਲ ਅਰਦਾਸ ਕਰਦੇ ਹਨ, ਹੇ ਪ੍ਰਭੂ ਜੀ! ਕਿਰਪਾ ਕਰਕੇ ਮੈਨੂੰ ਆਪਣੀ ਸ਼ਰਣ ਵਿਚ ਹੀ ਰੱਖੋ; ਮੈਂ ਨੀਵੇਂ ਜੀਵਨ ਵਾਲਾ ਹਾਂ ਪ੍ਰਭੂ ਜੀ, ਮੈਂ ਮੂਰਖ ਹਾਂ, ਮੈਨੂੰ ਨੀਚ ਮੂਰਖ ਨੂੰ ਤੇਰੀ ਸੇਵਾ ਭਗਤੀ ਕਰਨ ਦਾ ਵੱਲ ਭਾਵ ਜਾਚ ਨਹੀਂ ਹੈ, ਇਸ ਲਈ ਮੇਰੇ 'ਤੇ ਕਿਰਪਾ ਕਰੋ ਤੇ ਅਪਨੀ ਸ਼ਰਨ ਵਿਚ ਰੱਖ ਲਓ।

ਮਾਨੁ ਕਰਉ ਤੁਧੁ ਊਪਰੇ ਮੇਰੇ ਪ੍ਰੀਤਮ ਪਿਆਰੇ॥
ਹਮ ਅਪਰਾਧੀ ਸਦ ਭੂਲਤੇ ਤੁਮ੍ ਬਖਸਨਹਾਰੇ॥ ਰਹਾਉ॥

ਸ਼ਬਦ ਦੀ ਰਹਾਉ ਦੀ ਪੰਕਤੀ ਵਿਚ ਸਤਿਗੁਰੂ ਅਤੀ ਪਿਆਰੇ ਸ਼ਬਦ ਵਰਤਦੇ ਹੋਏ ਆਖਦੇ ਹਨ, ਹੇ ਮੇਰੇ ਪ੍ਰਭੂ ਪ੍ਰੀਤਮ ਜੀ! ਅਸੀਂ

## ਗੁਰਬਾਣੀ ਗਿਆਨ

ਜੀਵ ਤਾਂ ਸਦਾ ਹੀ ਅਪਰਾਧ ਕਰਦੇ ਰਹਿੰਦੇ ਹਾਂ, ਭੁੱਲਾਂ ਗਲਤੀਆਂ ਕਰਦੇ ਰਹਿੰਦੇ ਹਾਂ, ਪਰ ਤੂੰ ਸਦਾ ਹੀ ਸਾਨੂੰ ਬਖਸ਼ਣ ਵਾਲਾ ਹੈਂ; ਇਸ ਲਈ ਹੇ ਮਿਹਰਬਾਨ ਪ੍ਰਭ ਜੀ! ਮੈਂ ਤੇਰੇ ਉਤੇ ਅਤੇ ਤੇਰੀ ਬਖਸ਼ਿਸ਼ ਉਤੇ ਹੀ ਮਾਣ ਭਰੋਸਾ ਰੱਖਦਾ ਹਾਂ, ਅਪਨੀ ਸ਼ਰਨ ਵਿਚ ਰੱਖ ਲਓ ਜੀ।

ਹਮ ਅਵਗਨ ਕਰਹਿ ਅਸੰਖ ਨੀਤਿ ਤੁਮ੍ ਨਿਰਗੁਨ ਦਾਤਾਰੇ॥
ਦਾਸੀ ਸੰਗਤਿ ਪ੍ਰਭੂ ਤਿਆਗਿ ਏ ਕਰਮ ਹਮਾਰੇ॥

ਸਤਿਗੁਰੂ ਆਖਦੇ ਹਨ, ਹੇ ਮੇਰੇ ਮਿਹਰਬਾਨ ਪ੍ਰਭ ਜੀ! ਅਸੀਂ ਤਾਂ ਸਦਾ ਹੀ ਅਣਗਿਣਤ ਔਗੁਣ ਕਰਦੇ ਰਹਿੰਦੇ ਹਾਂ, ਤੂੰ ਫਿਰ ਭੀ ਸਾਨੂੰ ਗੁਣਹੀਣਾਂ ਨੂੰ ਅਨੇਕਾਂ ਦਾਤਾਂ ਦੇਣ ਵਾਲਾ ਹੈਂ; ਪਰ ਹੇ ਪ੍ਰਭ ਜੀ! ਸਾਡੇ ਨਿੱਤ ਦੇ ਕਰਮ ਤਾਂ ਇਹ ਹਨ ਕਿ ਅਸੀਂ ਤੈਨੂੰ ਮਾਲਕ ਨੂੰ ਭੁਲਾ ਕੇ ਤੇਰੀ ਦਾਸੀ ਮਾਇਆ ਦੇ ਪਿੱਛੇ ਦੌੜੇ ਫਿਰਦੇ ਹਾਂ, ਬਖਸ਼ ਲਵੋ ਜੀ।

ਤੁਮ੍ ਦੇਵਹੁ ਸਭੁ ਕਿਛੁ ਦਇਆ ਧਾਰਿ ਹਮ ਅਕਿਰਤਘਨਾਰੇ॥
ਲਾਗਿ ਪਰੇ ਤੇਰੇ ਦਾਨ ਸਿਉ ਨਹ ਚਿਤਿ ਖਸਮਾਰੇ॥

ਗੁਰਦੇਵ ਜੀ ਪ੍ਰਭੂ ਦੀਆਂ ਮਿਹਰਾਂ/ਰਹਿਮਤਾਂ ਦਾ ਜ਼ਿਕਰ ਕਰਦੇ ਕਹਿੰਦੇ ਹਨ, ਹੇ ਮੇਰੇ ਪ੍ਰਭੂ ਪਿਤਾ ਜੀ! ਅਸੀਂ ਅਕ੍ਰਿਤਘਣ ਜੀਵ ਤਾਂ ਨਾ-ਸ਼ੁਕਰੇ ਹਾਂ, ਪਰ ਤੂੰ ਫਿਰ ਵੀ ਦਇਆ ਵਿਚ ਆ ਕੇ ਸਾਨੂੰ ਸਾਰੀਆਂ ਦਾਤਾਂ ਦਿੰਦਾ ਹੈਂ; ਹੇ ਮੇਰੇ ਖਸਮ ਮਾਲਕ ਪ੍ਰਭ ਜੀ, ਅਸੀਂ ਮੂਰਖ ਤੈਨੂੰ ਆਪਣੇ ਚਿਤਿ ਵਿਚ ਨਹੀਂ ਵਸਾਉਂਦੇ, ਪਰ ਤੇਰੀਆਂ ਦਿੱਤੀਆਂ ਦਾਤਾਂ ਨੂੰ ਹੀ ਚੰਬੜੇ ਰਹਿੰਦੇ ਹਾਂ।

ਤੁਝ ਤੇ ਬਾਹਰਿ ਕਿਛੁ ਨਹੀ ਭਵ ਕਾਟਨਹਾਰੇ॥
ਕਹੁ ਨਾਨਕ ਸਰਣਿ ਦਇਆਲ ਗੁਰ ਲੇਹੁ ਮੁਗਧ ਉਧਾਰੇ॥

ਸਤਿਗੁਰੂ ਪ੍ਰਭੂ ਅੱਗੇ ਜੋਦੜੀ ਕਰਦੇ ਹਨ, ਹੇ ਪ੍ਰੀਤਮ ਪ੍ਰਭੂ! ਜੀਵਾਂ ਦੇ ਜਨਮ-ਮਰਨ ਦੇ ਗੇੜ ਕੱਟਣ ਵਾਲੇ, ਸੰਸਾਰ ਵਿਚ ਕੋਈ ਵੀ ਚੀਜ਼ ਐਸੀ ਨਹੀਂ ਹੈ, ਜੋ ਤੇਰੇ ਤੋਂ ਆਕੀ ਹੋ ਸਕੇ। ਪ੍ਰਭ ਜੀ, ਸਾਨੂੰ ਵੀ ਜੀਵਨ ਦੇ ਸਹੀ ਰਸਤੇ 'ਤੇ ਪਾਈ ਰੱਖੋ। ਨਾਨਕ ਆਖਦਾ ਹੈ, ਹੇ ਦਇਆ ਦੇ ਸੋਮੇ ਗੁਰੂ, ਅਸੀਂ ਤੇਰੀ ਸ਼ਰਣ ਆਏ ਹਾਂ, ਸਾਨੂੰ ਮੂਰਖਾਂ ਨੂੰ ਬਖਸ਼ ਲਓ ਜੀ।

*-ਬੀਬੀ ਸੁਰਜੀਤ ਕੌਰ ਸੈਕਰਾਮੈਂਟੋ*

# ਬੈਚ ਫੁੱਲ ਵਾਟਰ ਵਾਇਓਲੈਟ: ਮਗਰੂਰ

ਬੈਚ ਫੁੱਲ ਦਵਾਈਆਂ ਵਿਚ ਕਿਸੇ ਦਵਾਈ ਦਾ ਪੂਰਾ ਭੇਤ ਇਕ, ਦੋ ਜਾਂ ਕੁਝ ਸ਼ਬਦਾਂ ਦੀ ਵਰਤੋਂ ਨਾਲ ਨਹੀਂ ਦਰਸਾਇਆ ਜਾ ਸਕਦਾ। ਇਸ ਤਰ੍ਹਾਂ ਕਰਨਾ ਇਕ ਗਲਤ ਪ੍ਰਥਾ ਹੈ, ਪਰ ਮਜ਼ਬੂਰੀ ਵੱਸ ਇਸ ਦੀ ਵਰਤੋਂ ਕਰਨੀ ਪੈਂਦੀ ਹੈ। ਵਾਟਰ ਵਾਇਓਲੈਟ (Water Voilet) ਜੋ ਹੋਟੋਨੀਆ ਪਾਲਸਟ੍ਰੀਸ (Hottonia Palustris) ਨਾਮਕ ਪੌਦੇ ਦੇ ਫੁੱਲਾਂ ਤੋਂ ਬਣੀ ਦਵਾਈ ਹੈ, ਨੂੰ ਹੀ ਲੈ ਲਵੋ, "ਮਗਰੂਰੀ" ਜਿਹਾ ਇੱਕਲਾ ਸ਼ਬਦ ਇਸ ਦਾ ਸਹੀ ਪ੍ਰਤੀਨਿਧਤਾ ਨਹੀਂ ਕਰ ਸਕਦਾ। ਇਹ ਇਸ ਲਈ ਕਿ ਇਹ ਇਕ ਬਹੁ-ਪੱਖੀ ਤੇ ਬਹੁ-ਪ੍ਰਭਾਵੀ ਦਵਾਈ ਹੈ। ਇਸ ਦੇ ਚੰਗੇ-ਮਾੜੇ ਕਈ ਪਹਿਲੂ ਹਨ, ਜੋ ਇਕ ਜਾਂ ਦੋ ਸ਼ਬਦਾਂ ਵਿਚ ਸੰਚਿਤ ਨਹੀਂ ਕੀਤੇ ਜਾ ਸਕਦੇ। ਹਾਂ, ਇਸ ਦੇ ਕਿਰਦਾਰ ਵਾਲਾ ਵਿਅਕਤੀ ਬਹੁਤ ਹੀ ਸ਼ਾਨਦਾਰ ਗੁਣਾਂ ਵਾਲਾ ਹੁੰਦਾ ਹੈ। ਇਕ ਲੇਖੇ ਤਾਂ ਸਾਰੀਆਂ ਬੈਚ ਦਵਾਈਆਂ ਵਿਚੋਂ ਸਭ ਤੋਂ ਵਧੀਆ ਤੇ ਨੇਕ ਇਨਸਾਨ ਇਸੇ ਫੁੱਲ ਦਵਾਈ ਦੇ ਸੁਭਾਅ ਵਾਲਾ ਹੁੰਦਾ ਹੈ। ਜੇ ਇਸ ਦੇ ਸਦਗੁਣਾਂ ਨੂੰ ਵਾਚੀਏ ਤਾਂ 'ਮਗਰੂਰ' ਸ਼ਬਦ ਉੱਦਾਂ ਹੀ ਵਾਧੂ ਤੇ ਕਸੂਤਾ ਲਗਦਾ ਹੈ, ਪਰ

**ਡਾ. ਗੋਬਿੰਦਰ ਸਿੰਘ ਸਮਰਾਓ**
ਫੋਨ: 408-634-2310

ਜਦੋਂ ਇਸ ਦੇ ਬਿਮਾਰ ਪੱਖ 'ਤੇ ਨਜ਼ਰ ਮਾਰੀਏ ਤਾਂ ਇਸ ਤੋਂ ਵੱਧ ਢੁਕਵਾਂ ਕੋਈ ਸ਼ਬਦ ਲੱਭਦਾ ਹੀ ਨਹੀਂ।

ਵਾਟਰ ਵਾਇਓਲੈਟ ਦੇ ਸੁਭਾਅ ਵਾਲਾ ਵਿਅਕਤੀ ਘੱਟ ਬੋਲਣ ਵਾਲਾ ਤੇ ਇਕਾਂਤ ਪਸੰਦ ਹੁੰਦਾ ਹੈ। ਉਹ ਸਵੈਮਾਨੀ ਤੇ ਗਿਆਨਵਾਨ ਹੁੰਦਾ ਹੈ। ਉਹ ਸੁਤੰਤਰ ਵਿਚਾਰਾਂ ਵਾਲਾ ਤੇ ਨਿਆਂਪਸੰਦ ਵਿਅਕਤੀ ਹੁੰਦਾ ਹੈ, ਜੋ ਨਾ ਦੂਜਿਆਂ ਦੇ ਕੰਮਾਂ ਵਿਚ ਦਖਲ ਦਿੰਦਾ ਹੈ ਤੇ ਨਾ ਆਪਣੇ ਕੰਮਾਂ ਵਿਚ ਕਿਸੇ ਦਾ ਦਖਲ ਕਬੂਲਦਾ ਹੈ। ਉਹ ਸਿਆਣਪ ਦੀ ਗੁਥਲੀ ਹੁੰਦਾ ਹੈ, ਪਰ ਦੂਜਿਆਂ ਨੂੰ ਬਿਨਾ ਮੰਗੇ ਸਲਾਹਾਂ ਦੇਣ ਦਾ ਆਦੀ ਨਹੀਂ ਹੁੰਦਾ। ਉਹ ਆਪਣੀ ਸਿਖਿਆ ਤੇ ਰੁਤਬੇ ਦਾ ਲਿਹਾਜ਼ ਕਰਦਾ ਹੋਇਆ ਦੂਜਿਆਂ ਤੋਂ ਦੂਰੀ ਬਣਾ ਕੇ ਰੱਖਦਾ ਹੈ, ਪਰ ਜੇ ਕਿਸੇ ਨੂੰ ਲੋੜ ਪਵੇ ਤਾਂ ਹਲੀਮੀ ਨਾਲ ਮਦਦ ਕਰਦਾ ਹੈ। ਅਜਿਹਾ ਸੰਜਮੀ ਤੇ ਗੁਣਵਾਨ ਵਿਅਕਤੀ ਲੱਭਣ ਗਿਆਂ ਵੀ ਨਹੀਂ ਮਿਲਦਾ, ਪਰ ਜਦੋਂ ਉਸ ਦੀਆਂ ਆਦਤਾਂ ਹਿੱਲ ਜਾਣ ਤਾਂ ਉਸ ਦੇ ਇਹੀ ਗੁਣ ਰਿਣਾਤਮਿਕ ਹੋ ਜਾਂਦੇ ਹਨ। ਉਹ ਆਪਣੇ ਆਪ ਵਿਚ ਸੁੰਗੜ ਜਾਂਦਾ ਹੈ, ਮਗਰੂਰ ਬਣ ਜਾਂਦਾ ਹੈ ਤੇ ਦੂਜਿਆਂ ਨਾਲ ਸੰਪਰਕ ਖੋ ਬੈਠਦਾ ਹੈ। ਭਾਵੇਂ ਉਸ ਲਈ ਇਹ ਔਗੁਣ ਕੋਈ ਵਧੇਰੇ ਹਾਨੀਕਾਰਕ ਨਾ ਵੀ ਹੋਣ ਤਾਂ ਵੀ ਜੇ ਉਹ ਆਪਣੇ ਵਿਗੜੇ ਅੰਦਰੂਨੀ ਤਵਾਜ਼ਨ ਨੂੰ ਸਹੀ ਕਰਨਾ ਚਾਹੁੰਦਾ ਹੋਵੇ ਤਾਂ ਉਸ ਕੋਲ ਫੁੱਲ ਦਵਾਈ ਵਾਟਰ ਵਾਇਓਲੈਟ ਲੈਣ ਤੋਂ ਬਿਨਾ ਕੋਈ ਚਾਰਾ ਨਹੀਂ।

ਡਾ. ਬੈਚ ਵੀ ਇਹੀ ਕਹਿੰਦੇ ਹਨ। ਉਨ੍ਹਾਂ ਅਨੁਸਾਰ ਇਹ ਦਵਾਈ ਉਨ੍ਹਾਂ ਲਈ ਹੈ ਜੋ, "ਸਿਹਤਮੰਦੀ ਜਾਂ ਬਿਮਾਰੀ ਵਿਚ ਇਕਾਂਤ ਭਾਲਦੇ ਹਨ। ਉਹ ਖਾਮੋਸ਼ ਲੋਕ ਹੁੰਦੇ ਹਨ, ਜੋ ਚੁੱਪ ਚਾਪ ਰਹਿੰਦੇ ਹਨ, ਘੱਟ ਬੋਲਦੇ ਹਨ, ਮਿਠਬੋਲੜੇ ਹੁੰਦੇ ਹਨ। ਉਹ ਸੁਤੰਤਰ, ਸਮਰੱਥ ਤੇ ਆਤਮ-ਨਿਰਭਰ ਹੁੰਦੇ ਹਨ। ਉਹ ਦੂਜਿਆਂ ਦੀ ਰਾਏ ਦੇ ਮੁਥਾਜ ਨਹੀਂ ਹੁੰਦੇ। ਉਹ ਦੂਜਿਆਂ ਤੋਂ ਦੂਰੀ ਬਣਾ ਕੇ ਰੱਖਦੇ ਹਨ, ਉਨ੍ਹਾਂ ਦੇ ਝਮੇਲਿਆਂ ਵਿਚ ਨਹੀਂ ਪੈਂਦੇ ਅਤੇ ਆਪਣੀ ਸਲਾਹ ਨਾਲ ਚਲਦੇ ਹਨ। ਉਹ ਆਮ ਤੌਰ 'ਤੇ ਚੁਸਤ ਤੇ ਸਮਝਦਾਰ ਹੁੰਦੇ ਹਨ। ਉਨ੍ਹਾਂ ਦਾ ਸ਼ਾਂਤਮਈ ਤੇ ਅਡੋਲ ਸੁਭਾਅ ਆਲੇ ਦੁਆਲੇ ਦੇ ਲੋਕਾਂ ਲਈ ਵਰਦਾਨ ਹੁੰਦਾ ਹੈ।"

ਡਾ. ਬੈਚ ਦੀ ਵਾਟਰ ਵਾਇਓਲੈਟ ਦੇ ਸੁਭਾਅ ਦੀ ਇਹ ਪਰਿਭਾਸ਼ਾ ਕਿਸੇ ਵੱਡੇ ਰਹੱਸ ਦਾ ਪ੍ਰਦਰਸ਼ਨ ਨਹੀਂ ਕਰਦੀ, ਭਾਵ ਬੜੀ ਸਪਸ਼ਟ ਜਿਹੀ ਹੈ, ਤਾਂ ਵੀ ਇਸ ਦੇ ਮੁੱਖ ਪਹਿਲੂਆਂ ਵੱਲ ਧਿਆਨ ਦੇਣਾ ਬਣਦਾ ਹੈ। ਪਹਿਲਾਂ ਇਸ ਦੇ ਵਿਅਕਤੀਤਵ ਵਾਲੇ ਲੋਕ ਸਮਰੱਥ, ਆਤਮ-ਨਿਰਭਰ ਤੇ ਆਜ਼ਾਦ ਵਿਚਾਰਾਂ ਵਾਲੇ ਹੁੰਦੇ ਹਨ। ਉਹ ਆਪਣੇ ਪੈਰਾਂ 'ਤੇ ਖੜ੍ਹੇ ਹੁੰਦੇ ਹਨ ਤੇ ਕੁਝ ਕਰ ਸਕਣ ਦਾ ਮਾਦਾ ਰੱਖਦੇ ਹਨ। ਦੂਜੇ, ਉਹ ਹੁਸ਼ਿਆਰ ਤੇ ਗੁਣਵਾਨ ਹੁੰਦੇ ਹਨ ਭਾਵ ਸੁਸਤ ਤੇ ਮੰਦਬੁੱਧੀ ਨਹੀਂ ਹੁੰਦੇ। ਜੇ ਇੱਦਾਂ ਹੋਣ ਤਾਂ ਉਹ ਆਪਣੇ ਪੈਰਾਂ 'ਤੇ ਨਹੀਂ ਖੜ੍ਹ ਸਕਦੇ। ਤੀਜੇ ਉਹ ਦੂਜਿਆਂ ਦੀ ਰਾਇ ਤੋਂ ਅਣਭਿੱਜ ਰਹਿੰਦੇ ਹਨ ਤੇ ਆਪਣੀ ਸੋਚ ਅਨੁਸਾਰ ਚਲਦੇ ਹਨ। ਇਸ ਦਾ ਭਾਵ ਹੈ ਕਿ ਉਹ ਸਭ ਕੁਝ ਆਪ ਵਿਚਾਰ ਕੇ ਹੀ ਆਪਣੀ ਸਲਾਹ ਬਣਾਉਂਦੇ ਹਨ ਤੇ ਫਿਰ ਜੋ ਉਨ੍ਹਾਂ ਨੂੰ ਚੰਗਾ ਲੱਗੇ, ਉਹੀ ਕਰਦੇ ਹਨ। ਦੂਜਿਆਂ 'ਤੇ ਨਿਰਭਰ ਵਿਅਕਤੀ ਆਪਣੀ ਸੋਚ ਅਨੁਸਾਰ ਨਹੀਂ ਚਲ ਸਕਦਾ। ਚੌਥੇ, ਉਹ ਖਾਮੋਸ਼ ਰਹਿ ਕੇ ਕੰਮ ਕਰਨ ਵਾਲੇ ਲੋਕ ਹੁੰਦੇ ਹਨ, ਜੋ ਆਪਣੇ ਕੰਮਾਂ ਤੀਕ ਸੀਮਤ ਰਹਿੰਦੇ ਹਨ। ਨਾ ਉਨ੍ਹਾਂ ਵਿਚ ਫੂੰ ਫਾਂ ਹੁੰਦੀ ਹੈ ਤੇ ਨਾ ਉਹ ਆਉਂਦੇ-ਜਾਂਦੇ ਰੜਕਦੇ ਹਨ ਤੇ ਨਾ ਉਹ ਕਿਸੇ ਨਾਲ ਖਹਿਬਾਜ਼ੀ ਕਰਦੇ ਹਨ। ਅਰਥਾਤ ਉਹ ਸੰਜੀਦਾ ਕਿਸਮ ਦੇ ਲੋਕ ਹੁੰਦੇ ਹਨ, ਜੋ ਬਿਨਾ ਕਿਸੇ ਸ਼ੋਰ ਸ਼ਰਾਬੇ ਦੇ ਖਾਮੋਸ਼ੀ ਨਾਲ ਕੰਮ ਕਰਨ ਦੇ ਆਦੀ ਹੁੰਦੇ ਹਨ।

ਪੰਜਵੇਂ, ਉਹ ਮਿੱਠੀ ਭਾਸ਼ਾ ਵਿਚ ਗੱਲ ਕਰਦੇ ਹਨ ਤੇ ਹਲੀਮੀ ਨਾਲ ਪੇਸ਼ ਆਉਂਦੇ ਹਨ। ਉਨ੍ਹਾਂ ਦਾ ਕਿਰਦਾਰ ਇੰਨਾ ਪ੍ਰਭਾਵਸ਼ਾਲੀ ਹੁੰਦਾ ਹੈ ਕਿ ਉਹ ਕਿਸੇ ਚੀਜ਼ ਤੋਂ ਘਬਰਾਉਂਦੇ ਨਹੀਂ ਤੇ ਮਾਨਵਤਾ ਦੇ ਪੱਧਰ ਤੋਂ ਡਿੱਗੀ ਗੱਲ ਨਹੀਂ ਕਰਦੇ। ਛੇਵੇਂ, ਉਹ ਦੂਜੇ ਲੋਕਾਂ ਤੋਂ ਦੂਰੀ ਬਣਾ ਕੇ ਰੱਖਦੇ ਹਨ ਤੇ ਉਨ੍ਹਾਂ ਦੇ ਕੰਮਾਂ ਵਿਚ ਦਖਲ ਨਹੀਂ ਦਿੰਦੇ। ਇਹ ਇਸ ਲਈ ਕਿ ਉਨ੍ਹਾਂ ਨੇ ਆਪਣੀ ਮਿਹਨਤ ਤੇ ਕਾਬਲੀਅਤ ਅਨੁਸਾਰ ਆਪਣਾ ਇਕ ਰੁਤਬਾ ਬਣਾਇਆ ਹੁੰਦਾ ਹੈ, ਜਿਸ ਤੋਂ ਉਹ ਬਾਹਰ ਨਹੀਂ ਜਾਂਦੇ। ਉਹ ਦੂਜਿਆਂ ਨੂੰ ਦੇਖਦੇ ਹਨ, ਉਨ੍ਹਾਂ ਦਾ ਦੁੱਖ-ਸੁੱਖ ਸਮਝਦੇ ਹਨ ਤੇ ਲੋੜ ਪੈਣ 'ਤੇ ਉਨ੍ਹਾਂ ਨਾਲ ਚੰਗਾ ਬੋਲਦੇ ਹਨ, ਪਰ ਉਹ ਉਨ੍ਹਾਂ ਨਾਲ ਬਹੁਤਾ ਭਿੱਜਦੇ ਨਹੀਂ। ਭਾਵ ਉਨ੍ਹਾਂ ਦੇ ਅੰਗ-ਸੰਗ ਰਹਿੰਦੇ ਹੋਏ ਵੀ ਉਹ ਉਨ੍ਹਾਂ ਤੋਂ ਦੂਰ ਤੇ ਸੁਤੰਤਰ ਰਹਿੰਦੇ ਹਨ। ਉਹ ਉਨ੍ਹਾਂ ਦੇ ਕੰਮਾਂ ਵਿਚ ਦਖਲ ਨਹੀਂ ਦਿੰਦੇ, ਉਨ੍ਹਾਂ ਨਾਲ ਬੈਠ ਕੇ ਖਾਂਦੇ-ਪੀਂਦੇ ਨਹੀਂ ਤੇ ਉਨ੍ਹਾਂ ਵਾਂਗ ਹੱਲੇ-ਗੁੱਲੇ ਦੇ ਸ਼ੌਕੀਨ ਨਹੀਂ ਹੁੰਦੇ। ਸੱਤਵੇਂ, ਉਹ ਆਪਣੇ ਗਵਾਂਢੀਆਂ ਲਈ ਕਦੇ ਕੋਈ ਮੁਸ਼ਕਿਲ ਖੜ੍ਹੀ ਨਹੀਂ ਕਰਦੇ, ਸਗੋਂ ਉਨ੍ਹਾਂ ਦਾ ਸ਼ਾਂਤਮਈ ਸੁਭਾਅ ਪੜੋਸੀਆਂ ਲਈ ਫਖਰ ਤੇ ਪ੍ਰੇਰਨਾ ਦਾ ਸ੍ਰੋਤ ਬਣਦਾ ਹੈ। ਅੱਠਵੇਂ, ਉਨ੍ਹਾਂ ਦੀ ਤੰਦਰੁਸਤੀ ਦੀ ਅਵਸਥਾ ਤੇ ਬਿਮਾਰੀ ਦੀ ਹਾਲਤ ਦੋਹਾਂ ਵਿਚ ਧਨ-ਰਿਣ ਦੇ ਫਰਕ ਨਾਲ ਇਹ ਅਲਾਮਤਾਂ ਪਾਈਆਂ ਜਾਂਦੀਆਂ ਹਨ। ਭਾਵ ਜੇ ਉਹ ਤੰਦਰੁਸਤੀ ਵੇਲੇ ਦੂਜਿਆਂ ਤੋਂ ਦੂਰ ਰਹਿੰਦੇ ਹਨ ਤਾਂ ਬਿਮਾਰੀ ਦੀ ਅਵਸਥਾ ਵਿਚ ਵੀ ਉਹ ਆਪਣੀ ਦੇਖ-ਭਾਲ ਕਰਨ ਵਾਲਿਆਂ ਨਾਲ ਇੱਕ-ਮਿੱਕ ਨਹੀਂ ਹੁੰਦੇ। ਜੇ ਉਹ ਤੰਦਰੁਸਤੀ ਵੇਲੇ ਸੁਤੰਤਰ ਵਿਹਾਰ ਰੱਖਦੇ ਹਨ ਤਾਂ ਬਿਮਾਰੀ ਵੇਲੇ ਵੀ ਡਾਕਟਰਾਂ ਤੇ ਸੇਵਾਦਾਰਾਂ ਦੀ ਸਲਾਹ ਦੀ ਪ੍ਰਵਾਹ ਨਹੀਂ ਕਰਦੇ। ਉਨ੍ਹਾਂ ਦੀ ਪੂਰੀ ਹਾਲਤ ਦਾ ਜਾਇਜ਼ਾ ਲੈਂਦੇ ਹੋਏ ਉਨ੍ਹਾਂ ਨੂੰ "ਮਗਰੂਰ" ਕਿਹਾ ਜਾ ਸਕਦਾ ਹੈ, ਪਰ ਸਹੀ ਅਰਥਾਂ ਵਿਚ ਉਹ ਇਸ ਤੋਂ ਵੀ ਕਈ ਕੁਝ ਵੱਧ ਹੁੰਦੇ ਹਨ।

ਭਾਵੇਂ ਵਾਟਰ ਵਾਇਓਲੈਟ ਦੇ ਲੋਕਾਂ ਵਿਚ ਚੰਗੇ ਗੁਣ ਕੁੱਟ ਕੁੱਟ ਕੇ ਭਰੇ ਹੋਏ ਹੁੰਦੇ ਹਨ ਤੇ ਕਿਸੇ ਨੂੰ ਉਨ੍ਹਾਂ ਤੋਂ ਕੋਈ ਤਕਲੀਫ ਨਹੀਂ ਹੁੰਦੀ, ਪਰ ਕਿਸੇ ਵੀ ਚੀਜ਼ ਦੀ ਬਹੁਲਤਾ ਠੀਕ ਨਹੀਂ ਹੁੰਦੀ। ਉਨ੍ਹਾਂ ਦੀਆਂ ਨਿਖੇਧਤਾਈਆਂ ਭਾਵ ਔਗੁਣ ਉਨ੍ਹਾਂ ਦੇ ਗੁਣਾਂ ਵਿਚੋਂ ਹੀ ਉਠ ਉਠ ਬਾਹਰ ਝਾਕਦੇ ਹਨ। ਦੂਜੇ ਲੋਕਾਂ ਨੂੰ ਉਨ੍ਹਾਂ ਦਾ ਵਿਹਾਰ ਠੰਡਾ ਤੇ ਬੇਪ੍ਰਵਾਹ ਲੱਗਣ ਲਗਦਾ ਹੈ। ਲੋਕ ਉਨ੍ਹਾਂ ਬਾਰੇ ਕਹਿੰਦੇ ਹਨ, "ਕੋਈ ਮਰੇ ਭਾਵੇਂ ਜੀਵੇ, ਸੁਥਰਾ ਘੋਲ ਪਤਾਸੇ ਪੀਵੇ।" ਭਾਵ ਉਹ ਨੀਰਸ ਤੇ ਬੇਗਰਜ਼ ਜਿਹੇ ਲਗਦੇ ਹਨ। ਉਨ੍ਹਾਂ ਦਾ ਸੁਭਾਅ ਮਗਰੂਰੀ ਭਰਿਆ ਬਣ ਜਾਂਦਾ ਹੈ। ਨਾ ਉਹ ਦੂਜਿਆਂ ਨਾਲ ਮਿਲ ਕੇ ਕੰਮ ਕਰਦੇ ਹਨ ਤੇ ਨਾ ਉਨ੍ਹਾਂ ਦੇ ਕੰਮ ਨੂੰ ਪਸੰਦ ਕਰਦੇ ਹਨ। ਉਨ੍ਹਾਂ ਦੀ ਭਾਈਚਾਰਕ ਭਾਵਨਾ ਕਮਜ਼ੋਰ ਪੈ ਜਾਂਦੀ ਹੈ ਤੇ ਉਹ ਆਪਣੇ ਲਈ ਆਪਣੇ ਵਿਚ ਹੀ ਜਿਊਣਾ ਸ਼ੁਰੂ ਕਰ ਦਿੰਦੇ ਹਨ। ਚਾਹੇ ਕਿੰਨੇ ਵੀ ਬਿਮਾਰ ਕਿਉਂ ਨਾ ਹੋਣ, ਉਹ ਦੂਜਿਆਂ ਦੀ ਮਦਦ ਲੈਣੀ ਪਸੰਦ ਨਹੀਂ ਕਰਦੇ। ਉਹ ਕਿਸੇ ਦੂਜੇ ਬਿਮਾਰ ਜਾਂ ਲੋੜਵੰਦ ਦੀ ਮਦਦ ਵੀ ਨਹੀਂ ਕਰਦੇ। ਉਹ ਨਾ ਕਿਸੇ 'ਤੇ ਅਹਿਸਾਨ ਕਰਦੇ ਹਨ ਤੇ ਨਾ ਕਿਸੇ ਦਾ ਅਹਿਸਾਨ ਲੈਂਦੇ ਹਨ। ਉਹ ਆਪਣੀਆਂ ਤਕਲੀਫਾਂ ਆਪ ਹੀ ਝੇਲਦੇ ਹਨ। ਇਸ ਲਈ ਜੇ ਕਿਸੇ ਨੂੰ ਬਿਮਾਰੀ ਦੀ ਹਾਲਤ ਵਿਚ ਮਿਲਣ ਜਾਓ ਤੇ ਉਹ ਅੱਗੋਂ ਮੂੰਹ-ਸਿਰ ਢਕ ਕੇ ਪਿਆ ਰਹੇ, ਹਾਲ ਚਾਲ ਪੁੱਛੋ ਤਾਂ ਕਹੇ, "ਮੈਂ ਠੀਕ ਠਾਕ ਹਾਂ", ਡਾਕਟਰ ਤੋਂ ਦਵਾਈ ਲੈਣ ਲਈ ਕਹੋ ਤਾਂ ਬੋਲੇ ਕਿ "ਕੋਈ ਗੱਲ ਨਹੀਂ, ਮੈਂ ਖਿਆਲ ਰੱਖ ਰਿਹਾ ਹਾਂ" ਤੇ ਹਸਪਤਾਲ ਜਾ ਕੇ ਦਿਖਾਉਣ ਲਈ ਕਹੋ ਤਾਂ ਕਹੇ, "ਫਿਕਰ ਨਾ ਕਰੋ, ਮੇਰਾ ਇਕ ਸਿਆਣੇ ਡਾਕਟਰ ਕੋਲ ਇਲਾਜ ਚਲ ਰਿਹਾ ਹੈ", ਤਾਂ ਉਸ ਨੂੰ ਵਾਟਰ ਵਾਇਓਲੈਟ ਦੇਣੀ ਨਾ ਭੁੱਲੋ।

ਇਸ ਫੁੱਲ ਦਵਾਈ ਦੇ ਵਿਅਕਤੀਤਵ ਬਾਰੇ ਡਾ. ਦਰਸ਼ਨ ਸਿੰਘ ਵੋਹਰਾ ਲਿਖਦੇ ਹਨ, "ਚੰਗੇ ਸੁਭਾਅ ਦੇ ਆਦਮੀ, ਜੋ ਚੁੱਪ-ਚਾਪ ਆਪਣੇ ਕੰਮ ਵਿਚ ਮਗਨ ਰਹਿੰਦੇ ਹਨ, ਜਿਵੇਂ ਮੋਢੀ (Pioneers) ਜਾਂ ਨਵੀਂ ਕਾਢ ਕੱਢਣ ਵਾਲੇ (Inventors)- ਇਨ੍ਹਾਂ ਦਾ ਕੰਮ ਹੀ ਅਜਿਹਾ ਹੁੰਦਾ ਹੈ, ਜੋ ਜਨ-ਸਾਧਾਰਨ ਦੀ ਸਮਝ ਤੋਂ ਬਾਹਰ ਹੁੰਦਾ ਹੈ, ਇਸ ਲਈ ਉਨ੍ਹਾਂ ਵਿਚ ਵਖਰੇਵਾਂਪਨ ਹੁੰਦਾ ਹੈ। ਉਹ ਆਪਣਾ ਕੰਮ ਵੱਖਰੇ ਰਹਿ ਕੇ ਹੀ ਕਰ ਸਕਦੇ ਹਨ, ਇਸ ਲਈ ਉਹ ਭਾਈਚਾਰੇ ਤੋਂ ਵੱਖ ਇਕੱਲ ਵਿਚ ਰਹਿੰਦੇ ਹਨ। ਆਤਮ ਵਿਸ਼ਵਾਸ ਨਾਲ ਆਪਣਾ ਕੰਮ ਵਖਰੇਵੇਂ ਵਿਚ ਕਰਦੇ ਹਨ, ਕਿਸੇ ਦੂਜੇ ਦੇ ਕੰਮ ਵਿਚ ਨਾ ਆਪ ਦਖਲ ਦਿੰਦੇ ਹਨ, ਨਾ ਹੀ ਆਪਣੇ ਕੰਮ ਵਿਚ ਕਿਸੇ ਦਾ ਦਖਲ ਸਹਿਨ



ਕਰਦੇ ਹਨ। ਆਪਣੇ ਕੰਮ ਨੂੰ ਪੂਰੀ ਤਰ੍ਹਾਂ ਸਮਝਦੇ ਹਨ ਅਤੇ ਆਪਣੇ 'ਤੇ ਪੂਰਾ ਵਿਸ਼ਵਾਸ ਰੱਖਦੇ ਹਨ, ਪਰ ਆਪਣੀ ਮਰਜ਼ੀ ਦੂਜੇ 'ਤੇ ਜ਼ਬਰਦਸਤੀ ਥੋਪਣ ਦੀ ਕੋਸ਼ਿਸ਼ ਨਹੀਂ ਕਰਦੇ। ਭਾਵੇਂ ਉਹ ਦੂਜੇ ਦੇ ਖਿਆਲ ਨਾਲ ਸਹਿਮਤ ਨਾ ਹੋਣ, ਉਹ ਦੂਜੇ ਦੀ ਕਰਨੀ ਵਿਚ ਕਦੇ ਦਖਲ ਨਹੀਂ ਦਿੰਦੇ। ਉਹ ਆਪਣੇ ਦੁਖ-ਦਰਦ ਨੂੰ ਚੁੱਪ-ਚਾਪ ਇੱਕਲੇ ਸਹਿਨ ਕਰਦੇ ਹਨ, ਕਿਸੇ ਦੂਜੇ ਨੂੰ ਇਸ ਵਿਚ ਭਾਈਵਾਲ ਨਹੀਂ ਬਣਾਉਂਦੇ। ਜੇ ਕਿਤੇ ਉਹ ਬੀਮਾਰ ਹੋ ਜਾਣ ਤਾਂ ਇੱਕਲ ਵਿਚ ਚੁੱਪ-ਚਾਪ ਹੀ ਪਏ ਰਹਿਣਾ ਪਸੰਦ ਕਰਦੇ ਹਨ। ਕਿਸੇ ਤਰ੍ਹਾਂ ਦਾ ਵਿਘਨ ਨਹੀਂ ਚਾਹੁੰਦੇ। ਉਨ੍ਹਾਂ ਦੀ ਯੋਗਤਾ, ਕਾਬਲੀਅਤ ਅਤੇ ਆਤਮ ਵਿਸ਼ਵਾਸ ਇਸ ਗੱਲ ਦੀ ਗਾਰੰਟੀ ਹੁੰਦੀ ਹੈ ਕਿ ਉਹ ਹਰ ਔਕੜ ਵਿਚ ਆਪਣੇ ਆਪ ਨੂੰ ਸਾਵਧਾਨ ਰੱਖਦੇ ਹਨ, ਘਬਰਾਉਂਦੇ ਨਹੀਂ।" ਇਨ੍ਹਾਂ ਮਰੀਜ਼ਾਂ ਦੇ ਇਲਾਜ ਲਈ ਫੁੱਲ ਦਵਾਈ ਵਾਟਰ ਵਾਇਓਲੈਟ ਦੀ ਲੋੜ ਹੈ।




ਡਾ. ਵੋਹਰਾ ਕਹਿੰਦੇ ਹਨ, ਵਾਟਰ ਵਾਇਓਲੈਟ ਦੇ ਮਰੀਜ਼ਾਂ ਦਾ ਇਲਾਜ ਦੋ ਪੱਧਰ 'ਤੇ ਹੋਣਾ ਚਾਹੀਦਾ ਹੈ। ਪਹਿਲਾ, ਉਨ੍ਹਾਂ ਨੂੰ ਉਨ੍ਹਾਂ ਦੇ ਸੁਭਾਅ ਅਨੁਸਾਰ ਇਸ ਦਵਾਈ ਦੀਆਂ ਕੁਝ ਖੁਰਾਕਾਂ ਦੇ ਕੇ ਅਤੇ ਦੂਜਾ ਉਨ੍ਹਾਂ ਦੀ ਮਰਜ਼ ਅਨੁਸਾਰ ਉਨ੍ਹਾਂ ਨੂੰ ਢੁਕਵੀਂ ਦਵਾਈ ਦੇ ਕੇ। ਉਨ੍ਹਾਂ ਦੀ ਇਹ ਗੱਲ ਭੁਲੇਖੇ ਵਾਲੀ ਹੈ। ਲੱਗਦਾ ਹੈ, ਉਹ ਕਾਹਲੀ ਵਿਚ ਕਈ ਗੱਲਾਂ ਰਲ-ਗੱਡ ਕਰ ਗਏ ਹਨ। ਇਨ੍ਹਾਂ ਲੇਖਾਂ ਵਿਚ ਇਸ ਗੱਲ ਦਾ ਕਈ ਵਾਰ ਜ਼ਿਕਰ ਕੀਤਾ ਜਾ ਚੁਕਾ ਹੈ ਕਿ ਬੈਚ ਫੁੱਲ ਦਵਾਈਆਂ ਮਨੁੱਖੀ ਬੀਮਾਰੀਆਂ ਦਾ ਸਿੱਧਾ ਇਲਾਜ ਨਹੀਂ ਕਰਦੀਆਂ। ਇਹ ਬਿਮਾਰ ਦੇ ਵਿਅਕਤੀਤਵ ਭਾਵ ਆਦਤਾਂ ਤੇ ਸੁਭਾਅ ਨੂੰ ਦਰੁਸਤ ਕਰ ਕੇ ਉਸ ਨੂੰ ਬਿਮਾਰੀਆਂ ਤੋਂ ਅਲੱਗ ਕਰਦੀਆਂ ਹਨ। ਸਿਧਾਂਤ ਇਹ ਹੈ ਕਿ ਬਿਮਾਰੀਆਂ ਮਨੁੱਖ ਨੂੰ ਨਹੀਂ, ਮਨੁੱਖ ਦੇ ਸੁਭਾਅ ਨੂੰ ਚੰਬੜੀਆਂ ਹੁੰਦੀਆਂ ਹਨ ਤੇ ਉਸ ਦਾ ਸੁਭਾਅ ਠੀਕ ਹੋਣ ਨਾਲ ਹੀ ਇਹ ਵੀ ਚਲੀਆਂ ਜਾਂਦੀਆਂ ਹਨ। ਇਸ ਲਈ ਫੁੱਲ ਦਵਾਈ ਪੱਧਤੀ ਵਿਚ ਸੁਭਾਅ ਤੇ ਆਦਤਾਂ ਅਨੁਸਾਰ ਦਵਾਈ ਦੇਣ ਨਾਲ ਹੀ ਮਰੀਜ਼ ਦਾ ਇਲਾਜ ਹੋ ਜਾਂਦਾ ਹੈ, ਭਾਵ ਉਸ ਨੂੰ ਬਿਮਾਰੀ ਦੂਰ ਕਰਨ ਲਈ ਕੋਈ ਹੋਰ ਦਵਾਈ ਦੇਣ ਦੀ ਲੋੜ ਨਹੀਂ। ਹਾਂ, ਕਈ ਵਾਰ ਮਨੁੱਖ ਵਿਚ ਇਕ ਤੋਂ ਵੱਧ ਰਿਣਾਤਮਿਕਤਾਵਾਂ ਪਾਈਆਂ ਜਾ ਸਕਦੀਆ ਹਨ, ਜਿਵੇਂ ਕੋਈ ਵਿਦਿਆਰਥੀ ਪੜ੍ਹਾਈ-ਲਿਖਾਈ ਵਿਚ ਕਮਜ਼ੋਰ ਹੋਵੇ ਤੇ ਨਾਲੇ ਆਪਣੀ ਗੁਜ਼ਰੀ ਮਾਂ ਦੀ ਯਾਦ ਵਿਚ ਖੋਇਆ ਰਹੇ। ਅਜਿਹੀ ਹਾਲਤ ਵਿਚ ਹੋਮਿਓਪੈਥ ਦਾ ਕੰਮ ਹੈ ਕਿ ਉਹ ਉਸ ਦੇ ਸੁਭਾਅ ਦੀਆਂ ਅਲਾਮਤਾਂ ਨੂੰ ਨਿਖੇੜ ਕੇ ਪਛਾਣੇ ਤੇ ਇਨ੍ਹਾਂ ਦਾ ਵੱਖ ਵੱਖ ਇਲਾਜ ਕਰੇ। ਇਸ ਕੰਮ ਵਿਚ ਵੀ ਉਹ ਮਨ ਮਰਜ਼ੀ ਨਹੀਂ ਕਰ ਸਕਦਾ। ਉਹ ਸਿੱਧ ਕਰੇ ਕਿ ਬੱਚਾ ਮਾਂ ਨੂੰ ਯਾਦ ਕਰਨ ਕਰਕੇ ਪੜ੍ਹਾਈ ਦਾ ਕੰਮ ਨਹੀਂ ਕਰਦਾ ਜਾਂ ਪੜ੍ਹਾਈ ਵਿਚ ਕਮਜ਼ੋਰ ਹੋਣ ਕਰਕੇ ਮਾਂ ਨੂੰ ਯਾਦ ਕਰਦਾ ਹੈ। ਨਾ ਪਤਾ ਲੱਗੇ ਤਾਂ ਪੜਤਾਲ ਕਰੇ ਕਿ ਮਾਂ ਗੁਜ਼ਰਨ ਤੋਂ ਪਹਿਲਾਂ ਵੀ ਪੜ੍ਹਾਈ ਵਿਚ ਕਮਜ਼ੋਰ ਸੀ ਜਾਂ ਮਾਂ ਦੇ ਸਦਮੇ ਨਾਲ ਪੜ੍ਹਾਈ ਤੋਂ ਪਾਸਾ ਵੱਟ ਗਿਆ। ਉਹ ਇਨ੍ਹਾਂ ਘਟਨਾਵਾਂ ਅਰਥਾਤ ਅਲਾਮਤਾਂ ਦੀ ਲੜੀ-ਬੱਧ ਸੂਚੀ ਬਣਾਵੇ ਤੇ ਉਸ ਲੜੀ ਅਨੁਸਾਰ ਬੱਝਵੀਂ ਦਵਾਈ ਦੇਵੇ। ਜੇ ਕੋਈ ਮਰਜ਼ ਇਨ੍ਹਾਂ ਨਿਰਧਾਰਤ ਦਵਾਈਆਂ ਨਾਲ ਠੀਕ ਨਾ ਹੋਵੇ ਤਾਂ ਮਰੀਜ਼ ਦੇ ਕੇਸ ਦਾ ਮੁੜ ਕੇ ਅਧਿਐਨ ਕਰੇ।

ਡਾ. ਦਰਸ਼ਨ ਸਿੰਘ ਵੋਹਰਾ ਅੱਗੇ ਚਲ ਕੇ ਲਿਖਦੇ ਹਨ ਕਿ ਵਾਟਰ ਵਾਇਓਲੈਟ ਬਹੁਤ ਘੱਟ ਇਸਤੇਮਾਲ ਹੋਣ ਵਾਲੀ ਫੁੱਲ ਦਵਾਈ ਹੈ, ਕਿਉਂਕਿ ਇਸ ਦਾ ਮਰੀਜ਼ ਵਿਗਿਆਨਕ ਖੋਜਾਂ ਵਿਚ ਰੁੱਝਿਆ ਕੋਈ ਵਿਰਲਾ ਵਿਅਕਤੀ ਹੁੰਦਾ ਹੈ। ਇਹ ਇਕ ਅਜਿਹਾ ਕਥਨ ਹੈ, ਜਿਸ ਨਾਲ ਕੋਈ ਸਹਿਮਤ ਨਹੀਂ ਹੋਵੇਗਾ; ਘੱਟੋ ਘੱਟ ਮੈਂ ਤਾਂ ਨਹੀਂ। ਅੱਜ ਕੱਲ੍ਹ ਕਿੰਨੇ ਹੀ ਅਜਿਹੇ ਲੋਕ ਹਨ, ਜੋ ਪੜ੍ਹੇ-ਲਿਖੇ ਹਨ, ਕਾਬਲ ਹਨ, ਕਿਸੇ ਦੇ ਕੰਮ ਵਿਚ ਦਖਲ ਨਹੀਂ ਦਿੰਦੇ ਤੇ ਕਿਸੇ ਦਾ ਆਪਣੇ ਕੰਮ ਵਿਚ ਦਖਲ ਪਸੰਦ ਨਹੀਂ ਕਰਦੇ। ਉਹ ਅਮਨ ਪਸੰਦ ਢੰਗ ਨਾਲ ਚੁੱਪ-ਚਾਪ ਕੰਮ ਕਰਦੇ ਰਹਿੰਦੇ ਹਨ। ਬੋਲੋ ਤਾਂ ਬੋਲਦੇ ਵੀ ਮਿੱਠਾ ਤੇ ਨਾਪ ਤੋਲ ਕੇ ਹਨ। ਦੁਆਲੇ ਦੇਖੋ ਤਾਂ ਇਹ ਲੋਕ ਹਜ਼ਾਰਾਂ ਦੀ ਗਿਣਤੀ ਵਿਚ ਮਿਲਦੇ ਹਨ। ਬੱਸ ਜਾਂ ਟ੍ਰੇਨ ਵਿਚ ਬੈਠੇ ਇਹ ਕਿਤਾਬਾਂ ਖੋਲ੍ਹ ਕੇ ਪੜ੍ਹ ਰਹੇ ਹੁੰਦੇ ਹਨ। ਘਰਾਂ ਵਿਚ ਇਹ ਖਾਮੋਸ਼ੀ ਨਾਲ ਟੀ. ਵੀ. ਦੇਖ ਰਹੇ ਹੁੰਦੇ ਹਨ। ਇਥੋਂ ਤੀਕ ਕਿ ਬੱਚੇ ਵੀ ਸਮਾਰਟ ਫੋਨ 'ਤੇ ਚੁਪਚਾਪ ਇੰਟਰਨੈਟ ਖੰਘਾਲ ਰਹੇ ਹੁੰਦੇ ਹਨ। ਜੇ ਇਹ ਲੋਕ ਹੋਰ ਵੀ ਵੱਡੀ ਗਿਣਤੀ ਵਿਚ ਦੇਖਣੇ ਹੋਣ ਤਾਂ ਕਿਸੇ ਸਟਾਰ-ਬੱਕ ਜਾਂ ਬੁੱਕ ਸਟੋਰ ਵਿਚ ਜਾ ਕੇ ਦੇਖੇ ਜਾ ਸਕਦੇ ਹਨ। ਨਾ ਇਹ ਬੁਲਾਇਆਂ ਬੋਲਦੇ ਹਨ ਤੇ ਨਾ ਹਿਲਾਇਆਂ ਹਿੱਲਦੇ ਹਨ। ਹੱਲਾ ਗੁੱਲਾ ਕਰਨਾ ਤਾਂ ਇਕ ਪਾਸੇ ਰਿਹਾ, ਇਹ ਤਾਂ ਪੜ੍ਹਦੇ-ਪੜ੍ਹਦੇ ਆਪਣੀ ਕਾਫੀ ਵੀ ਠੰਡੀ ਕਰ ਲੈਂਦੇ ਹਨ। ਮੇਰੇ ਖਿਆਲ ਵਿਚ ਅੱਜ ਕੱਲ੍ਹ ਦੀ ਨਵੀਂ ਪੀੜ੍ਹੀ ਪੈਦਾ ਹੀ ਵਾਟਰ ਵਾਇਓਲੈਟ ਦੀਆਂ ਅਲਾਮਤਾਂ ਨਾਲ ਲੱਦੀ ਹੁੰਦੀ ਹੈ। ਕਈ ਫਿਲਾਸਫਰ ਤਾਂ ਇਸ ਨੂੰ "ਮਾਰੂ ਵਿਅਕਤੀਵਾਦ" ਦਾ ਨਾਂ ਦੇ ਕੇ ਇਸ ਤੋਂ ਖਬਰਦਾਰ ਰਹਿਣ ਦੀ ਚਿਤਾਵਨੀ ਦਿੰਦੇ ਹਨ। ਜੇ ਅਜੋਕੀ ਪੀੜ੍ਹੀ ਨੂੰ ਇਸ ਘਾਤਕ ਵਿਅਕਤੀਵਾਦ ਨਾਲੋਂ ਤੋੜ ਕੇ ਉਸਾਰੂ ਵਿਅਕਤੀਵਾਦ ਜਾਂ ਸਾਂਝੇ ਸਮਾਜਵਾਦ ਵੱਲ ਮੋੜਨਾ ਹੈ ਤਾਂ ਇਸ ਫੁੱਲ ਦਵਾਈ ਦੀ ਵੱਡੇ ਪੈਮਾਨੇ 'ਤੇ ਵਰਤੋਂ ਕਰਨੀ ਪਵੇਗੀ। ਇਹ ਉਨ੍ਹਾਂ ਦੀ ਫੋਕੀ ਲਿਲ੍ਹਕ ਨੂੰ ਖੋਜੀ ਲਗਨ ਵਿਚ ਤਬਦੀਲ ਕਰ ਕੇ ਉਨ੍ਹਾਂ ਨੂੰ ਸਮਾਜਿਕ ਤੌਰ 'ਤੇ ਉਪਯੋਗੀ ਜੀਵ ਬਣਾ ਦੇਵੇਗੀ।

ਇਹ ਵੀ ਸੱਚ ਨਹੀਂ ਹੈ ਕਿ ਇਸ ਦਵਾਈ ਦੇ ਮਰੀਜ਼ ਬਹੁਤੇ ਵਿਗਿਆਨੀ ਤੇ ਖੋਜੀ ਲੋਕ ਹੀ ਹੁੰਦੇ ਹਨ, ਕਿਉਂਕਿ ਉਨ੍ਹਾਂ ਦਾ ਕੰਮ ਲੋਕਾਂ ਦੀ ਸਮਝ ਤੋਂ ਪਰ੍ਹੇ ਹੁੰਦਾ ਹੈ ਤੇ ਉਹ ਇਸ ਨੂੰ ਕਿਸੇ ਨਾਲ ਬੋਲ ਕੇ ਸਾਂਝਾ ਨਹੀਂ ਕਰ ਸਕਦੇ। ਅੱਜ ਕੱਲ੍ਹ ਲਗਭਗ ਹਰੇਕ ਕੰਮ ਹੀ ਤਕਨੀਕੀ ਕਿਸਮ ਦਾ ਹੈ, ਜੋ ਆਮ ਲੋਕਾਂ ਦੀ ਸਮਝ ਵਿਚ ਨਹੀਂ ਆਉਂਦਾ। ਸਮਾਜ ਵਿਚ ਕਿੰਨੇ ਕੁ ਲੋਕ ਹਨ, ਜਿਨ੍ਹਾਂ ਨੂੰ ਅਕਾਉਂਟੈਂਸੀ, ਕਾਨੂੰਨ, ਟੈਕਸ, ਆਰਟ, ਗਣਿੱਤ, ਫਿਲਾਸਫੀ ਤੇ ਵਿਗਿਆਨ ਸਮਝ ਵਿਚ ਆਉਂਦੇ ਹਨ? ਕਿੰਨੇ ਕੁ ਹਨ, ਜਿਨ੍ਹਾਂ ਨੂੰ ਆਯੁਰਵੇਦਾ, ਐਲੋਪੈਥੀ ਤੇ ਹੋਮਿਓਪੈਥੀ ਦਵਾਈ ਪ੍ਰਣਾਲੀਆਂ ਦੀ ਸਮਝ ਹੈ? ਆਉਂਦਾ ਤਾਂ ਕਿਸੇ ਨੂੰ ਕੰਪਿਊਟਰ ਵਿਗਿਆਨ ਵੀ ਨਹੀਂ, ਜੇ ਦੋ ਚਾਰ ਪ੍ਰੋਗਰਾਮ ਤੇ ਐਪਲੀਕੇਸ਼ਨਾਂ ਚਲਾਉਣ ਅਤੇ ਕੀ-ਬੋਰਡ 'ਤੇ ਉਂਗਲਾਂ ਮਾਰਨ ਨੂੰ ਹੀ ਸੰਪੂਰਨ ਕੰਪਿਊਟਰ ਗਿਆਨ ਨਾ ਸਮਝਿਆ ਜਾਵੇ। ਫਿਰ ਇਹ ਵਿਸ਼ੇਸ਼ ਸਮਝ ਤੇ ਟ੍ਰੇਨਿੰਗ ਵਾਲੇ ਆਮ ਲੋਕ, ਜੋ ਆਪਣੇ ਗਿਆਨ ਦੀਆਂ ਘੁੰਡਰਾਂ ਨੂੰ ਦੂਜਿਆਂ ਨਾਲ ਸਾਂਝਾ ਨਹੀਂ ਕਰਦੇ ਜਾਂ ਕਰ ਨਹੀਂ ਸਕਦੇ, ਵਿਗਿਆਨੀਆਂ ਤੋਂ ਘੱਟ ਕਿਵੇਂ ਹੋਏ? ਆਪਣੇ ਹੁਨਰ ਤੇ ਤਕਨੀਕੀ ਸਿੱਖਿਆ ਕਾਰਨ ਇਹ ਵੀ "ਮਗਰੂਰ" ਹੀ ਸਮਝੇ ਜਾ ਸਕਦੇ ਹਨ। ਜੇ ਇਨ੍ਹਾਂ ਦੀ ਸੋਚ ਖੁਸ਼ਕ ਤੇ ਠੰਡੀ ਹੋ ਜਾਵੇ ਅਤੇ ਵਤੀਰਾ ਬੇਤਰਸ ਹੋ ਜਾਵੇ ਤਾਂ ਇਹ ਵੀ ਫੁੱਲ ਦਵਾਈ ਵਾਟਰ ਵਾਇਓਲੈਟ ਨਾਲ ਹੀ ਠੀਕ ਹੋਣਗੇ। ਇਸ ਲਈ ਇਹ ਵਸੀਹ ਤੇ ਤੇਜੀ ਨਾਲ ਵਧਦੇ ਘੇਰੇ ਵਾਲੀ ਫੁੱਲ ਦਵਾਈ ਹੈ, ਜੋ ਸਮਾਜ ਦੇ ਕਿਸੇ ਵੀ ਵਰਗ ਲਈ ਲਾਭਦਾਇਕ ਸਿੱਧ ਹੋ ਸਕਦੀ ਹੈ।

ਦਫਤਰਾਂ ਵਿਚ ਬੈਠੇ ਜਿੰਨੇ ਸਖਤ ਸੁਭਾਵਾਂ ਵਾਲੇ ਅਫਸਰ ਹਨ, ਜਿੰਨੇ ਬੌਸ ਹਨ, ਜੋ ਆਪਣੇ ਮਾਤਹਿਤਾਂ ਨੂੰ ਰੁੱਖਾ ਬੋਲਦੇ ਹਨ ਤੇ ਕਿੰਨੇ ਅਜਿਹੇ ਕਾਰਕੁਨ ਹਨ, ਜੋ ਲੋਕਾਂ ਦਾ ਕੰਮ ਨਹੀਂ ਕਰਦੇ, ਪਰ ਸੁੱਕਾ ਰੋਹਬ ਝਾੜਦੇ ਹਨ, ਉਹ ਸਾਰੇ ਵਾਟਰ ਵਾਇਓਲੈਟ ਦੇ ਹੀ ਮਰੀਜ਼ ਹੁੰਦੇ ਹਨ। ਇਸ ਦਵਾਈ ਦੀਆਂ ਅਲਾਮਤਾਂ ਸਿਰਫ ਅਫਸਰਾਂ ਵਿਚ ਹੀ ਨਹੀਂ, ਹੋਰ ਵਰਗਾਂ ਵਿਚ ਵੀ ਹੋ ਸਕਦੀਆਂ ਹਨ। ਜਿਸ ਕਾਲਜ ਵਿਚ ਮੈਂ ਪੜ੍ਹਾਉਂਦਾ ਸਾਂ, ਉਸ ਵਿਚ ਅੰਗਰੇਜ਼ੀ ਵਿਸ਼ੇ ਦੇ ਦੋ ਪ੍ਰੋਫੈਸਰ ਸਨ। ਉਹ ਦੋਵੇਂ ਉੱਚੇ ਤੇ ਪਤਲੇ ਮੁੜੰਗੇ ਦੇ ਸਨ ਤੇ ਸਨ ਵੀ ਸਕੇ ਭਰਾ। ਸਦਾ ਪ੍ਰੈਸ ਕੀਤੇ ਸਫੈਦ ਕੱਪੜੇ ਪਾਉਂਦੇ ਸਨ ਤੇ ਟਾਈ ਲਾ ਕੇ ਰੱਖਦੇ ਸਨ। ਉਹ ਆਪਣੇ ਵਿਸ਼ੇ ਵਿਚ ਪੀਐਚ.ਡੀ. ਸਨ ਤੇ ਪੜ੍ਹਾਉਣ ਵਿਚ ਵੀ ਪ੍ਰਵੀਨ ਸਨ। ਇਮਾਨਦਾਰੀ ਨਾਲ ਉਹ ਕਲਾਸਾਂ ਲੈਂਦੇ ਤੇ ਵਿਹਲੇ ਸਮੇਂ ਵਿਚ ਸਟਾਫ ਰੂਮ ਵਿਚ ਗੱਪਾਂ ਮਾਰਨ ਦੀ ਥਾਂ ਲਾਇਬ੍ਰੇਰੀ ਵਿਚ ਬੈਠ ਕੇ ਪੜ੍ਹਦੇ ਸਨ। ਉਹ ਆਪਣੇ ਆਪ ਵਿਚ ਹੀ ਮਗਨ ਰਹਿੰਦੇ ਸਨ। ਆਪਸ ਵਿਚ ਤਾਂ ਹੌਲੀ ਹੌਲੀ ਘੁਸਰ-ਮੁਸਰ ਕਰ ਲੈਂਦੇ ਸਨ, ਪਰ ਅਧਿਆਪਕਾਂ ਤੇ ਵਿਦਿਆਰਥੀਆਂ ਦੀ ਦੁਆ ਸਲਾਮ ਦਾ ਜਵਾਬ ਸਿਰ ਹਿਲਾ ਕੇ ਹੀ ਦਿੰਦੇ ਸਨ। ਇੰਨਾ ਪੜ੍ਹੇ-ਲਿਖੇ ਹੋਣ ਦੇ ਬਾਵਜੂਦ ਦੋਵੇਂ ਸਨਕੀ ਸਨ। ਆਪਣੇ ਦੁਆਲੇ ਦੀਆਂ ਕਨਸੋਆਂ ਲੈਂਦੇ ਰਹਿੰਦੇ ਸਨ। ਕਿਸੇ ਨਾਲ ਲੜਦੇ ਨਹੀਂ ਸਨ ਤੇ ਨਾ ਵਾਧੂ ਬੋਲਦੇ ਸਨ, ਪਰ ਮੌਕਾ ਆਉਣ 'ਤੇ ਬਦਲਾ ਜ਼ਰੂਰ ਲੈਂਦੇ ਸਨ। ਦੋਵੇਂ ਛੜੇ ਸਨ, ਇਕੋ ਘਰ ਵਿਚ ਰਹਿੰਦੇ ਸਨ ਤੇ ਸ਼ਾਮ ਨੂੰ ਵਿਦੇਸ਼ੀ ਵਿਸਕੀ ਪੀਂਦੇ ਸਨ। ਉਨ੍ਹਾਂ ਵਿਚੋਂ ਇਕ ਸ਼ਰਾਬ ਪੀ ਕੇ ਮਰਿਆ ਤੇ ਦੂਜਾ ਉਸ ਦੀ ਮੌਤ ਦੇ ਝੋਰੇ ਵਿਚ। ਉਨ੍ਹਾਂ ਦੀ ਮੌਤ 'ਤੇ ਉਨ੍ਹਾਂ ਦਾ ਕੋਈ ਸਹਿਕਰਮੀ ਸੋਗ ਕਰਨ ਨਾ ਪਹੁੰਚਿਆ। ਉਨ੍ਹਾਂ ਨੇ ਕਿਸੇ ਨਾਲ ਅਜਿਹੇ ਸਬੰਧ ਹੀ ਨਹੀਂ ਸਨ ਬਣਾਏ। ਹੁਣ ਪਿਛਾਂਹ ਝਾਤ ਮਾਰਿਆਂ ਪਤਾ ਚਲਦਾ ਹੈ ਕਿ ਉਹ ਦੋਵੇਂ ਵਾਟਰ ਵਾਇਓਲੈਟ ਦੇ ਮਰੀਜ਼ ਸਨ। ਜੇ ਉਨ੍ਹਾਂ ਨੂੰ ਵੇਲੇ ਸਿਰ ਕਿਸੇ ਤਰ੍ਹਾਂ ਇਹ ਫੁੱਲ ਦਵਾਈ ਮਿਲ ਜਾਂਦੀ ਤਾਂ ਉਹ ਆਕੜ ਛੱਡ ਕੇ ਲੜਕੀਆਂ ਪਸੰਦ ਕਰਦੇ, ਵਿਆਹ ਕਰਵਾਉਂਦੇ, ਪਰਿਵਾਰ ਪਾਲਦੇ, ਰਿਸ਼ਤੇਦਾਰੀਆਂ ਨਿਭਾਉਂਦੇ ਤੇ ਚੰਗੇ ਸਮਾਜਿਕ ਵਿਅਕਤੀਆਂ ਵਾਂਗ ਰਹਿੰਦੇ।

ਯਾਦ ਰਹੇ, ਕਿਸੇ ਫੁੱਲ ਦਵਾਈ ਦੇ ਕਿਰਦਾਰ ਤੇ ਉਸ ਦੇ ਮਰੀਜ਼ ਵਿਚ ਅੰਤਰ ਹੁੰਦਾ ਹੈ। ਕਿਰਦਾਰ ਇਸ ਦੇ ਧਨ-ਪੱਖ ਜਾਂ ਸਦਗੁਣਾਂ ਦਾ ਪ੍ਰਗਟਾਵਾ ਹੁੰਦਾ ਹੈ ਤੇ ਮਰੀਜ਼ ਪੱਖ ਵਿਚ ਇਹੀ ਚੰਗੇ ਗੁਣ ਮਾੜਿਆਂ ਵਿਚ ਤਬਦੀਲ ਹੋ ਗਏ ਹੁੰਦੇ ਹਨ। ਵਾਟਰ ਵਾਇਓਲੈਟ ਦੇ ਸੰਦਰਭ ਵਿਚ ਚਾਹੇ ਵਿਅਕਤੀ ਕੋਈ ਵੀ ਕਿੱਤਾ ਕਰਦਾ ਹੋਵੇ, ਆਪਣੇ ਕੰਮ ਵਿਚ ਕਿੰਨਾ ਹੀ ਵਿਸ਼ੇਸ਼ੱਗ ਤੇ ਮਸਰੂਫ ਹੋਵੇ ਅਤੇ ਕਿੰਨਾ ਹੀ ਮਿਠ-ਬੋਲੜਾ ਤੇ ਇਕਾਂਤ ਪਸੰਦ ਕਿਉਂ ਨਾ ਹੋਵੇ, ਉਹ ਉਦੋਂ ਤੀਕ ਇਸ ਫੁੱਲ ਦਵਾਈ ਦਾ ਮਰੀਜ਼ ਨਹੀਂ ਕਹਾਏਗਾ, ਜਦੋਂ ਤੀਕ ਉਹ ਮਗਰੂਰ,

(ਬਾਕੀ ਅਗਲੇ ਸਫੇ 'ਤੇ)

# ਸਾਰਾਗੜ੍ਹੀ ਦੀ ਜੰਗ

19ਵੀਂ ਸਦੀ ਦੇ ਅਖੀਰਲੇ ਦਹਾਕਿਆਂ ਵਿਚ ਬ੍ਰਿਟਿਸ਼ ਅਤੇ ਰੂਸੀ ਤਾਕਤਾਂ, ਅਫਗਾਨਿਸਤਾਨ ਦੇ ਖਿੱਤੇ ਉੱਤੇ ਕਬਜ਼ਾ ਕਰਨ ਲਈ ਤਾਂਗੜ ਰਹੀਆਂ ਸਨ। ਅਫਗਾਨਿਸਤਾਨ ਦੇ ਅਮੀਅਰ, ਅਬਦੁਰ ਰਹਿਮਾਨ ਖਾਨ ਨੇ ਬ੍ਰਿਟਿਸ਼ ਨਾਲ ਸਮਝੌਤਾ ਕਰਕੇ ਬ੍ਰਿਟਿਸ਼ ਇੰਡੀਆ ਅਤੇ ਅਫਗਾਨਿਸਤਾਨ ਵਿਚਕਾਰ ਹੱਦ ਸਥਾਪਿਤ ਕਰ ਲਈ, ਜੋ ਬਾਅਦ ਵਿਚ ਡੂਰੈਂਟ ਹੱਦ (Durant Line) ਕਰਕੇ ਜਾਣੀ ਗਈ। ਅਫਗਾਨਿਸਤਾਨ ਦੇ ਕਬੀਲੇ ਦੋਹੀਂ ਪਾਸੀਂ ਵੰਡੇ ਗਏ। ਬ੍ਰਿਟਿਸ਼ ਸਰਕਾਰ ਨੇ ਅਫਗਾਨਿਸਤਾਨ ਨਾਲ ਲਗਦੀ ਤਿਰਾਹ (Tirah) ਵਾਦੀ ਦੇ ਪਹਾੜੀ ਇਲਾਕਿਆਂ ਦੀ ਰਾਖੀ ਕਰਨ ਲਈ ਅਫਰੀਦੀ ਕਬੀਲੇ ਨੂੰ ਆਰਥਕ ਸਹਾਇਤਾ ਦੇ ਕੇ ਰੱਖ ਲਿਆ। ਕਬੀਲੇ ਦੇ ਸਰਦਾਰ, ਜਿਸ



**ਡਾ. ਗੁਰੂਮੇਲ ਸਿੱਧੂ**
gurmel.sidhu@gmail.com

ਨੂੰ ਪਾਗਲ ਮੁੱਲਾਂ ਕਿਹਾ ਜਾਂਦਾ ਸੀ, ਨੇ 16 ਸਾਲ ਬਾਅਦ ਖੈਬਰ ਪਾਸ ਦੇ ਲਾਗਲੇ ਅਫਗਾਨ ਕਬੀਲਿਆਂ 'ਤੇ ਕਬਜ਼ਾ ਕਰ ਲਿਆ। ਨਾਲ ਦੀ ਨਾਲ ਪੇ ਸ਼ਾਵਰ ਲਾਗਲੇ ਬ੍ਰਿਟਿਸ਼ ਸਰਕਾਰ ਦੇ ਸਮਾਣਾ ਇਲਾਕੇ ਦੇ ਕਿਲਿਆਂ ਉੱਤੇ ਧਾਵਾ ਬੋਲ ਦਿੱਤਾ। ਇਸ ਸਥਿਤੀ ਨੇ ਸਾਰਾਗੜ੍ਹੀ ਦੀ ਜੰਗ ਨੂੰ ਜਨਮ ਦਿੱਤਾ।

ਸਾਰਾਗੜ੍ਹੀ ਦੀ ਜੰਗ ਅਫਗਾਨਿਸਤਾਨ ਦੇ ਉੱਤਰ-ਪੂਰਬੀ ਪ੍ਰਾਂਤਾਂ ਦੀ ਹੱਦ ਉੱਤੇ ਬ੍ਰਿਟਿਸ਼ ਸਲਤਨਤ ਅਤੇ ਅਫਗਾਨੀ ਕਬੀਲਿਆਂ ਵਿਚਕਾਰ ਹੋਈ। ਇਸ ਲੜਾਈ ਵਿਚ ਬ੍ਰਿਟਿਸ਼ ਸਰਕਾਰ ਵਲੋਂ 26-ਸਿੱਖ ਪਲਟਨ ਨੇ ਭਾਗ ਲਿਆ, ਜੋ ਕਰਨਲ ਜੇ. ਕੁੱਕ (J. Cook) ਦੀ ਕਮਾਂਡ ਹੇਠ ਬਣਾਈ




*ਚਿੱਤਰ-1: ਹੇਲਿਓਗ੍ਰਾਫ*

ਗਈ ਸੀ। ਜਿਵੇਂ ਕਿ ਨਾਂ ਤੋਂ ਸਿੱਧ ਹੈ, ਇਸ ਦੇ ਸਾਰੇ ਫੌਜੀ ਸਿੱਖ ਸਨ। (Sharma, 1990). ਅਗਸਤ 1897 ਵਿਚ ਇਸ ਰੈਜੀਮੈਂਟ ਦੀਆਂ ਪੰਜ ਕੰਪਨੀਆਂ, ਲੈਫਟੀਨੈਂਟ ਕਰਨਲ ਜੌਹਨ ਹੌਟਨ (John Haughton) ਦੀ ਕਮਾਂਡ ਹੇਠ ਉੱਤਰ-ਪੂਰਬੀ ਪ੍ਰਾਂਤਾਂ ਦੀ ਹੱਦ ਦੀਆਂ ਚੌਕੀਆਂ, ਸਮਾਣਾ ਹਿੱਲਜ਼, ਕੁਰਗ, ਸੰਗਰ, ਸ਼ਾਹਟੌਪ ਧਰ ਅਤੇ ਸਾਰਾਗੜ੍ਹੀ 'ਤੇ ਤਾਇਨਾਤ ਕਰ ਦਿੱਤੀਆਂ।

ਮਹਾਰਾਜਾ ਰਣਜੀਤ ਸਿੰਘ (1799-1839) ਨੇ ਅਫਗਾਨਾਂ ਨੂੰ ਰੋਕਣ ਲਈ ਹਿੰਦੂਕੁਸ਼ ਪਹਾੜ 'ਤੇ ਦੋ ਕਿਲੇ-ਲੌਕਹਰਟ ਅਤੇ ਗੁਲਿਸਤਾਂ ਬਣਾਏ ਸਨ, ਜੋ ਇਕ ਦੂਜੇ ਤੋਂ ਦੋ ਕੁ ਮੀਲ ਦੀ ਵਿੱਥ 'ਤੇ ਸਨ ਤੇ ਵਿਚਕਾਰ ਛੋਟੀ ਜਿਹੀ ਪਹਾੜੀ ਪੈਂਦੀ ਸੀ। ਕਰਨਲ ਹੌਟਨ ਦੀ ਕਮਾਂਡ ਹੇਠ 168 ਸਿਪਾਹੀ ਲੌਕਹਰਟ ਕਿਲੇ ਵਿਚ ਅਤੇ ਮੇਜਰ ਜਨਰਲ ਚਾਰਲਜ਼ ਡੀ ਵੂ (Charles Des Voeux) ਦੀ ਕਮਾਂਡ ਹੇਠ 175 ਫੌਜੀ ਗੁਲਿਸਤਾਂ ਕਿਲੇ 'ਤੇ ਤਾਇਨਾਤ ਕਰ ਦਿੱਤੇ। ਅਫਗਾਨੀ ਕਬੀਲੇ ਇਨ੍ਹਾਂ ਕਿਲਿਆਂ 'ਤੇ ਹਮਲੇ ਕਰਨ ਲਈ ਤਤਪਰ ਰਹਿੰਦੇ ਸਨ। ਹਮਲੇ ਦੀ ਸੂਰਤ ਵਿਚ ਇਕ ਕਿਲੇ ਤੋਂ ਦੂਜੇ ਨੂੰ ਇਤਲਾਹ ਪਹੁੰਚਾਉਣਾ ਮੁਸ਼ਕਿਲ ਸੀ। ਇਸ ਲਈ ਵਿਚਕਾਰਲੀ ਪਹਾੜੀ 'ਤੇ ਛੋਟਾ ਜਿਹਾ ਕਿਲਾ ਬਣਾਇਆ ਗਿਆ, ਜਿਸ ਤੋਂ ਦੋਹਾਂ ਕਿਲਿਆਂ ਨੂੰ ਦੇਖਿਆ ਜਾ ਸਕਦਾ ਸੀ ਅਤੇ ਸੁਨੇਹੇ ਪਹੁੰਚਾਏ ਜਾ ਸਕਦੇ ਸਨ। ਪਹਾੜੀ ਦੇ ਹੇਠਾਂ ਇਕ ਕਬੀਲੇ ਦਾ ਪਿੰਡ 'ਸਾਰਾਗੜ੍ਹੀ' ਸੀ, ਇਸ ਲਈ ਕਿਲੇ ਦਾ ਨਾਂ ਸਾਰਾਗੜ੍ਹੀ ਰੱਖਿਆ ਗਿਆ। ਸਾਰਾਗੜ੍ਹੀ ਦੇ ਕਿਲੇ 'ਤੇ 21 ਸਿੱਖ ਸਿਪਾਹੀ ਭੇਜ ਦਿੱਤੇ, ਜਿਨ੍ਹਾਂ ਦਾ ਮੁਖੀ ਹਵਾਲਦਾਰ ਈਸ਼ਰ ਸਿੰਘ ਸੀ।

ਸਾਰਾਗੜ੍ਹੀ ਦੇ ਕਿਲੇ ਤੋਂ ਲੌਕਹਰਟ ਅਤੇ ਗੁਲਿਸਤਾਂ ਕਿਲਿਆਂ ਵਿਚਾਕਰ ਸਨੇਹੇ ਭੇਜਣ ਲਈ ਹੈਲਿਓਗ੍ਰਾਫ (Heliography) ਦਾ ਇੰਤਜ਼ਾਮ ਕੀਤਾ ਸੀ।

**(ਦੇਖੋ ਚਿਤਰ-1)**

ਇਸ ਜੰਤਰ ਰਾਹੀਂ ਸੂਰਜ ਦੀਆਂ ਕਿਰਨਾਂ ਨੂੰ ਸ਼ੀਸ਼ਿਆਂ ਦੇ ਲਿਸ਼ਕਾਰਿਆਂ ਦੁਆਰਾ ਦੋਹਾਂ ਕਿਲਿਆਂ ਨੂੰ ਸੁਨੇਹੇ ਭੇਜੇ ਜਾਂਦੇ ਸਨ। ਲਿਸ਼ਕਾਰਿਆਂ ਤੋਂ ਮੌਰਿਸ ਕੋਡ (Moris Code) ਦਾ ਕੰਮ ਲਿਆ ਜਾਂਦਾ ਸੀ। ਮੌਰਿਸ ਕੋਡ ਤਾਰ ਭੇਜਣ (Telecommunication) ਦਾ ਪ੍ਰਬੰਧ ਹੈ, ਜੋ ਦੋ ਕਿਸਮ ਦੇ ਇਸ਼ਾਰਿਆਂ-ਡੌਟਸ ਤੇ ਡੈਸ਼ਿਜ਼ (Dots and Dashes) ਦੀ ਤਰਤੀਬ ਰਾਹੀਂ ਸੁਨੇਹੇ ਭੇਜਦਾ ਹੈ। ਲਿਸ਼ਕਾਰਿਆਂ ਦੇ ਵੱਧ-ਘੱਟ ਵਕਫਿਆਂ ਤੋਂ ਡੌਟਸ ਅਤੇ ਡੈਸ਼ਿਜ਼ ਦਾ ਕੰਮ ਲਿਆ ਗਿਆ। ਸੁਨੇਹੇ ਪਹੁੰਚਾਉਣ ਦਾ ਮਾਹਰ ਸਿਪਾਹੀ ਗੁਰਮੁਖ ਸਿੰਘ ਸੀ। ਹੈਲਿਓਗ੍ਰਾਫੀ ਲਈ ਤਿੰਨ ਬੰਦੇ ਚਾਹੀਦੇ ਸਨ, ਇਕ ਸ਼ੀਸ਼ੇ ਰਾਹੀਂ ਸੁਨੇਹੇ ਭੇਜਣ ਵਾਲਾ, ਦੂਜਾ ਆਉਂਦੇ ਸੁਨੇਹੇ ਨੂੰ ਪੜ੍ਹਨ ਵਾਲਾ ਤੇ ਤੀਜਾ ਆਉਂਦੇ-ਜਾਂਦੇ ਸਨੇਹਿਆਂ ਨੂੰ ਲਿਖਣ ਵਾਲਾ। ਹਾਲਾਤ ਨੂੰ ਦੇਖ ਕੇ ਇਹ ਤਿੰਨੋ ਕੰਮ ਇਕੱਲਾ ਗੁਰਮੁਖ ਸਿੰਘ ਕਰਦਾ ਸੀ।

ਅਗਸਤ 1897 ਵਿਚ ਪਸ਼ਤੂਨ ਕਬੀਲਿਆਂ ਨੇ ਕਿਲੇ ਫਤਹਿ ਕਰਨ ਲਈ ਕਈ ਵਾਰੀ ਹਮਲੇ ਕੀਤੇ, ਜੋ ਸਿੱਖ ਪਲਟਨ ਨੇ ਬੁਰੀ ਤਰ੍ਹਾਂ ਪਛਾੜ ਦਿੱਤੇ। 9 ਸਤੰਬਰ 1897 ਨੂੰ ਅਫਰੀਦੀ ਕਬੀਲੇ ਨੇ, ਹੋਰ ਕਬੀਲਿਆਂ ਨਾਲ ਮਿਲ ਕੇ, ਗੁਲਿਸਤਾਂ ਕਿਲੇ 'ਤੇ ਧਾਵਾ ਬੋਲ ਦਿੱਤਾ, ਸਿੱਖ ਫੌਜ ਨੇ ਇਹ ਵੀ ਪਛਾੜ ਦਿੱਤਾ। ਸਾਰਾਗੜ੍ਹੀ ਤੋਂ ਦੋਹਾਂ ਕਿਲਿਆਂ ਨੂੰ ਸੁਨੇਹੇ ਪਹੁੰਚਾਏ ਜਾਂਦੇ ਸਨ, ਇਸ ਲਈ ਕੋਈ 6,000-10,000 ਅਫਗਾਨਾਂ ਨੇ ਸਾਰਾਗੜ੍ਹੀ 'ਤੇ ਧਾਵਾ ਬੋਲ ਦਿੱਤਾ। ਗੁਰਮੁਖ ਸਿੰਘ ਨੇ ਲੌਕਹਰਟ ਕਿਲੇ ਨੂੰ ਮਦਦ ਲਈ ਸਨੇਹੇ ਭੇਜੇ, ਪਰ ਉਥੇ ਦੀ ਫੌਜ ਗਸ਼ਤ ਕਰਨ ਲਈ ਬਾਹਰ ਗਈ ਹੋਈ ਸੀ। ਜਿਉਂ ਜਿਉਂ ਅਫਗਾਨ ਸਾਰਾਗੜ੍ਹੀ ਵਲ ਵਧਦੇ ਗਏ, ਤਿਉਂ ਤਿਉਂ ਸਿੱਖ ਫੌਜੀ ਸ਼ਹੀਦ ਹੁੰਦੇ ਗਏ। ਉਨ੍ਹਾਂ ਦਾ ਮਿੰਟ-ਮਿੰਟ ਦਾ ਬਿਰਤਾਂਤ ਕਰਨਲ ਹੌਟਨ ਨੂੰ ਮਿਲਦਾ ਰਿਹਾ। (Pall, 2004)



*ਸਾਰਾਗੜ੍ਹੀ ਦੇ ਸ਼ਹੀਦਾਂ ਦੀ ਯਾਦ ਵਿਚ ਬਣਿਆ ਗੁਰਦੁਆਰਾ*

ਅਖੀਰ ਵਿਚ ਅਫਗਾਨ ਕੰਧ ਤੋੜ ਕੇ ਸਾਰਾਗੜ੍ਹੀ ਕਿਲੇ ਵਿਚ ਦਾਖਲ ਹੋ ਗਏ। ਸਿੱਖ ਫੌਜੀਆਂ ਦਾ ਅਸਲਾ ਮੁੱਕ ਗਿਆ, ਇਸ ਲਈ ਉਨ੍ਹਾਂ ਨੂੰ ਸੰਗੀਨਾਂ ਦੁਆਰਾ ਅਤੇ ਹੱਥੋਪਾਈ ਹੋ ਕੇ ਲੜਨਾ ਪਿਆ। ਇੱਕੀ ਫੌਜੀਆਂ 'ਚੋਂ ਸਿਰਫ ਹਵਾਲਦਾਰ ਈਸ਼ਰ ਸਿੰਘ ਅਤੇ ਗੁਰਮੁਖ ਸਿੰਘ ਰਹਿ ਗਏ, ਜੋ ਅਖੀਰ ਤੱਕ ਲੜੇ। ਈਸ਼ਰ ਸਿੰਘ ਮਾਰਿਆ ਗਿਆ ਤੇ ਗੁਰਮੁਖ ਸਿੰਘ ਜ਼ਖਮੀ ਹੋ ਗਿਆ। ਉਸ ਨੇ ਕਰਨਲ, ਜੌਹਨ ਹੌਟਨ ਨੂੰ ਆਖਰੀ ਸੁਨੇਹੇ ਰਾਹੀਂ ਕਿਹਾ, 'ਉਸ ਨੂੰ ਹੈਲਿਓਗ੍ਰਾਫ ਬੰਦ ਕਰਨ ਦੀ ਇਜਾਜ਼ਤ ਦਿੱਤੀ ਜਾਵੇ।' (ਪਾਲ, 2004); ਉਹ ਬੁਰੀ ਤਰ੍ਹਾ ਘਾਇਲ ਹੋਇਆ ਪਿਆ ਸੀ। ਸਹਿਕਦੇ ਨੇ, 'ਜੋ ਬੋਲੇ ਸੋ ਨਿਹਾਲ, ਸਤਿ ਸ੍ਰੀ ਆਕਾਲ' ਦਾ ਜਕਾਰਾ ਬੁਲਾਇਆ ਤੇ ਦਮ ਤੋੜ ਗਿਆ।

**ਸਾਰਾਗੜ੍ਹੀ ਦੇ 21 ਸ਼ਹੀਦਾਂ ਦੀ ਸੂਚੀ:**
**(ਦੇਖੋ ਚਿਤਰ-2)**

**ਨੋਟ:** 22ਵਾਂ ਸਿਪਾਹੀ ਸਫਾਈ ਅਤੇ ਖਾਣਾ ਬਣਾਉਣ ਵਾਲਾ ਸੇਵਕ ਸੀ। (ਗਰੇਵਾਲ, 2000)

ਸਾਰਾਗੜ੍ਹੀ ਦੀ ਲੜਾਈ ਨੂੰ ਯੂਨੈਸਕੋ (UNESCO= United Nations Educational, Scientific and Cultural Organization) ਨੇ ਮਾਨਵ ਦੀ ਤਵਾਰੀਖ ਦੀਆਂ ਅੱਠ ਲਾਸਾਨੀ ਲੜਾਈਆਂ ਵਿਚ ਗਿਣਿਆ ਹੈ। ਬ੍ਰਿਟਿਸ਼ ਸਰਕਾਰ ਨੇ 21 ਸਿੱਖ ਸਿਪਾਹੀਆਂ ਨੂੰ 'ਆਰਡਰ ਆਫ ਮੈਰਿਟ' ਨਾਲ ਨਿਵਾਜਿਆ ਸੀ। ਇਹ ਮਾਣ ਭਾਰਤ ਦੇ 'ਪਦਮ ਵੀਰ ਚੱਕਰ ਸਮਾਨ' ਹੈ, ਜੋ ਹਿੰਦੋਸਤਾਨ ਦੇ ਰਾਸ਼ਟਰਪਤੀ ਵਲੋਂ ਫੌਜੀਆਂ ਨੂੰ ਮੈਦਾਨ-ਏ-ਜੰਗ ਦੀ ਅਦੁਤੀ ਬਹਾਦਰੀ ਲਈ ਦਿੱਤਾ ਜਾਂਦਾ ਹੈ। ਸਾਰਾਗੜ੍ਹੀ ਦੇ ਸ਼ਹੀਦਾਂ ਦੀ ਯਾਦ ਵਿਚ ਕਈ ਸਮਾਰਕ ਚਿੰਨ ਸਥਾਪਤ ਕੀਤੇ ਗਏ ਹਨ। ਅੰਮ੍ਰਿਤਸਰ ਵਿਚ, ਹਰਿਮੰਦਰ ਸਾਹਿਬ ਦੇ ਨਜ਼ਦੀਕ, ਗੁਰਦੁਆਰਾ ਸਾਰਾਗੜ੍ਹੀ ਸਥਾਪਤ ਕੀਤਾ ਗਿਆ ਹੈ ਅਤੇ ਦੂਜਾ ਗੁਰਦੁਆਰਾ ਫਿਰੋਜ਼ਪੁਰ ਵਿਖੇ ਹੈ। ਮੇਰਠ ਛਾਉਣੀ ਵਿਚ ਵੀ ਇਨ੍ਹਾਂ ਸ਼ਹੀਦਾਂ ਦਾ ਯਾਦਗਾਰੀ ਚਿੰਨ ਹੈ।

ਸਾਰਾਗੜ੍ਹੀ ਦੀ ਲੜਾਈ ਵੀ ਅਸਿੱਧੇ ਤੌਰ 'ਤੇ ਹਿੰਦੋਸਤਾਨ ਦੀ ਆਜ਼ਾਦੀ ਨਾਲ ਬਾਵਸਤਾ ਹੈ। ਅਫਗਾਨਿਸਤਾਨ ਹਮੇਸ਼ਾ ਪੰਜਾਬ ਉੱਤੇ ਕਬਜ਼ਾ ਕਰਨ ਲਈ ਤਾਂਘਦਾ ਰਿਹਾ ਸੀ। ਮਹਾਰਾਜਾ ਰਣਜੀਤ ਸਿੰਘ ਵੇਲੇ ਅਫਗਾਨਿਸਤਾਨ ਨੂੰ ਦਬਾਉਣ ਵਿਚ ਸੂਰਬੀਰ ਜਰਨੈਲ ਹਰੀ ਸਿੰਘ ਨਲੂਆ ਦਾ ਯੋਗਦਾਨ ਇਤਿਹਾਸ ਵਿਚ ਕਿਸੇ ਜਾਣਕਾਰੀ ਦਾ ਮੁਥਾਜ ਨਹੀਂ। ਉਸ ਨੇ ਅਫਗਾਨੀਆਂ ਦਾ ਬਹੁਤ ਘਾਣ ਕੀਤਾ ਸੀ, ਇਸੇ ਲਈ ਅੱਜ ਵੀ ਅਫਗਾਨੀ ਮਾਂਵਾਂ ਬੱਚਿਆਂ ਨੂੰ 'ਨਲੂਆ ਆਇਆ' ਕਹਿ ਕੇ ਡਰਾਉਂਦੀਆਂ ਹਨ। ਸਾਰਾਗੜ੍ਹੀ ਦੇ ਸਿੱਖ ਯੋਧੇ ਅਫਗਾਨਿਸਤਾਨੀਆਂ ਦੀ ਪੰਜਾਬ ਵਿਚ ਆਮਦ ਨੂੰ ਰੋਕਣ ਲਈ ਲੜੇ ਸਨ। ਉਨ੍ਹਾਂ ਨੂੰ ਪਤਾ ਸੀ ਕਿ ਗੋਰਿਆਂ ਨੂੰ ਕਦੇ ਨਾ ਕਦੇ ਪੰਜਾਬ ਵਿਚੋਂ ਕੱਢ ਮਾਰਾਂਗੇ, ਗੁਆਂਢੀ ਮੁਲਕ ਅਫਗਾਨਿਸਤਾਨ ਨੂੰ ਕੱਢਣਾ ਮੁਸ਼ਕਿਲ ਹੋ ਜਾਵੇਗਾ। ਆਖਿਰ ਇਹੋ ਹੋਇਆ, ਬ੍ਰਿਟਿਸ਼ ਸਰਕਾਰ ਨੂੰ ਹਿੰਦੋਸਤਾਨ ਛੱਡਣਾ ਪਿਆ।

**ਸਾਰਾਗੜ੍ਹੀ ਦੇ 21 ਸ਼ਹੀਦਾਂ ਦੀ ਸੂਚੀ:**

| ਨੰ. | ਨਾਂ | ਪਿਤਾ | ਪਿੰਡ | ਜਿਲਾ | ਬਿੱਲਾ ਨੰਬਰ |
|---|---|---|---|---|---|
| 1. | ਈਸ਼ਰ ਸਿੰਘ | ਦੌਲਾ ਸਿੰਘ | ਗੁੜੇ | ਲੁਧਿਆਣਾ | 165 |
| 2. | ਲਾਲ ਸਿੰਘ | ਹਰੀ ਸਿੰਘ | ਧੂਨ | ਅੰਮ੍ਰਿਤਸਰ | 332 |
| 3. | ਸੁੱਧ ਸਿੰਘ | --- | ਬਲਿਓ | ਲੁਧਿਆਣਾ | 1321 |
| 4. | ਉੱਤਮ ਸਿੰਘ | ਲਹਿਣਾ ਸਿੰਘ | ਮੋਗਾ | ਫਿਰੋਜ਼ਪੁਰ | 492 |
| 5. | ਰਾਮ ਸਿੰਘ | ਭਗਵਾਨ ਸਿੰਘ | ਸਾਦੇਪੁਰ | ਅੰਬਾਲਾ | 287 |
| 6. | ਹੀਰਾ ਸਿੰਘ | ਬਾਰਾ ਸਿੰਘ | ਦਲਾਉਰਉੱਲਾ | ਲਾਹੌਰ | 359 |
| 7. | ਦਯਾ ਸਿੰਘ | ਸੰਗਤ ਸਿੰਘ | ਖੜਕ ਸਿੰਘ | ਪਟਿਆਲਾ | 687 |
| 8. | ਜੀਵਨ ਸਿੰਘ | ਬਾਰਾ ਸਿੰਘ | ਸੰਗਤਪੁਰ | ਜਲੰਧਰ | 760 |
| 9. | ਨਰੈਣ ਸਿੰਘ | ਗੁੱਜਰ ਸਿੰਘ | ਠੁੱਲੀ ਵਾਲਾ | ਪਟਿਆਲਾ | 834 |
| 10. | ਗੁਰਮੁਖ ਸਿੰਘ | ਬੁਰਜਾ ਸਿੰਘ | ਕਮਾਣਾ | ਹੁਸ਼ਿਆਰਪੁਰ | 814 |
| 11. | ਜੀਵਨ ਸਿੰਘ | ਨੂਪਾ ਸਿੰਘ | ਬਾਹੋਵਾਲ | ਪਟਿਆਲਾ | 871 |
| 12. | ਗੁਰਮੁਖ ਸਿੰਘ | ਰਣ ਸਿੰਘ | ਦੁਮੀਧਾ | ਜਲੰਧਰ | 1733 |
| 13. | ਰਾਮ ਸਿੰਘ | ਸੁਹੇਲ ਸਿੰਘ | ਕੰਦੋਹਲਾ | ਜਲੰਧਰ | 163 |
| 14. | ਭਗਵਾਨ ਸਿੰਘ | ਹੀਰਾ ਸਿੰਘ | ਲੋਹਗੜ੍ਹ | ਪਟਿਆਲਾ | 1257 |
| 15. | ਭਗਵਾਨ ਸਿੰਘ | ਬੀਰ ਸਿੰਘ | ਮੁੰਧਿਆਲਾ | ਲੁਧਿਆਣਾ | 1265 |
| 16. | ਬੂਟਾ ਸਿੰਘ | ਖੜਕ ਸਿੰਘ | ਸ਼ਾਹਪੁਰ | ਜਲੰਧਰ | 1556 |
| 17. | ਜੀਵਾ ਸਿੰਘ | ਕ੍ਰਿਪਾ ਸਿੰਘ | ਗੁਰਾਯਾ | ਜਲੰਧਰ | 1051 |
| 18. | ਨੰਦ ਸਿੰਘ | ਦੇਵੀ ਦਿੱਤਾ | ਰੱਤੋਵਾਲ | ਹੁਸ਼ਿਆਰਪੁਰ | 1221 |
| 19. | ਚੰਦਾ ਸਿੰਘ | ਰੱਤੋ ਸਿੰਘ | ਸੈਦੋ | ਬਠਿੰਡਾ | 546 |
| 20. | ਸਾਹਿਬ ਸਿੰਘ | --- | --- | --- | 782 |
| 21. | ਭੋਲਾ ਸਿੰਘ | --- | --- | --- | 791 |

**ਹਵਾਲੇ:**

1. Gautam, Sharma, 1990. Velour and Sacrifice: Famous Regiments of the Indian Army. Allied Publishers, New Delhi.

2. S. J. S., Pall. 2004. The Story of Valiant Sikhs. B. Chattar Singh, Amritsar.

3. ਦਵਿੰਦਰ ਸਿੰਘ ਗਰੇਵਾਲ, 2000, ਸਿੱਖ ਸ਼ਹੀਦੀ ਲਹਿਰਾਂ (ਭਾਗ 2), ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਅੰਮ੍ਰਿਤਸਰ।

# ਬੈਚ ਫੁੱਲ ਵਾਟਰ ਵਾਇਓਲੈਟ: ਮਗਰੂਰ

*(ਪਿਛਲੇ ਸਫੇ ਦੀ ਬਾਕੀ)*

ਖੁਸ਼ਕ, ਆਕੜਖਾਨ ਤੇ ਦੂਜਿਆਂ ਨੂੰ ਤੁੱਛ ਸਮਝਣ ਵਾਲਾ ਨਾ ਹੋਵੇ। ਇਸ ਦਾ ਮਰੀਜ਼ ਉਹ ਉਦੋਂ ਹੀ ਬਣੇਗਾ, ਜਦੋਂ ਉਸ ਦੇ ਚੰਗੇ ਗੁਣ ਉਸ ਦੇ ਦਿਮਾਗ ਨੂੰ ਚੜ੍ਹ ਕੇ ਉਸ ਵਿਚ ਵਖਰੇਵੇਂ ਦੀ ਭਾਵਨਾ ਪੈਦਾ ਕਰਨਗੇ ਤੇ ਉਸ ਦੇ ਵਤੀਰੇ ਨੂੰ ਪ੍ਰਭਾਵਿਤ ਕਰਨਾ ਸ਼ੁਰੂ ਕਰਨਗੇ। ਬਦਲਾਓ ਦੀ ਇਸ ਪ੍ਰਕਿਰਿਆ ਦਾ ਸਮਾਂ ਵਰਤਮਾਨ, ਭੂਤਕਾਲ ਜਾਂ ਭਵਿੱਖ ਕਦੇ ਵੀ ਹੋ ਸਕਦਾ ਹੈ। ਇਹ ਫੁੱਲ ਦਵਾਈ ਵੀ ਦੂਜੀਆਂ ਫੁੱਲ ਦਵਾਈਆਂ ਵਾਂਗ ਉਸ ਦੀਆਂ ਨੈਗੇਟਿਵ ਆਦਤਾਂ ਨੂੰ ਨਿਖੇਧ ਕੇ ਪਾਜ਼ੇਟਿਵ ਕਿਰਦਾਰ ਨੂੰ ਮੁੜ ਸਥਾਪਤ ਕਰੇਗੀ। ਇਸ ਦੌਰਾਨ ਉਸ ਨੂੰ ਜੇ ਕੋਈ ਸਰੀਰਕ ਬਿਮਾਰੀ ਲੱਗ ਜਾਵੇ ਤਾਂ ਇਹ ਉਸ ਨੂੰ ਵੀ ਦੂਰ ਕਰੇਗੀ।

ਵਾਟਰ ਵਾਇਓਲੈਟ ਦੇ ਮਰੀਜ਼ਾਂ ਨੂੰ ਆਮ ਕਰਕੇ ਚਮੜੀ ਦੀ ਖਾਰਸ਼, ਮਿਹਦੇ ਦੇ ਰੋਗ, ਪੱਠਿਆਂ ਦੀ ਅਕੜਨ ਤੇ ਜੋੜਾਂ ਦੇ ਦਰਦ ਹੋ ਜਾਂਦੇ ਹਨ। ਬਾਹਰੀ ਘਮੰਡ ਕਾਰਨ ਉਹ ਅੰਦਰੋਂ ਅੰਤਰਮੁਖੀ ਹੋ ਜਾਂਦੇ ਹਨ ਤੇ ਲੋਕਾਂ ਨਾਲੋਂ ਨਾਤਾ ਤੋੜ ਜਾਂਦੇ ਹਨ। ਇਸ ਲਈ ਉਨ੍ਹਾਂ ਵਿਚ ਕਈ ਤਰ੍ਹਾਂ ਦੇ ਮਨੋਵਿਗਿਆਨਕ ਰੋਗ ਪੈਦਾ ਹੋ ਜਾਂਦੇ ਹਨ। ਕਿਉਂਕਿ ਉਨ੍ਹਾਂ ਨੂੰ ਕੋਈ ਕਹਿਣ/ਸਮਝਾਉਣ ਵਾਲਾ ਨਹੀਂ ਹੁੰਦਾ ਤੇ ਨਾ ਹੀ ਉਹ ਕਿਸੇ ਦੀ ਮੰਨਦੇ ਹਨ, ਇਸ ਲਈ ਉਹ ਘੋਰੀ ਹੋ ਜਾਂਦੇ ਹਨ ਤੇ ਆਪਣੀ ਹਾਈਜ਼ੀਨ ਦਾ ਵੀ ਖਿਆਲ ਨਹੀਂ ਰੱਖਦੇ। ਜਦੋਂ ਇਹ ਹਾਲਤ ਹੋ ਜਾਵੇ ਤਾਂ ਵਾਟਰ ਵਾਇਓਲੈਟ ਦਿੱਤਿਆਂ ਮਰੀਜ਼ ਦੀ ਸਥਿਤੀ ਸੰਭਲ ਸਕਦੀ ਹੈ। ਹੋਮਿਓਪੈਥੀ ਵਿਚ ਇਸ ਦਾ ਬਦਲ ਸਲਫਰ (Sulphur) ਹੈ, ਜੋ ਅਜਿਹੇ ਮਰੀਜ਼ਾਂ ਦੀ ਤਬੀਅਤ ਡੂੰਘਾਈ ਨਾਲ ਰਗੜ ਕੇ ਠੀਕ ਕਰਦੀ ਹੈ। ਕਈ ਵਾਰ ਘਮੰਡ ਤੇ ਮਗਰੂਰੀ ਕਾਰਨ ਇਹ ਮਰੀਜ਼ ਆਪਣੇ ਆਪ ਨੂੰ ਦੂਜਿਆਂ ਤੋਂ ਸੱਚੀ ਮੁੱਚੀ ਵਧੀਆ ਤੇ ਵੱਡੇ ਸਮਝਣ ਲਗਦੇ ਹਨ। ਉਨ੍ਹਾਂ ਦੀ ਨਜ਼ਰ ਵਿਚ ਵੀ ਫਰਕ ਆ ਜਾਂਦਾ ਹੈ। ਉਨ੍ਹਾਂ ਨੂੰ ਸੇਬ ਬੇਰਾਂ ਵਾਂਗ ਛੋਟੇ ਲੱਗਦੇ ਹਨ, ਮੀਲ ਫਰਲਾਂਗਾਂ ਬਰਾਬਰ ਤੇ ਮਨੁੱਖ ਕੀੜੇ-ਮਕੌੜੇ ਜਾਪਦੇ ਹਨ। ਅਹਿਸਾਸੇ-ਬਢਤਰੀ ਦੇ ਸ਼ਿਕਾਰ ਹੋਏ ਇਨ੍ਹਾਂ ਮਰੀਜ਼ਾਂ ਦਾ ਸਹੀ ਇਲਾਜ ਵਾਟਰ ਵਾਇਓਲੈਟ ਹੈ। ਹੋਮਿਓਪੈਥੀ ਵਿਚ ਇਸ ਤਰ੍ਹਾਂ ਦੀਆਂ ਅਲਾਮਤਾਂ ਵਾਲੀ ਬਿਮਾਰੀ ਲਈ ਪਲੈਟਿਨਾ (Platina) ਨਾਮਕ ਦਵਾਈ ਵਰਤੀ ਜਾਂਦੀ ਹੈ, ਜੋ ਪਲਾਟੀਨਮ ਧਾਤੂ ਤੋਂ ਬਣਦੀ ਹੈ। ਬੈਚ ਫਲਾਵਰ ਤੇ ਹੋਮਿਓਪੈਥਿਕ ਦਵਾਈਆਂ ਆਪਸ ਵਿਚ ਇਕ ਦੂਜੇ ਦੀਆਂ ਪੂਰਕ ਭਾਵ ਸਹਾਇਕ ਹੁੰਦੀਆਂ ਹਨ। ਜੇ ਇਕ ਨਾਲ ਇਲਾਜ ਪੂਰਾ ਨਾ ਹੋਵੇ ਤਾਂ ਦੂਜੀ ਵਰਤ ਲਈ ਜਾਂਦੀ ਹੈ।

ਫੁੱਲ ਦਵਾਈ ਵਾਟਰ ਵਾਇਓਲੈਟ ਆਪਣੇ ਮਰੀਜ਼ਾਂ ਦੇ ਸੁਭਾਅ ਵਿਚ ਜ਼ਮੀਨ ਪੱਧਰੀ ਤਬਦੀਲੀ ਲੈ ਆਉਂਦੀ ਹੈ। ਇਹ ਉਨ੍ਹਾਂ ਦੇ ਸਿਆਣਪ, ਹਲੀਮੀ, ਸ਼ਾਂਤੀ, ਸਮਰੱਥਾ ਤੇ ਸੁਤੰਤਰਤਾ ਦੇ ਗੁਣਾਂ ਨੂੰ ਖਰਾਬ ਕੀਤੇ ਬਿਨਾ ਉਨ੍ਹਾਂ ਦੀ ਕੋਈ ਵੀ ਰਿਣਾਤਮਿਕਤਾ ਦੂਰ ਕਰ ਦੇਵੇਗੀ। ਇਹ ਉਨ੍ਹਾਂ ਦੇ ਸਰਦ ਸੁਭਾਅ ਦੀ ਕਰੂਰਤਾ ਨੂੰ ਦੂਰ ਕਰੇਗੀ ਤੇ ਉਨ੍ਹਾਂ ਨੂੰ ਅਸਲ ਅਰਥਾਂ ਵਿਚ ਲੋਕਾਚਾਰੀ ਤੇ ਮਿਲਾਪੜੇ ਬਣਾ ਦੇਵੇਗੀ। ਇਹ ਉਨ੍ਹਾਂ ਦੀ ਸਮਝ ਤੇ ਚੜ੍ਹੀ ਘੁਮੰਡ ਦੀ ਪਰਤ ਲਾਹ ਕੇ ਉਨ੍ਹਾਂ ਨੂੰ ਇਨਸਾਨ ਵਿਚ ਇਨਸਾਨ ਦੇਖਣ ਦੇ ਕਾਬਲ ਬਣਾ ਦੇਵੇਗੀ। ਇਸ ਦੇ ਸੇਵਨ ਉਪਰੰਤ ਉਹ ਬਾਹਰ ਨਿਕਲ ਕੇ ਲੋਕਾਂ ਨਾਲ ਦੋਸਤੀ ਕਰਨ ਲੱਗਣਗੇ ਤੇ ਉਨ੍ਹਾਂ ਦੇ ਦੁੱਖ-ਸੁੱਖ ਦੇ ਭਾਈਵਾਲ ਬਣਨਗੇ। ਫਿਰ ਉਹ ਲੋਕਾਂ ਵਿਚ ਵਿਚਰਨ ਵਿਚ ਔਖਿਆਈ ਮਹਿਸੂਸ ਨਹੀਂ ਕਰਨਗੇ ਤੇ ਸਹੀ ਸਲਾਹ ਦੇ ਕੇ ਉਨ੍ਹਾਂ ਨੂੰ ਆਪਣੀ ਕਾਬਲੀਅਤ ਦਾ ਲਾਭ ਦੇਣਾ ਸ਼ੁਰੂ ਕਰ ਦੇਣਗੇ। ਇਹ ਫੁੱਲ ਦਵਾਈ ਉਨ੍ਹਾਂ ਨੂੰ ਉੱਘੇ ਸਮਾਜ ਸੇਵੀ ਤੇ ਪਰਜਾ-ਪਾਲਕ ਨੇਤਾ ਬਣਾ ਦੇਣ ਦੀ ਸ਼ਕਤੀ ਰੱਖਦੀ ਹੈ।

## ਵਰਤਮਾਨ


ਲੋਕ ਸਮਝਣ ਤੋਂ ਵਧੇਰੇ ਪਰਖਦੇ ਨੇ
ਹੋ ਜਾਵਣ ਅਹਿਸਾਸਾਂ ਦੇ ਪੁਲ ਛੋਟੇ,
ਗਲਤ ਫਹਿਮੀ ਦੇ ਹੋਵਣ ਪਾੜੇ ਵੱਡੇ
ਸੁੱਜ ਕੇ ਮੂੰਹ ਸੱਜਣਾਂ ਦੇ ਹੋ ਜਾਂਦੇ ਮੋਟੇ।
ਆਖੇ ਖੁਦ ਨੂੰ ਸੋਲਾਂ ਕਲਾਂ ਸੰਪੂਰਣ
ਜਾਣੇ ਦੂਜੇ ਨੂੰ ਕੋਈ ਵੀ ਟਿੱਚ ਨਾਹੀਂ,
ਕਰਦੇ ਚਲਿੱਤਰ ਸਾਰੇ ਉੱਪਰੋਂ ਉੱਪਰੋਂ
ਉਂਜ ਦਿਲਾਂ ਵਿਚ ਕੋਈ ਖਿੱਚ ਨਾਹੀਂ।
ਜਾਪਦੀ ਹੈ ਦੁਨੀਆਂ ਬਦਲੀ ਬਦਲੀ
ਸਾਰੇ ਰਿਸ਼ਤੇ ਸੁਆਰਥ ਨੇ ਖੋਹ ਲਏ,
ਮਤਲਬ ਉੱਤੇ ਟਿਕਿਆ ਜੱਗ ਸਾਰਾ
ਨਾਲੇ ਪਿਆਰ ਗਏ, ਨਾਲੇ ਮੋਹ ਗਏ।
ਨਵੇਂ ਯੁੱਗ ਦੇ ਨਵੇਂ ਖਿਆਲ ਹੋ ਗਏ
ਸਿੱਖ ਜਿੰਦੇ ਨੀ ਤੂੰ ਨਵੇਂ ਢੰਗ ਜਿਉਣਾ,
ਪੁਰਾਣੇ ਤੌਰ ਤਰੀਕੇ ਤੂੰ ਬਦਲ ਲੈ ਨੀ
ਵਰਨਾ ਪਿੱਛੋਂ ਪਊ ਫਿਰ ਪਛਤਾਉਣਾ।

*-ਸੇਵਾ ਸਿੰਘ ਨੂਰਪੁਰੀ*




# ਕਾਬੁਲੀਵਾਲਾ

**ਅਫਗਾਨਿਸਤਾਨ ਵਿਚ ਤਾਲਿਬਾਨ ਦੇ ਕਬਜ਼ੇ ਤੋਂ ਬਾਅਦ ਪਠਾਣਾਂ ਬਾਰੇ ਅੱਛੀ-ਖਾਸੀ ਚਰਚਾ ਛਿੜੀ ਹੈ। ਭਾਰਤ ਦੇ ਨੋਬੇਲ ਇਨਾਮ ਜੇਤੂ ਲਿਖਾਰੀ ਰਾਬਿੰਦਰਨਾਥ ਟੈਗੋਰ ਨੇ ਇਕ ਪਠਾਣ ਨੂੰ ਆਧਾਰ ਬਣਾ ਕੇ ਚਿਰ ਪਹਿਲਾਂ 'ਕਾਬੁਲੀਵਾਲਾ' ਨਾਂ ਤਹਿਤ ਕਹਾਣੀ ਲਿਖੀ ਸੀ। ਇਸ ਕਹਾਣੀ ਵਿਚ ਲਿਖਾਰੀ ਨੇ ਵੱਖ-ਵੱਖ ਸਰੋਕਾਰਾਂ ਬਾਰੇ ਬਹੁਤ ਸੂਖਮ ਗੱਲਾਂ ਕੀਤੀਆਂ ਹਨ। ਸਭ ਤੋਂ ਸੂਖਮ ਗੱਲ ਪਠਾਣ ਦਾ ਆਪਣੀ ਧੀ ਨਾਲੋਂ ਵਿਛੋੜਾ ਅਤੇ ਉਸ ਦਾ ਲਿਖਾਰੀ ਦੀ ਧੀ ਲਈ ਉਮੜਦੇ ਪਿਆਰ ਵਿਚੋਂ ਮਹਿਸੂਸ ਕੀਤੀ ਜਾ ਸਕਦੀ ਹੈ।**



**ਰਾਬਿੰਦਰਨਾਥ ਟੈਗੋਰ**

ਮੇਰੀ ਪੰਜ ਸਾਲਾ ਲੜਕੀ ਮਿੰਨੀ ਇਕ ਮਿੰਟ ਵੀ ਬੋਲੇ ਬਿਨਾ ਰਹਿ ਨਹੀਂ ਸਕਦੀ। ਇਕ ਦਿਨ ਉਸ ਨੇ ਕਿਹਾ, "ਬਾਊ ਜੀ, ਰਾਮਦਿਆਲ ਦਰਬਾਰੀ ਹੈ ਨਾ, ਉਹ 'ਕਾਕ' ਨੂੰ 'ਕਾ' ਕਹਿੰਦੇ, ਉਨ੍ਹਾਂ ਨੂੰ ਕੁਝ ਵੀ ਨਹੀਂ ਪਤਾ। ਇਸ ਤੋਂ ਪਹਿਲਾਂ ਕਿ ਮੈਂ ਕੁਝ ਕਹਿੰਦਾ, ਉਸ ਨੇ ਇਕ ਹੋਰ ਗੱਲ ਸ਼ੁਰੂ ਕੀਤੀ, "ਵੇਖੋ ਬਾਬੂ ਜੀ, ਭੋਲਾ ਨੇ ਕਿਹਾ ਅਸਮਾਨ ਵਿਚ ਹਾਥੀ ਸੁੰਡ ਨਾਲ ਪਾਣੀ ਸੁੱਟਦਾ ਹੈ, ਇਹਦੇ ਨਾਲ ਮੀਂਹ ਪੈਂਦਾ ਹੈ, ਬਾਊ ਜੀ ਬਾਊ ਜੀ, ਭੋਲਾ ਝੂਠ ਬੋਲਦਾ ਹੈ ਨਾ?" 'ਤੇ ਫਿਰ ਉਹ ਖੇਡਣ ਲੱਗ ਪਈ।

ਮੇਰਾ ਘਰ ਸੜਕ ਦੇ ਇੱਕ ਪਾਸੇ ਹੈ। ਇਕ ਦਿਨ ਮਿੰਨੀ ਮੇਰੇ ਕਮਰੇ ਵਿਚ ਖੇਡ ਰਹੀ ਸੀ ਤੇ ਅਚਾਨਕ ਉਹ ਖੇਡ ਨੂੰ ਛੱਡ ਕੇ ਖਿੜਕੀ ਦੇ ਨੇੜੇ ਖੜ੍ਹੇ ਹੋ ਕੇ ਉਚੀ ਆਵਾਜ਼ ਵਿਚ ਬੋਲੀ, "ਕਾਬੁਲੀਵਾਲੇ ਓ ਕਾਬੁਲੀਵਾਲੇ!"

ਮੋਢੇ 'ਤੇ ਮੇਵੇ ਦੀ ਝੋਲੀ, ਹੱਥ ਵਿਚ ਅੰਗੂਰ ਲਈ ਲੰਮਾ-ਝੰਮਾ ਕਾਬੁਲੀਵਾਲਾ ਸੜਕ ਉਤੇ ਹੌਲੀ-ਹੌਲੀ ਤੁਰ ਰਿਹਾ ਸੀ। ਜਦੋਂ ਉਹਨੇ ਘਰ ਵੱਲ ਆਉਣਾ ਸ਼ੁਰੂ ਕਰ ਦਿੱਤਾ ਤਾਂ ਮਿੰਨੀ ਅੰਦਰ ਭੱਜ ਗਈ। ਉਹ ਡਰਦੀ ਸੀ ਕਿ ਉਹ ਉਸ ਨੂੰ ਫੜ ਕੇ ਲੈ ਜਾਵੇਗਾ। ਉਸ ਨੂੰ ਇਹ ਲੱਗ ਰਿਹਾ ਸੀ ਕਿ ਕਾਬੁਲੀਵਾਲੇ ਦੀ ਝੋਲੀ ਵਿਚ ਹੋਰ ਜਵਾਕ ਵੀ ਨੇ।

ਕਾਬੁਲੀ ਨੇ ਹੱਸ ਕੇ ਮੈਨੂੰ ਸਲਾਮ ਕੀਤਾ। ਮੈਂ ਉਸ ਤੋਂ ਸੌਦਾ ਖਰੀਦਿਆ, ਫਿਰ ਉਸ ਨੇ ਕਿਹਾ, "ਬਾਬੂ ਸਾਹਿਬ, ਤੁਹਾਡੀ ਕੁੜੀ ਕਿੱਥੇ ਗਈ?"

ਮੈਂ ਮਿੰਨੀ ਦੇ ਡਰ ਨੂੰ ਦੂਰ ਕਰਨ ਲਈ ਉਸ ਨੂੰ ਬੁਲਾਇਆ ਅਤੇ ਕਾਬੁਲੀ ਨੇ ਝੋਲੀ ਵਿਚੋਂ ਦਾਖਾਂ (ਸੌਗੀ) ਤੇ ਬਦਾਮ ਕੱਢੇ ਪਰ ਉਸ ਨੇ ਕੁਝ ਵੀ ਨਹੀਂ ਲਿਆ। ਡਰ ਕੇ ਉਹ ਮੇਰੇ ਗੋਡੇ ਨਾਲ ਚਿੰਬੜ ਗਈ। ਕਾਬੁਲੀਵਾਲੇ ਨਾਲ ਉਸ ਦੀ ਪਹਿਲੀ ਜਾਣ-ਪਛਾਣ ਇਸ ਤਰ੍ਹਾਂ ਹੋਈ। ਕੁਝ ਦਿਨ ਬਾਅਦ ਮੈਂ ਕੁਝ ਜ਼ਰੂਰੀ ਕੰਮ-ਕਾਰ ਲਈ ਬਾਹਰ ਜਾ ਰਿਹਾ ਸੀ, ਮੈਂ ਦੇਖਿਆ ਕਿ ਮਿੰਨੀ ਕਾਬੁਲੀਵਾਲੇ ਨਾਲ ਗੱਲਾਂ ਕਰ ਰਹੀ ਹੈ ਅਤੇ ਕਾਬੁਲੀਵਾਲਾ ਸੁਣ ਕੇ ਹੱਸ ਰਿਹਾ ਹੈ। ਮਿੰਨੀ ਦੀ ਝੋਲੀ ਬਦਾਮ ਤੇ ਦਾਖਾਂ ਨਾਲ ਭਰੀ ਹੋਈ ਸੀ। ਮੈਂ ਕਾਬੁਲੀਵਾਲਾ ਨੂੰ ਅਠਿਆਨੀ ਦਿੱਤੀ ਅਤੇ ਕਿਹਾ, "ਤੁਸੀਂ ਇਹ ਸਭ ਕਿਉਂ ਦਿੱਤਾ? ਹੁਣ ਨਾ ਦਿਓ।" ਫਿਰ ਮੈਂ ਬਾਹਰ ਚਲਾ ਗਿਆ।

ਕਾਬੁਲੀਵਾਲਾ ਮਿੰਨੀ ਨਾਲ ਕੁਝ ਦੇਰ ਤੱਕ ਗੱਲਾਂ ਕਰਦਾ ਰਿਹਾ ਤੇ ਜਾਣ ਲੱਗਾ ਉਹ ਅਠਿਆਨੀ ਮਿੰਨੀ ਦੀ ਝੋਲੀ ਵਿਚ ਰੱਖ ਗਿਆ। ਜਦੋਂ ਮੈਂ ਘਰ ਪਰਤਿਆ, ਮੈਂ ਦੇਖਿਆ ਕਿ ਉਸ ਦੀ ਮਾਂ ਇਸ ਕਾਰਨ ਬਹੁਤ ਗੁੱਸੇ ਹੋ ਰਹੀ ਸੀ।

ਕਾਬੁਲੀਵਾਲਾ ਹਰ ਰੋਜ਼ ਆਉਂਦਾ ਰਿਹਾ ਤੇ ਉਸ ਨੂੰ ਬਦਾਮ ਕਿਸ਼ਮਿਸ਼ ਦੇ ਕੇ ਉਸ ਦੇ ਛੋਟੇ ਜਿਹੇ ਦਿਲ ਵਿਚ ਕਾਫੀ ਜਗ੍ਹਾ ਬਣਾ ਲਈ। ਦੋਹਾਂ ਵਿਚਕਾਰ ਬਹੁਤ ਸਾਰੀਆਂ ਗੱਲਾਂ ਹੁੰਦੀਆਂ ਅਤੇ ਉਹ ਬਹੁਤ ਹੱਸਦੇ। ਰਹਿਮਤ ਕਾਬੁਲੀਵਾਲੇ ਨੂੰ ਦੇਖ ਕੇ ਮੇਰੀ ਕੁੜੀ ਹੱਸਦੀ ਅਤੇ ਪੁੱਛਦੀ, "ਕਾਬੁਲੀਵਾਲੇ, ਕਾਬੁਲੀਵਾਲੇ! ਤੇਰੀ ਝੋਲੀ ਵਿਚ ਕੀ ਹੈ?"

ਰਹਿਮਤ ਹੱਸ ਕੇ ਕਹਿੰਦਾ "ਹਾਥੀ।" ਫਿਰ ਉਹ ਮਿੰਨੀ ਨੂੰ ਕਹਿੰਦਾ, "ਤੁਸੀਂ ਸਹੁਰੇ ਕਦੋਂ ਜਾਓਗੇ?"

ਇਸ ਦੇ ਉਲਟ ਮਿੰਨੀ ਰਹਿਮਤ ਨੂੰ ਪੁੱਛਦੀ, "ਤੁਸੀਂ ਸਹੁਰੇ ਕਦੋਂ ਜਾਓਗੇ?"

ਰਹਿਮਤ ਨੇ ਕਿਹਾ, "ਅਸੀਂ ਸਹੁਰੇ ਨੂੰ ਮਾਰ ਦੇਵਾਂਗੇ।" ਇਸ 'ਤੇ ਮਿੰਨੀ ਬਹੁਤ ਹੱਸਦੀ।

ਕਾਬੁਲੀਵਾਲਾ ਹਰ ਸਾਲ ਸਰਦੀਆਂ ਦੇ ਅੰਤ ਵਿਚ ਆਪਣੇ ਦੇਸ ਚਲੇ ਜਾਂਦਾ। ਜਾਣ ਤੋਂ ਪਹਿਲਾਂ ਉਹ ਸਾਰੇ ਲੋਕਾਂ ਤੋਂ ਪੈਸੇ ਇਕੱਤਰ ਕਰਨ ਵਿਚ ਰੁੱਝਿਆ ਹੁੰਦਾ। ਉਸ ਨੂੰ ਘਰ-ਘਰ ਜਾਣਾ ਪੈਂਦਾ, ਫਿਰ ਵੀ ਉਹ ਹਰ ਰੋਜ਼ ਇਕ ਵਾਰ ਮਿੰਨੀ ਨੂੰ ਜ਼ਰੂਰ ਮਿਲਦਾ।

ਇਕ ਦਿਨ ਮੈਂ ਆਪਣੇ ਕਮਰੇ ਵਿਚ ਕੁਝ ਕੰਮ ਕਰ ਰਿਹਾ ਸੀ, ਉਸੇ ਸਮੇਂ ਸੜਕ 'ਤੇ ਉਚੀ ਆਵਾਜ਼ ਸੁਣੀ। ਜਦੋਂ ਮੈਂ ਦੇਖਿਆ ਤਾਂ ਦੋ ਸਿਪਾਹੀ ਰਹਿਮਤ ਨੂੰ ਫੜ ਕੇ ਲਿਜਾ ਰਹੇ ਸਨ। ਰਹਿਮਤ ਦੇ ਕੁੜਤੇ 'ਤੇ ਖੂਨ ਦੇ ਧੱਬੇ ਸਨ ਅਤੇ ਸਿਪਾਹੀ ਦੇ ਹੱਥਾਂ ਵਿਚ ਖੂਨ ਲਿਬੜਿਆ ਹੋਇਆ ਚਾਕੂ।

ਪੁਲਿਸ ਅਤੇ ਕੁਝ ਲੋਕਾਂ ਤੋਂ ਪਤਾ ਲੱਗਾ ਕਿ ਕਿ ਸਾਡੇ ਗੁਆਂਢ ਵਿਚ ਰਹਿੰਦੇ ਇੱਕ ਆਦਮੀ ਨੇ ਰਹਿਮਤ ਤੋਂ ਚਾਦਰ ਖਰੀਦੀ। ਉਸ ਦਾ ਕੁਝ ਪੈਸਾ ਉਧਾਰ ਸੀ, ਉਸ ਨੇ ਉਹ ਪੈਸੇ ਦੇਣ ਤੋਂ ਇਨਕਾਰ ਕਰ ਦਿੱਤਾ ਸੀ। ਮਾਮਲਾ ਵਧ ਗਿਆ ਅਤੇ ਕਾਬੁਲੀਵਾਲੇ ਨੇ ਉਸ ਨੂੰ ਚਾਕੂ ਮਾਰ ਦਿੱਤਾ।

ਇਸ ਦੌਰਾਨ ਘਰ ਵਿਚੋਂ 'ਕਾਬੁਲੀਵਾਲੇ, ਕਾਬੁਲੀਵਾਲੇ' ਕਹਿੰਦੇ ਹੋਏ ਮਿੰਨੀ ਬਾਹਰ ਆਈ ਅਤੇ ਇਹ ਦੇਖ ਕੇ ਰਹਿਮਤ ਦਾ ਚਿਹਰਾ ਇੱਕ ਪਲ ਲਈ ਖਿਲ ਗਿਆ। ਜਿਵੇਂ ਹੀ ਮਿੰਨੀ ਆਈ, ਉਸ ਨੇ ਪੁੱਛਿਆ, "ਕੀ ਤੁਸੀਂ ਸਹੁਰੇ ਜਾ ਰਹੇ ਓ?" ਰਹਿਮਤ ਨੇ ਹੱਸ ਕੇ ਕਿਹਾ, "ਹਾਂ, ਮੈਂ ਉਥੇ ਜਾ ਰਿਹਾ ਹਾਂ।"

ਰਹਿਮਤ ਨੇ ਮਹਿਸੂਸ ਕੀਤਾ ਕਿ ਮਿੰਨੀ ਉਸ ਦੇ ਜਵਾਬ ਤੋਂ ਖੁਸ਼ ਨਹੀਂ ਸੀ। ਫਿਰ ਉਸ ਨੇ ਕਿਹਾ, "ਮੈਂ ਆਪਣੇ ਸਹੁਰੇ ਨੂੰ ਮਾਰਦਾ ਪਰ ਕੀ ਕਰਾਂ ਮੇਰੇ ਹੱਥ ਬੰਨ੍ਹੇ ਹੋਏ ਨੇ?"

ਰਹਿਮਤ ਨੂੰ ਕਤਲ ਕਰਨ ਦੇ ਜੁਰਮ ਵਿਚ ਕਈ ਸਾਲ ਦੀ ਸਜ਼ਾ ਦਿੱਤੀ ਗਈ ਸੀ।

ਕਾਬੁਲੀਵਾਲੇ ਦਾ ਖਿਆਲ ਹੌਲੀ-ਹੌਲੀ ਮਨ ਵਿਚੋਂ ਨਿੱਕਲ ਗਿਆ ਤੇ ਮਿੰਨੀ ਵੀ ਉਸ ਨੂੰ ਭੁੱਲ ਗਈ। ਕਈ ਸਾਲ ਬੀਤ ਗਏ।

ਅੱਜ ਮਿੰਨੀ ਦਾ ਵਿਆਹ ਹੈ, ਲੋਕ ਆ ਰਹੇ ਹਨ ਤੇ ਜਾ ਰਹੇ ਹਨ। ਮੈਂ ਆਪਣੇ ਕਮਰੇ ਵਿਚ ਖਰਚ ਦਾ ਹਿਸਾਬ ਲਿਖ ਰਿਹਾ ਸੀ। ਇੰਨੇ ਚਿਰ ਨੂੰ ਰਹਿਮਤ ਸਲਾਮ ਕਰਕੇ ਇੱਕ ਪਾਸੇ ਖੜ੍ਹਾ ਹੋ ਗਿਆ।

ਪਹਿਲਾਂ ਮੈਂ ਉਸ ਨੂੰ ਪਛਾਣ ਨਹੀਂ ਸਕਿਆ ਸੀ। ਉਸ ਦੇ ਚਿਹਰੇ 'ਤੇ ਪਹਿਲਾਂ ਵਾਂਗ ਕੋਈ ਖੁਸ਼ੀ ਨਹੀਂ ਸੀ ਤੇ ਨਾ ਹੀ ਉਸ ਕੋਲ ਕੋਈ ਝੋਲੀ ਸੀ। ਅਖੀਰ ਵਿਚ ਉਸ ਨੂੰ ਧਿਆਨ ਨਾਲ ਦੇਖਦੇ ਹੋਏ ਮੈਂ ਉਸ ਨੂੰ ਪਛਾਣ ਲਿਆ।

ਮੈਂ ਪੁੱਛਿਆ, "ਰਹਿਮਤ ਤੁਸੀਂ ਵਾਪਸ ਕਦੋਂ ਆਏ?"

ਉਸ ਨੇ ਕਿਹਾ, "ਕੱਲ੍ਹ ਸ਼ਾਮ ਨੂੰ ਮੈਂ ਜੇਲ੍ਹ ਵਿਚੋਂ ਰਿਹਾਅ ਹੋਇਆਂ।"

ਮੈਂ ਉਸ ਨੂੰ ਦੱਸਿਆ, "ਅੱਜ ਸਾਡੇ ਘਰ ਵਿਚ ਇੱਕ ਜ਼ਰੂਰੀ ਕੰਮ ਹੈ, ਮੈਂ ਇਸ ਵਿਚ ਲੱਗਾ ਹੋਇਆ ਹਾਂ। ਅੱਜ ਤੁਸੀਂ ਜਾਓ, ਫੇਰ ਆ ਜਾਇਓ।"

ਉਹ ਉਦਾਸ ਹੋ ਕੇ ਜਾਣ ਲੱਗਾ ਤਾਂ ਉਸ ਨੇ ਦਰਵਾਜ਼ੇ ਕੋਲ ਜਾ ਕੇ ਕਿਹਾ, "ਕੀ ਮੈਂ ਬੱਚੀ ਨੂੰ ਨਹੀਂ ਮਿਲ ਸਕਦਾ?"

ਸ਼ਾਇਦ ਉਹਨੂੰ ਲਗਦਾ ਸੀ ਕਿ ਮਿੰਨੀ ਅਜੇ ਵੀ ਬੱਚੀ ਹੈ। ਉਹ ਅੱਜ ਵੀ 'ਕਾਬੁਲੀਵਾਲੇ ਕਾਬੁਲੀਵਾਲੇ' ਕਹਿ ਕੇ ਭੱਜੀ ਆਵੇਗੀ।" ਉਨ੍ਹਾਂ ਦੇ ਉਹ ਪੁਰਾਣੀ ਗੱਲਬਾਤ ਅਤੇ ਹਾਸੇ ਵਿਚਕਾਰ ਕੋਈ ਰੁਕਾਵਟ ਨਹੀਂ ਹੋਵੇਗੀ। ਮੈਂ ਕਿਹਾ, "ਅੱਜ ਘਰ ਵਿਚ ਬਹੁਤ ਸਾਰਾ ਕੰਮ ਹੈ, ਅੱਜ ਤੁਸੀਂ ਨਹੀਂ ਮਿਲ ਸਕੋਗੇ।"

ਉਹ ਉਦਾਸ ਹੋ ਗਿਆ ਅਤੇ ਸਲਾਮੀ ਦੇਣ ਤੋਂ ਬਾਅਦ ਘਰੋਂ ਬਾਹਰ ਚਲਾ ਗਿਆ।

ਮੈਂ ਸੋਚ ਰਿਹਾ ਸੀ ਕਿ ਮੈਨੂੰ ਉਸ ਨੂੰ ਵਾਪਸ ਬੁਲਾਉਣਾ ਚਾਹੀਦਾ ਹੈ। ਇੰਨੇ ਨੂੰ ਉਹ ਆਪਣੇ ਆਪ ਪਰਤ ਆਇਆ ਅਤੇ ਕਿਹਾ, "ਮੈਂ ਥੋੜ੍ਹੀਆਂ ਦਾਖਾਂ ਮਿੰਨੀ ਲਈ ਲਿਆਇਆ ਸੀ, ਉਸ ਨੂੰ ਦੇ ਦਿਓ।"



ਮੈਂ ਉਸ ਨੂੰ ਪੈਸੇ ਦੇਣਾ ਚਾਹੁੰਦਾ ਹਾਂ ਪਰ ਉਸ ਨੇ ਕਿਹਾ, "ਬਾਬੂ ਸਾਹਿਬ, ਬਹੁਤ ਧੰਨਵਾਦ, ਪੈਸਾ ਰਹਿਣ ਦਿਓ।" ਥੋੜ੍ਹੀ ਦੇਰ ਬਾਅਦ ਉਸ ਨੇ ਕਿਹਾ, "ਮੇਰੀ ਵੀ ਮਿੰਨੀ ਵਰਗੀ ਧੀ ਹੈ, ਮੈਂ ਉਸ ਨੂੰ ਯਾਦ ਕਰਦਾ ਹਾਂ ਤੇ ਤੁਹਾਡੀ ਬੱਚੀ ਲਈ ਸੌਗੀ ਤੇ ਬਦਾਮ ਲੈ ਆਉਂਦਾ ਹਾਂ।" ਮੈਂ ਇੱਥੇ ਸੌਦਾ ਨਹੀਂ ਵੇਚਣ ਆਉਂਦਾ।"

ਉਸ ਨੇ ਆਪਣਾ ਹੱਥ ਆਪਣੀ ਜੇਬ ਵਿਚ ਪਾ ਕੇ ਆਪਣੀ ਜੇਬ ਵਿਚੋਂ ਕਾਗਜ਼ ਦਾ ਟੁਕੜਾ ਕੱਢ ਕੇ ਮੇਰੇ ਡੈਸਕ 'ਤੇ ਰੱਖ ਦਿੱਤਾ। ਉਸ ਕਾਗਜ਼ ਉਪਰ ਨਿੱਕੇ ਜਿਹੇ ਹੱਥ ਦਾ ਛਾਪਾ ਹੈ। ਹੱਥ 'ਤੇ ਕਾਲਖ ਲਾ ਕੇ ਇਹ ਛਾਪਾ ਲਿਆ ਗਿਆ ਸੀ। ਆਪਣੀ ਕੁੜੀ ਦੀ ਇਸ ਯਾਦ ਨੂੰ ਸੀਨੇ ਨਾਲ ਲਾ ਕੇ ਰਹਿਮਤ ਹਰ ਸਾਲ ਕਲਕੱਤੇ ਦੀਆਂ ਗਲੀਆਂ ਵਿਚ ਸੌਦਾ ਵੇਚਣ ਆਉਂਦਾ।

ਇਹ ਦੇਖ ਕੇ ਮੇਰੀਆਂ ਅੱਖਾਂ ਭਰ ਆਈਆਂ। ਸਭ ਭੁੱਲ ਕੇ ਉਸੇ ਸਮੇਂ ਮਿੰਨੀ ਨੂੰ ਬੁਲਾਇਆ। ਉਹ ਪੂਰੇ ਪਹਿਰਾਵੇ ਅਤੇ ਵਿਆਹ ਦੇ ਗਹਿਣੇ ਪਹਿਨੀ ਚੁੱਪ ਜਿਹੇ ਕਰਕੇ ਮੇਰੇ ਕੋਲ ਆ ਕੇ ਖੜ੍ਹੀ ਹੋ ਗਈ।

ਉਸ ਨੂੰ ਦੇਖ ਕੇ ਰਹਿਮਤ ਕਾਬੁਲੀਵਾਲਾ ਪਹਿਲਾ ਤਾਂ ਹੈਰਾਨ ਹੋ ਗਿਆ ਅਤੇ ਉਸ ਤੋਂ ਪਹਿਲਾਂ ਵਾਂਗ ਬੋਲ ਹੀ ਨਾ ਹੋਇਆ, ਬਾਅਦ ਵਿਚ ਉਹ ਹੱਸ ਪਿਆ ਅਤੇ ਕਹਿਣ ਲੱਗਾ, "ਤੁਸੀਂ ਸਹੁਰੇ ਘਰ ਜਾ ਰਹੇ ਹੋ?"

ਹੁਣ ਮਿੰਨੀ ਸਹੁਰੇ ਘਰ ਦਾ ਅਰਥ ਸਮਝਣ ਲੱਗ ਪਈ ਸੀ। ਉਸ ਦਾ ਚਿਹਰਾ ਲਾਲ ਹੋ ਗਿਆ।

ਮਿੰਨੀ ਦੇ ਜਾਣ ਤੋਂ ਬਾਅਦ ਡੂੰਘਾ ਸਾਹ ਭਰ ਕੇ ਰਹਿਮਤ ਜ਼ਮੀਨ 'ਤੇ ਬੈਠ ਗਿਆ। ਉਸ ਦੀ ਸਮਝ ਵਿਚ ਆ ਗਿਆ ਸੀ ਕਿ ਇੰਨੇ ਸਮੇਂ ਬਾਅਦ ਤਾਂ ਉਸ ਦੀ ਧੀ ਵੀ ਵੱਡੀ ਹੋ ਗਈ ਹੋਵੇਗੀ, ਇਨ੍ਹਾਂ ਅੱਠ ਸਾਲਾਂ ਵਿਚ ਉਸ ਨਾਲ ਕੀ ਵਾਪਰਿਆ, ਕੌਣ ਜਾਣਦਾ ਹੈ? ਉਹ ਉਸ ਦੀ ਯਾਦ ਵਿਚ ਗੁਆਚ ਗਿਆ ਸੀ।

ਮੈਂ ਕੁਝ ਰੁਪਏ ਕੱਢ ਕੇ ਉਹਦੇ ਹੱਥ ਵਿਚ ਰੱਖ ਦਿੱਤੇ ਅਤੇ ਕਿਹਾ, "ਰਹਿਮਤ! ਤੁਸੀਂ ਵੀ ਆਪਣੀ ਧੀ ਦੇ ਕੋਲ ਆਪਣੇ ਦੇਸ ਚਲੇ ਜਾਓ।"

# ਪਰਵੀਨ ਸੰਧੂ ਦੀ ਕਿਤਾਬ 'ਮਾਂ ਦਾ ਪੁਨਰ ਜਨਮ'


ਮਾਂ...
ਕਲਮ ਤੇ ਕਲਾਮ ਨੂੰ
ਜਦੋਂ ਕਦੇ ਵੀ ਸ਼ੁੱਧ ਕਰਨਾ ਹੁੰਦਾ ਹੈ
ਤਾਂ ਮੈਂ ਕਾਗਜ਼ ਦੀ ਹਿੱਕ 'ਤੇ
ਦੁਨੀਆਂ ਦਾ ਸਭ ਤੋਂ ਛੋਟਾ,
ਪਾਕ ਤੇ ਪਵਿੱਤਰ ਸ਼ਬਦ
ਉਲੀਕ ਦਿੰਦਾਂ ਹਾਂ
ਜਿਸ ਨੂੰ ਹਰੇਕ ਬੱਚਾ
ਬੜੇ ਪਿਆਰ ਤੇ ਅਦਬ ਨਾਲ
ਪੁਕਾਰਦਾ ਹੈ:
ਮਾਂ... ਮਾਂ... ਮਾਂ...।

ਪਰਵੀਨ ਸੰਧੂ ਦੀ ਲਿਖੀ ਪੁਸਤਕ 'ਮਾਂ ਦਾ ਪੁਨਰ ਜਨਮ' ਪੜ੍ਹਦਿਆਂ ਇਉਂ ਮਹਿਸੂਸ ਹੋਇਆ,

**ਸ਼ਾਇਰ ਭੱਟੀ**
**ਫੋਨ: 91-98729-89193**

ਜਿਵੇਂ ਇਸ ਕਿਤਾਬ ਵਿਚ ਲਿਖਿਆ ਸਾਰਾ ਬਿਰਤਾਂਤ ਮੈਂ ਖੁਦ ਵੀ ਹੰਢਾਇਆ ਹੋਇਆ ਹੈ।

ਤੁਸੀਂ ਜਦ ਵੀ ਇਸ ਕਿਤਾਬ ਨੂੰ ਪੜ੍ਹੋਗੇ ਤਾਂ ਤਾਹਾਨੂੰ ਮਹਿਸੂਸ ਹੋਵੇਗਾ, ਜਿਵੇਂ ਸਾਡੇ ਘਰ ਜਾਂ ਆਂਢ-ਗੁਆਂਢ ਵਿਚ ਵਾਪਰਿਆ ਬਿਰਤਾਂਤ ਹੈ। ਵੈਸੇ ਤਾਂ ਹਰ ਕਿਤਾਬ ਨੂੰ ਪੜ੍ਹਨ ਵਿਚ ਦੋ-ਚਾਰ ਦਿਨ ਲੱਗ ਜਾਂਦੇ ਹਨ, ਪਰ ਮੈਂ ਇਹ ਕਿਤਾਬ ਬਿਨ ਬਰੇਕ ਇਕ ਵਾਰ 'ਚ ਹੀ ਪੜ੍ਹ ਗਿਆ। ਯਕੀਨ ਜਾਣਿਓ, ਜਦ ਕਿਤਾਬ ਪੜ੍ਹ ਰਿਹਾ ਸਾਂ ਤਾਂ ਮੇਰੀ ਮਾਂ ਮੇਰੇ ਲਾਗੇ ਖਾਣਾ ਰੱਖ ਕੇ ਗਈ, ਪਰ ਜਦ ਤੱਕ ਕਿਤਾਬ ਦਾ ਆਖਰੀ ਪੰਨਾ ਨਹੀਂ ਆਇਆ, ਮੈਂ ਖਾਣੇ ਨੂੰ ਹੱਥ ਨਹੀਂ ਲਾਇਆ।




ਮਾਲਾ ਦੇ ਮੋਤੀਆਂ ਵਾਂਗ ਉਸ ਨੇ ਕਲਮ ਦੀ ਮਦਦ ਨਾਲ ਮਾਂ ਦੇ ਜੀਵਨ ਕਾਲ ਨੂੰ ਲੇਖਾਂ ਦੀਆਂ ਟੁਕੜੀਆਂ ਵਿਚ ਬਾਖੂਬੀ ਪ੍ਰੋਇਆ ਹੈ। ਕੁਝ ਲੇਖਾਂ ਦਾ ਜ਼ਿਕਰ ਕਰਨਾ ਬਣਦਾ ਹੈ,

ਮਾਂ ਇਕ ਸੰਸਾਰ: ਬੇਸ਼ੱਕ ਮਨੁੱਖ ਦੁਨੀਆਂ ਦੇ ਕਿਸੇ ਵੀ ਕੋਨੇ ਵਿਚ ਘੁੰਮ ਆਵੇ, ਪਰ ਮਾਂ ਦੇ ਰਿਸ਼ਤੇ ਦਾ ਬਦਲ, ਸੰਸਾਰ ਦੇ ਕਿਸੇ ਵੀ ਕੋਨੇ ਵਿਚੋਂ ਨਹੀਂ ਲੱਭ ਸਕਦਾ।

ਮਾਂ ਦਾ ਵਿਆਹ: ਵਿਆਹ ਬਾਰੇ ਮਾਂ ਨੇ ਕਿਹਾ, "ਸਿਆਣੇ ਕਹਿੰਦੇ ਹੁੰਦੇ ਨੇ ਕਿ ਧੀਆਂ ਤਾਂ ਬੇ-ਜ਼ੁਬਾਨ ਗਊਆਂ ਵਰਗੀਆਂ ਹੁੰਦੀਆਂ ਨੇ, ਮਾਂ-ਬਾਪ ਫੈਸਲਾ ਕਰਕੇ ਜਿਸ ਮਰਜ਼ੀ ਦੇ ਹੱਥ ਫੜਾ ਦੇਣ, ਇਵੇਂ ਹੀ ਸਾਡੇ ਵਿਆਹ ਦਾ ਫੈਸਲਾ ਹੋਇਆ।"

ਫੌਜੀ ਦੀ ਫੌਜਣ: ਜਦੋਂ ਮੇਰੀ ਮਾਂ ਆਪਣੇ ਸਹੁਰੇ ਘਰ ਪਹੁੰਚੀ ਤਾਂ ਮੇਰੇ ਦਾਦੀ ਜੀ ਦਾ ਤਾਂ ਜ਼ਮੀਨ 'ਤੇ ਪੈਰ ਨਹੀਂ ਸੀ ਲੱਗ ਰਿਹਾ। ਉਨ੍ਹਾਂ ਨੇ ਕਿਹਾ, "ਵਾਹ ਬਈ ਸੱਚੇ ਪਾਤਸ਼ਾਹ! ਮੇਰੇ ਘਰ ਵਿਚ ਤਾਂ ਟਿਊਬ ਲਾਈਟ ਹੀ ਭੇਜ ਦਿੱਤੀ ਹੈ।...ਤੂੰ ਬਹਾਦੁਰ ਵਹੁਟੀ ਬਣ ਕੇ ਸਾਡੇ ਖਾਨਦਾਨ ਦਾ ਨਾਮ ਰੌਸ਼ਨ ਕਰੇਂਗੀ।"

ਦਾਦੀ ਦੀ ਕਹੀ ਹਰ ਗੱਲ ਨੂੰ ਮਾਂ ਨੇ ਸ਼ਿੱਦਤ ਨਾਲ ਨਿਭਾਇਆ ਹੈ।

ਮਾਂ ਹੋਣ ਦਾ ਰੁਤਬਾ: ਮੇਰੇ ਦੋਵੇਂ ਵੱਡੇ ਭੈਣ-ਭਰਾ ਮੈਥੋਂ ਗੰਭੀਰ ਸੁਭਾਅ ਦੇ ਸਨ, ਪਰ ਮੈਂ ਘਰ ਦਾ ਲਾਡਲਾ ਤੇ ਸ਼ਰਾਰਤੀ ਪੁੱਤ ਸੀ, ਮਾਂ ਦੀਆਂ ਮਿੱਠੀਆਂ ਝਿੜਕਾਂ ਮੇਰੇ ਹਿੱਸੇ ਆਈਆਂ।

ਮਾਂ ਰੱਬ ਜੀ ਅੱਗੇ ਹੱਥ ਜੋੜਦੀ ਤੇ ਆਖਦੀ, ਸ਼ੁਕਰ ਹੈ ਰੱਬਾ ਤੂੰ ਮੇਰੇ ਪਤੀ ਤੇ ਪੁੱਤਰ ਨੂੰ ਦੇਸ਼ ਦੀ ਸੇਵਾ ਲਈ ਚੁਣਿਆ, ਨਹੀਂ ਤਾਂ ਸਾਡੇ ਦੇਸ਼ ਵਿਚ ਘਾਹ ਦੀ ਤਰ੍ਹਾਂ ਬੇਈਮਾਨੀ ਉੱਗਦੀ ਹੈ।

ਇਸ ਤੋਂ ਇਲਾਵਾ 'ਮਾਂ ਦੀ ਸਕੇਦਾਰੀ', 'ਬੱਚਿਆਂ ਪ੍ਰਤੀ ਮਾਂ ਦੀ ਘਾਲਣਾ', 'ਮਾਂ ਦੀ ਬੀਮਾਰੀ ਦੀ ਪਹਿਲੀ ਘਟਨਾ', 'ਮਾਂ ਮੈਂ ਜਾਣਾ ਵਿਦੇਸ਼', 'ਮਾਂ ਦਾ ਪੁਨਰ ਜਨਮ।'

ਜ਼ਿੰਦਗੀ ਵਿਚ ਦੋ ਹੀ ਛਾਂਵਾਂ
ਇਕ ਰੁੱਖ ਤੇ ਦੂਜੀਆਂ ਮਾਂਵਾਂ।

ਇਹ ਪਤਾ ਨਹੀਂ ਲੱਗ ਰਿਹਾ ਸੀ ਕਿ ਮਾਂ ਦੀ ਬਿਮਾਰੀ ਕਿੰਨਾ ਕੁ ਜ਼ੋਰ ਫੜ ਚੁਕੀ ਹੈ ਜਾਂ ਹਾਲੇ ਧੀਮੀ ਗਤੀ ਵਿਚ ਹੈ। ਉਦੋਂ ਤਕ ਅਸੀਂ ਫਿਕਰ ਵਿਚ ਸਾਂ। ਡਾਕਟਰ ਦੁਪਹਿਰ ਦਾ ਖਾਣਾ ਖਾਣ ਲਈ ਜਾ ਚੁਕਾ ਸੀ।...ਕਿਤਾਬ ਵਿਚ ਸੰਧੂ ਨੇ ਮਾਂ ਨਾਲ ਬਿਤਾਏ ਸੁਖਾਵੇਂ, ਦੁਖਾਵੇਂ ਪਲਾਂ ਨੂੰ ਬਾਖੂਬੀ ਬਿਆਨ ਕੀਤਾ ਹੈ। ਕਿਤਾਬ ਖੁਦ ਪੜ੍ਹੋਗੇ ਤਾਂ ਉਸ ਦਾ ਅਨੰਦ ਹੀ ਹੋਰ ਹੋਵੇਗਾ। ਆਪਣੀ ਮਾਂ ਨੂੰ ਪਿਆਰ ਕਰਨ ਵਾਲਾ ਹਰ ਇਨਸਾਨ ਇਕ ਵਾਰ 'ਮਾਂ ਦਾ ਪੁਨਰ ਜਨਮ' ਜ਼ਰੂਰ ਪੜ੍ਹੇ।

ਮਾਂ ਲਈ ਕੁਝ ਸ਼ੇਅਰ
ਸੱਚੀ ਗੱਲ ਸੁਣੋ ਮਾਂ ਬਿਨ ਘਰ,
ਘਰ ਨਈਂ ਹੁੰਦਾ।
ਜੇ ਮਾਂ ਘਰ ਹੋਵੇ ਤਾਂ,
ਕੋਈ ਡਰ ਨਈਂ ਹੁੰਦਾ।

---

ਮੇਰੀ ਕਿਸਮਤ ਸੁਰਗਾਂ ਤੀਕਰ ਘੁੰਮ ਲਵੇ,
ਮਾਂ ਮੇਰੀ ਜਦ ਮੇਰਾ ਮੱਥਾ ਚੁੰਮ ਲਵੇ।

---

ਸੁਣ ਅਰਜ਼ੋਈ ਰੱਬਾ ਦਿਨ ਨਾ ਮੁੱਕਣ,
ਰਾਤਾਂ ਨਾ ਮੁੱਕਣ
'ਭੱਟੀ' ਮਾਂ ਜੋ ਰੋਜ਼ ਸੁਣਾਉਂਦੀ ਹੈ,
ਉਹ ਬਾਤਾਂ ਨਾ ਮੁੱਕਣ।

## ਜ਼ਿੰਦਗੀ

ਦੌੜ-ਭੱਜ ਫਿਕਰ ਚਿੰਤਾਵਾਂ
ਇਹੋ ਹੀ ਤਾਂ ਜ਼ਿੰਦਗੀ ਹੈ।
ਤੰਗੀਆਂ ਤੁਰਸ਼ੀਆਂ, ਤੜਕੇ ਆਥਣੇ
ਕੰਮਾਂ 'ਚ ਗੁਲਤਾਨ ਹੋਣਾ
ਧੁੱਪ-ਛਾਂ ਦੀ ਬੇਪਰਵਾਹੀ
ਜ਼ਿੰਦਗੀ ਨੂੰ ਸਾਈਕਲ ਦੇ ਚੱਕੇ ਵਾਂਗ
ਘੁਮਾਈ ਫਿਰਨਾ
ਇਹੋ ਹੀ ਤਾਂ ਜ਼ਿੰਦਗੀ ਹੈ।

ਖੁਸ਼ੀਆਂ, ਗਿਲੇ-ਸ਼ਿਕਵੇ, ਰੋਸੇ
ਬਾਹਰੀ ਵਿਖਾਵੇ
ਅੰਦਰ ਦੀ ਟੁੱਟ-ਭੱਜ
ਪਰਦੇ 'ਚ ਰਹਿਣੀ
ਕਈ ਗੁੱਝੇ ਭੇਦਾਂ ਦਾ ਕਤਲ ਕਰਨਾ
ਇਹੋ ਤਾਂ ਜ਼ਿੰਦਗੀ ਹੈ।

ਮੁਸੀਬਤਾਂ 'ਚ ਪੈਂਡੇ ਸਰ ਕਰਨੇ
ਬੁੱਢੇ ਬਾਪੂ ਦੀ ਹੱਲਾਸ਼ੇਰੀ
ਮਾਂ ਦੀ ਗੋਦ 'ਚ ਭੁਸਕਣਾ
ਟੱਬਰ ਦਾ ਫਿਕਰਮੰਦ ਹੋਣਾ
ਬੱਚਿਆਂ ਦੀਆਂ ਬੇਪ੍ਰਵਾਹ ਗੱਲਾਂ
ਸੁੱਚੇ ਨੈਣਾਂ 'ਚ ਸੁਪਨੇ ਲੈਣਾ
ਇਹੋ ਤਾਂ ਜ਼ਿੰਦਗੀ ਹੈ।

ਚਾਦਰ ਤੋਂ ਬਾਹਰ
ਪੈਰ ਪਸਾਰਨੇ
ਸ਼ਰੀਕਾਂ 'ਚ ਨੱਕ ਰੱਖਣਾ
ਬੀਤੇ ਸਮੇਂ ਨੂੰ ਕੋਸਣਾ
ਅਗਾਂਹ ਤੋਂ ਵਕਤ
ਮੁਠੀ 'ਚ ਲੈ ਕੇ ਚੱਲਣਾ
ਇਹੋ ਹੀ ਤਾਂ ਜ਼ਿੰਦਗੀ ਹੈ।

ਸਮੇਂ ਦੀ ਸਰਕਾਰ ਦੇ
ਨਾਦਰਸ਼ਾਹੀ ਫੁਰਮਾਨ
ਅਣਮੰਨੇ ਦਿਲ ਨਾਲ ਮੰਨਣੇ
ਵਕਤ ਆਉਣ 'ਤੇ ਤਾਏ ਦੇ
ਕਹਿਣ 'ਤੇ ਫਿਰ ਉੱਥੇ ਹੀ ਮੋਹਰ ਲਾਉਣੀ
ਹਰ ਮੌਸਮ ਦੇ ਰੰਗ ਮਾਣਨੇ ਕੁਲਵਿੰਦਰ
ਇਹੋ ਹੀ ਤਾਂ ਜ਼ਿੰਦਗੀ ਹੈ।

**-ਕੁਲਵਿੰਦਰ ਤਾਰੇਵਾਲਾ (ਮੋਗਾ)**

# ਵਿਸ਼ਾਲ ਭਾਰਦਵਾਜ ਖੁਫੀਆ ਨਿਰਦੇਸ਼ਕ





ਵਿਸ਼ਾਲ ਭਾਰਦਵਾਜ ਅਤੇ ਤੱਬੂ।

ਉਘਾ ਫਿਲਮਸਾਜ਼ ਵਿਸ਼ਾਲ ਭਾਰਦਵਾਜ ਨੈੱਟਫਲਿਕਸ 'ਤੇ ਰਿਲੀਜ਼ ਹੋਣ ਵਾਲੀ ਫਿਲਮ 'ਖੁਫੀਆ' ਦਾ ਨਿਰਦੇਸ਼ਨ ਕਰਨ ਲਈ ਤਿਆਰ ਹੈ। 'ਖੁਫੀਆ' ਦੀ ਕਹਾਣੀ ਸੱਚੀ ਘਟਨਾ ਤੋਂ ਪ੍ਰੇਰਿਤ ਹੈ ਅਤੇ ਇਹ ਅਮਰ ਭੂਸ਼ਨ ਦੇ ਜਾਸੂਸੀ ਨਾਵਲ 'ਐਸਕੇਪ ਟੂ ਨੋਵੇਅਰ' 'ਤੇ ਆਧਾਰਤ ਹੈ। ਫਿਲਮ ਵਿਚ ਤੱਬੂ, ਅਲੀ ਫਜ਼ਲ, ਵਾਮਿਕਾ ਗੱਬੀ ਤੇ ਅਨੀਸ਼ ਵਿਦਿਆਰਥੀ ਅਹਿਮ ਕਿਰਦਾਰ ਨਿਭਾਉਣਗੇ। ਭਾਰਦਵਾਜ ਨੇ ਕਿਹਾ ਕਿ 'ਖੁਫੀਆ' ਰਾਹੀਂ ਉਸ ਦੀ ਕੋਸ਼ਿਸ਼ ਜਾਸੂਸੀ ਫਿਲਮ ਬਣਾਉਣ ਦੀ ਹੈ।

ਇਸ ਫਿਲਮ ਰਾਹੀਂ ਭਾਰਦਵਾਜ ਇੱਕ ਵਾਰ ਫਿਰ ਤੱਬੂ ਨਾਲ ਇਕੱਠਿਆਂ ਕੰਮ ਕਰਦੇ ਦਿਖਾਈ ਦੇਣਗੇ। ਦੋਵਾਂ ਨੇ ਇਸ ਤੋਂ ਪਹਿਲਾਂ ਫਿਲਮ 'ਮਕਬੂਲ', 'ਹੈਦਰ' ਅਤੇ 'ਤਲਵਾਰ' ਵਿਚ ਕੰਮ ਕੀਤਾ ਹੈ। ਤੱਬੂ ਭਾਰਦਵਾਜ ਦੇ ਪੁੱਤਰ ਆਸਮਾਨ ਭਾਰਦਵਾਜ ਦੇ ਨਿਰਦੇਸ਼ਨ ਹੇਠ ਬਣ ਰਹੀ ਪਹਿਲੀ ਫਿਲਮ 'ਕੁੱਤੇ' ਵਿਚ ਵੀ ਦਿਖਾਈ ਦੇਵੇਗੀ। ਤੱਬੂ ਨੇ ਕਿਹਾ, "ਖੁਫੀਆ' ਅਜਿਹਾ ਪ੍ਰੋਜੈਕਟ ਹੈ ਜੋ ਮੇਰੇ ਦਿਲ ਦੇ ਬੇਹੱਦ ਨੇੜੇ ਹੈ ਤੇ ਮੈਂ ਜਾਸੂਸੀ ਫਿਲਮ ਦਾ ਹਿੱਸਾ ਬਣ ਕੇ ਬੇਹੱਦ ਖੁਸ਼ ਹਾਂ। ਹਮੇਸ਼ਾ ਵਾਂਗ ਵਿਸ਼ਾਲ ਭਾਰਦਵਾਜ ਨਾਲ ਕੰਮ ਕਰਕੇ ਖੁਸ਼ੀ ਹੋਈ ਤੇ ਇਉਂ ਲੱਗਿਆ ਜਿਵੇਂ ਘਰ ਵਾਪਸ ਆਈ ਹੋਵਾਂ।"

ਵਿਸ਼ਾਲ ਭਾਰਦਵਾਜ ਫਿਲਮਜ਼ ਵੱਲੋਂ ਪ੍ਰੋਡਿਊਸ ਕੀਤੀ ਜਾ ਰਹੀ ਫਿਲਮ 'ਖੁਫੀਆ' ਕ੍ਰਿਸ਼ਨਾ ਮਹਿਰਾ ਦੀ ਕਹਾਣੀ ਹੈ ਜੋ ਖੁਫੀਆ ਏਜੰਸੀ 'ਰਾਅ' ਨਾਲ ਜੁੜਿਆ ਹੋਇਆ ਹੈ ਅਤੇ ਉਸ ਨੂੰ ਭਾਰਤੀ ਸੁਰੱਖਿਆ ਸਬੰਧੀ ਭੇਤ ਵੇਚਣ ਵਾਲੇ ਦਾ ਪਤਾ ਲਗਾਉਣ ਦਾ ਕੰਮ ਸੌਂਪਿਆ ਗਿਆ ਹੈ। ਯਾਦ ਰਹੇ ਕਿ ਤੱਬੂ ਜਿਸ ਦਾ ਅਸਲ ਨਾਂ ਤਬੱਸੁਮ ਫਾਤਿਮਾ ਹਾਸ਼ਮੀ ਹੈ, ਚੋਣਵੀਆਂ ਫਿਲਮਾਂ ਹੀ ਕਰਦੀ ਹੈ। ਇਸ ਫਿਲਮ ਦੀ ਕਹਾਣੀ ਉਸ ਨੂੰ ਬਹੁਤ ਪਸੰਦ ਆਈ ਸੀ ਅਤੇ ਉਹ ਫਿਲਮ ਲਈ ਝੱਟ ਰਾਜ਼ੀ ਹੋ ਗਈ।

*-ਸਮੀਨਾ*

# ਮਹੀਰਾ ਖਾਨ ਦੀ ਮਹਿਮਾ

ਹਾਲ ਹੀ ਵਿਚ ਆਤਿਫ ਅਸਲਮ ਦੇ ਰਿਲੀਜ਼ ਹੋਏ ਗੀਤ 'ਅਜਨਬੀ' ਵਿਚ ਪਾਕਿਸਤਾਨੀ ਅਦਾਕਾਰਾ ਮਹੀਰਾ ਖਾਨ ਨਜ਼ਰ ਆਈ ਹੈ। 'ਅਜਨਬੀ' ਗੀਤ ਦੀ ਸ਼ੂਟਿੰਗ ਦੌਰਾਨ ਆਤਿਫ ਅਸਲਮ ਨਾਲ ਬੈਠਿਆਂ ਉਸ ਨੂੰ 10 ਸਾਲ ਪਹਿਲਾਂ ਵਾਲਾ ਵਕਤ ਯਾਦ ਆ ਗਿਆ। ਉਦੋਂ ਉਹ ਆਪਣੀ ਪਲੇਠੀ ਫਿਲਮ 'ਬੋਲ' ਕਰ ਰਹੀ ਸੀ। 'ਬੋਲ' ਫਿਲਮ 2011 ਵਿਚ ਰਿਲੀਜ਼ ਹੋਈ ਸੀ ਅਤੇ ਇਸ ਨੇ ਪਾਕਿਸਤਾਨ ਤੋਂ ਇਲਾਵਾ ਭਾਰਤ ਵਿਚ ਵੀ ਖੂਬ ਧੁੰਮਾਂ ਪਾਈਆਂ ਸਨ। ਇਸ ਫਿਲਮ ਦਾ ਨਿਰਮਾਤਾ ਨਿਰਦੇਸ਼ਨ ਅਤੇ ਲੇਖਕ ਸ਼ੋਇਬ

**ਜਗਜੀਤ ਸਿੰਘ ਸੇਖੋਂ**

ਮਨਸੂਰ ਸੀ ਅਤੇ ਇਸ ਵਿਚ ਮਹੀਰਾ ਖਾਨ ਤੋਂ ਇਲਾਵਾ ਹੁਮੈਮਾ ਮਲਿਕ, ਆਤਿਫ ਅਸਲਮ, ਇਮਾਨ ਅਲੀ, ਸ਼ਫਕਤ ਚੀਮਾ ਅਤੇ ਜ਼ਾਇਬ ਰਹਿਮਾਨ ਨੇ ਅਦਾਕਾਰੀ ਦੇ ਜੌਹਰ ਦਿਖਾਏ ਸਨ।

ਮਹੀਰਾ ਖਾਨ ਵਾਂਗ ਫਿਲਮ 'ਬੋਲ' ਆਤਿਫ ਅਸਲਮ ਦੀ ਵੀ ਪਹਿਲੀ ਫਿਲਮ ਸੀ। ਇਹ ਇਕ ਅਜਿਹੇ ਧਾਰਮਿਕ ਪਰਿਵਾਰ ਦੀ ਕਹਾਣੀ ਹੈ ਜਿਸ ਨੂੰ ਆਰਥਕ ਮੁਸ਼ਕਿਲਾਂ ਦਾ ਸਾਹਮਣਾ ਕਰਨਾ ਪੈਂਦਾ ਹੈ। ਭਾਰਤ ਵਿਚ ਰਿਲੀਜ਼ ਹੋਣ ਵਾਲੀ ਇਹ ਤੀਜੀ ਫਿਲਮ ਸੀ। ਇਸ ਤੋਂ ਪਹਿਲਾਂ 'ਰਾਮਚੰਦ ਪਾਕਿਸਤਾਨੀ' ਅਤੇ 'ਖੁਦਾ ਕੇ ਲੀਏ' ਰਿਲੀਜ਼ ਹੋ ਚੁੱਕੀਆਂ ਸਨ। ਇਸ ਫਿਲਮ ਨੇ ਪਹਿਲੇ ਹਫਤੇ ਦੌਰਾਨ ਸਭ ਰਿਕਾਰਡ ਤੋੜ ਦਿੱਤੇ ਸਨ। ਇਸ ਤੋਂ ਪਹਿਲਾਂ 'ਮਾਈ ਨੇਮ ਇਜ਼ ਖਾਨ' ਦਾ ਰਿਕਾਰਡ ਸੀ ਜਿਸ ਨੇ ਪਹਿਲੇ ਹਫਤੇ 13 ਮਿਲੀਅਨ ਕਮਾਏ ਸਨ ਪਰ 'ਬੋਲ' ਦਾ ਕਾਰੋਬਾਰ 62 ਮਿਲੀਅਨ ਰੁਪਏ ਤੋਂ ਵੀ ਪਾਰ ਚਲਾ ਗਿਆ ਸੀ। ਇਸ ਫਿਲਮ ਨੇ ਭਾਰਤ ਅਤੇ ਪਾਕਿਸਤਾਨ ਤੋਂ ਇਲਾਵਾ ਅਮਰੀਕਾ, ਕੈਨੇਡਾ, ਇੰਗਲੈਂਡ, ਸੰਯੁਕਤ ਅਰਬ ਅਮੀਰਾਤ ਅਤੇ ਆਸਟਰੇਲੀਆ ਵਿਚ ਵੀ ਖੂਬ ਕਾਰੋਬਾਰ ਕੀਤਾ ਸੀ।



ਇਸ ਸਮੇਂ ਦੌਰਾਨ ਹੀ ਮਹੀਰਾ ਖਾਨ ਦਾ ਚਰਚਿਤ ਨਾਟਕ 'ਹਮ ਸਫਰ' ਆਇਆ ਸੀ ਜਿਸ ਨੇ ਕਾਮਯਾਬੀ ਦੇ ਝੰਡੇ ਗੱਡ ਦਿੱਤੇ ਸਨ। ਬਾਅਦ ਵਿਚ 2017 ਵਿਚ ਮਹੀਰਾ ਖਾਨ ਨੇ ਸ਼ਾਹਰੁਖ ਖਾਨ ਨਾਲ ਫਿਲਮ 'ਰਾਈਸ' ਵਿਚ ਕੰਮ ਕੀਤਾ ਪਰ ਇਸ ਤੋਂ ਬਾਅਦ ਭਾਰਤ ਅਤੇ ਪਾਕਿਸਤਾਨ ਦੇ ਸਿਆਸਤਦਾਨਾਂ ਦੀ ਕੋਝੀ ਸਿਆਸਤ ਕਾਰਨ ਦੋਹਾਂ ਮੁਲਕਾਂ ਦੇ ਕਲਾਕਾਰਾਂ ਵਿਚਕਾਰ ਰਿਸ਼ਤਾ ਅਜਿਹਾ ਟੁੱਟਿਆ ਕਿ ਅੱਜ ਤੱਕ ਜੁੜਿਆ ਨਹੀਂ ਹੈ। ਜੇ ਕਿਤੇ ਇਹ ਭਾਣਾ ਨਾ ਵਾਪਰਦਾ ਤਾਂ ਮਹੀਰਾ ਖਾਨ ਅਤੇ ਹੋਰ ਅਦਾਕਾਰਾਂ ਨੇ ਭਾਰਤੀ ਦਰਸ਼ਕਾਂ ਲਈ ਵਧੀਆ ਪ੍ਰੋਜੈਕਟ ਲੈ ਕੇ ਆਉਣੇ ਸਨ।

*-ਆਮਨਾ ਕੌਰ*

# ਮਹੇਸ਼ ਭੱਟ ਦੀਆਂ ਸ਼ਹਿਨਾਈਆਂ

ਉਘੇ ਫਿਲਮਸਾਜ਼ ਮਹੇਸ਼ ਭੱਟ ਨੇ ਜਦੋਂ ਸੋਨੀ ਰਾਜ਼ਦਾਨ ਨਾਲ ਵਿਆਹ ਕਰਵਾਇਆ ਸੀ ਤਾਂ ਇਸਲਾਮ ਗ੍ਰਹਿਣ ਕਰ ਕੇ ਕਰਵਾਇਆ ਸੀ ਕਿਉਂਕਿ ਜਦੋਂ ਸੋਨੀ ਰਾਜ਼ਦਾਨ ਨਾਲ ਮਹੇਸ਼ ਭੱਟ ਦਾ ਅਫੇਅਰ ਚੱਲ ਰਿਹਾ ਸੀ ਤਾਂ ਮਹੇਸ਼ ਭੱਟ ਅਤੇ ਕਿਰਨ ਭੱਟ ਇਕੱਠੇ ਰਹਿੰਦੇ ਸਨ। ਕਿਰਨ ਭੱਟ ਦਾ ਅਸਲ ਨਾਂ ਲੋਰੀਅਨ ਬ੍ਰਾਈਟ ਸੀ ਅਤੇ ਦੋਹਾਂ ਵਿਚਕਾਰ ਕਾਲਜ ਦੇ ਦਿਨਾਂ ਦੌਰਾਨ ਹੀ ਨੇੜਤਾ ਹੋ ਗਈ ਸੀ। ਮਹੇਸ਼ ਭੱਟ ਨਾਲ ਵਿਆਹ ਮਗਰੋਂ ਲੋਰੀਅਨ ਬ੍ਰਾਈਟ ਨੇ ਆਪਣਾ ਨਾਂ ਬਦਲ ਕੇ ਕਿਰਨ ਭੱਟ ਰੱਖ ਲਿਆ। ਇਸ ਜੋੜੇ ਦੇ ਘਰ ਪੂਜਾ ਭੱਟ ਅਤੇ ਰਾਹੁਲ ਭੱਟ ਨੇ ਜਨਮ ਲਿਆ। ਇਸੇ ਦੌਰਾਨ ਮਹੇਸ਼ ਭੱਟ ਦਾ ਉਘੀ ਅਦਾਕਾਰਾ ਪ੍ਰਵੀਨ ਬਾਬੀ ਨਾਲ ਵੀ ਰੋਮਾਂਸ ਚੱਲਿਆ ਪਰ ਉਸ ਨਾਲ ਰਿਸ਼ਤਾ ਵਿਗੜਨ ਤੋਂ ਬਾਅਦ ਹੀ ਸੋਨੀ ਰਾਜ਼ਦਾਨ ਉਸ ਦੀ ਜ਼ਿੰਦਗੀ ਵਿਚ ਆਈ। ਇਸ ਵਿਆਹ ਤੋਂ ਸ਼ਾਹੀਨ ਅਤੇ ਆਲੀਆ ਪੈਦਾ ਹੋਏ। ਆਲੀਆ ਭੱਟ ਅੱਜਕੱਲ੍ਹ ਹਿੰਦੀ ਫਿਲਮਾਂ ਦੀਆਂ ਸੁਪਰਹਿਟ ਹੀਰੋਇਨਾਂ ਵਿਚੋਂ ਇਕ ਹੈ।



ਮਹੇਸ਼ ਭੱਟ ਆਪਣੀ ਪਤਨੀ ਸੋਨੀ ਰਾਜ਼ਦਾਨ ਅਤੇ ਧੀ ਆਲੀਆ ਨਾਲ।


ਮਹੇਸ਼ ਭੱਟ ਨੇ 26 ਸਾਲ ਦੀ ਉਮਰ ਵਿਚ ਹੀ ਫਿਲਮਾਂ ਵਿਚ ਪਰਵੇਸ਼ ਕਰ ਲਿਆ ਸੀ। ਉਸ ਨੇ 'ਸਰਾਂਸ', 'ਡੈਡੀ' 'ਨਾਮ', 'ਆਸ਼ਿਕੀ', 'ਲਹੂ ਕੇ ਦੋ ਰੰਗ', 'ਦਿਲ ਹੈ ਕਿ ਮਾਨਤਾ ਨਹੀਂ', 'ਹਮ ਹੈਂ ਰਾਹੀ ਪਿਆਰ ਕੇ' ਵਰਗੀਆਂ ਫਿਲਮਾਂ ਬਣਾਈਆਂ। ਉਸ ਨੇ ਕਈ ਟੈਲੀਵਿਜ਼ਨ ਸੀਰੀਅਲ ਵੀ ਬਣਾਏ ਜਿਨ੍ਹਾਂ ਵਿਚ 'ਸਵਾਭਿਮਾਨ', 'ਕਭੀ-ਕਭੀ', 'ਨਾਮਕਰਨ' ਆਦਿ ਸ਼ਾਮਿਲ ਹਨ। ਆਪਣੇ ਦੌਰ ਦੇ ਇਹ ਹਿੱਟ ਸੀਰੀਅਲ ਸਨ।

ਮਹੇਸ਼ ਭੱਟ ਨੇ ਆਪਣੀ ਜ਼ਿੰਦਗੀ ਨੂੰ ਆਧਾਰ ਬਣਾ ਕੇ ਵੀ ਕਈ ਫਿਲਮਾਂ ਬਣਾਈਆਂ। ਫਿਲਮ 'ਜ਼ਖਮ' ਉਸ ਦੀ ਮਾਂ ਦੀ ਕਹਾਣੀ ਨੂੰ ਆਧਾਰ ਬਣਾ ਕੇ ਲਿਖੀ ਗਈ। ਇਸੇ ਤਰ੍ਹਾਂ 'ਵੋਹ ਲਮਹੇ' ਫਿਲਮ ਉਸ ਦੇ ਪ੍ਰਵੀਨ ਬਾਬੀ ਨਾਲ ਮੁਹੱਬਤ 'ਤੇ ਆਧਾਰਤ ਫਿਲਮ ਹੈ। ਬਤੌਰ ਡਾਇਰੈਕਟਰ ਉਸ ਨੇ ਪਿਛਲੀ ਆਖਰੀ ਫਿਲਮ 'ਕਾਰਤੂਸ' 1999 ਵਿਚ ਬਣਾਈ ਸੀ। ਇਸ ਤੋਂ ਉਸ ਨੇ ਫਿਲਮ ਨਿਰਦੇਸ਼ਨ ਤੋਂ ਦੂਰੀ ਬਣਾ ਲਈ ਪਰ ਬਤੌਰ ਨਿਰਮਾਤਾ ਪੂਰਾ ਸਰਗਰਮ ਰਿਹਾ। ਫਿਰ ਦੋ ਦਹਾਕਿਆਂ ਬਾਅਦ ਉਸ ਨੇ 2020 ਵਿਚ ਬਤੌਰ ਡਾਇਰੈਕਟਰ ਫਿਲਮ 'ਸੜਕ-2' ਬਣਾਈ ਪਰ ਇਸ ਫਿਲਮ ਵਿਚ ਉਹ ਪਹਿਲਾਂ ਵਾਲਾ ਰੰਗ ਨਹੀਂ ਦਿਖਾ ਸਕੇ। ਫਿਲਮ ਆਲੋਚਕਾਂ ਦਾ ਆਖਣਾ ਸੀ ਕਿ ਇਸ ਫਿਲਮ ਵਿਚ 1990ਵਿਆਂ ਵਾਲੀਆਂ ਫਿਲਮਾਂ ਦਾ ਭਉਲਾ ਪੈਂਦਾ ਹੈ ਜਦਕਿ ਫਿਲਮੀ ਦੁਨੀਆ ਹੁਣ ਕਿਤੇ ਦੀ ਕਿਤੇ ਪਹੁੰਚ ਗਈ ਹੈ। ਕੁਝ ਲੋਕਾਂ ਦਾ ਕਹਿਣਾ ਹੈ ਕਿ ਮਹੇਸ਼ ਭੱਟ ਨੂੰ ਇਹ ਫਿਲਮ ਬਣਾਉਣੀ ਹੀ ਨਹੀਂ ਸੀ ਚਾਹੀਦੀ। ਜੇ ਫਿਲਮ ਵਿਚ ਨਵੇਂਪਣ ਨਹੀਂ ਤਾਂ ਕੋਈ ਫਿਲਮ ਕਿਉਂ ਦੇਖੇਗਾ?

*-ਕਮਲਦੀਪ ਕਮਲ*

# ਅਦਾਕਾਰੀ ਨਿਖਾਰਦੀ ਹੈ: ਪੰਕਜ ਤ੍ਰਿਪਾਠੀ

ਅਦਾਕਾਰ ਪੰਕਜ ਤ੍ਰਿਪਾਠੀ ਨੇ ਕਿਹਾ ਕਿ ਅਦਾਕਾਰੀ ਖੁਦ ਨੂੰ ਨਵਿਆਉਣ ਦਾ ਸਾਧਨ ਹੈ ਜੋ ਉਸ ਨੂੰ ਅਤਿ ਭਰੋਸੇਯੋਗ ਕਿਰਦਾਰ ਨਿਭਾਉਣ ਦੇ ਯੋਗ ਬਣਾਉਂਦਾ ਹੈ। ਜ਼ਿਕਰਯੋਗ ਹੈ ਕਿ ਪੰਕਜ ਤ੍ਰਿਪਾਠੀ ਨੇ 2004 ਵਿਚ ਫਿਲਮ 'ਰਨ' ਵਿਚ ਛੋਟਾ ਜਿਹਾ ਰੋਲ ਨਿਭਾ ਕੇ ਆਪਣੇ ਫਿਲਮੀ ਸਫਰ ਦੀ ਸ਼ੁਰੂਆਤ ਕੀਤੀ ਸੀ ਤੇ ਅਨੁਰਾਗ ਕਸ਼ਯਪ ਦੀ ਫਿਲਮ 'ਗੈਂਗਸ ਆਫ ਵਾਸੇਪੁਰ' ਨੇ ਉਨ੍ਹਾਂ ਨੂੰ ਸੁਰਖੀਆਂ ਵਿਚ ਲਿਆ ਦਿੱਤਾ। ਇਨ੍ਹਾਂ ਸਾਲਾਂ ਦੌਰਾਨ 'ਗੁੰਜਨ ਸਕਸੈਨਾ', 'ਬਰੇਲੀ ਕੀ ਬਰਫੀ', 'ਮਿਰਜ਼ਾਪੁਰ' ਅਤੇ 'ਨਿਊਟਨ' ਵਿਚ ਸੀਆਰਪੀਐਫ ਅਫਸਰ ਦਾ ਕਿਰਦਾਰ ਨਿਭਾ ਉਨ੍ਹਾਂ ਲੋਕਾਂ ਦੇ ਦਿਲਾਂ ਵਿਚ ਜਗ੍ਹਾ ਬਣਾਈ ਹੈ। ਉਨ੍ਹਾਂ ਕਿਹਾ, "ਅਦਾਕਾਰੀ ਮੇਰੇ ਲਈ ਸਿਰਫ ਪੈਸੇ ਅਤੇ ਪ੍ਰਸਿੱਧੀ ਕਮਾਉਣ ਦਾ ਜ਼ਰੀਆ ਨਹੀਂ ਬਲਕਿ ਅਦਾਕਾਰੀ ਰਾਹੀਂ ਮੈਂ ਖੁਦ ਦੀ ਅੰਦਰੂਨੀ ਖੋਜ ਕਰਦਾ ਹਾਂ ਤੇ ਫਿਰ ਤੋਂ ਖੁਦ ਨੂੰ ਨਵਾਂ ਰੂਪ ਦਿੰਦਾ ਹਾਂ।" ਪੰਕਜ ਦਾ ਕਹਿਣਾ ਹੈ ਕਿ ਅਦਾਕਾਰੀ ਉਸ ਦੀ ਊਰਜਾ, ਛੋਹ ਦੀ ਭਾਵਨਾ, ਅਹਿਸਾਸ ਅਤੇ ਸੁਆਦ ਨੂੰ ਮੁੜ ਸੁਰਜੀਤ ਕਰਦੀ ਹੈ।



ਪੰਕਜ ਦਾ ਜਨਮ 5 ਸਤੰਬਰ 1976 ਨੂੰ ਬਿਹਾਰ ਦੇ ਗੋਪਾਲਗੰਜ ਜ਼ਿਲ੍ਹੇ ਵਿਚ ਹੋਇਆ। ਉਸ ਦਾ ਪਿਤਾ ਪੁਜਾਰੀ ਸੀ ਅਤੇ ਨਾਲ ਦੀ ਨਾਲ ਖੇਤੀ ਵੀ ਕਰਦਾ ਸੀ। ਪੰਕਜ ਨੇ 11ਵੀਂ ਜਮਾਤ ਤੱਕ ਆਪਣੇ ਪਿਤਾ ਨਾਲ ਖੇਤੀ ਦਾ ਕੰਮ ਕਰਵਾਉਣ ਵਿਚ ਮਦਦ ਕੀਤੀ। ਤਿਉਹਾਰਾਂ ਦੇ ਦਿਨਾਂ ਦੌਰਾਨ ਜਦੋਂ ਪਿੰਡ ਵਿਚ ਨਾਟਕ ਬਗੈਰਾ ਹੁੰਦੇ ਸਨ ਤਾਂ ਉਹ ਇਨ੍ਹਾਂ ਨਾਟਕਾਂ ਵਿਚ ਕੁੜੀ ਦਾ ਕਿਰਦਾਰ ਨਿਭਾਉਂਦਾ ਹੁੰਦਾ ਸੀ। ਇਸੇ ਕਾਰਨ ਅਦਾਕਾਰੀ ਵਿਚ ਉਸ ਦੀ ਰੁਚੀ ਵਧਦੀ ਗਈ ਅਤੇ ਉਹ ਬਾਕਾਇਦਾ ਐਕਟਰ ਬਣਨ ਲਈ ਖੰਭ ਤੋਲਣ ਲੱਗ ਪਿਆ। ਪਹਿਲਾਂ ਉਹ ਪੜ੍ਹਨ ਲਈ ਪਟਨਾ ਗਿਆ ਅਤੇ ਫਿਰ ਵੱਕਾਰੀ ਸੰਸਥਾ 'ਨੈਸ਼ਨਲ ਸਕੂਲ ਆਫ ਡਰਾਮਾ' ਵਿਚ ਪੜ੍ਹਾਈ ਲਈ ਦਿੱਲੀ ਚਲਾ ਗਿਆ। ਇਸ ਸੰਸਥਾ ਤੋਂ ਉਸ ਨੇ 2004 ਵਿਚ ਗਰੈਜੂਏਸ਼ਨ ਕੀਤੀ ਅਤੇ ਉਸੇ ਸਾਲ ਉਸ ਨੇ ਮੁੰਬਈ ਚਾਲੇ ਪਾ ਦਿੱਤੇ। ਫਿਰ ਤਾਂ ਚੱਲ ਸੋ ਚੱਲ। ਅੱਜ ਉਹ ਬੜਾ ਕਾਮਯਾਬ ਅਦਾਕਾਰ ਹੈ ਅਤੇ ਉਸ ਦੀ ਅਦਾਕਾਰੀ ਦੀਆਂ ਧੁੰਮਾਂ ਚਾਰੇ ਪਾਸੇ ਹਨ।

*-ਗੁਰਜੰਟ ਸਿੰਘ*

XPressCargo

Tel.: 317-426-5410
Ext. 2001 & 2403

100% ਓਨਰ ਆਪਰੇਟਰ ਕੰਪਨੀ

Pay Every Week

Pay Single 48 Cent + Team 58 Cent

100% OWNER OPERATOR COMPANY

IN TO MI BACK TO IN OR IN TO OH TO LOUISVILLE KY/BOWLING KY BACK TO IN ( EVERYDAY HOME)

ਸਾਰਾ ਸਾਲ ਸਾਡੇ ਕੋਲ ਪੱਕੇ ਰੀਫਰ ਅਤੇ ਡਰਾਈ ਵੈਨ ਦੇ ਲੋਡ ਹਨ ਅਤੇ ਲੋਡ Same Location ਤੇ ਜਾਂਦੇ ਹਨ।

- ਫਿਊਲ ਐਡਵਾਂਸ ਤੇ ਕੋਈ ਵਾਧੂ ਚਾਰਜ ਨਹੀਂ
- ਸਾਰੇ ਲੰਪਰ ਫੀਸ ਕੰਪਨੀ ਪੇ ਕਰੇਗੀ।
- ਟਰੱਕ ਦੀ ਲਾਇਸੈਂਸ ਪਲੇਟ
- ਟਰੱਕ ਫਿਜ਼ੀਕਲ ਡੈਮੇਜ ਇੰਸ਼ੋਰੈਂਸ
- ਟਰੱਕ ਅਤੇ ਟਰੇਲਰ ਰੈਂਟਲ ਜਾਂ ਲੀਜ਼ ਲੈ ਸਕਦੇ ਹੋ
- ਟਾਇਰਾਂ ਅਤੇ Oil Change ਤੇ ਸਪੈਸ਼ਲ ਡਿਸਕਾਊਂਟ




ਅਸੀਂ ਵੇਅਰ ਹਾਊਸ ਅਤੇ ਲੋਡ ਸਟੈਗ ਕਰਦੇ ਹਾਂ

CA >> IN, OH, KY, PA, MD, VA
IN >> KS, TN, WI, MI, KY, IL, GA

ਸਾਡੇ ਕੋਲ ਸਾਰੀਆਂ ਲੋਕੇਸ਼ਨਾਂ ਤੋਂ ਵਾਪਸੀ ਕੈਲੀਫੋਰਨੀਆ ਤਾਂਕ ਪੱਕੇ ਲੋਡ ਹਨ

ਅਸੀਂ 2016 ਅਤੇ 2017 ਦੇ USED ਟਰੱਕ ਵੀ ਸੇਲ ਕਰਦੇ ਹਾਂ

ਸਿੰਗਲ ਅਤੇ ਟੀਮ ਡਰਾਈਵਰਾਂ ਦੀ ਲੋੜ ਹੈ

ਵੀਕਲੀ ਹੋਮ

ਵੇਅਰ ਹਾਊਸ ਅਤੇ 24/7 ਘੰਟੇ ਰਿਪੇਅਰ ਸ਼ਾਪ ਖੁੱਲੀ ਹੈ

Hiring Owner Operators and Drivers

ਸਾਡੇ ਸਰਕਾਰ ਤੋਂ ਮਾਨਤਾ ਪ੍ਰਾਪਤ ਸਕੂਲ ਵਿੱਚ ਕਮਰਸ਼ੀਲ ਲਾਇਸੈਂਸ ਲਈ ਕਾਲ ਕਰ ਸਕਦੇ ਹੋ।

2330 Enterprise Park Dr., Indianapolis, IN 46218

Online Application @ www.xpresscargoinc.com